ਐਮ.ਏ. (ਰਾਜਨੀਤੀ ਵਿਗਿਆਨ) ਸਮੈਸਟਰ ਪਹਿਲਾ ਪਰਚਾ ਦੂਜਾ

# ਪੱਛਮੀ ਰਾਜਨੀਤਿਕ ਚਿੰਤਨ

ਯੂਨਿਟ ਨੰ: 1

ਪਾਠ ਨੰ:


1.1 : ਯੂਨਾਨੀ ਰਾਜਨੀਤਿਕ ਚਿੰਤਨ - ਇੱਕ ਜਾਣ ਪਹਿਚਾਣ

1.2 : ਕਨਫਿਊਸ਼ੀਅਸ਼ (ਬਾਅਦ ਵਿੱਚ ਭੇਜਿਆ ਜਾਵੇਗਾ)

1.3 : ਪਲੈਟੋ ਦਾ ਕਾਲ, ਉਸ ਤੋ ਪਹਿਲਾਂ ਦੇ ਚਿੰਤਕ ਅਤੇ ਉਸਦੇ ਫਲਸਫੇ ਤੇ ਉਨ੍ਹਾਂ ਦਾ ਪ੍ਰਭਾਵ

1.4 : ਪਲੈਟੋ ਦਾ ਆਦਰਸ਼ ਰਾਜ ਅਤੇ ਪਲੈਟੋ ਦੇ ਦਾਰਸ਼ਨਿਕ ਰਾਜੇ ਦਾ ਸਿਧਾਂਤ

1.5 : ਪਲੈਟੋ ਦੀ ਫਿਲਾਸਫੀ ਵਿੱਚ ਨਿਆਂ ਦਾ ਸੰਕਲਪ

1.6 : ਪਲੈਟੋ ਦਾ ਸਾਮਵਾਦ ਅਤੇ ਆਧੁਨਿਕ ਸਰਬ-ਸੱਤਾਵਾਦੀ ਵਿਚਾਰਧਾਰਾਵਾਂ

1.7 : ਪਲੈਟੋ ਦਾ ਸਿੱਖਿਆ ਦਾ ਸਿਧਾਂਤ

1.8 : ਅਰਸਤੂ ਦਾ ਰਾਜਨੀਤਿਕ ਦਰਸ਼ਨ

1.9 : ਆਦਰਸ਼ ਰਾਜ ਸਬੰਧੀ ਅਰਸਤੂ ਦੇ ਵਿਚਾਰ, ਪਲੈਟੋ ਦੇ ਆਦਰਸ਼ ਰਾਜ ਨਾਲ ਇਸਦੀ ਤੁਲਨਾ, ਪਲੈਟੋ ਬਾਰੇ ਅਰਸਤੂ ਦੀ ਆਲੋਚਨਾ ਅਤੇ ਪਲੈਟੋ ਅਤੇ ਅਰਸਤੂ ਵਿਚਕਾਰ ਸਮਾਨਤਾਵਾਂ ਅਤੇ ਭਿੰਨਤਾਵਾਂ

1.10 : ਕ੍ਰਾਂਤੀ, ਦਾਸਤਾ ਤੇ ਸੰਪੱਤੀ ਸੰਬੰਧੀ ਅਰਸਤੂ ਦੇ ਵਿਚਾਰ


**ਨੋਟ :** **ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ www.pbidde.org ਤੋਂ ਡਾਊਨਲੋਡ ਕਰਨ।**


ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ



(ਸਭ ਹੱਕ ਰਾਖਵੇਂ ਹਨ)

**ਪਾਠ ਨੰ : 1.1** **ਲੇਖਕ : ਡਾ. ਗੁਰਜੀਤ ਪਾਲ ਸਿੰਘ ਚਹਿਲ**

# ਯੂਨਾਨੀ ਰਾਜਨੀਤਿਕ ਚਿੰਤਨ-ਇੱਕ ਜਾਣ ਪਹਿਚਾਣ

## 1.1.0 ਪਾਠ ਦਾ ਉਦੇਸ਼ :

1. ਯੂਨਾਨੀ ਰਾਜਨੀਤਿਕ ਚਿੰਤਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
2. ਯੂਨਾਨੀ ਰਾਜਨੀਤਿਕ ਚਿੰਤਕਾਂ ਦੀ ਰਾਜਨੀਤੀ ਸ਼ਾਸ਼ਤਰ ਨੂੰ ਦੇਣ ਬਾਰੇ ਜਾਨਣਾ।

## 1.1.1 ਜਾਣ-ਪਹਿਚਾਣ :

ਰਾਜ ਦੇ ਬਾਰੇ ਵਿੱਚ ਅਤੇ ਰਾਜ ਨਾਲ ਸਬੰਧਿਤ ਸੰਸਥਾਵਾਂ ਅਤੇ ਸਮੱਸਿਆਵਾਂ ਦੇ ਬਾਰੇ ਵਿੱਚ ਵਿਚਾਰ ਵਟਾਂਦਰਾ ਕਰਨਾ ਰਾਜਨੀਤਿਕ ਚਿੰਤਨ ਹੈ। **ਰਾਜਨੀਤਿਕ ਚਿੰਤਨ** ਵੀ ਰਾਜ ਜਿੰਨਾ ਹੀ ਪੁਰਾਣਾ ਹੈ। ਰਾਜਨੀਤਿਕ ਚਿੰਤਨ ਦੇ ਆਰੰਭਕ ਸਮੇਂ ਤੇ ਸਥਾਨ ਬਾਰੇ ਕੁੱਝ ਕਹਿਣਾ ਮੁਸ਼ਕਿਲ ਹੈ ਕਿਉਂਕਿ ਪੁਰਾਣੇ ਸਮਿਆਂ ਤੋਂ ਇਸ ਬਾਰੇ ਵਿਚਾਰ ਵਟਾਂਦਰਾ ਤੇ ਬਹਿਸ ਹੁੰਦੀ ਆ ਰਹੀ ਹੈ। ਮਨੁੱਖ ਦੁਆਰਾ ਸੰਗਠਿਤ ਸਮਾਜਿਕ ਜੀਵਨ ਜਿਉਣ ਦੀ ਲਾਲਸਾ ਨੇ ਨਿਯਮਾਂ, ਕਾਨੂੰਨਾਂ ਨੂੰ ਬਣਾਉਣ ਲਈ ਅਤੇ ਇਹਨਾਂ ਨੂੰ ਲਾਗੂ ਕਰਨ ਲਈ ਸੱਤਾ ਦੀ ਲੋੜ ਮਹਿਸੂਸ ਕੀਤੀ। ਇਸੇ ਲੋੜ ਵਿੱਚੋਂ ਨਿਕਲੀ ਸਥਾਈ ਵਿਵਸਥਾ ਨਾਲ ਸਮਾਜ, ਸਮਾਜਿਕ ਸੰਗਠਨ ਦੇ ਨਾਲ-ਨਾਲ ਰਾਜਨੀਤਿਕ ਸੰਗਠਨ ਦੇ ਰੂਪ ਵਿੱਚ ਵਿਕਸਿਤ ਹੋ ਗਿਆ ਤੇ ਇਸਦੇ ਨਾਲ-ਨਾਲ ਹੀ ਰਾਜਨੀਤਿਕ ਚਿੰਤਨ ਵੀ ਆਪਣਾ ਵਿਕਾਸ ਕਰਦਾ ਗਿਆ।

ਪ੍ਰਾਚੀਨ ਸਮਿਆਂ ਵਿੱਚ ਧਰਤੀ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖੋ-ਵੱਖਰੀਆਂ ਸੱਭਿਆਤਾਵਾਂ ਨੇ ਜਨਮ ਲਿਆ ਤੇ ਵਿਕਸਿਤ ਹੋਈਆਂ। ਇਹਨਾਂ ਵਿੱਚੋਂ ਪ੍ਰਾਚੀਨ **ਭਾਰਤ, ਚੀਨ, ਮਿਸਰ, ਯੂਨਾਨ, ਈਰਾਨ** ਆਦਿ ਦੇਸ਼ਾਂ ਦੇ ਖੇਤਰਾਂ ਵਿੱਚ ਉਸ ਸਮੇਂ ਦੀਆਂ ਮੌਜੂਦ ਸੱਭਿਆਤਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਹ ਸਾਰੀਆਂ ਸੱਭਿਆਤਾਵਾਂ ਇੱਕ ਦੂਜੇ ਤੋਂ ਸਮਾਜਿਕ, ਆਰਥਿਕ, ਰਾਜਨੀਤਿਕ ਖੇਤਰਾਂ ਵਿੱਚ ਭਿੰਨਤਾ ਭਾਵੇਂ ਰੱਖਦੀਆਂ ਸਨ ਪਰ ਇਹਨਾਂ ਸਭ ਖੇਤਰਾਂ ਦੀ ਮੌਜੂਦਗੀ ਸਭ ਸੱਭਿਆਤਾਵਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਰਹੀ ਹੋਵੇਗੀ। ਜੇ ਅਸੀਂ ਰਾਜਨੀਤਿਕ ਖੇਤਰ ਵਿੱਚ ਰਾਜਨੀਤਿਕ ਚਿੰਤਨ ਦੀ ਗੱਲ ਕਰੀਏ ਤਾਂ ਸਾਰੀਆਂ ਸੱਭਿਆਤਾਵਾਂ ਵਿੱਚ ਰਾਜਨੀਤਿਕ ਚੇਤਨਾ ਵੀ ਹੋਵੇਗੀ ਤੇ ਰਾਜਨੀਤਿਕ ਚਿੰਤਨ ਵੀ ਹੋਵੇਗਾ ਪਰ ਅਧਿਐਨ ਦੀਆਂ ਪੱਧਤੀਆਂ ਦਾ ਵਖਰੇਵਾਂ ਹੋ ਸਕਦਾ ਹੈ। **ਬਾਰਕਰ** ਨੇ ਆਪਣੇ ਗ੍ਰੰਥ ਗ੍ਰੀਕ **'ਪੋਲੀਟੀਕਲ ਥਿਊਰੀ'** ਵਿੱਚ ਕਿਹਾ ਕਿ ''ਰਾਜਨੀਤਿਕ ਚਿੰਤਨ ਦੇ ਜਨਮਦਾਤਾ ਯੂਨਾਨੀ ਹਨ ਅਤੇ ਇਸਦਾ ਮੁੱਖ ਸੋਮਾ ਯੂਨਾਨੀ ਮਸਤਕ ਦਾ ਸ਼ਾਂਤ ਤੇ ਸਪਸ਼ਟ ਬੁੱਧੀਵਾਦ ਹੈ।'' ਰਾਜਨੀਤਿਕ ਚਿੰਤਨ ਦਾ ਵਿਸ਼ਲੇਸ਼ਣ ਸਾਰੀਆਂ ਸੱਭਿਆਤਾਵਾਂ ਵਿੱਚ ਕੀਤਾ ਗਿਆ ਹੋਵੇਗਾ ਪਰ ਇਸਦੇ ਕ੍ਰਮਬਧ ਵਿਸ਼ਲੇਸ਼ਣ ਦੀ ਸ਼ੁਰੂਆਤ ਯੂਨਾਨੀਆਂ ਦੁਆਰਾ ਹੀ ਕੀਤੀ ਗਈ। ਯੂਨਾਨੀਆਂ ਦਾ ਅਧਿਐਨ ਵਿਵੇਕ ਤੇ ਆਧਾਰਿਤ ਸੀ ਅਰਥਾਤ ਉਹਨਾਂ ਨੇ ਅਨੁਭਵ ਤੇ ਵਿਵੇਕ ਨੂੰ ਆਧਾਰ ਬਣਾ ਕੇ ਆਪਣੇ

ਸਿਧਾਤਾਂ ਦਾ ਪ੍ਰਤੀਪਾਦਨ ਕੀਤਾ। ਰਾਜਨੀਤਿਕ ਚਿੰਤਨ ਦੀ ਕ੍ਰਮਵਾਰ ਤੇ ਲੜੀਬੱਧ ਖੋਜ ਯੂਨਾਨੀਆਂ ਦੀ ਵਿਸ਼ਵ ਨੂੰ ਇੱਕ ਵੱਡੀ ਦੇਣ ਹੈ। ਯੂਨਾਨੀਆਂ ਨੇ ਸਭ ਤੋਂ ਪਹਿਲਾਂ ਰਾਜਾਂ ਦੇ ਪਰਿਵਰਤਨ ਚੱਕਰ ਸਬੰਧੀ ਵਿਚਾਰ ਪ੍ਰਗਟ ਕੀਤਾ ਕਿ ਰਾਜ ਰਾਜਤੰਤਰ, ਨਿਰੰਕੁਸ਼ਤੰਤਰ, ਕੁਲੀਨਤੰਤਰ, ਅਲਪਤੰਤਰ ਅਤੇ ਲੋਕਤੰਤਰ ਵਿੱਚ ਬਦਲਦੇ ਰਹਿੰਦੇ ਹਨ।

**ਯੂਨਾਨੀ ਰਾਜਨੀਤਿਕ ਚਿੰਤਨ** ਦਾ ਇਤਿਹਾਸ ਬਹੁਤ ਪੁਰਾਣਾ ਹੈ। ਪਰ ਸੰਸਾਰ ਸਾਹਮਣੇ ਇਸਦਾ ਸਰੂਪ ਸੋਫਿਸਟ ਵਿਚਾਰਕਾਂ ਦੇ ਆਗਮਨ ਨਾਲ ਸਪਸ਼ਟ ਹੁੰਦਾ ਹੈ। ਉਸ ਤੋਂ ਬਾਅਦ ਸੁਕਰਾਤ ਦੇ ਆਗਮਨ ਨਾਲ ਇਸ ਵਿੱਚ ਸ਼੍ਰੇਸ਼ਠਤਾ ਆਉਂਦੀ ਹੈ। ਪਰ ਇਸਦਾ ਸਰਵ ਸ਼੍ਰੇਸ਼ਠ ਰੂਪ ਪਲੈਟੋ ਅਤੇ ਅਰਸਤੂ ਦੇ ਗ੍ਰੰਥ ਰਿਪਬਲਿਕ ਤੇ ਪਾਲਿਟਿਕਸ ਵਿੱਚ ਮਿਲਦਾ ਹੈ। ਰਾਜਾਂ, ਉਹਨਾਂ ਦੀਆਂ ਸੰਸਥਾਵਾਂ ਤੇ ਰਾਜਾਂ ਵਿੱਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਆਧਾਰ ਬਣਾ ਕੇ ਉਹਨਾਂ ਨੇ ਅਧਿਐਨ ਕੀਤਾ ਅਤੇ ਇਸਦਾ ਕ੍ਰਮਬੱਧ ਵਿਸ਼ਲੇਸ਼ਣ ਕੀਤਾ।

## 1.1.2 ਯੂਨਾਨੀ ਸੱਭਿਅਤਾ, ਸੰਸਕ੍ਰਿਤੀ ਤੇ ਰਾਜਨੀਤਿਕ ਸੰਸਥਾਵਾਂ :

ਘਾਟੀਆਂ ਤੇ ਪਹਾੜਾਂ ਨਾਲ ਘਿਰੀ ਪ੍ਰਾਚੀਨ ਯੂਨਾਨੀ ਬਸਤੀ ਵਿੱਚ ਲਗਭਗ ਢਾਈ ਦਹਾਕੇ ਤੋਂ ਪਹਿਲਾਂ ਯੂਨਾਨੀ ਸੱਭਿਅਤਾ ਵਿਕਸਿਤ ਹੋਈ। ਉਸ ਸਮੇਂ ਵਿੱਚ ਜਿਸ ਪ੍ਰਕਾਰ ਦੀ ਸੱਭਿਅਤਾ ਤੇ ਸੰਸਕ੍ਰਿਤੀ ਯੂਨਾਨ ਵਿੱਚ ਵਿਕਸਿਤ ਹੋਈ, ਉਹ ਅੱਜ ਵੀ ਸਰਵਉੱਚ ਮੰਨੀ ਜਾਂਦੀ ਹੈ। ਇਸਦਾ ਮੂਲ ਆਧਾਰ ਉੱਥੋਂ ਦੇ **ਨਗਰ ਰਾਜ** (City States) ਸਨ ਜੋ ਕਿ ਇੱਕ ਦੂਜੇ ਤੋਂ ਵੱਖਰੇ, ਆਤਮ ਨਿਰਭਰ, ਸੁਤੰਤਰ ਸਨ। ਇਹਨਾਂ ਨਗਰ ਰਾਜਾਂ ਵਿੱਚ ਸਮੂਹਿਕ ਜੀਵਨ ਸਬੰਧੀ ਪ੍ਰੰਪਰਾਵਾਂ ਤੇ ਭਾਵਨਾਵਾਂ ਸਨ। ਜਨਤਾ ਦੇ ਨੈਤਿਕ, ਆਰਥਿਕ, ਸਮਾਜਿਕ ਤੇ ਰਾਜਨੀਤਿਕ ਹਿੱਤ ਸਭ ਸਮਾਜ ਦੇ ਹਿੱਤ ਮੰਨੇ ਜਾਂਦੇ ਸਨ। ਅਰਸਤੂ ਦੇ ਕਥਨ 'ਮਨੁੱਖ ਇੱਕ ਰਾਜਨੀਤਿਕ ਪ੍ਰਾਣੀ ਹੈ' ਦਾ ਅਰਥ ਵੀ ਇਹੋ ਹੈ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਇਹ ਨਗਰ ਰਾਜਾਂ ਦਾ ਆਕਾਰ ਵੀ ਛੋਟਾ ਸੀ ਤੇ ਜਨਸੰਖਿਆ ਵੀ ਬਹੁਤ ਘੱਟ ਹੁੰਦੀ ਸੀ। ਏਥਨਜ਼ ਤੇ ਸਪਾਰਟਾ ਦੋ ਵੱਡੇ ਨਗਰ ਰਾਜ ਸਨ ਜਿਨ੍ਹਾਂ ਦਾ ਖੇਤਰਫਲ ਕ੍ਰਮਵਾਰ 1000 ਮੀਲ, 3000 ਮੀਲ ਦੇ ਨੇੜੇ ਸੀ ਜਦੋਂ ਕਿ ਬਾਕੀ ਨਗਰ ਰਾਜਾਂ ਦਾ ਖੇਤਰਫਲ 400-500 ਵਰਗਮੀਲ ਤੱਕ ਹੀ ਸੀਮਿਤ ਸੀ।

ਯੂਨਾਨੀ ਨਗਰ ਰਾਜਾਂ ਦੀ ਜਨਸੰਖਿਆ ਦੀਆਂ ਤਿੰਨ ਸ਼੍ਰੇਣੀਆਂ ਸਨ। ਪਹਿਲੀ ਸ਼੍ਰੇਣੀ ਵਿੱਚ ਨਾਗਰਿਕ ਆਉਂਦੇ ਸਨ। ਨਾਗਰਿਕ ਤੋਂ ਭਾਵ ਉਹਨਾਂ ਲੋਕਾਂ ਤੋਂ ਲਿਆ ਜਾਂਦਾ ਸੀ ਜੋ ਉਹਨਾਂ ਨਗਰ ਰਾਜਾਂ ਦੇ ਮੈਂਬਰ ਸਨ ਅਤੇ ਉਹਨਾਂ ਨੂੰ ਰਾਜਨੀਤਿਕ ਜੀਵਨ ਵਿੱਚ ਭਾਗ ਲੈਣ ਦਾ ਅਧਿਕਾਰ ਵੀ ਪ੍ਰਾਪਤ ਸੀ। ਇਹ ਵਿਸ਼ੇਸ਼ ਅਧਿਕਾਰ ਜਨਮ ਤੋਂ ਹੀ ਪ੍ਰਾਪਤ ਹੁੰਦੇ ਸਨ ਤੇ ਨਾਗਰਿਕਾਂ ਨੂੰ ਰਾਜਨੀਤਿਕ ਗਤੀਵਿਧੀਆਂ ਵਿੱਚ ਭਾਗ ਲੈਣ ਦੇ ਯੋਗ ਬਣਾਉਂਦੇ ਸਨ। ਜਨਸੰਖਿਆ ਦੀ ਦੂਜੀ ਸ਼੍ਰੇਣੀ ਵਿੱਚ ਵਿਦੇਸ਼ੀ ਨਿਵਾਸੀ ਸ਼੍ਰੇਣੀ ਆਉਂਦੀ ਸੀ। ਇਸ ਸ਼੍ਰੇਣੀ ਦੇ ਲੋਕ ਦੂਜੇ ਨਗਰ ਰਾਜਾਂ ਤੋਂ ਹੁੰਦੇ ਸਨ ਤੇ ਵਪਾਰ ਦਾ ਕੰਮ ਕਰਦੇ ਸਨ। ਇਹਨਾਂ ਦਾ ਕਾਨੂੰਨਣ ਦੇਸੀਕਰਨ ਨਹੀਂ ਹੁੰਦਾ ਸੀ। ਨਗਰ ਦੀਆਂ ਰਾਜਨੀਤਿਕ ਗਤੀਵਿਧੀਆਂ ਵਿੱਚ ਭਾਗ ਨਹੀਂ ਲੈਂਦੇ ਸਨ। ਤੀਜੀ ਸ਼੍ਰੇਣੀ ਵਿੱਚ ਦਾਸ ਸ਼੍ਰੇਣੀ ਆਉਂਦੀ ਸੀ। ਇਸ ਸਮਾਜਿਕ ਜੀਵਨ ਵਿੱਚ ਸਭ ਤੋਂ ਨੀਵੇਂ ਸਥਾਨ ਤੇ ਸਨ। ਰਾਜਨੀਤਿਕ ਜੀਵਨ ਵਿੱਚ ਇਹਨਾਂ ਦਾ ਕੋਈ ਸਥਾਨ ਨਹੀਂ ਸੀ ਇਹ ਆਮ ਤੌਰ ਤੇ ਖੇਤੀਬਾੜੀ ਵਗੈਰਾ ਦਾ ਕੰਮ ਕਰਨ ਲਈ ਸਨ।

ਯੂਨਾਨੀ ਨਗਰ ਰਾਜਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸ਼ਾਸਨ ਪ੍ਰਣਾਲੀਆਂ ਰਾਜਤੰਤਰ, ਕੁਲੀਨਤੰਤਰ, ਲੋਕਤੰਤਰ, ਅਲਪਤੰਤਰ ਆਦਿ ਪ੍ਰਚਲਤ ਸਨ। ਸਪਾਰਟਾ ਇੱਕ ਤਰ੍ਹਾਂ ਦਾ ਸੈਨਿਕ ਤੰਤਰ ਸੀ ਤੇ ਉੱਥੇ ਅਲਪਤੰਤਰੀ ਵਿਵਸਥਾ ਸੀ। ਸ਼ਾਸਨ ਵਿਵਸਥਾ ਚਲਾਉਣ ਲਈ ਸਾਰੇ ਨਾਗਰਿਕਾਂ ਦੀ ਸਭਾ, ਉਮਰਭਰ ਲਈ ਚੁਣੇ 28 ਸੈਨੇਟ ਮੈਂਬਰ ਤੇ ਬਰਾਬਰ ਅਧਿਕਾਰਾਂ ਵਾਲੇ ਦੋ ਰਾਜੇ ਸਨ। ਸਲਾਨਾ ਚੋਣ ਨਾਲ ਪੰਜ ਮੈਂਬਰੀ ਪਰਿਸ਼ਦ ਚੁਣੀ ਜਾਂਦੀ ਸੀ

ਜੋ ਰਾਜੇ ਤੇ ਸੈਨੇਟ ਵਿਚਾਲੇ ਤਾਲਮੇਲ ਬਣਾਉਂਦੀ ਸੀ। ਹੌਲੀ-ਹੌਲੀ ਸੱਤਾ ਅਲਪਤੰਤਰੀ ਬਣ ਗਈ। ਇਸਦੇ ਉਲਟ ਏਥਨਜ ਵਿੱਚ ਲੋਕਤੰਤਰ ਸੀ। ਰਾਜ ਦੀ ਸੱਤਾ ਨਾਗਰਿਕਾਂ ਦੀ ਸਭਾ ਵਿੱਚ ਨਿਹਿਤ ਸੀ। 500 ਮੈਂਬਰਾਂ ਦੀ ਸੈਨੇਟ ਚੁਣੀ ਜਾਂਦੀ ਸੀ। ਨਿਆਂ ਦਾ ਕੰਮ ਚੁਣੀਆਂ ਹੋਈਆਂ ਜਿਊਰੀ ਅਦਾਲਤਾਂ ਅਧੀਨ ਸੀ। ਏਥਨਜ਼ ਦੀਆਂ ਅਦਾਲਤਾਂ ਉੱਥੋਂ ਦੇ ਲੋਕਤੰਤਰ ਦਾ ਆਧਾਰ ਸਨ।

## 1.1.3 ਯੂਨਾਨੀ ਰਾਜਨੀਤਿਕ ਚਿੰਤਨ :

ਯੂਨਾਨੀ ਰਾਜਨੀਤਿਕ ਚਿੰਤਨ ਦੀ ਪਰਮ ਅਵਸਥਾ ਪਲੈਟੋ ਤੇ ਅਰਸਤੂ ਦੇ ਸਮੇਂ ਵਿੱਚ ਸੀ। ਇਹਨਾਂ ਦੇ ਵਿਚਾਰ ਸਾਨੂੰ ਇਹਨਾਂ ਦੇ ਗ੍ਰੰਥ ਰਿਪਬਲਿਕ ਤੇ ਪਾਲਿਟਿਕਸ ਤੋਂ ਮਿਲਦੇ ਹਨ। ਇਹਨਾਂ ਦਾਰਸ਼ਨਿਕਾਂ ਤੋਂ ਪਹਿਲਾਂ ਵੀ ਬਹੁਤ ਸਾਰੇ ਰਾਜਨੀਤਿਕ ਚਿੰਤਕਾਂ ਨੇ ਯੂਨਾਨ ਵਿੱਚ ਰਾਜਨੀਤਿਕ ਚਿੰਤਨ ਕੀਤਾ ਸੀ। ਇਹਨਾਂ ਵਿੱਚੋਂ ਮੁੱਖ ਨਾਂ ਥੁਸੀਡਾਈਡਸ, ਹੋਮਰ, ਹਿਸੀਯੋਡ, ਲਿਕਰਗਸ ਆਦਿ ਦੇ ਹਨ। ਹੋਮਰ ਨੂੰ ਪੱਛਮੀ ਸੱਭਿਅਤਾ ਵਿੱਚ ਚਿੰਤਕ ਵਜੋਂ ਸਤਿਕਾਰਿਆ ਜਾਂਦਾ ਹੈ। ਸੋਲੋਨ (Solon) ਨੂੰ ਏਥਨਜ਼ ਲੋਕਤੰਤਰ ਦੇ ਨਿਰਮਾਤਾ ਵਜੋਂ ਦੇਖਿਆ ਜਾਂਦਾ ਹੈ। ਉਸਨੇ ਨਿਆਂ ਤੇ ਸਮਾਨਤਾ ਨੂੰ ਬੜਾਵਾ ਦਿੱਤਾ। ਉਸਨੇ ਸਮਾਜਿਕ ਬਰਾਬਰੀ ਦਾ ਸਮਰਥਨ ਕੀਤਾ। ਉਹ ਕਾਨੂੰਨੀ ਪ੍ਰਭੂਸੱਤਾ ਵਿੱਚ ਵਿਸ਼ਵਾਸ ਰੱਖਦਾ ਸੀ। ਇਹਨਾਂ ਤੋਂ ਬਾਅਦ ਜ਼ਿਆਦਾ ਯੋਗਦਾਨ ਸੋਫਿਸਟਾ ਦਾ, ਸੁਕਰਾਤ, ਪਲੈਟੋ ਤੇ ਅਰਸਤੂ ਦਾ ਹੈ। ਪਲੈਟੋ ਤੇ ਅਰਸਤੂ ਨੇ ਯੂਨਾਨੀ ਰਾਜਨੀਤਿਕ ਦਰਸ਼ਨ ਨੂੰ ਸੰਪੂਰਨ ਰੂਪ ਪ੍ਰਦਾਨ ਕੀਤਾ।

### 1.1.3.1 ਸੋਫਿਸਟ (Sophist) :

ਪੇਸ਼ਾਵਰ ਸਿੱਖਿਅਕ ਲੋਕ ਜੋ ਪੰਜਵੀਂ ਸਦੀ ਈਸਾ ਪੂਰਵ ਦੇ ਸਮੇਂ ਯੂਨਾਨ ਨਿਵਾਸੀਆਂ ਨੂੰ ਦਰਸ਼ਨ, ਰਾਜਨੀਤੀ ਆਦਿ ਦੀ ਸਿੱਖਿਆ ਦਿੰਦੇ ਸਨ ਨੂੰ **ਸੋਫਿਸਟ** ਆਖਿਆ ਗਿਆ। ਸੋਫਿਸਟਾਂ ਨੇ ਹੀ ਏਥਨਜ ਵਿੱਚ ਰਾਜਨੀਤਿਕ ਵਾਦ ਵਿਵਾਦ ਤੇ ਵਿਚਾਰ-ਵਿਮਰਸ਼ ਦੀ ਸ਼ੁਰੂਆਤ ਕੀਤੀ। ਅਸਲ ਵਿੱਚ ਸੋਫਿਸਟ ਯੂਨਾਨੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਬੁੱਧੀਮਾਨ। ਸੋਫਿਸਟ ਲੋਕ ਯੂਨਾਨ ਦੇ ਵੱਖੋ-ਵੱਖਰੇ ਰਾਜਾਂ ਤੋਂ ਏਥਨਜ਼ ਵਿੱਚ ਆਏ ਤੇ ਅਮੀਰ ਘਰਾਣਿਆਂ ਨਾਲ ਸਬੰਧਿਤ ਨੌਜਵਾਨਾਂ ਨੂੰ ਰਾਜਨੀਤੀ, ਨਿਆਂ ਪ੍ਰਣਾਲੀ, ਵਾਦ-ਵਿਵਾਦ ਆਦਿ ਬਾਰੇ ਸਿੱਖਿਆ ਦਿੰਦੇ ਸਨ। ਸੋਫਿਸਟ ਲੋਕ ਆਪਣੀ ਫੀਸ ਲੈ ਕੇ ਅਸਲ ਜੀਵਨ ਵਿੱਚ ਸਫਲਤਾ ਪ੍ਰਾਪਤੀ ਦੀ ਸਿੱਖਿਆ ਦਿੰਦੇ ਸਨ। ਉਸ ਸਮੇਂ ਵਿਵਹਾਰਿਕ ਜੀਵਨ ਰਾਜਨੀਤੀ ਦਾ ਜੀਵਨ ਸੀ, ਸੋ ਉਹ ਰਾਜਨੀਤੀਵਾਨ ਬਣਨ ਦੀ ਤਿਆਰੀ ਕਰਵਾਉਂਦੇ ਸਨ।

**ਮੁੱਖ ਸਿਧਾਂਤ :** ਭਾਵੇਂ ਕਿ ਪ੍ਰੋਟੇਗੋਰਸ, ਗੈਰਜਿਆਸ, ਥਰੈਸੀਮੈਕਸ ਆਦਿ ਸੋਫਿਸਟਾਂ ਵਿਚਕਾਰ ਵਿਚਾਰਧਾਰਕ ਤੌਰ ਤੇ ਕਾਫੀ ਮਤਭੇਦ ਮਿਲਦਾ ਹੈ ਪਰ ਉਹਨਾਂ ਸਾਰਿਆਂ ਦੀ ਵਿਚਾਰਧਾਰਾ ਵਿੱਚ ਹੇਠ ਲਿਖੇ ਮੁੱਖ ਸਿਧਾਂਤ ਮਿਲਦੇ ਹਨ।

**ਕਾਨੂੰਨ ਤੇ ਨਿਆਂ ਸਬੰਧੀ ਸਿਧਾਂਤ :** ਸੋਫਿਸਟਾਂ ਦਾ ਤਰਕ ਸੀ ਕਿ ਕਾਨੂੰਨ ਨਾ ਤਾਂ ਕੋਈ ਦੈਵੀ ਆਦੇਸ਼ ਹੈ ਨਾਹੀ ਮਨੁੱਖ ਦੇ ਵਿਵੇਕ ਦੀ ਅਭਿਵਿਅਕਤੀ ਕਰਦਾ ਹੈ ਬਲਕਿ ਇਹ ਤਾਂ ਤਾਕਤਵਰ ਦਾ ਆਪਣੀ ਇੱਛਾ ਨੂੰ ਕਮਜ਼ੋਰ ਤੇ ਥੋਪਣ ਦੀ ਕੋਸ਼ਿਸ਼ ਹੈ। ਉਹਨਾਂ ਅਨੁਸਾਰ ਨਿਆਂ ਵੀ ਤਾਕਤਵਰ ਲੋਕਾਂ ਦੇ ਹਿਤਾਂ ਦੀ ਪੂਰਤੀ ਦਾ ਸਾਧਨ ਮਾਤਰ ਹੀ ਹੈ।

**ਮਾਨਵਵਾਦ :** ਇਹ ਸਿਧਾਂਤ ਸੋਫਿਸਟਾਂ ਦੀ ਸਭ ਤੋਂ ਵੱਡੀ ਦੇਣ ਹੈ। ਸੋਫਿਸਟਾਂ ਦੇ ਅਨੁਸਾਰ ''ਮਨੁੱਖ ਸਾਰੀਆਂ ਵਸਤੂਆਂ ਦਾ ਮਾਪ ਦੰਡ ਹੈ।'' ਇਸ ਸੰਸਾਰ ਵਿੱਚ ਕੁੱਝ ਵੀ ਆਪਣੇ ਆਪ ਚੰਗਾ ਜਾਂ ਬੁਰਾ ਨਹੀਂ ਹੋ ਸਕਦਾ

ਕਿਉਂਕਿ ਚੰਗਾ ਜਾਂ ਬੁਰਾ ਤਾਂ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਹ ਮਨੁੱਖ ਲਈ ਲਾਭਦਾਇਕ ਹੈ ਜਾਂ ਨੁਕਸਾਨਦਾਇਕ। ਸੋਫਿਸਟਾਂ ਦੇ ਅਨੁਸਾਰ ''ਮਨੁੱਖ ਦੇ ਅਧਿਐਨ ਦਾ ਵਿਸ਼ਾ ਮਨੁੱਖ ਖੁਦ ਹੋਣਾ ਚਾਹੀਦਾ ਹੈ।''

**ਸੰਦੇਹਵਾਦੀ ਦ੍ਰਿਸ਼ਟੀਕੋਣ ਅਤੇ ਸੱਚ :** ਸੋਫਿਸਟਾਂ ਅਨੁਸਾਰ ਹਰ ਦੇਸ਼, ਕਾਲ, ਸਥਿਤੀ ਵਿੱਚ ਇੱਕੋ ਜਿਹੇ ਸਵੀਕਾਰਨਯੋਗ ਨਿਯਮ, ਸਿਧਾਂਤ, ਧਾਰਨਾ ਜਾਂ ਵਿਚਾਰ ਨਹੀਂ ਹੋ ਸਕਦੇ ਕਿਉਂਕਿ ਸੱਚ ਸਾਪੇਖ ਹੈ ਜੋ ਕਿ ਦੇਸ਼ਕਾਲ ਦੇ ਹਾਲਾਤਾਂ ਅਨੁਸਾਰ ਸੀਮਾਬੱਧ ਹੈ। ਹਰ ਵਸਤੂ ਦੇ ਕਈ ਪੱਖ ਹੁੰਦੇ ਹਨ। ਇੱਕ ਪੱਖ ਨੂੰ ਵੇਖਕੇ ਹੀ ਪੂਰਾ ਸੱਚ ਨਹੀਂ ਕਿਹਾ ਜਾ ਸਕਦਾ। ਉਹਨਾਂ ਦੇ ਇਸ ਸੰਦੇਹਵਾਦੀ ਦ੍ਰਿਸ਼ਟੀਕੋਣ ਨੇ ਪੁਰਾਣੀਆਂ ਮਾਨਤਾਵਾਂ ਨੂੰ ਸ਼ੱਕੀ ਬਣਾ ਦਿੱਤਾ।

**ਰਾਜ ਇੱਕ ਬਨਾਉਟੀ ਸੰਸਥਾ ਹੈ :** ਰਾਜ ਦਾ ਨਿਰਮਾਣ ਕਮਜ਼ੋਰ ਮਨੁੱਖਾਂ ਦੁਆਰਾ ਤਾਕਤਵਰ ਮਨੁੱਖਾਂ ਤੋਂ ਆਪਣੀ ਰੱਖਿਆ ਕਰਨ ਲਈ ਕੀਤਾ ਗਿਆ ਹੈ। ਇਹ ਇੱਕ ਪ੍ਰਕਾਰ ਦਾ ਸਮਝੌਤਾ ਹੈ ਤੇ ਬਨਾਵਟੀ ਸੰਸਥਾ ਹੈ।

### 1.1.3.2 ਸ਼ੁਕਰਾਤ :

ਸ਼ੁਕਰਾਤ ਦਾ ਨਾਂ ਦਾਰਸ਼ਨਿਕਾਂ ਵਿੱਚ ਸਭ ਤੋਂ ਪਹਿਲਾਂ ਆਉਂਦਾ ਹੈ। ਉਸਨੇ ਆਪਣਾ ਸਾਰਾ ਜੀਵਨ ਦਰਸ਼ਨ ਦੇ ਲੇਖੇ ਲਗਾ ਦਿੱਤਾ। ਉਹ ਏਥਨਜ਼ ਦਾ ਜਨਮਜਾਤ ਨਾਗਰਿਕ ਸੀ। ਉਹ ਸੋਫਿਸਟਾਂ ਤੋਂ ਬਿਲਕੁਲ ਅਲੱਗ ਸੀ। ਉਸਦੀ ਸਿੱਖਿਆ ਪ੍ਰਣਾਲੀ ਵਾਦ-ਵਿਵਾਦ ਦੀ ਸੀ। ਉਹ ਪ੍ਰਸ਼ਨ ਪੁੱਛਣ ਵਾਲੇ ਵਿਅਕਤੀ ਨੂੰ ਉਲਟਾ ਸੁਆਲ ਕਰਦੇ ਤੇ ਸਵਾਲਾਂ ਦਾ ਸਿਲਸਿਲਾ ਉਦੋਂ ਤੱਕ ਚਲਦਾ ਰਹਿੰਦਾ ਜਦੋਂ ਤੱਕ ਪ੍ਰਸ਼ਨ ਪੁੱਛਣ ਵਾਲੇ ਨੂੰ ਉੱਤਰ ਨਾ ਮਿਲ ਜਾਂਦਾ। ਪਲੈਟੋ ਨਾਲ ਸੁਕਰਾਤ ਦੇ ਵਾਦ-ਵਿਵਾਦ ਨੂੰ ਪਲੈਟੋ ਨੇ ਸੰਵਾਦ ਸ਼ੈਲੀ ਵਿੱਚ ਲਿਖਿਆ ਹੈ। ਸ਼ੁਕਰਾਤ ਦੇ ਅਨੁਸਾਰ ਕਿ ਜੇਕਰ ਵਿਅਕਤੀ ਦੀ ਆਤਮਾ ਕਿਸੇ ਚੀਜ਼ ਦੀ ਸੱਚਾਈ ਤੇ ਵਿਸ਼ਵਾਸ ਕਰਦੀ ਹੈ ਤਾਂ ਉਸਨੂੰ ਸੱਚਾਈ ਨੂੰ ਕਹਿਣ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ। ਸੱਚ ਦੀ ਖੋਜ ਵਿੱਚ ਉਸਨੇ ਸਮੁੱਚਾ ਜੀਵਨ ਲਗਾ ਦਿੱਤਾ। ਰਾਜ ਦੇ ਕਾਨੂੰਨ ਵਿੱਚ ਨਿਸ਼ਚਾ ਰੱਖਣ ਕਰਕੇ ਉਸਨੇ ਆਪਣੇ ਮਿੱਤਰਾਂ ਦੀ ਜੇਲ ਵਿੱਚੋਂ ਭੱਜਣ ਦੀ ਬੇਨਤੀ ਠੁਕਰਾ ਦਿੱਤੀ ਸੀ।

**ਮੁੱਖ ਸਿਧਾਂਤ :** ਸ਼ੁਕਰਾਤ ਦੇ ਰਾਜਨੀਤਿਕ ਦਰਸ਼ਨ ਦੇ ਸਿਧਾਂਤ ਸੰਖੇਪ ਵਿੱਚ ਇਸ ਪ੍ਰਕਾਰ ਹਨ :

**ਰਾਜ ਤੇ ਰਾਜਨੀਤੀ :** ਸੁਕਰਾਤ ਰਾਜਨੀਤੀ ਨੂੰ ਇੱਕ ਕਲਾ ਕਹਿੰਦਾ ਹੈ, ਜਿਸਨੂੰ ਕਿ ਇੱਕ ਗਿਆਨੀ ਵਿਅਕਤੀ ਹੀ ਸਿੱਖ ਸਕਦਾ ਹੈ। ਉਹ ਰਾਜਨੀਤਿਕ ਖੇਤਰ ਵਿਚੋਂ ਯੋਗਤਾ ਨੂੰ ਮਹੱਤਵਪੂਰਨ ਮੰਨਦਾ ਹੈ। ਉਹ ਲੋਕਤੰਤਰ ਦੀ ਥਾਂ ਤੇ ਬੁੱਧੀਮਾਨ ਤੇ ਕੁਲੀਨ ਵਿਅਕਤੀਆਂ ਦੇ ਰਾਜ ਕਰਨ ਵਾਲੀ ਪ੍ਰਣਾਲੀ ਦਾ ਸਮਰਥਕ ਸੀ। ਉਸਨੇ ਕਿਹਾ ਕਿ ਰਾਜ ਮਨੁੱਖ ਦੀ ਬੌਧਿਕ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਸਾਧਨ ਹੈ।

**ਮਨੁੱਖੀ ਸੁਭਾਅ :** ਸੁਕਰਾਤ ਮੰਨਦਾ ਸੀ ਕਿ ਮਨੁੱਖੀ ਸੁਭਾਅ ਦੇ ਦੋ ਪੱਖ ਹਨ। ਇੱਕ ਕਮਜ਼ੋਰ ਪੱਖ ਜੋ ਕਿ ਸਵਾਰਥ, ਤੰਗਦਿਲੀ ਸੋਚ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਗੈਰ ਸਥਾਈ ਹੁੰਦਾ ਹੈ। ਦੂਜਾ ਪੱਖ ਕਲਿਆਣਕਾਰੀ ਪ੍ਰਵਿਰਤੀਆਂ ਦਾ ਪ੍ਰਤੀਨਿਧੀ ਹੈ ਜਿਸ ਵਿੱਚ ਕਿ ਮਨੁੱਖ ਕਲਿਆਣ ਦੀ ਭਾਵਨਾ ਨਾਲ ਭਰਿਆ ਹੁੰਦਾ ਹੈ। ਇਹ ਪੱਖ ਹੀ ਚਿੰਤਨ ਦਾ ਆਧਾਰ ਹੁੰਦੀ ਹੈ।

**ਕਾਨੂੰਨ :** ਕਾਨੂੰਨਾਂ ਪ੍ਰਤੀ ਸੁਕਰਾਤ ਅੰਦਰ ਅਥਾਹ ਸ਼ਰਧਾ ਸੀ। ਉਹ ਕਾਨੂੰਨ ਨੂੰ ਈਸ਼ਵਰ ਦੀ ਆਗਿਆ ਤੋਂ ਬਾਅਦ ਪਹਿਲੀ ਪ੍ਰਾਥਮਿਕਤਾ ਦਿੰਦਾ ਹੈ। ਕਾਨੂੰਨ ਸ਼ਾਸਕ ਤੇ ਪਰਜਾ ਦੋਵਾਂ ਤੇ ਲਾਗੂ ਹੁੰਦਾ ਹੈ। ਕਾਨੂੰਨ ਨਾਗਰਿਕਾਂ ਦਾ ਲਿਖਿਤ ਸਮਝੌਤਾ ਹੈ।

**ਮਾਨਵਵਾਦ :** ਸੁਕਰਾਤ ਨੇ ਆਪਣੇ ਜੀਵਨ ਦਾ ਜ਼ਿਆਦਾ ਸਮਾਂ ਮਨੁੱਖੀ ਜੀਵਨ ਦੇ ਰਹੱਸ ਦੀ ਖੋਜ ਕਰਨ ਤੇ ਮਨੁੱਖੀ ਆਚਰਣ ਦੇ ਨਿਯਮਾਂ ਦਾ ਨਿਰਮਾਣ ਕਰਨ ਵਿੱਚ ਲਗਾਇਆ ਉਹ ਪੂਰੀ ਤਰ੍ਹਾਂ ਮਾਨਵਵਾਦੀ ਸੀ।

**ਗਿਆਨ ਦਾ ਸਿਧਾਂਤ :** ਸੁਕਰਾਤ ਗਿਆਨ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ। ਬਾਹਰੀ ਗਿਆਨ ਜੋਕਿ ਇੰਦਰੀਆਂ ਤੇ ਆਧਾਰਿਤ ਹੁੰਦਾ ਹੈ। ਇਹ ਨਾਸ਼ਵਾਨ ਤੇ ਪਰਿਵਰਤਨਸ਼ੀਲ ਹੁੰਦਾ ਹੈ। ਦੂਜਾ ਹੈ ਵਾਸਤਵਿਕ ਗਿਆਨ ਜੋ ਕਿ ਅਪਵਰਤਨਸ਼ੀਲ ਹੈ ਤੇ ਸਰਵ ਵਿਆਪੀ ਤੱਤਾਂ ਦਾ ਗਿਆਨ ਹੁੰਦਾ ਹੈ। ਮਨੁੱਖੀ ਜੀਵਨ ਦਾ ਉਦੇਸ਼ ਕੇਵਲ ਸੱਚ ਦੀ ਖੋਜ ਕਰਨਾ ਹੈ।

**ਗਿਆਨ ਹੀ ਗੁਣ ਹੈ :** ਸੁਕਰਾਤ ਦੇ ਦਰਸ਼ਨ ਦਾ ਮਹੱਤਵਪੂਰਨ ਸਿਧਾਂਤ ਸੀ ਕਿ ਗਿਆਨ ਹੀ ਗੁਣ ਹੈ ਅਰਥਾਤ ਗਿਆਨ ਤੇ ਗੁਣ ਵਿੱਚ ਕੋਈ ਫਰਕ ਨਹੀਂ ਹੈ। ਮਨੁੱਖ ਇੱਕ ਬੁੱਧੀਜੀਵੀ ਹੈ। ਉਸਨੂੰ ਬੁੱਧੀ ਨਾਲ ਜੋ ਸੱਚ, ਗਿਆਨ ਪ੍ਰਾਪਤ ਹੁੰਦਾ ਹੈ। ਉਸਤੇ ਅਮਲ ਕਰਨਾ ਚਾਹੀਦਾ ਹੈ।

**1.1.3.3 ਆਈਸੋਕ੍ਰੇਟਜ਼ :** ਆਈਸੋਕ੍ਰੇਟਜ਼ ਸਰਬ ਯੂਨਾਨੀ ਸਾਮਰਾਜ ਦੀ ਸਥਾਪਨਾ ਦਾ ਹਾਮੀ ਸੀ। ਯੂਨਾਨ ਦੇ ਨਗਰ ਰਾਜਾਂ ਵਿੱਚ ਆਪਸੀ ਸੰਘਰਸ਼ ਲਗਾਤਾਰ ਚਲਦਾ ਰਹਿੰਦਾ ਸੀ। ਇਸੇ ਕਾਰਨ ਉਹ ਕਹਿੰਦਾ ਸੀ ਕਿ ਯੂਨਾਨ ਦੇ ਨਗਰ ਰਾਜਾਂ ਦੀ ਅੰਦਰੂਨੀ ਅਸ਼ਾਂਤੀ, ਅਵਿਵਸਥਾ ਤੇ ਆਪਸੀ ਸੰਘਰਸ਼ ਤੋਂ ਮੁਕਤੀ ਲਈ ਸਰਬ ਯੂਨਾਨੀ ਸਾਮਰਾਜ ਦੀ ਸਥਾਪਨਾ ਅਤਿ ਜ਼ਰੂਰੀ ਹੈ। ਉਸਦੀ ਇਹ ਸਾਮਰਾਜ ਦੀ ਸਥਾਪਨਾ ਕਰਨ ਪਿੱਛੇ ਇੱਛਾ ਪੂਰਬੀ ਦੇਸ਼ਾਂ ਉਪਰ ਜਿੱਤ ਪ੍ਰਾਪਤ ਕਰਨ ਦੀ ਸੀ। ਇਸ ਤੋਂ ਉਸਦੇ ਸੱਚੇ ਯੂਨਾਨੀ ਨਾਗਰਿਕ ਹੋਣ ਦੀ ਝਲਕ ਮਿਲਦੀ ਹੈ।

**1.1.3.4 ਸਿਨਿਕਸ :** ਸਿਨਿਕਸ ਵਿਚਾਰਕ ਦੁਨੀਆਦਾਰੀ ਦੀਆਂ ਪ੍ਰੰਪਰਾਵਾਂ ਤੇ ਸਮਾਜਿਕ ਵਿਵਸਥਾਵਾਂ ਪ੍ਰਤੀ ਉਦਾਸੀਨਤਾ ਰਖਦੇ ਸੀ। ਇਹਨਾਂ ਦਾ ਦਰਸ਼ਨ ਦਾ ਸਿਧਾਂਤ ਆਤਮ ਨਿਰਭਰ ਹੋਣ ਦਾ ਸੀ। ਇਹ ਸੁਕਰਾਤ ਦੇ ਚੇਲੇ ਸਨ ਤੇ ਆਤਮਾ ਨੂੰ ਹੀ ਸਭ ਕੁੱਝ ਮੰਨਦੇ ਸਨ। ਉਹ ਵਿਅਕਤੀਵਾਦੀ ਸਨ। ਇਹ ਵਿਚਾਰਕ ਨਾ ਰਾਜ ਦੀ ਸੱਤਾ ਸਵੀਕਾਰਦੇ ਸਨ ਨਾ ਹੀ ਖੁਦ ਨੂੰ ਉਸਦਾ ਨਾਗਰਿਕ ਮੰਨਦੇ ਸਨ। ਉਹ ਪਰਿਵਾਰ ਨੂੰ ਮੋਹ ਦਾ ਕਾਰਨ ਮੰਨਦੇ ਸਨ ਜੋਕਿ ਮਨੁੱਖ ਦੇ ਗਿਆਨ ਪ੍ਰਾਪਤੀ ਦੇ ਰਾਹ ਦਾ ਰੋੜਾ ਹੈ।

**1.1.3.5 ਸਿਰੇਨਿਕਸ :** ਸਿਰੇਨਿਕਸ ਵੀ ਵਿਚਾਰਕ ਪੱਖ ਤੋਂ ਸਿਨੇਕਸ ਵਰਗੇ ਹੀ ਸਨ ਉਹਨਾਂ ਦੀ ਦ੍ਰਿਸ਼ਟੀ ਵਿੱਚ ਰਾਜ ਦੀ ਲੋੜ ਨਹੀਂ ਸੀ ਤੇ ਸੰਸਾਰ ਹੀ ਉਨ੍ਹਾਂ ਦਾ ਆਪਣਾ ਰਾਜ ਸੀ ਤੇ ਉਹ ਖੁਦ ਨੂੰ ਸੰਸਾਰ ਦੇ ਨਾਗਰਿਕ ਸਮਝਦੇ ਸਨ। ਉਹ ਵਰਤਮਾਨ ਨੂੰ ਹੀ ਅਸਲੀ ਸੱਚ ਮੰਨਦੇ ਸਨ। ਸਿਰੇਨਿਕਸ ਦਾ ਵਿਚਾਰ ਸੀ ਕਿ ਮਨੁੱਖ ਦਾ ਇੱਕੋ ਇੱਕ ਉਦੇਸ਼ ਆਨੰਦ ਦੀ ਪ੍ਰਾਪਤੀ ਹੈ ਸੋ ਵੱਧ ਤੋਂ ਵੱਧ ਆਨੰਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਵਰਤਮਾਨ ਵਿੱਚ ਜਿਉਣਾ ਚਾਹੀਦਾ ਹੈ। ਉਸਨੂੰ ਭੂਤਕਾਲ ਜਾਂ ਭਵਿੱਖ ਬਾਰੇ ਨਹੀਂ ਸੋਚਣਾ ਚਾਹੀਦਾ ਕਿਉਂਕਿ ਵਰਤਮਾਨ ਹੀ ਅਸਲ ਸੱਚਾਈ ਹੈ।

**1.1.3.6 ਪਲੈਟੋ ਤੇ ਅਰਸਤੂ :** ਇਹ ਯੂਨਾਨੀ ਰਾਜਨੀਤਿਕ ਚਿੰਤਨ ਦੀ ਪਰਮ ਸੀਮਾ ਸਨ...ਅਗਲੇ ਅਧਿਆਇ ਵਿੱਚ....

### 1.1.4 ਪ੍ਰਾਚੀਨ ਯੂਨਾਨੀ ਰਾਜਨੀਤਿਕ ਚਿੰਤਨ ਦੀਆਂ ਮੁੱਖ ਵਿਸ਼ੇਸ਼ਤਾਵਾਂ :

ਪ੍ਰਾਚੀਨ ਯੂਨਾਨੀ ਰਾਜਨੀਤਿਕ ਸਿਧਾਂਤਾਂ ਤੇ ਵਿਚਾਰਧਾਰਾਵਾਂ ਵਿੱਚ ਆਪਸੀ ਵਿਰੋਧ ਦੇ ਬਾਵਜੂਦ ਕੁੱਝ ਸਾਂਝੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ ਜੋ ਇਸ ਪ੍ਰਕਾਰ ਹਨ।

**1.1.4.1 ਰਾਜ ਇੱਕ ਨੈਤਿਕ ਸੰਸਥਾ ਹੈ :** ਉਹਨਾਂ ਅਨੁਸਾਰ ਰਾਜ ਦਾ ਉਦੇਸ਼ ਨਾਗਰਿਕਾਂ ਦਾ ਨੈਤਿਕ ਉਥਾਨ ਕਰਨਾ ਹੈ। ਉਹਨਾਂ ਨੇ ਰਾਜ ਨੂੰ ਜੀਵਨ ਦਾ ਉੱਚਤਮ ਸਾਧਨ ਕਿਹਾ ਹੈ। ਅਰਸਤੂ ਦੀ ਪਾਲਿਟਿਕਸ ਰਾਜਨੀਤੀ ਸ਼ਾਸਤਰ ਤੇ ਨੀਤੀ ਸ਼ਾਸਤਰ ਦੋਵਾਂ ਨਾਲ ਸੰਬੰਧਿਤ ਹੈ।

**1.1.4.2 ਵਿਵੇਕ ਦੀ ਸਰਵ ਸ਼੍ਰੇਸ਼ਠਤਾ :** ਪ੍ਰਾਚੀਨ ਯੂਨਾਨੀ ਚਿੰਤਨ ਅੰਧ ਵਿਸ਼ਵਾਸਾਂ ਤੇ ਆਧਾਰਿਤ ਨਹੀਂ ਬਲਕਿ ਮਨੁੱਖ ਦੀ ਸੁਤੰਤਰ ਬੁੱਧੀ ਤੇ ਤਰਕ ਸ਼ਕਤੀ ਤੇ ਆਧਾਰਿਤ ਹੈ। ਉਹ ਮਨੁੱਖ ਨੂੰ ਤਰਕਸ਼ੀਲ ਪ੍ਰਾਣੀ ਮੰਨਦੇ ਸਨ।

**1.1.4.3 ਨਗਰ ਰਾਜ :** ਨਗਰ ਰਾਜਾਂ ਦੇ ਨਿਵਾਸੀ ਇੱਕ ਦੂਜੇ ਦੇ ਸਮਾਜਿਕ ਜੀਵਨ ਦਾ ਅੰਗ ਹੁੰਦੇ ਸਨ। ਇਹਨਾਂ ਵਿੱਚ ਸਹਿਯੋਗ ਦੀ ਭਾਵਨਾ ਮੌਜੂਦ ਹੁੰਦੀ ਸੀ। ਇਹਨਾਂ ਦੇ ਰਾਜਨੀਤਿਕ ਜੀਵਨ ਦੀ ਮੁੱਖ ਇਕਾਈ ਸਮੇਂ ਦਾ ਨਗਰ ਸੀ।

**1.1.4.4 ਕਾਨੂੰਨ ਵਿੱਚ ਵਿਸ਼ਵਾਸ :** ਯੂਨਾਨੀ ਰਾਜਨੀਤਿਕ ਚਿੰਤਕਾਂ ਦਾ ਕਾਨੂੰਨ ਵਿੱਚ ਪੂਰਨ ਵਿਸ਼ਵਾਸ ਸੀ। ਉਹਨਾਂ ਅਨੁਸਾਰ ਕਾਨੂੰਨੀ ਪ੍ਰਭੂਸੱਤਾ ਰਾਜ ਨੂੰ ਨਿਰਪੱਖ ਦਿੱਖ (Secular look) ਪ੍ਰਦਾਨ ਕਰਦੀ ਹੈ। ਆਧੁਨਿਕ ਰਾਜਾਂ ਵਿੱਚ ਕਾਨੂੰਨ ਦੀ ਮਹੱਤਤਾ ਪ੍ਰਾਚੀਨ ਯੂਨਾਨੀ ਰਾਜਨੀਤਿਕ ਚਿੰਤਨ ਦੀ ਬਹੁਤ ਵੱਡੀ ਦੇਣ ਹੈ।

**1.1.4.5 ਚਿੰਤਨ ਦਾ ਸੰਸਾਰਿਕ ਆਧਾਰ :** ਯੂਨਾਨੀ ਸਾਰੀਆਂ ਗੱਲਾਂ ਤੇ ਤੱਥਾਂ ਦਾ ਮੁੱਲਾਂਕਣ ਸੰਸਾਰਕ ਜੀਵਨ ਵਿੱਚ ਮਨੁੱਖੀ ਸਥਿਤੀ ਨੂੰ ਸਾਹਮਣੇ ਰੱਖਕੇ ਕਰਦੇ ਸਨ। ਉਹਨਾਂ ਨੇ ਧਾਰਮਿਕ ਤੱਥਾਂ ਵੱਲ ਘੱਟ ਧਿਆਨ ਦਿੱਤਾ ਯੂਨਾਨੀ ਰਾਜਨੀਤਿਕ ਚਿੰਤਨ ਸੰਸਾਰਿਕ ਸੀ।

**1.1.4.6 ਮਾਨਵਵਾਦੀ :** ਯੂਨਾਨੀ ਰਾਜਨੀਤਿਕ ਚਿੰਤਕਾਂ ਦਾ ਵਿਸ਼ਵਾਸ ਸੀ ਕਿ ਮਨੁੱਖ ਸਾਰੀਆਂ ਵਸਤੂਆਂ ਦਾ ਮਾਪਦੰਡ ਹੈ।

**1.1.4.7 ਦਾਸ ਪ੍ਰਥਾ :** ਯੂਨਾਨੀ ਵਿਚਾਰਕਾਂ ਨੇ ਸਮਾਨਤਾ ਦੇ ਸਿਧਾਂਤ ਨੂੰ ਅਨੁਚਿਤ ਕਰਾਰ ਦਿੱਤਾ ਤੇ ਜਨਮਜਾਤ ਅਸਮਾਨਤਾ ਦੇ ਆਧਾਰ ਤੇ ਦਾਸ ਪ੍ਰਥਾ ਦਾ ਸਮਰਥਨ ਕੀਤਾ ਤੇ ਦਾਸਾਂ ਨੂੰ ਨਾਗਰਿਕਤਾ ਦੇ ਅਧਿਕਾਰ ਤੋਂ ਵਾਂਝਾ ਰੱਖਿਆ।

**1.1.4.8 ਰਾਜਨੀਤਿਕ ਜੀਵਨ ਵਿੱਚ ਵਿਸ਼ਵਾਸ :** ਰਾਜਨੀਤਿਕ ਜੀਵਨ ਵਿੱਚ ਵਿਸ਼ਵਾਸ ਪ੍ਰਾਚੀਨ ਯੂਨਾਨੀ ਰਾਜਨੀਤਿਕ ਚਿੰਤਨ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਸੀ। ਯੂਨਾਨੀ ਚਿੰਤਕਾਂ ਨੇ ਰਾਜਨੀਤਿਕ ਤੇ ਨੈਤਿਕ ਜੀਵਨ ਵਿੱਚ ਕੋਈ ਫਰਕ ਨਹੀਂ ਕੀਤਾ ਸੀ। ਰਾਜਨੀਤਿਕ ਜੀਵਨ ਤੇ ਨੈਤਿਕ ਜੀਵਨ (ਦੋਵਾਂ) ਦਾ ਉਦੇਸ਼ ਵਿਅਕਤੀ ਦਾ ਵੱਧ ਤੋਂ ਵੱਧ ਵਿਕਾਸ ਕਰਨਾ ਤੇ ਉਸਨੂੰ ਵੱਧ ਤੋਂ ਵੱਧ ਖੁਸ਼ੀ ਦੇਣਾ ਸੀ।

## 1.1.5 ਸਿੱਟਾ :

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰਾਚੀਨ ਯੂਨਾਨੀ ਰਾਜਨੀਤਿਕ ਚਿੰਤਨ ਨੇ ਹੀ ਰਾਜਨੀਤਿਕ ਖੇਤਰ ਵਿੱਚ ਕ੍ਰਮਬੱਧ ਤੇ ਲੜੀਬੱਧ ਰੂਪ ਵਿੱਚ ਵਿਚਾਰਾਂ ਨੂੰ ਪੇਸ਼ ਕੀਤਾ। ਪ੍ਰਾਚੀਨ ਯੂਨਾਨੀ ਰਾਜਨੀਤਿਕ ਚਿੰਤਨ ਨੇ ਸ਼ੁੱਧ ਰੂਪ ਵਿੱਚ ਰਾਜਨੀਤਿਕ ਸਮੱਸਿਆਵਾਂ ਦਾ ਅਧਿਐਨ ਕੀਤਾ ਤੇ ਦਾਰਸ਼ਨਿਕ ਆਧਾਰ ਤੇ ਉਹਨਾਂ ਦਾ ਵਿਵੇਚਨ ਕੀਤਾ। ਉਹਨਾਂ ਨੇ ਆਪਣੇ ਅਧਿਐਨ ਦਾ ਵਿਸ਼ਾ ਰਾਜਾਂ ਤੇ ਉਸ ਸਮੇਂ ਉੱਭਰਨ ਵਾਲੀਆਂ ਸਮੱਸਿਆਵਾਂ ਨੂੰ ਬਣਾਇਆ ਅਤੇ ਇਸਦਾ ਲੜੀਬੱਧ ਵਿਸ਼ਲੇਸ਼ਣ ਕੀਤਾ।

### 1.1.6 ਅਭਿਆਸ ਲਈ ਪ੍ਰਸ਼ਨ :

1. ਯੂਨਾਨੀ ਰਾਜਨੀਤਿਕ ਚਿੰਤਨ ਬਾਰੇ ਤੁਸੀਂ ਕੀ ਜਾਣਦੇ ਹੋ ਵਿਸਥਾਰ ਸਹਿਤ ਲਿਖੋ।
2. ਯੂਨਾਨੀ ਰਾਜਨੀਤਿਕ ਚਿੰਤਨ ਦੀ ਰਾਜਨੀਤੀ ਸ਼ਾਸਤਰ ਨੂੰ ਦੇਣ ਸਬੰਧੀ ਵਿਚਾਰ ਕਰੋ।
3. ਯੂਨਾਨੀ ਰਾਜਨੀਤਿਕ ਚਿੰਤਨ ਵਿੱਚ ਸੁਕਰਾਤ ਦਾ ਕੀ ਸਥਾਨ ਹੈ। ਵਿਚਾਰ ਕਰੋ।

### 1.1.7 ਕੁੱਝ ਸੁਝਾਈਆਂ ਪੁਸਤਕਾਂ :

Western Political Thought : Dr. Jagroop Kaur

A History of Political Thought : J.P. Suda

A History of Political Theory : G.H. Sabine

ਪਾਠ ਨੰ: 1.3

# ਪਲੈਟੋ ਦਾ ਕਾਲ, ਉਸ ਤੋਂ ਪਹਿਲਾਂ ਦੇ ਚਿੰਤਕ ਅਤੇ ਉਸਦੇ ਫਲਸਫੇ ਤੇ ਉਨ੍ਹਾਂ ਦਾ ਪ੍ਰਭਾਵ

ਰਾਜਨੀਤਿਕ ਸਾਸ਼ਤਰ ਦਾ ਅਧਿਐਨ, ਖਾਸ ਕਰਕੇ ਰਾਜਨੀਤਿਕ ਵਿਚਾਰਧਾਰਾ ਦਾ ਅਧਿਐਨ, ਯੂਨਾਨੀਆਂ (Greeks) ਤੋਂ ਸ਼ੁਰੂ ਹੁੰਦਾ ਹੈ। ਅੱਜ ਵੀ ਰਾਜ, ਕਾਨੂੰਨ, ਸਰਕਾਰ, ਨਿਆਂ, ਅਧਿਕਾਰ ਅਤੇ ਸੁਤੰਤਰਤਾ, ਆਦਿ ਬਾਰੇ ਕਿਸੇ ਵੀ ਅਰਥ-ਭਰਪੂਰ ਵਿਚਾਰ-ਚਰਚਾ ਲਈ ਯੂਨਾਨੀ ਫਿਲਾਸਫਰ, ਪਲੈਟੋ ਅਤੇ ਅਰਸਤੂ ਦੇ ਵਿਚਾਰਾਂ ਨੂੰ ਮੁੱਢਲਾ ਆਧਾਰ ਮੰਨਿਆ ਜਾਂਦਾ ਹੈ। ਭਾਵੇਂ ਸੰਸਾਰ ਭੌਤਿਕ ਤੌਰ 'ਤੇ ਬਹੁਤ ਬਦਲ ਚੁੱਕਿਆ ਹੈ ਅਤੇ ਵਿਚਾਰਾਂ ਦੇ ਢੰਗਾਂ ਵਿੱਚ ਬਹੁਤ ਪਰਿਵਰਤਨ ਆ ਚੁੱਕਾ ਹੈ, ਤਾਂ ਵੀ ਇਹਨਾਂ ਸੰਬੰਧੀ ਅਸੀਂ ਪਲੈਟੋ ਅਤੇ ਅਰਸਤੂ ਦਾ ਹਵਾਲਾ ਜ਼ਰੂਰ ਦਿੰਦੇ ਹਾਂ।

ਰਾਜਨੀਤੀ ਵਿਚਾਰਧਾਰਾ ਦਾ ਅਧਿਐਨ ਪਲੈਟੋ ਨਾਲ ਆਰੰਭ ਹੁੰਦਾ ਹੈ। ਪਲੈਟੋ ਨਿਆਂ, ਆਦਰਸ਼ ਰਾਜਾਂ ਦੀ ਸਥਾਪਨਾ ਅਤੇ ਆਦਰਸ਼ ਸ਼ਾਸਕਾਂ ਬਾਰੇ ਆਪਣੇ ਵਿਚਾਰ ਪ੍ਰਗਟਾਉਣ ਤੋਂ ਇਲਾਵਾ ਇਸ ਬਾਰੇ ਦਸਦਾ ਹੈ ਕਿ ਕਾਨੂੰਨ ਦਾ ਰੂਪ ਜਾਂ ਢਾਂਚਾ ਕੀ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਹਨਾਂ ਪ੍ਰਸ਼ਨਾਂ ਬਾਰੇ ਜਾਣੀਏ, ਇਹ ਉਚਿਤ ਜਾਪਦਾ ਹੈ ਕਿ ਇਕ ਸੰਖਿਪਤ ਭੂਮਿਕਾ ਦੇ ਰੂਪ ਵਿੱਚ ਇਹ ਦੱਸੀਏ ਕਿ ਸਾਡਾ ਰਾਜਨੀਤੀ ਫਲਸਫੇ ਦਾ ਅਧਿਐਨ ਯੂਨਾਨੀਆਂ ਨਾਲ ਕਿਉਂ ਆਰੰਭ ਹੁੰਦਾ ਹੈ। ਇਸ ਪ੍ਰਸ਼ਨ ਦੀ ਵਿਆਖਿਆ ਲਈ ਉਸ ਸਮੇਂ ਦੀ ਪ੍ਰਚਲਿਤ ਯੂਨਾਨੀ ਸਥਿਤੀ ਅਤੇ ਪ੍ਰਮੁੱਖ ਫਲਾਸਫਿਕ ਵਿਧੀਆਂ, ਜਿਨ੍ਹਾਂ ਨੇ ਪਲੈਟੋ ਦੀ ਸੋਚ ਨੂੰ ਪ੍ਰਭਾਵਿਤ ਕੀਤਾ, ਉਪਰ ਵਿਚਾਰ ਕਰਨ ਦੀ ਲੋੜ ਹੈ।

ਯੂਨਾਨੀ ਵਿਚਾਰਧਾਰਾ ਜਾਂ ਸੋਚ ਦਾ ਸਭ ਤੋਂ ਮਹੱਤਵਪੂਰਨ ਅਤੇ ਵਿਲੱਖਣਤਾ ਵਾਲਾ ਲੱਛਣ ਉਸ ਦਾ **ਤਰਕਵਾਦ (Rationalism)** ਹੈ। ਭਾਰਤ ਅਤੇ ਯਹੂਦੀ ਸਭਿਆਤਾਵਾਂ ਵਿੱਚ ਮਨੁੱਖੀ ਸਮੱਸਿਆਵਾਂ ਦਾ ਧਾਰਮਿਕ ਖੇਤਰ ਰਾਹੀਂ ਹੱਲ ਲੱਭਣ ਦੀ ਇਕ ਲੰਮੀ ਰੀਤ ਹੈ। ਇਸ ਦੇ ਉਲਟ ਯੂਨਾਨੀਆਂ ਨੇ ਇਹਨਾਂ ਮਨੁੱਖੀ ਪ੍ਰਸ਼ਨਾਂ ਨੂੰ ਤਰਕਵਾਦ ਰਾਹੀਂ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਇਸ ਨੂੰ ਕਦੇ ਵੀ ਰੱਬ ਦੀ ਇੱਛਾ ਨਾਲ ਨਹੀਂ ਜੋੜਿਆ। ਅਰਨੈਸਟ ਬਾਰਕਰ (Ernest Barker), ਯੂਨਾਨੀ ਸੂਝ ਤੇ ਤਰਕਵਾਦ ਨੂੰ ਬਹੁਤ ਠੀਕ ਢੰਗ ਨਾਲ ਦਰਸਾਉਂਦਿਆਂ ਕਹਿੰਦਾ ਹੈ ਕਿ ਧਾਰਮਿਕ ਮੰਤਵ ਯੂਨਾਨੀਆਂ ਨੂੰ ਨਹੀਂ ਭਾਉਂਦੇ ਸਨ। ਧਰਮ ਦੀ ਸ਼ਰਨ ਲੈਣ ਵਾਲੀਆਂ ਦੂਜੀਆਂ ਸਭਿਆਤਾਵਾਂ ਦੇ ਉਲਟ, ਆਮ ਕਰਕੇ ਯੂਨਾਨੀ ਫਿਲਾਸਫਰਾਂ ਨੇ ਇਕ ਵੱਖਰੀ ਅਤੇ ਆਪਣੇ ਆਪ ਵਿੱਚ ਪੂਰੀ ਚੀਜ਼ ਦੀ ਕਲਪਨਾ ਦੀ ਕੋਸ਼ਿਸ਼ ਕੀਤੀ ਹੈ।

ਯੂਨਾਨੀ ਆਪਣੇ ਪ੍ਰਸ਼ਨਾਂ ਦੇ ਉੱਤਰ ਧਰਮ ਦੇ ਖੇਤਰ ਰਾਹੀਂ ਨਹੀਂ ਲੱਭਦੇ ਸਨ। ਉਹਨਾਂ ਦੇ ਇਸ ਸੁਭਾਅ ਦਾ ਇਕ ਸਿੱਧਾ ਪਰਿਣਾਮ ਇਹ ਸੀ ਕਿ ਉਹਨਾਂ ਨੂੰ ਵਿਅਕਤੀ ਦੇ ਮਹੱਤਵ ਵਿੱਚ ਬੇਹੱਦ ਭਰੋਸਾ ਸੀ। ਉਹਨਾਂ ਨੂੰ ਮਨੁੱਖੀ ਗੁਣਾਂ ਅਤੇ ਔਗੁਣਾਂ ਵਿੱਚ ਯਕੀਨ ਸੀ, ਕਿਉਂਕਿ ਉਹ ਸਮਾਜਾਂ ਨੂੰ ਪ੍ਰਭਾਵਿਤ ਕਰਦੇ ਸਨ। ਆਪਣੀ ਵਿਚਾਰ ਵਿਧੀ ਦੇ ਇਸੇ ਲੱਛਣ ਕਾਰਨ ਉਹਨਾਂ ਅਜਿਹੇ ਪ੍ਰਸ਼ਨਾਂ ਬਾਰੇ ਖੋਜ ਕੀਤੀ ਜੋ ਕਿ ਮੁੱਢਲੇ ਰੂਪ ਵਿੱਚ ਸਮਾਜਿਕ ਅਤੇ ਰਾਜਨੀਤਿਕ ਸਨ। ਕਿਉਂਕਿ ਯੂਨਾਨੀ ਇਸ ਕਿਸਮ ਦੀ ਫਲਾਸਫਿਕ ਵਿਆਖਿਆ ਦੀ ਖੋਜ ਕਰਨ ਵਾਲੇ ਪਹਿਲੇ ਲੋਕ ਸਨ, ਉਹਨਾਂ ਦਾ ਦ੍ਰਿਸ਼ਟੀਕੋਣ ਧਰਮ

ਨਿਰਪੱਖ ਅਤੇ ਵਿਸ਼ਵ-ਵਿਆਪੀ ਸੀ। ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਐਪੀਕਿਉਰਸਿਕ, ਪਾਇਥਾਗੋਰਸ ਤੇ ਸਾਫਿਸਟ (Sophists) ਅਤਿ ਦੇ ਵਿਅਕਤੀਵਾਦ ਦਾ ਸਮਰਥਨ ਕਰਦੇ ਸਨ ਅਤੇ ਕਹਿੰਦੇ ਸਨ ਕਿ ਹੋਰ ਸਭ ਚੀਜ਼ਾਂ ਨੂੰ ਮਨੁੱਖ ਨਾਲ ਤੁਲਨਾ ਦੇਣੀ ਚਾਹੀਦੀ ਹੈ, ਪਰ **ਪਲੈਟੋ ਅਤੇ ਅਰਸਤੂ ਅਨੁਸਾਰ ਵਿਅਕਤੀ ਸਮਾਜ ਲਈ ਹੈ।**

ਯੂਨਾਨੀ ਨਗਰ ਰਾਜਾਂ ਦਾ ਆਤਮ ਨਿਰਭਰ ਇਕਾਈਆਂ ਹੋਣਾ ਹੀ ਯੂਨਾਨੀਆਂ ਦੇ ਰਾਜਨੀਤਿਕ ਫਲਸਫੇ ਦੇ ਵਿਕਾਸ ਦਾ ਮੁੱਖ ਕਾਰਨ ਬਣਿਆ। ਸੈਬਾਈਨ ਕਹਿੰਦਾ ਹੈ ਕਿ ਬਹੁਤ ਆਧੁਨਿਕ ਰਾਜਨੀਤਿਕ ਵਿਚਾਰ, ਉਦਾਹਰਣ ਵਜੋਂ, ਨਿਆਂ, ਸੰਵਿਧਾਨਿਕ ਸਰਕਾਰ, ਕਾਨੂੰਨ ਲਈ ਸਤਿਕਾਰ, ਜਾਂ ਘੱਟੋ ਘੱਟ ਇਹਨਾਂ ਦੀ ਪਰਿਭਾਸ਼ਾ, ਯੂਨਾਨੀ ਵਿਚਾਰਵਾਨਾਂ ਦੇ ਨਗਰ ਰਾਜਾਂ ਦੀ ਸੰਸਥਾ ਬਾਰੇ ਵਿਚਾਰਾਂ ਨਾਲ ਆਰੰਭ ਹੋਏ। ਯੂਨਾਨ ਵਿੱਚ ਕਈ ਕਿਸਮ ਦੇ ਰਾਜ ਸਨ, ਜਿਵੇਂ ਕਿ **ਐਥਨਜ ਦਾ ਲੋਕਤੰਤਰ, ਥੀਬੇ (Theobe) ਦਾ ਰਈਸ-ਰਾਜ (Aristocracy) ਅਤੇ ਸਪਾਰਟਾ ਦਾ ਨਿਰਕੁੰਸ਼ ਸ਼ਾਸਨ (Tyranny)**। ਇਕ ਵਿਅਕਤੀ ਨੂੰ ਨਾਗਰਿਕਤਾ ਦਾ ਅਧਿਕਾਰ ਪ੍ਰਾਪਤ ਕਰਨ ਲਈ ਵੱਖਰੀਆਂ-ਵੱਖਰੀਆਂ ਯੋਗਤਾਵਾਂ ਅਵੱਸ਼ ਸਨ। ਸਿੱਟੇ ਵਜੋਂ, ਯੂਨਾਨੀਆਂ ਨੇ ਨਾ ਕੇਵਲ ਇਕ ਨਾਗਰਿਕ ਲਈ ਆਦਰਸ਼ਕ ਯੋਗਤਾਵਾਂ ਦੀ ਘੋਖ ਕੀਤੀ ਸਗੋਂ ਇਹ ਵੀ ਵਿਚਾਰਨਾਂ ਆਵੱਸ਼ ਸਮਝਿਆ ਕਿ ਆਦਰਸ਼ ਨਗਰ ਰਾਜ (Ideal City States) ਕੀ ਹਨ, ਜਿਨ੍ਹਾਂ ਨੂੰ ਪੈਮਾਨਾ ਬਣਾ ਕੇ ਵਿਚਰ ਰਹੇ ਰਾਜਾਂ ਨੂੰ ਸਮਝਿਆ ਅਤੇ ਵਰਗੀਕਰਿਤ ਕੀਤਾ ਜਾ ਸਕੇ।

ਲੋਕਤੰਤਰ ਤੋਂ ਨਿਰੰਕੁਸ਼ ਸ਼ਾਸ਼ਨ ਤੱਕ ਵੱਖ-ਵੱਖ ਰੂਪਾਂ ਵਾਲੇ ਯੂਨਾਨੀ ਨਗਰ ਰਾਜਾਂ ਦੀ ਹੋਂਦ ਇਸ ਤੱਥ ਦਾ ਸੰਕੇਤ ਸੀ। ਇਹ ਰਾਜ ਸਥਿਰ ਨਹੀਂ ਸਨ ਬਲਕਿ ਬਦਲਦੇ ਰਹਿੰਦੇ ਸਨ। ਇਸ ਲਈ ਤਰਕਸ਼ੀਲ ਯੂਨਾਨੀ ਬੁੱਧੀ ਲਈ ਇਹ ਖੋਜਨਾ ਸੁਭਾਵਿਕ ਸੀ ਕਿ ਇਹ ਪ੍ਰੀਵਰਤਨ ਕਿਵੇਂ ਹੁੰਦਾ ਹੈ? ਇਸ ਤੋਂ ਉਪਰੰਤ ਸਰਕਾਰ ਦੀ ਕਿਸਮ ਵਿਚ ਬਦਲੀ ਨੇ ਇਹੋ ਜਿਹੇ ਪ੍ਰਸ਼ਨ ਉਠਾਏ। ਇਕ ਨਵ-ਉਭਰੇ ਲੋਕਤੰਤਰ ਵਿਚ ਅਮੀਰਾਂ ਦੇ ਕੀ ਅਧਿਕਾਰ ਹਨ? ਲੋਕਤੰਤਰ ਕਿਉਂ ਉਚਿਤ ਹੈ ਅਤੇ ਕਿਸ ਆਧਾਰ ਤੇ ਸਭ ਵਰਗਾਂ ਦੇ ਲੋਕ ਰਾਜ ਦੇ ਕੰਮ ਵਿਚ ਹਿੱਸਾ ਮੰਗ ਸਕਦੇ ਹਨ? ਇਹੋ ਜਿਹੇ ਪ੍ਰਸ਼ਨਾਂ ਦੇ ਉਠਣ ਤੇ ਯੂਨਾਨ ਵਿੱਚ ਇਕ ਖਾਸ ਹਾਲਤਾਂ ਨੇ ਰਾਜਨੀਤਿਕ ਸਿਧਾਂਤ ਦੇ ਵਿਕਾਸ ਲਈ ਇਕ ਸੁਖਾਵਾਂ ਵਾਤਾਵਰਣ ਪੈਦਾ ਕਰ ਦਿੱਤਾ ਸੀ। ਇਸ ਪ੍ਰਕਾਰ ਅਜਿਹੇ ਪ੍ਰਸਨਾਂ ਦੇ ਸਾਹਮਣੇ ਆਉਣ ਅਤੇ ਯੂਨਾਨ ਦੇ ਵਿਸੇਸ ਹਾਲਾਤਾਂ ਨੇ ਰਾਜਨੀਤਿਕ ਸਿਧਾਂਤ ਦੇ ਵਿਕਾਸ ਲਈ ਜ਼ਰਖੇਜ ਨੇ ਭੌਂਇ ਪ੍ਰਦਾਨ ਕੀਤੀ। ਬਾਰਕਰ ਕਹਿੰਦਾ ਹੈ, “ਕੁਝ ਜਾਂ ਬਹੁਤੇ ਲੋਕਾਂ ਦੇ ਸੰਗਰਾਮ ਨੇ ਯੂਨਾਨ ਵਿੱਚ ਰਾਜਨੀਤਿਕ ਸਿਧਾਂਤ ਦੇ ਵਿਕਾਸ ਦੀ ਪ੍ਰੇਰਨਾ ਦਿੱਤੀ। ਇਹ ਇਵੇਂ ਹੀ ਹੋਇਆ ਜਿਵੇ ਕਿ ਆਧੁਨਿਕ ਕਾਲ ਵਿੱਚ ਰਾਜਤੰਤਰ ਵਿਰੁੱਧ ਆਮ ਵਿਦਰੋਹ ਨੇ ਸਮਾਜਿਕ ਸਮਝੌਤੇ ਵਰਗੇ ਸਿਧਾਂਤਾਂ ਨੂੰ ਜਨਮ ਦਿੱਤਾ ਜਾਂ ਘੱਟੋ-ਘੱਟ ਉਹਨਾਂ ਨੂੰ ਉਤੇਜਿਤ ਕੀਤਾ।”

ਸੰਖੇਪ ਵਿੱਚ, ਯੂਨਾਨੀ ਬੁੱਧੀ ਦਾ ਤਰਕਵਾਦ, ਉਹਨਾਂ ਦੀਆਂ ਆਪਣੀਆਂ ਸਮੱਸਿਆਵਾਂ ਤੇ ਆਪਣੇ ਹਾਲਾਤ ਅਤੇ ਆਪਣੇ ਤਜਰਬੇ ਅਨੁਸਾਰ ਹੱਲ ਲੱਭਣ ਦੀ ਸਮਰੱਥਾ, ਉਹਨਾਂ ਦਾ ਵਿਅਕਤੀ ਵਿੱਚ ਵਿਸ਼ਵਾਸ਼, ਨਗਰ-ਰਾਜਾਂ ਦਾ ਅਦੁੱਤੀ ਸਰੂਪ, ਪਰਿਵਰਤਨ ਦਾ ਚਲਦਾ ਚੱਕਰ ਅਤੇ ਅੰਤ ਵਿੱਚ ਵਿਚਰ ਰਹੇ ਸਰਕਾਰੀ ਨਿਜਾਮ ਦਾ ਵੱਧ ਰਿਹਾ ਸੰਕਟ, ਇਸ ਸਭ ਨੇ ਰਲ ਕੇ ਯੂਨਾਨੀਆਂ ਨੂੰ ਰਾਜਨੀਤਿਕ ਫਲਸਫੇ ਨੂੰ ਘੋਖਣ ਦੀ ਇਕ ਕੁਦਰਤੀ ਪ੍ਰੇਰਣਾ ਦਿੱਤੀ। ਉਦੋਂ ਤੱਕ ਇਹ ਘਟਨਾ ਦੂਸਰੀਆਂ ਸਭਿਅਤਾਵਾਂ ਵਿੱਚ ਅਣਜਾਣੀ ਸੀ। ਇਹੀ ਕਾਰਨ ਹੈ ਕਿ ਸਾਫਿਸਟ ਅਤੇ ਸੁਕਰਾਤ, ਪਲੈਟੋ ਅਤੇ ਅਰਸਤੂ, ਆਦਿ ਸਾਡੇ ਲਈ ਰਾਜਨੀਤਿਕ ਫਲਸਫੇ ਦੇ ਅਧਿਐਨ ਲਈ ਆਰੰਭਕ ਮੁਕਾਮ ਹਨ। ਕਿਉਂਕਿ ਹਰ ਯੁੱਗ ਦੀ ਰਾਜਨੀਤਿਕ ਵਿਚਾਰਧਾਰਾ ਅਤੇ ਬੁੱਧੀ ਉਸ ਯੁੱਗ ਦੇ ਵਾਤਾਵਰਣ ਤੇ ਨਿਰਭਰ ਹੁੰਦੀ ਹੈ, ਇਸ ਲਈ ਆਰੰਭ ਵਿੱਚ ਸਾਨੂੰ ਯੂਨਾਨ ਵਿੱਚ ਵਿਚਰ ਰਹੀਆਂ ਪ੍ਰਸਥਿਤੀਆਂ ਤੇ ਝਾਤ ਮਾਰਨੀ ਜਾਹੀਦੀ ਹੈ।

## ਸਮਾਜਿਕ ਹਾਲਤਾਂ (Social Conditions)

ਆਧੁਨਿਕ ਰਾਜਾਂ ਦੇ ਟਾਕਰੇ ਵਿੱਚ ਪ੍ਰਾਚੀਨ ਯੂਨਾਨ ਛੋਟੇ ਨਗਰ- ਰਾਜਾਂ ਦਾ ਬਣਿਆ ਹੋਇਆ ਸੀ। ਐਥਨਜ਼ ਤੇ ਸਪਾਰਟਾ ਹੀ ਮੁਕਾਬਲਤਨ ਦੋ ਵੱਡੇ ਨਗਰ ਸਨ। ਲੋਕਾਂ ਦੀ ਵਸੋਂ ਤਿੰਨ ਸ਼੍ਰੇਣੀਆਂ ਵਿੱਚ ਵੰਡੀ ਹੋਈ ਸੀ। ਇਹ ਸਨ : ਨਾਗਰਿਕ, ਵਿਦੇਸ਼ੀ ਵਸਨੀਕ ਅਤੇ ਦਾਸ। ਇਸ ਸ਼੍ਰੇਣੀਬੱਧ ਸਮਾਜ ਵਿੱਚ ਦਾਸ ਦਾ ਸਥਾਨ ਸਭ ਤੋਂ ਨੀਵਾਂ ਸੀ। ਐਥਨਜ਼ ਵਿੱਚ ਉਹ ਵਸੋਂ ਦਾ ਲਗਭਗ ਤੀਜਾ ਭਾਗ ਸਨ। ਦੇਸ਼ ਦੀ ਰਾਜਨੀਤੀ ਵਿੱਚ ਦਾਸਾਂ ਦਾ ਕੋਈ ਭਾਗ ਨਹੀਂ ਹੁੰਦਾ ਸੀ। ਉਹਨਾਂ ਦਾ ਸਥਾਨ ਵੇਤਨ ਭੋਗੀਆਂ (Wage Earners) ਵਾਲਾ ਸੀ। ਯੂਨਾਨੀ ਸਮਾਜ ਵਿੱਚ ਦਾਸ ਪ੍ਰਥਾ ਇਕ ਪ੍ਰਮਾਣਿਤ ਸੰਸਥਾ ਸੀ।

ਯੂਨਾਨ ਦੇ ਦੂਜੇ ਵਰਗ, ਵਿਦੇਸ਼ੀ ਵਸਨੀਕ, ਵਿੱਚ ਉਹ ਵਿਅਕਤੀ ਆ ਜਾਂਦੇ ਸਨ ਜੋ ਵਿਦੇਸ਼ੀ ਰਾਜਾਂ ਤੋਂ ਆਏ ਸਨ ਪਰ ਬਹੁਤ ਸਮੇਂ ਤੋਂ ਯੂਨਾਨ ਵਿੱਚ ਵੱਸੇ ਹੋਏ ਸਨ। ਆਮ ਤੌਰ ਤੇ ਉਹ ਰਾਜਨੀਤਿਕ ਸਰਗਰਮੀ ਵਿਚ ਕੋਈ ਭਾਗ ਨਹੀਂ ਲੈਂਦੇ ਸਨ। ਸ਼੍ਰੇਣੀਬੱਧ ਸਮਾਜ ਵਿੱਚ ਉਹਨਾਂ ਦਾ ਸਥਾਨ ਦਾਸਾਂ ਨਾਲੋਂ ਉੱਚਾ ਸੀ।

ਤੀਜੇ ਵਰਗ ਵਿੱਚ ਨਾਗਰਿਕ ਸ਼੍ਰੇਣੀ ਸੀ। ਉਹ ਨਗਰ ਰਾਜ ਦੇ ਮੈਂਬਰ ਸਨ ਅਤੇ ਰਾਜਨੀਤਿਕ ਜੀਵਨ ਵਿੱਚ ਭਾਗ ਲੈਂਦੇ ਸਨ। ਉਹਨਾਂ ਦਾ ਸਥਾਨ ਵਿਸ਼ੇਸ਼ ਅਧਿਕਾਰਾਂ ਵਾਲਾ ਸੀ ਅਤੇ ਇਹ ਜਨਮ ਨਾਲ ਮਿਲਦਾ ਸੀ।

ਯੂਨਾਨੀਆਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਪ੍ਰਾਚੀਨ ਯੂਨਾਨ ਵਿਚ ਵਪਾਰ ਅਤੇ ਸਨਅਤ ਵੱਡੇ ਪੱਧਰ ਤੇ ਵਿਕਸਿਤ ਨਹੀਂ ਹੋਏ ਸਨ। ਖੇਤੀਬਾੜੀ ਹੀ ਨਾਗਰਿਕਾਂ ਲਈ ਉਚਿਤ ਧੰਦਾ ਮੰਨਿਆ ਜਾਂਦਾ ਸੀ, ਹਾਲਾਂਕਿ ਕੁਝ ਹੋਰ ਕਲਾਵਾਂ, ਜਿਵੇਂ ਕਿ ਘੁਮਿਆਰਾ ਤੇ ਚਮਾਰਾ ਕੰਮ, ਵੀ ਵਿਕਸਿਤ ਸਨ।

ਯੂਨਾਨੀ ਨਗਰ ਇਕ ਸਮਾਜਿਕ ਇਕਾਈ ਸੀ। ਇਹ ਇੱਕ ਸਾਂਝੇ ਜੀਵਨ ਦਾ ਸਥਾਨ ਨਹੀ ਸੀ, ਅਤੇ ਸ਼੍ਰੇਣੀਆਂ ਦੇ ਸਮੂਹਾਂ ਦਾ ਘਰ ਸੀ। ਸਮਾਜਿਕ ਵਿਚਾਰ-ਵਟਾਂਦਰੇ ਦੀ ਬਹੁਤ ਸੁਤੰਤਰਤਾ ਸੀ। ਸਭ ਸ਼੍ਰੇਣੀਆਂ ਦੇ ਬੰਦੇ ਮੰਡੀਆਂ ਦੇ ਚੌਂਕਾਂ ਵਿੱਚ ਮਿਲਦੇ-ਜੁਲਦੇ ਅਤੇ ਗੱਲਾਂ ਬਾਤਾਂ ਮਾਰਦੇ। ਉਹ ਬਰਾਬਰੀ ਅਤੇ ਸੁਤੰਤਰਤਾ ਦੇ ਰਾਜਨੀਤਿਕ ਆਦਰਸ਼ਾਂ ਦੀ ਚਰਚਾ ਕਰਦੇ। ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਯੂਨਾਨੀ ਨਗਰ ਰਾਜ ਭੂਗੋਲਿਕ ਖੇਤਰ ਤੋਂ ਵੱਧ ਲੋਕਾਂ ਦਾ ਭਾਈਚਾਰਾ ਸੀ।

## ਰਾਜਨੀਤਿਕ ਸੰਸਥਾਵਾਂ (Political Institutions)

ਪੁਰਾਤਨ ਯੂਨਾਨ ਵਿਚ ਨਗਰ ਰਾਜਾਂ ਦੀ ਹੋਂਦ ਰਾਜਨੀਤਿਕ ਜੀਵਨ ਦਾ ਇਕ ਨਿਵੇਕਲਾ ਲੱਛਣ ਸੀ। ਉਸ ਸਮੇਂ ਹਰ ਨਗਰ ਇਕ ਰਾਜ ਹੁੰਦਾ ਸੀ। ਇਹ ਇਕ ਸੁਤੰਤਰ ਭਾਈਚਾਰਾ ਸੀ। ਇਹ ਇਕ ਸਾਂਝੇ ਹਿੱਤਾਂ ਦਾ ਸੰਘ ਸੀ। ਇਹ ਕੇਵਲ ਮਾਲਕਾਂ ਤੇ ਦਾਸਾਂ ਦਾ ਸੰਘ ਨਹੀਂ ਸੀ। ਲੋਕ ਇਕ ਸਾਂਝੇ ਮਨੋਰਥ ਦੀ ਪੂਰਤੀ ਲਈ ਇਕੱਠੇ ਰਹਿੰਦੇ ਸਨ। ਨਗਰ ਆਪਣੇ-ਆਪ ਵਿੱਚ ਇਕ ਸਦਾਚਾਰਕ ਜਾਂ ਨੈਤਿਕ ਪ੍ਰਾਣੀ (Moral being) ਸੀ। ਇਸ ਦਾ ਆਪਣਾ ਨਿਵੇਕਲਾ ਚਰਿੱਤਰ ਸੀ। ਹਰ ਨਗਰ ਦੇ ਮੈਂਬਰ ਸਾਂਝੇ ਹਿੱਤਾਂ ਦੀ ਪੂਰਤੀ ਲਈ ਇਕੱਠੇ ਰਹਿੰਦੇ ਸਨ। ਨਾਗਰਿਕ ਇਕ ਸਦਾਚਾਰਕ ਪ੍ਰਾਣੀ ਸੀ। ਇਸ ਦਾ ਆਪਣਾ ਨਿਵੇਕਲਾ ਚਰਿੱਤਰ ਸੀ। ਹਰ ਨਗਰ ਦੇ ਮੈਂਬਰ ਆਪਣੇ ਨਗਰ ਦੇ ਵਿਅਕਤੀਤਵ ਬਾਰੇ ਚੇਤੰਨ ਸੀ। ਉਹ ਇਸਦੇ ਲੱਛਣਾਂ ਦਾ ਦੂਜਿਆਂ ਦੇ ਨਗਰਾਂ ਦੇ ਲੱਛਣਾਂ ਨਾਲ ਟਾਕਰਾ ਕਰਦੇ ਸਨ। ਲੋਕਾਂ ਵਿੱਚ ਰਾਜਨੀਤਿਕ ਚੇਤਨਾ ਸੀ। ਉਹ ਨਗਰ ਰਾਜਾਂ ਦੀਆਂ ਵੱਖੋ-ਵੱਖਰੀਆਂ ਕਿਸਮਾਂ ਦੀ ਅਤੇ ਉਹਨਾਂ ਦੇ ਸੰਸਥਾਗਤ ਢਾਂਚਿਆਂ ਦੇ ਗੁਣਾਂ ਦੀ ਚਰਚਾ ਕਰਦੇ ਸਨ। ਕਿਉਂਕਿ ਨਗਰ ਇਕ ਸਦਾਚਾਰਕ ਨਗਰ ਹੁੰਦਾ ਸੀ, ਇਸ ਲਈ ਯੂਨਾਨੀਆਂ ਦੇ ਹੱਥਾਂ ਵਿੱਚ ਰਾਜਨੀਤੀ ਸ਼ਾਸਤਰ ਸਦਾਚਾਰਕ ਬਣ ਗਿਆ। ਉਹਨਾਂ ਨੇ ਰਾਜਾਂ ਦਾ ਸਦਾਚਾਰਕ ਪੱਖ ਤੋਂ ਅਧਿਐਨ ਕੀਤਾ। ਇਸ ਲਈ ਯੂਨਾਨੀ ਸੋਚਵਾਨ ਲਈ ਰਾਜਨੀਤੀ ਅਤੇ ਸਦਾਚਾਰ ਵਿੱਚ ਬਹੁਤਾ ਅੰਤਰ ਨਹੀਂ ਸੀ। ਰਾਜਨੀਤੀ ਜਿਤਨਾ ਰਾਜਾਂ ਦਾ ਸਿਧਾਂਤ ਸੀ ਓਨਾ ਹੀ ਸਦਾਚਾਰ (Morality) ਦਾ। ਉਹਨਾਂ ਲਈ ਰਾਜ ਨੇਕੀ ਹਾਸਲ ਕਰਨ ਲਈ ਇਕ ਸਦਾਚਾਰਕ ਸੰਸਥਾ ਸੀ।

ਨਗਰ ਰਾਜ ਸੁਤੰਤਰ ਅਤੇ ਆਤਮ ਨਿਰਭਰ ਨੈਤਿਕ ਇਕਾਈ ਸੀ ਅਤੇ ਇਸ ਵਿਚ ਰਾਜ ਅਤੇ ਚਰਚ ਵਿੱਚ ਕੋਈ ਅੰਤਰ ਨਹੀਂ ਸਮਝਿਆ ਜਾਂਦਾ ਸੀ। ਯੂਨਾਨੀ ਧਰਮ ਜਨਤਾ ਦਾ ਇਕ ਬਾਹਰੀ ਪੂਜਾ ਦਾ ਮਾਮਲਾ ਸੀ। ਪੁਜਾਰੀਪੁਣਾ ਕੋਈ ਵੱਖਰੀ ਚੀਜ਼ ਨਹੀਂ ਸੀ। ਚਰਚ ਅਤੇ ਰਾਜ ਵਿੱਚ ਕੋਈ ਵਿਰੋਧ ਨਹੀਂ ਸੀ।

ਯੂਨਾਨੀ ਨਗਰ ਰਾਜ ਦਾ ਇਕ ਹੋਰ ਧਿਆਨ ਯੋਗ ਲੱਛਣ ਸੀ ਦਾਸਤਾ ਜਾਂ ਗੁਲਾਮੀ ਦੀ ਸੰਸਥਾ। ਭਾਵੇ ਦਾਸਤਾ ਨੂੰ ਐਥਨੀ ਰਾਜਨੀਤਿਕ ਜੀਵਨ ਦਾ ਇਕ ਆਧਾਰ ਜਾਂ ਸ਼ਰਤ ਨਹੀਂ ਕਿਹਾ ਜਾਂਦਾ ਸੀ, ਤਾਂ ਵੀ ਸੱਚ ਤਾਂ ਹੈ ਕਿ ਦਾਸਤਾ ਐਥਨਜ਼ ਦੇ ਸਮਾਜਿਕ ਜੀਵਨ ਵਿੱਚ ਪ੍ਰਵੇਸ਼ ਕਰ ਗਈ ਸੀ। ਐਥਨਜ਼ ਦੇ ਚਾਰ-ਪੰਜ ਵਸਨੀਕਾਂ ਵਿਚੋਂ ਇਕ ਦਾਸ ਹੁੰਦਾ ਸੀ। ਇਹ ਕਿਹਾ ਜਾ ਸਕਦਾ ਹੈ ਕਿ ਸਮੁੱਚੇ ਤੌਰ ਤੇ ਐਥਨਜ਼ ਵਿੱਚ ਦਾਸਾਂ ਦਾ ਸਥਾਨ ਕੋਈ ਚੰਗਾ ਨਹੀਂ ਸੀ।

## ਯੂਨਾਨੀ ਨਗਰ ਰਾਜ ਦੇ ਲੱਛਣ :

(1) ਯੂਨਾਨੀ ਰਾਜਾਂ ਦਾ ਖੇਤਰ ਛੋਟਾ ਅਤੇ ਵੱਸੋਂ ਘੱਟ ਸੀ। ਹਰ ਨਗਰ ਇਕ ਰਾਜ ਸੀ, ਅਤੇ ਇਹ ਰਾਜਨੀਤਿਕ ਸਰਗਰਮੀ ਦਾ ਧੁਰਾ ਸੀ।

(2) ਵਸੋਂ ਤਿੰਨ ਸ਼੍ਰੇਣੀਆਂ ਵਿੱਚ ਵੰਡੀ ਹੋਈ ਸੀ, ਅਰਥਾਤ, ਨਾਗਰਿਕ, ਵਿਦੇਸ਼ੀ ਵਸਨੀਕ ਅਤੇ ਦਾਸ।

(3) ਭਾਵੇਂ ਕੁੱਝ ਹੁਨਰ ਪ੍ਰਚਲਿਤ ਸਨ, ਤਾਂ ਵੀ ਯੂਨਾਨੀਆਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ।

(4) ਵਿਚਾਰ-ਚਰਚਾ ਦੀ ਸੁਤੰਤਰਤਾ ਸੀ ਅਤੇ ਨੇੜਲੇ ਸਮਾਜਿਕ ਰਿਸ਼ਤੇ ਸਨ। ਨਗਰ ਵਿਅਕਤੀਆਂ ਦਾ ਭਾਈਚਾਰਾ ਸੀ। ਲੋਕ ਰਾਜਨੀਤਿਕ ਪੱਖੋ ਚੇਤੰਨ ਸਨ।

(5) ਰਾਜਨੀਤਿਕ ਅਤੇ ਸਦਾਚਾਰਕ ਜੀਵਨ ਵਿੱਚ ਬਹੁਤ ਨੇੜੇ ਦਾ ਸੰਬੰਧ ਸੀ। ਰਾਜਨੀਤੀ ਸਦਾਚਾਰ ਨਾਲੋਂ ਵੱਖਰੀ ਨਹੀਂ ਸੀ। ਰਾਜ ਇਕ ਸਦਾਚਾਰਕ ਸਮਾਜ ਸੀ।

(6) ਨਗਰ ਰਾਜ ਇਕ ਆਤਮ ਨਿਰਭਰ ਇਕਾਈ ਸੀ।

(7) ਰਾਜ ਅਤੇ ਚਰਚ ਵਿੱਚ ਕੋਈ ਅੰਤਰ ਨਹੀਂ ਸੀ।

(8) ਦਾਸਤਾ ਇਕ ਸਥਾਪਿਤ ਸੰਸਥਾ ਸੀ।

(9) ਯੂਨਾਨ ਵਿਚ ਕਾਨੂੰਨ ਦਾ ਰਾਜ ਸੀ ਅਤੇ ਨਿਆਂ ਦੇ ਸਿਧਾਂਤ ਦਾ ਬਹੁਤ ਆਦਰ ਸੀ।

(10) ਯੂਨਾਨੀ ਰਾਜ ਇੱਕ ਨਗਰਪਾਲਿਕਾ ਸੀ। ਨਗਰ ਸਰਕਾਰ ਦੀ ਇਕਾਈ ਸੀ। ਆਪਣੇ ਨਗਰ ਪ੍ਰਤੀ ਲੋਕਾਂ ਵਿੱਚ ਲਗਾਉ ਤੇ ਸ਼ਰਧਾ ਸੀ। ਉਥੇ ਕੌਮੀ ਜਾਂ ਰਾਸਟਰੀ ਏਕਤਾ ਵਰਗੀ ਕੋਈ ਚੀਜ਼ ਨਹੀਂ ਸੀ।

## ਪ੍ਰਬੰਧਕੀ ਸੰਸਥਾਵਾਂ (Administrative Institutions)

ਯੂਨਾਨੀ ਸ਼ਹਿਰੀ ਜੀਵਨ ਦੇ ਇਹ ਲੱਛਣ ਦੇਖਣ ਪਿੱਛੋਂ ਹੁਣ ਅਸੀਂ ਉਹਨਾਂ ਸੰਸਥਾਵਾਂ ਬਾਰੇ ਜਾਣਾਂਗੇ, ਜਿਹੜੀਆਂ ਸਰਕਾਰ ਦਾ ਕੰਮ ਚਲਾਉਂਦੀਆਂ ਸਨ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਹਰ ਨਗਰ ਇਕ ਸੁਤੰਤਰ ਇਕਾਈ ਸੀ। ਬਹੁਤੇ ਨਗਰ ਰਾਜਾਂ ਵਿੱਚ ਅਲਪਤੰਤਰ(Oligarchic) ਜਾਂ ਲੋਕਤੰਤਰੀ ਸੰਵਿਧਾਨ ਸਨ। ਕੁਝ ਰਾਜਾਂ ਵਿੱਚ ਤਾਨਾਸ਼ਾਹੀ ਵੀ ਪ੍ਰਚਲਿਤ ਸੀ। ਲੋਕਤੰਤਰੀ ਨਗਰ ਰਾਜਾਂ ਵਿੱਚ ਦੋ ਮੁੱਖ ਅੰਗ ਸਨ, ਅਸੈਂਬਲੀ (Assembly) ਅਤੇ ਕੌਂਸਿਲ (Council)। ਵੀਹ ਸਾਲ ਜਾਂ ਇਸ ਤੋਂ ਵੱਧ ਉਮਰ ਦੇ ਨਾਗਰਿਕ ਅਸੈਂਬਲੀ ਦੇ ਮੈਂਬਰ ਹੁੰਦੇ ਸਨ। ਸਾਲ ਵਿੱਚ ਨੇਮ ਅਨੁਸਾਰ ਇਸ ਦੀਆਂ ਦਸ ਬੈਠਕਾਂ ਹੁੰਦੀਆਂ ਸਨ। ਕੌਂਸਿਲ ਇਸ ਦੇ ਅਸਾਧਾਰਨ ਇਜਲਾਸ ਵੀ ਬੁਲਾ ਸਕਦੀ ਸੀ। ਅਸੈਂਬਲੀ ਦਾ ਮੁੱਖ ਕੰਮ ਕੌਂਸਿਲ ਵੱਲੋਂ ਪੇਸ਼ ਕੀਤੇ ਗਏ ਕਦਮਾਂ ਨੂੰ ਵਿਚਾਰਨਾ ਤੇ ਉਹਨਾਂ ਬਾਰੇ ਫੈਸਲਾ ਲੈਣਾ ਸੀ। ਸਭ ਮੁੱਖ ਮਾਮਲੇ, ਜਿਵੇਂ ਕਿ ਯੁੱਧ ਦਾ ਐਲਾਨ, ਸੰਧੀਆਂ ਕਰਨ ਅਤੇ ਟੈਕਸਾਂ ਬਾਰੇ ਵੋਟ ਪਾਉਣਾ, ਆਦਿ ਸਭ

ਅਸੈਂਬਲੀ ਅੱਗੇ ਪੇਸ਼ ਹੁੰਦੇ ਸਨ।

ਪਰ ਕੌਂਸਿਲ ਹੀ ਸਭ ਤੋਂ ਮਹੱਤਵਪੂਰਨ ਸਭਾ ਸੀ। ਪੈਰੀਕਲੀਜ਼ ਦੇ ਕਾਲ ਦੇ ਲੋਕਤੰਤਰੀ ਐਥਨਜ ਦੀ ਕੌਂਸਿਲ ਦੇ 500 ਮੈਂਬਰ ਸਨ। ਇਹਨਾਂ ਨੂੰ ਡੇਮਜ਼ ਜਾਂ ਪੇਰਿਸ਼ਾਂ ਦੇ ਵਾਰਡਾਂ ਨੇ ਚੁਣਿਆ ਹੁੰਦਾ ਸੀ। ਡੇਮਜ਼ ਸਥਾਨਕ ਰਾਜ ਪ੍ਰਬੰਧ ਦੀਆਂ ਇਕਾਈਆਂ ਸਨ। ਆਪਣੇ ਵਸਨੀਕਾਂ ਦੀ ਗਿਣਤੀ ਅਨੁਸਾਰ ਹਰ ਡੇਮ, ਅਨੁਪਾਤੀ ਢੰਗ ਨਾਲ, ਅਜਿਹੇ ਉਮੀਦਵਾਰਾਂ ਦੀ ਇਕ ਲਿਸਟ ਚੁਣਦੀ ਸੀ ਜੋ ਕਿ ਕੌਂਸਿਲ ਵਿੱਚ ਜਾਣ ਦੇ ਯੋਗ ਹੋਣ। ਇਸ ਲਿਸਟ ਵਿਚੋਂ ਚੋਣ ਲਾਟਰੀ ਦੁਆਰਾ ਕੀਤੀ ਜਾਂਦੀ ਸੀ। ਆਮ ਕਰਕੇ ਕੌਂਸਿਲ ਅਸੈਂਬਲੀ ਦੀ ਪ੍ਰਬੰਧਕ ਅਤੇ ਸੰਚਾਲਨ ਸਮਿਤੀ ਹੁੰਦੀ ਸੀ। ਇਹ ਸਭ ਕੰਮਾਂ ਨੂੰ ਰੂਪ ਦਿੰਦੀ ਅਤੇ ਅਸੈਂਬਲੀ ਵਿੱਚ ਪੇਸ਼ ਕਰਦੀ ਸੀ। ਇਹ ਅਸੈਂਬਲੀ ਦੇ ਪ੍ਰਵਾਣਿਤ ਫੈਸਲਿਆਂ ਨੂੰ ਲਾਗੂ ਕਰਦੀ ਸੀ। ਇਹ ਵਿਦੇਸ਼ੀ ਸੰਬੰਧਾਂ ਦਾ ਮਾਧਿਅਮ ਸੀ ਅਤੇ ਪ੍ਰਬੰਧਕੀ ਅਫਸਰਾਂ ਦੀ ਨਿਗਰਾਨੀ ਕਰਦੀ ਸੀ।

ਇਹਨਾਂ ਮੁੱਖ ਸੰਸਥਾਵਾਂ, ਅਸੈਂਬਲੀ ਅਤੇ ਕੌਂਸਿਲ ਤੋਂ ਇਲਾਵਾ ਦਸ ਜਰਨੈਲ (Generals) ਸਨ, ਜਿਨ੍ਹਾਂ ਨੂੰ ਲੋਕ ਸਿੱਧੇ ਤੌਰ ਤੇ ਚੁਣਦੇ ਸਨ। ਉਹਨਾਂ ਨੂੰ ਲਾਟਰੀ ਪਾ ਕੇ ਨਹੀਂ ਚੁਣਿਆ ਜਾਂਦਾ ਸੀ। ਉਹ ਸਾਲਾਂ ਬੱਧੀ ਆਪਣੇ ਅਹੁਦੇ ਤੇ ਰਹਿ ਸਕਦੇ ਸਨ। ਉਹਨਾਂ ਦੀ ਅਸੈਂਬਲੀ ਤੱਕ ਸਿੱਧੀ ਪਹੁੰਚ ਸੀ। ਭਾਵੇਂ ਸਿਧਾਂਤਕ ਰੂਪ ਵਿਚ ਉਹ ਫੌਜੀ ਅਫਸਰ ਬਣ ਜਾਂਦੇ ਸਨ, ਪਰ ਉਹ ਅਸੈਂਬਲੀ ਅਤੇ ਕੌਂਸਿਲ ਦੇ ਫੈਸਲਿਆਂ ਤੇ ਬਹੁਤ ਪ੍ਰਭਾਵ ਪਾਉਂਦੇ ਸਨ। ਇਸ ਲਈ ਅਹੁਦਾ ਫੌਜੀ ਨਹੀਂ ਸੀ, ਸਗੋਂ ਇਹ ਤਾਂ ਇਕ ਵੱਡੀ ਮਹੱਤਤਾ ਵਾਲਾ ਰਾਜਨੀਤਿਕ ਅਹੁਦਾ ਸੀ। ਜਦੋਂ ਤਕ ਇਕ ਪ੍ਰਬਲ ਜਰਨੈਲ ਦੂਜੇ ਜਰਨੈਲ ਨੂੰ ਕਾਬੂ ਰੱਖ ਸਕਦਾ ਸੀ, ਤਾਂ ਉਹ ਐਥੇਨਿਅਨ ਗਣਤੰਤਰ ਦਾ ਅਸਲੀ ਪ੍ਰਧਾਨ ਮੰਤਰੀ ਹੁੰਦਾ ਸੀ। ਪੇਰੀਕਲੀਜ਼ ਇਕ ਅਜਿਹਾ ਜਰਨੈਲ ਸੀ, ਜੋ ਸਾਲੋਂ-ਸਾਲ ਐਥਨੀ ਰਾਜ ਪ੍ਰਬੰਧ ਦਾ ਆਗੂ ਰਿਹਾ।

ਜਨਤਕ ਕੰਮਾਂ ਦੇ ਪ੍ਰਬੰਧ ਲਈ ਮੈਜਿਸਟਰੇਟ (Magistrates) ਨਿਯੁਕਤ ਕੀਤੇ ਜਾਂਦੇ ਸਨ। ਮੈਜਿਸਟਰੇਟ ਦਾ ਅਹੁਦਾ ਇਕ ਵਿਅਕਤੀ ਕੋਲ ਨਹੀਂ ਸਗੋਂ ਇਕ ਦਸ ਮੈਂਬਰੀ ਬੋਰਡ ਕੋਲ ਹੁੰਦਾ ਸੀ। ਨਾਗਰਿਕ ਕਬੀਲਿਆਂ ਵਿੱਚ ਵੰਡੇ ਹੁੰਦੇ ਸਨ । ਇਹ ਕਬੀਲੇ ਇਕ ਮੈਜਿਸਟਰੇਟ ਚੁਣਦੇ ਸਨ। ਦਸਾਂ ਵਿਚੋਂ ਹਰ ਇਕ ਕਬੀਲਾ ਇਕ ਮੈਂਬਰ ਚੁਣਦਾ ਸੀ।

ਅਦਾਲਤ (Courts) ਆਮ ਲੋਕਾਂ ਦੁਆਰਾ ਚੁਣੀਆਂ ਨਿਆਂ ਸਭਾਵਾਂ ਦੀ ਬਣੀ ਹੁੰਦੀ ਸੀ। ਤੀਹ ਸਾਲ ਦਾ ਕੋਈ ਵੀ ਐਥਨਿਕ ਨਾਗਰਿਕ ਨਿਆਂ ਸਭਾਵਾਂ ਦਾ ਮੈਂਬਰ ਬਣ ਸਕਦਾ ਸੀ। ਨਿਆਂਕਾਰ ਦੀ ਸੂਚੀ ਪੰਜ ਹਜ਼ਾਰ ਲੋਕਾਂ ਦੀ ਹੁੰਦੀ ਸੀ। ਕਚਹਿਰੀ ਬਹੁਤ ਵੱਡੀ ਸਭਾ ਹੁੰਦੀ ਸੀ। ਆਮ ਤੌਰ ਤੇ ਇਸ ਵਿੱਚ 501 ਮੈਂਬਰ ਹੁੰਦੇ ਸਨ। ਉਹਨਾਂ ਦਾ ਕੰਮ ਆਮ ਕਚਹਿਰੀਆਂ ਵਾਂਗ ਖਾਸ ਨਾਗਰਿਕਾਂ ਅਤੇ ਫੌਜਦਾਰੀ ਕੇਸਾਂ ਦਾ ਅਦਾਲਤੀ ਫੈਸਲਾ ਦੇਣਾ ਸੀ ਇਹਨਾਂ ਅਦਾਲਤੀ ਕੰਮਾਂ ਤੋਂ ਇਲਾਵਾ ਉਹ ਮੈਜਿਸਟਰੇਟਾਂ ਤੇ ਵੀ ਨਿਯੰਤ੍ਰਣ ਰੱਖਦੀਆਂ ਸਨ। ਉਹ ਕਾਨੂੰਨ ਦੀ ਉਚਿਤਤਾ ਨੂੰ ਵੀ ਨਿਰਧਾਰਿਤ ਕਰਦੀਆਂ ਸੀ। ਇਹ ਨੋਟ ਕਰਨਾ ਚਾਹੀਦਾ ਹੈ ਕਿ ਐਥਨਜ਼ ਵਿੱਚ ਕਚਹਿਰੀ ਕੇਵਲ ਇਕ ਅਦਾਲਤੀ ਅੰਗ ਹੀ ਨਹੀਂ ਸੀ। ਕੁੱਝ ਹਾਲਤਾਂ ਵਿਚ ਇਸ ਦਾ ਅਸੈਂਬਲੀ ਨਾਲ ਤਾਲਮੇਲ ਸੀ। ਇਸ ਕਚਹਿਰੀ ਦਾ ਫੈਸਲਾ ਅੰਤਿਮ ਹੁੰਦਾ ਸੀ।

ਇਸ ਤਰ੍ਹਾਂ, ਯੂਨਾਨੀ ਲੋਕਤੰਤਰ ਦੀਆਂ ਵੱਡੀਆਂ ਰਾਜਨੀਤਿਕ ਸੰਸਥਾਵਾਂ ਸਨ: ਅਸੈਂਬਲੀ, ਕੌਂਸਿਲ, ਜਰਨੈਲ, ਮੈਜਿਸਟਰੇਟ ਅਤੇ ਕਚਹਿਰੀਆਂ। ਯੂਨਾਨੀ ਨਗਰ ਰਾਜ ਅਤੇ ਇਸ ਦੇ ਰਾਜਨੀਤਿਕ ਲੱਛਣਾਂ ਦਾ ਵਰਣਨ ਬੰਦ ਕਰਨ ਤੋਂ ਪਹਿਲਾਂ ਸਾਨੂੰ ਉਹਨਾਂ ਰਾਜਨੀਤਿਕ ਵਿਚਾਰਾਂ ਦਾ ਧਿਆਨ ਵੀ ਕਰਨਾ ਚਾਹੀਦਾ ਹੈ, ਜੋ ਇਹਨਾ ਸੰਸਥਾਵਾਂ ਵਿੱਚ ਰੂਪਮਾਨ ਸਨ ਅਤੇ ਇਹਨਾਂ ਪ੍ਰਤੀ ਐਥਨੀਆਂ ਨੂੰ ਹਿੱਤ ਸੀ। ਐਥਨੀਆਂ ਲਈ ਨਗਰ ਕੀਮਤ ਵਾਲੀ ਚੀਜ਼ ਸੀ। ਇਹ ਉਹਨਾਂ ਲਈ ਸਭ ਤੋਂ ਉੱਚਾ ਹਿੱਤ ਸੀ ਜਿਸ ਪ੍ਰਤੀ ਉਹ ਆਪਣੇ ਆਪ ਨੂੰ ਸਮਰਪਿਤ ਕਰ ਸਕਦੇ ਸਨ। ਲੋਕਾਂ ਨੂੰ ਨਗਰ ਦੇ ਜੀਵਨ ਵਿੱਚ ਤੀਬਰ ਜਾਂ ਸਰਗਰਮ ਭਾਗ ਲਈ ਪ੍ਰੇਰਿਤ ਕੀਤਾ ਜਾਂਦਾ ਸੀ। ਨਗਰ ਪਰਿਵਾਰ, ਮਿੱਤਰਾਂ ਅਤੇ ਜਾਇਦਾਦ ਤੋਂ ਉਚੇਰਾ ਸਮਝਿਆ ਜਾਂਦਾ ਸੀ। ਯੂਨਾਨੀ ਰਾਜਨੀਤਿਕ ਜੀਵਨ ਵਿੱਚ ਨੇੜਤਾ ਦੀ ਖੂਬੀ ਸੀ। ਐਥਨੀਆਂ

ਲਈ ਹਿੱਤ ਘੱਟ ਵੰਡੇ ਹੋਏ ਸਨ। ਸਭ ਦੇ ਹਿੱਤ ਨਗਰ ਪ੍ਰਤੀ ਕੇਂਦ੍ਰਿਤ ਸਨ। ਉਹਨਾਂ ਲਈ ਨਗਰ ਇਕ ਸਾਂਝਾ ਜੀਵਨ ਸੀ ਅਤੇ ਇਸ ਦੀ ਬਣਤਰ ਹੀ ਨਹੀਂ ਸਗੋਂ ਰਹਿਣ-ਸਹਿਣ ਦਾ ਇਕ ਤਰੀਕਾ ਸੀ। ਸਿੱਟੇ ਵਜੋਂ, ਅਸੀਂ ਵੇਖਾਂਗੇ ਕਿ ਯੂਨਾਨੀ ਰਾਜਨੀਤਿਕ ਸਿਧਾਂਤ ਵਿੱਚ ਮੁੱਢਲਾ ਵਿਚਾਰ ਸਾਂਝੇ ਜੀਵਨ ਦੀ ਸੁਮੇਲਤਾ ਜਾਂ ਸਦਭਾਵਨਾ ਦਾ ਹੈ, ਜਿਸ ਨੂੰ ਨਗਰ ਦਰਸਾਉਂਦਾ ਹੈ। ਨਗਰ ਵਿੱਚ ਭਾਈਚਾਰਾ ਸੀ ਜਿਸ ਵਿੱਚ ਇਸ ਦੇ ਮੈਂਬਰਾਂ ਨੂੰ ਸੁਮੇਲ ਜਾਂ ਸਦਭਾਵਨਾ ਵਿਚ ਰਹਿਣਾ ਆਉਂਦਾ ਸੀ। ਇਸ ਵਿੱਚ ਵੱਧ ਤੋਂ ਵੱਧ ਸਰਗਰਮ ਨਾਗਰਿਕਾਂ ਨੂੰ ਭਾਗ ਲੈਣ ਦੀ ਆਗਿਆ ਹੁੰਦੀ ਸੀ।

ਯੂਨਾਨੀ ਨਗਰ ਰਾਜ ਦੇ ਜੀਵਨ ਦੇ ਸੁਮੇਲ ਵਾਲੇ ਆਦਰਸ਼ ਦੀ ਵਿਸ਼ੇਸ਼ਤਾ ਤੋਂ ਇਲਾਵਾ ਜੋ ਹੋਰ ਰਾਜਨੀਤਿਕ ਕੀਮਤਾਂ ਸਨ ਅਤੇ ਜੋ ਯੂਨਾਨੀ ਰਾਜਨੀਤਿਕ ਜੀਵਨ ਦੇ ਥੰਮ ਸਨ, ਉਹ ਸਨ : ਸੁਤੰਤਰਤਾ ਅਤੇ ਕਾਨੂੰਨ ਦੀ ਇੱਜ਼ਤ। ਯੂਨਾਨੀਆਂ ਦਾ ਖੁੱਲ੍ਹੀ ਚਰਚਾ ਵਿੱਚ ਡੂੰਘਾ ਵਿਸ਼ਵਾਸ ਸੀ। ਨਗਰ ਦੇ ਸਾਰੇ ਕਾਰੋਬਾਰ ਨਾਗਰਿਕਾਂ ਦੀ ਮਨਮਰਜ਼ੀ ਤੇ ਮਿਲਵਰਤਨ ਨਾਲ ਚਲਦੇ ਸਨ। ਨਾਗਰਿਕ ਰਾਜ ਦੀ ਪਾਲਿਸੀ ਨੂੰ ਸਭ ਪੱਖਾਂ ਤੋਂ ਖੁੱਲ੍ਹਾ ਅਤੇ ਪੂਰਾ ਵਿਚਾਰਦੇ ਸਨ। ਸੁਤੰਤਰਤਾ ਨਾਲ ਕਾਨੂੰਨ ਦੀ ਇਜ਼ਤ ਵੀ ਜ਼ਰੂਰ ਹੁੰਦੀ ਹੈ। ਐਥਨੀ ਲੋਕ ਕਾਨੂੰਨ ਦੀ ਬਹੁਤ ਇੱਜ਼ਤ ਕਰਦੇ ਸਨ। ਇਕ ਸੁਤੰਤਰ ਰਾਜ ਵਿੱਚ ਸ਼ਾਸਕ ਨਹੀਂ, ਸਗੋਂ ਕਾਨੂੰਨ ਸਰਬ ਸੱਤਾਵਾਨ ਸੀ। ਇਸ ਲਈ ਕਾਨੂੰਨ ਨਾਗਰਿਕਾਂ ਦੀ ਇੱਜ਼ਤ ਦਾ ਪਾਤਰ ਹੈ, ਭਾਵੇਂ ਕਿਸੇ ਖਾਸ ਹਾਲਤ ਵਿੱਚ ਇਹ ਉਹਨਾਂ ਨੂੰ ਹਾਨੀ ਹੀ ਦੇਵੇ। ਨਗਰ ਰਾਜ ਦੀ ਇਕ ਚੰਗੀ ਹਕੂਮਤ ਦੇ ਦੋ ਭੇਦ ਸਨ : ਸੁਤੰਤਰਤਾ ਅਤੇ ਕਾਨੂੰਨ ਦਾ ਰਾਜ।

## ਪਲੈਟੋ ਤੋਂ ਪਹਿਲਾਂ ਦੇ ਰਾਜਨੀਤਿਕ ਵਿਚਾਰ ( **Political Ideas before Plato**)

ਹੁਣ ਤੱਕ ਅਸੀਂ ਉਹਨਾਂ ਸਮਾਜਿਕ ਅਤੇ ਰਾਜਨੀਤਿਕ ਹਾਲਤਾਂ ਅਤੇ ਸੰਸਥਾਵਾਂ ਦਾ ਵਰਣਨ ਕੀਤਾ ਹੈ ਜਿਹੜੇ ਪੁਰਾਤਨ ਯੂਨਾਨ ਵਿਚ ਨਿਵੇਕਲੇ ਸਨ। ਇਸ ਤੋਂ ਪਹਿਲਾਂ ਕਿ ਅਸੀਂ ਪਲੈਟੋ ਤੋਂ ਪਹਿਲਾਂ ਪ੍ਰਫੁੱਲਤ ਹੋਏ ਰਾਜਨੀਤਿਕ ਵਿਚਾਰਾਂ ਦਾ ਉਸ ਉਪਰ ਅਸਰ ਸਮਝੀਏ, ਸਾਨੂੰ ਇਨ੍ਹਾਂ ਵਿਚਾਰਾਂ ਉਤੇ ਇਕ ਝਾਤ ਮਾਰਨੀ ਚਾਹੀਦੀ ਹੈ। ਜੋ ਪਹਿਲਾਂ ਕਿਹਾ ਜਾ ਚੁੱਕਿਆ ਹੈ, ਉਸ ਤੋਂ ਸਾਫ ਹੈ ਕਿ ਸਰਗਰਮ ਵਿਚਾਰ ਅਤੇ ਰਾਜਨੀਤਿਕ ਮਾਮਲਿਆਂ ਦੀ ਚਰਚਾ ਯੂਨਾਨੀਆਂ ਵਿੱਚ ਆਮ ਸੀ। ਉਹ ਮੰਡੀ ਦੇ ਚੋਗਾਨਾ ਵਿਚ ਜੁੜਦੇ ਅਤੇ ਰਾਜਨੀਤਿਕ ਮਸਲਿਆਂ ਦੀ ਚਰਚਾ ਕਰਦੇ। ਰਾਜਨੀਤਿਕ ਵਿਚਾਰਾਂ ਨੂੰ ਢੁੱਕਵੇਂ ਫਲਸਫੇ ਵਿੱਚ ਸੰਮਲਿਤ ਕਰਨ ਤੋਂ ਪਹਿਲਾਂ ਉਹ ਇਹਨਾਂ ਵਿਚਾਰਾਂ ਤੋਂ ਜਾਣੂ ਸਨ। ਯੂਨਾਨ ਵਿੱਚ ਰਾਜਨੀਤਿਕ ਚਿੰਤਨ ਦਾ ਕਾਲ ਐਥਨਜ਼ ਦੇ ਸਪਾਰਟਾ ਵਿਰੁਧ ਸੰਘਰਸ਼ ਵਿੱਚ ਹਾਰ ਤੋਂ ਬਾਅਦ ਆਰੰਭ ਹੁੰਦਾ ਹੈ। ਸਾਫਿਸਟਾ ਨੂੰ ਪਹਿਲੇ ਚਿੰਤਕ ਸਮਝਿਆ ਜਾਂਦਾ ਹੈ, ਜਿਨ੍ਹਾਂ ਨੇ ਪੰਜਵੀਂ ਸਦੀ ਬੀ.ਸੀ. ਵਿਚ ਯੂਨਾਨ ਵਿਚ ਰਾਜਨੀਤਿਕ ਵਿਚਾਰਾਂ ਦਾ ਕਾਲ ਆਰੰਭ ਕੀਤਾ। ਸਾਫਿਸਟਾਂ ਤੋਂ ਪਹਿਲਾਂ ਕੁੱਝ ਚਿੰਤਕ ਹੋਏ ਸਨ ਜਿਵੇਂ ਕਿ ਥੇਲਜ਼, ਅਨੰਕਸੀਮੈਂਡਰ, ਐਗਜੇਫੇਨਜ਼, ਹਰੈਕਲਿਸਟ ਅਤੇ ਪਰਮੀਨੀਡਜ਼ ਜਿਨ੍ਹਾਂ ਨੇ ਯੂਨਾਨੀ ਵਿਚਾਰ ਤੇ ਪ੍ਰਭਾਵ ਪਾਇਆ। ਪਰ ਇਹ ਚਿੰਤਕ ਭੌਤਿਕ ਵਿਗਿਆਨੀ ਸਨ ਜੋ ਕਿ ਪ੍ਰਕ੍ਰਿਤੀ ਦੀਆਂ ਸਮੱਸਿਆਵਾਂ ਵਿਚ ਰੁੱਝੇ ਸਨ। ਉਹ ਮਨੁੱਖੀ ਜੀਵਨ ਨਾਲ ਸੰਬੰਧਿਤ ਨਹੀਂ ਸਨ। ਜੇ ਕੋਈ ਉਹਨਾਂ ਦਾ ਰਾਜਨੀਤਿਕ ਸਿਧਾਂਤ ਸੀ ਤਾਂ ਇਹ ਉਹਨਾਂ ਦੇ ਬ੍ਰਹਿਮੰਡ ਵਿਗਿਆਨ ਦੀ ਕੇਵਲ ਇਕ ਸ਼ਾਖ ਸੀ। ਸਾਫਿਸਟ ਪਹਿਲੇ ਚਿੰਤਕ ਸਨ ਜਿਨ੍ਹਾਂ ਨੇ ਪਲੈਟੋ ਅਤੇ ਅਰਸਤੂ ਦੇ ਰਾਜਨੀਤਿਕ ਵਿਚਾਰਾਂ ਲਈ ਥਾਂ ਬਣਾਈ। ਇਸ ਲਈ ਅਸੀਂ ਹੁਣ ਸਾਫਿਸਟਾਂ ਦੇ ਸਿਧਾਂਤ ਨੂੰ ਜਾਚਾਂਗੇ।

ਸਾਫਿਸਟ ਕੌਣ ਸਨ। ਸਾਫਿਸਟ ਵਿਦੇਸ਼ੀ ਵਸਨੀਕ ਸਨ, ਜੋ ਐਥਨਜ਼ ਵਿੱਚ ਮੈਟਿਕਸ ਵਾਂਗ ਰਹਿੰਦੇ ਸਨ ਅਰਥਾਤ, ਵਿਦੇਸ਼ੀ ਨਾਗਰਿਕ ਜੋ ਐਥਨਜ਼ ਵਿਚ ਰਹਿਣ ਲਈ ਕਰ ਅਦਾ ਕਰਦੇ ਸਨ। ਉਹਨਾਂ ਨੂੰ ਬਹੁਤ ਹੱਦ ਤੱਕ ਸਮਾਜੀ ਬਰਾਬਰੀ ਤਾਂ ਮਿਲੀ ਹੋਈ ਸੀ ਪਰ ਉਹਨਾਂ ਨੂੰ ਕੋਈ ਰਾਜਨੀਤਿਕ ਰਿਆਇਤ ਨਹੀਂ ਸੀ ਮਿਲੀ। ਉਹ ਐਥਨਜ਼ ਵਿੱਚ ਇਸ ਲਈ ਆਏ ਸਨ ਕਿਉਂਕਿ ਇਹ ਯੂਨਾਨ ਦਾ ਬੌਧਿਕ ਕੇਂਦਰ ਬਣ

ਗਿਆ ਸੀ। ਉਹ ਅਧਿਆਪਕ ਸਨ ਜਿਹੜੇ ਆਪਣਾ ਨਿਰਬਾਹ ਉਹਨਾਂ ਲੋਕਾਂ ਨੂੰ ਪੜ੍ਹਾ ਕੇ ਕਰਦੇ ਸਨ ਜੋ ਇਸ ਲਈ ਇਵਜ਼ਾਨਾ ਦੇ ਸਕਦੇ ਸਨ। ਉਹਨਾਂ ਦਾ ਕਿੱਤਾ ਆਮ ਕਰਕੇ ਭਾਸ਼ਣ ਕਲਾ ਅਤੇ ਅਮਲੀ ਯੋਗਤਾ ਦਾ ਗਿਆਨ ਦੇਣਾ ਸੀ। ਅਮੀਰ ਲੋਕ ਆਪਣੇ ਸੁਆਰਥਾਂ ਲਈ ਭਾਸ਼ਣ-ਕਲਾ ਅਤੇ ਅਮਲੀ ਯੋਗਤਾ ਸਿੱਖਣ ਲਈ ਉਤਸੁਕ ਸਨ। ਕੁਝ ਸਾਫਿਸਟ ਭਾਸ਼ਾ-ਵਿਗਿਆਨੀ ਸਨ, ਕੁਝ ਤਰਕ-ਸ਼ਾਸਤਰੀ, ਕੁਝ ਪੇਸ਼ਾਵਰ ਅਧਿਆਪਕਾ ਉਹਨਾਂ ਦੀ ਸਿੱਖਿਆ ਦਾ ਉਦੇਸ਼ ਰਾਜਨੀਤੀ ਵਿੱਚ ਅਮਲੀ ਮਦਦ ਦੇਣਾ ਸੀ। ਉਹਨਾਂ ਨੂੰ ਅੱਧੇ ਪ੍ਰੋਫੈਸਰ, ਅੱਧੇ ਪੱਤਰਕਾਰ, ਅੱਧੇ ਅਧਿਆਪਕ ਅਤੇ ਅੱਧੇ ਚਿੰਤਕ ਕਿਹਾ ਗਿਆ ਹੈ। ਸਾਫਿਸਟਾਂ ਦਾ ਕੋਈ ਇਕ ਮੱਤ ਨਹੀਂ ਸੀ। ਜਿਸ ਦੇ ਇਕ ਕਿਸਮ ਦੇ ਸਿਧਾਂਤ ਹੋਣ ਅਤੇ ਜੋ ਇਕ ਹੀ ਵਿਸ਼ੇ ਬਾਰੇ ਸੀਮਿਤ ਹੋਣ। ਇਸ ਤਰ੍ਹਾਂ ਉਹਨਾਂ ਦਾ ਕੋਈ ਫਲਸਫ਼ਾ ਨਹੀਂ ਸੀ। ਤਾਂ ਵੀ ਉਹਨਾਂ ਦੀ ਸਿਖਿਆਵਾਂ ਵਿੱਚ ਕੁਝ ਸਾਂਝੇ ਅਸੂਲ ਵੇਖ ਸਕਦੇ ਹਾਂ। ਇਹ ਨਿਮਨਲਿਖਤ ਸਨ :-

(1) **ਮਾਨਵਵਾਦ (Humanism)**:- ਸਾਫਿਸਟਾਂ ਦਾ ਪਹਿਲਾਂ ਅਤੇ ਸ਼੍ਰੇਸ਼ਟ ਯੋਗਦਾਨ ਉਹਨਾਂ ਦਾ ਮਾਨਵਵਾਦ ਹੈ। ਉਹਨਾਂ ਨੇ ਉਸ ਸਰੀਰਕ ਫਲਸਫੇ ਦੀ ਵਿਅਰਥਤਾ ਨੂੰ ਸਾਬਤ ਕਰਨ ਦਾ ਯਤਨ ਕੀਤਾ, ਜੋ ਸਰੀਰਕ ਪਰਿਵਰਤਨ ਲਈ ਸਥਾਈ ਆਧਾਰ ਲੱਭਣ ਦਾ ਯਤਨ ਕਰਦਾ ਹੈ। ਇਹ ਆਧਾਰ ਜਿਸ ਦੀਆਂ ਸਭ ਵਸਤਾਂ ਬਣੀਆਂ ਅਤੇ ਬ੍ਰਹਿਮੰਡ ਦੇ ਤੱਥਾਂ ਦਾ ਥੱਲਾ ਹੈ ਜਿਸ ਨੂੰ ਉਹਨਾਂ ਨੇ ਪ੍ਰਕ੍ਰਿਤੀ ਦਾ ਨਾਂ ਦਿੱਤਾ। ਇਸ ਤੋਂ ਪੂਰਵ ਚਿੰਤਕਾਂ ਨੇ ਆਪਣੇ ਆਪ ਨੂੰ ਪ੍ਰਕ੍ਰਿਤੀ ਅਤੇ ਪਦਾਰਥ ਤੇ ਕੇਂਦ੍ਰਿਤ ਕੀਤਾ ਹੈ। ਸਾਫਿਸਟਾਂ ਨੇ ਆਪਣਾ ਧਿਆਨ ਪ੍ਰਕ੍ਰਿਤੀ ਵੱਲੋਂ ਹਟਾ ਕੇ ਮਨੁੱਖ ਵੱਲ ਕੀਤਾ। ਉਹਨਾਂ ਨੇ ਉਹਨਾਂ ਚੀਜ਼ਾਂ ਦੀ ਪੜਤਾਲ ਵੱਲ ਧਿਆਨ ਦਿੱਤਾ ਜੋ ਮਨੁੱਖੀ ਸਨ। ਇਸ ਨਵੀਂ ਲੀਹ ਦਾ ਵੱਡਾ ਅਨੁਆਈ ਗੋਰਗੀਅਜ਼ ਸੀ। ਉਹ ਅਨੁਸਾਰ ਮਨੁੱਖਤਾ ਦਾ ਠੀਕ ਚਿੰਤਨ ਮਨੁੱਖ ਹੈ। ਮਨੁੱਖ ਗਿਆਨ ਦਾ ਕੇਂਦਰ ਹੈ। ਗਿਆਨ ਮਨੁੱਖੀ ਸ਼ਕਤੀਆਂ ਦੀ ਉਪਜ ਹੈ। ਇਹ ਤਾਂ ਬਿਲਕੁਲ ਇਕ ਮਨੁੱਖੀ ਉੱਦਮ ਹੈ।

(2) **ਸੱਚ ਦੀ ਸਾਪੇਖਤਾ (Relativity of Truth)** :- ਸਾਫਿਸਟਾਂ ਦਾ ਦੂਜਾ ਸਿਧਾਂਤ ਸੀ : ਸੱਚ ਦੀ ਸਾਪੇਖਤਾ । ਉਹਨਾਂ ਅਨੁਸਾਰ ਸੱਚ ਵਰਗੀ ਕੋਈ ਚੀਜ਼ ਨਹੀਂ। ਸੱਚ ਦਾ ਕੋਈ ਸਦੀਵੀ ਜਾਂ ਸੰਪੂਰਨ ਰੂਪ ਨਹੀਂ। ਅਜਿਹਾ ਕੋਈ ਸਿਧਾਂਤ, ਸੰਕਲਪ ਜਾਂ ਆਦਰਸ਼ ਨਹੀਂ ਜੋ ਹਰ ਥਾਂ ਉਚਿਤ (Valid) ਹੋਵੇ। ਸਾਫਿਸਟਾਂ ਅਨੁਸਾਰ ਹਰ ਵਿਅਕਤੀ ਸੱਚ ਨੂੰ ਆਪਣੇ ਹੀ ਢੰਗ ਨਾਲ ਖੋਜਦਾ ਹੈ। ਇਸ ਧਰਤੀ ਤੇ ਕੋਈ ਵਸਤੂ ਅਜਿਹੀ ਨਹੀਂ ਜੋ ਹਰ ਥਾਂ ਇਕ ਸਾਰ ਹੋਵੇ। ਅੱਗ ਤਾਂ ਸਭ ਥਾਂ ਬਲਦੀ ਹੈ, ਪਰ ਵਿਆਹ ਅਤੇ ਦਫਨਾਉਣ ਦੇ ਰਿਵਾਜ਼ ਅੱਡ-ਅੱਡ ਹਨ। ਇਸ ਲਈ ਕੋਈ ਵਸਤੂ ਅਜਿਹੀ ਨਹੀਂ ਜੋ ਸਾਂਝੀ ਸਮਰੂਪੀ ਹੋਵੇ। ਜਦੋਂ ਕਿ ਪ੍ਰਕਿਰਤੀ ਦਾ ਸਿਧਾਂਤ ਇਕ ਹੈ, ਮਨੁੱਖ ਦੇ ਸਿਧਾਂਤ ਬਹੁਤ ਹਨ। ਸਾਫਿਸਟਾਂ ਦੇ ਸੱਚ ਦੀ ਸਾਪੇਖਤਾ ਦੇ ਇਸ ਸਿਧਾਂਤ ਨੇ ਯੂਨਾਨੀਆਂ ਦੇ ਪੁਰਾਣੇ ਪ੍ਰਕ੍ਰਿਤੀ ਦੇ ਭੌਤਿਕ ਪੱਖ ਬਾਰੇ ਵਿਚਾਰ ਨੂੰ ਵੰਗਾਰਿਆ। ਇਸ ਨੇ ਯੂਨਾਨੀਆਂ ਦੇ ਪ੍ਰਚਲਿਤ ਵਿਸ਼ਵਾਸਾਂ ਅਤੇ ਮੱਤਾਂ ਨੂੰ ਵੰਗਾਰਿਆ। ਕਿਸੇ ਮੁਲਕ ਦੇ ਕਾਨੂੰਨ ਕੁਦਰਤੀ ਜਾਂ ਵਿਸ਼ਵਵਿਆਪੀ ਸਚਾਈ ਨੂੰ ਰੂਪਮਾਨ ਨਹੀਂ ਕਰਦੇ ਸਨ ਸਗੋਂ ਉਹ ਤਾਂ ਉਹਨਾਂ ਸੁਆਰਥੀ ਖਾਹਿਸ਼ਾਂ ਦੀ ਉਪਜ ਸਨ ਜਿਨ੍ਹਾਂ ਨੇ ਮੂਲ ਰੂਪ ਵਿੱਚ ਉਹਨਾਂ ਨੂੰ ਪ੍ਰਚਲਿਤ ਕੀਤਾ ਸੀ।

(3) **ਵਿਅਕਤੀਵਾਦ (Individualism)** :- ਸਾਫਿਸਟਾਂ ਦੇ ਫਲਸਫੇ ਵਿੱਚ ਸਾਨੂੰ ਵਿਅਕਤੀਵਾਦ ਵਲ ਰੁੱਖ ਦਿਸ ਰਿਹਾ ਹੈ। ਪਰੋਟਗੋਰਾਜ਼ ਅਨੁਸਾਰ "ਮਨੁੱਖ ਸਭ ਚੀਜ਼ਾਂ ਦਾ ਮਿਆਰ ਹੈ। ਜੋ ਹੈ ਸੋ ਹੈ, ਜੋ ਨਹੀਂ ਸੋ ਨਹੀਂ ਹੈ।" ਦੂਜੇ ਸ਼ਬਦਾਂ ਵਿੱਚ, ਚੀਜ਼ਾਂ ਦੀ ਹੋਂਦ ਜਾਂ ਅਣਹੋਂਦ ਇਕ ਵਿਅਕਤੀ ਦੀ ਆਮ ਸੂਝ ਦੇ ਨਿਰਧਾਰਣ ਤੇ ਨਿਰਭਰ ਹੈ। ਹਰ ਮਨੁੱਖ ਲਈ ਚੀਜ਼ਾਂ ਉਹ ਕੁਝ ਹੀ ਸਨ ਜੋ ਉਸਨੂੰ ਲੱਗਦੀਆਂ ਸਨ।

(4) **ਕਾਨੂੰਨ ਅਤੇ ਨਿਆਂ (Law and Justice)** : ਸਾਫਿਸਟਾਂ ਵਿੱਚ ਪ੍ਰਕਿਰਤੀ ਵਿਰੁੱਧ ਆਵਾਜਾਂ ਬਾਰੇ ਵੱਡੀ ਚਰਚਾ ਸੀ। ਪ੍ਰਸ਼ਨ ਇਹ ਸੀ ਕਿ ਨਿਆਂ ਪ੍ਰਕਿਰਤੀ ਦੁਆਰਾ ਪੈਦਾ ਹੋਇਆ ਹੈ ਜਾਂ ਰਿਵਾਜਾਂ ਦੁਆਰਾ। ਨਿਆਂ ਦਾ ਖਾਸਾ ਕੀ ਹੈ, ਅਤੇ ਇਸ ਦਾ ਕਾਨੂੰਨ ਨਾਲ ਕੀ ਸੰਬੰਧ ਹੈ, ਇਸ ਗੱਲ ਬਾਰੇ ਸਾਫਿਸਟਾਂ ਵਿੱਚ ਮੱਤ ਭੇਦ ਹਨ।

ਹਿਪੀਆਜ਼ ਦਾ ਵਿਚਾਰ ਸੀ ਕਿ ਨਿਆਂ ਅਤੇ ਕਾਨੂੰਨ ਸਮਵਿਸਤਾਰੀ ਹਨ, ਅਤੇ ਕਾਨੂੰਨ ਅਤੇ ਨਿਆਂ-

ਪੂਰਣ ਚੀਜ਼ਾਂ ਸਮਰੂਪੀ ਹੁੰਦੀਆਂ ਹਨ। ਉਹਨਾਂ ਅਨੁਸਾਰ, ਕੁਦਰਤੀ ਕਾਨੂੰਨ ਵਿਵਹਾਰਕ ਕਾਨੂੰਨ ਤੋਂ ਉਚੇਰਾ ਹੈ। ਕਿਉਂਕਿ ਕੁਦਰਤੀ ਕਾਨੂੰਨ ਵਿਸ਼ਵ-ਵਿਆਪੀ ਅਤੇ ਰੱਬੀ ਹੈ। ਜਦੋਂ ਕਿ ਵਿਵਹਾਰਿਕ ਕਾਨੂੰਨ ਸਥਾਨਕ ਅਤੇ ਮਨੁੱਖੀ ਹੈ। ਕੁਝ ਅਜਿਹੇ ਅਲਿਖਤੀ ਕਾਨੂੰਨ ਹਨ ਜਿਨ੍ਹਾਂ ਨੂੰ ਹਰ ਦੇਸ਼ ਵਿੱਚ ਇਕੋ ਤਰ੍ਹਾਂ ਮੰਨਿਆ ਜਾਂਦਾ ਹੈ। ਇਸ ਲਈ ਉਹ ਲਿਖਤੀ ਕਾਨੂੰਨਾਂ ਤੋਂ ਉਚੇਰੇ ਹਨ। ਹਿਪੀਆਜ਼ ਕੁਦਰਤੀ ਕਾਨੂੰਨ ਅਤੇ ਮਨੁੱਖੀ ਕਾਨੂੰਨ ਦੇ ਫਰਕ ਨੂੰ ਇਸ ਤਰ੍ਹਾਂ ਸੁੰਦਰ ਢੰਗ ਨਾਲ ਦੱਸਦਾ ਹੈ, "ਮੈਂ ਤੁਹਾਨੂੰ ਸਭ ਨੂੰ ਰਿਸ਼ਤੇਦਾਰ, ਸੰਬੰਧੀ ਅਤੇ ਸਾਥੀ ਨਾਗਰਿਕ ਕੁਦਰਤੀ ਤੌਰ ਤੇ ਸਮਝਦਾ ਹਾਂ, ਪਰ ਕਾਨੂੰਨ ਰਾਹੀਂ ਨਹੀਂ। ਕਿਉਂਕਿ ਇਕ ਵਰਗ ਦਾ ਦੂਜੇ ਵਰਗ ਨਾਲ ਕੁਦਰਤੀ ਸੰਬੰਧ ਹੁੰਦਾ ਹੈ, ਪਰ ਮਨੁੱਖਤਾ ਦਾ ਜਰਵਾਣਾ ਕਾਨੂੰਨ ਕੁਦਰਤ ਦੇ ਉਲਟ ਬਹੁਤ ਵਾਰ ਰੋਕਾਂ ਪਾਉਂਦਾ ਹੈ। "ਦੂਜੇ ਸ਼ਬਦਾਂ ਵਿਚ, ਹਿਪੀਅਜ਼ ਅਨੁਸਾਰ, ਕੁਦਰਤ ਕਾਨੂੰਨ ਦੇ ਵਿਰੁੱਧ ਹੈ। ਕੁਦਰਤ ਕਾਨੂੰਨ ਤੋਂ ਉਚੀ ਹੈ। ਰਾਜ ਦੇ ਕਾਨੂੰਨ ਤਾਂ ਤਾਕਤ ਦੇ ਪ੍ਰਤੀਕ ਹੁੰਦੇ ਹਨ ਅਤੇ ਮਨੁੱਖ ਨੂੰ ਇਨ੍ਹਾਂ ਤੋਂ ਪਿੱਛਾ ਛੁਡਾਉਣਾ ਚਾਹੀਦਾ ਹੈ।

ਇਕ ਹੋਰ ਸਾਫਿਸਟ ਐਂਟੀਫੋਨ ਨੇ ਵੀ ਕੁਦਰਤੀ ਕਾਨੂੰਨ ਦਾ ਸੰਕਲਪ ਵਰਤਕੇ ਰਾਜ ਦੇ ਬਣਾਏ ਕਾਨੂੰਨ ਨੂੰ ਬਦਨਾਮ ਕੀਤਾ ਹੈ। ਉਸ ਅਨੁਸਾਰ ਕੁਦਰਤ ਦੇ ਕਾਨੂੰਨ ਸਨ। ਮਨੁੱਖ ਨੂੰ ਉਹਨਾਂ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ। ਮਨੁੱਖੀ ਕਾਨੂੰਨ ਦੇ ਕਾਇਦੇ ਓਪਰੇ ਹਨ। ਉਹ ਸੱਚਾਈ ਦੀ ਨਹੀਂ ਰਾਇ ਦੀ ਉਪਜ ਹੁੰਦੇ ਹਨ। ਉਹ ਸਾਨੂੰ ਅਸੁਖਾਵੀਆਂ ਚੀਜ਼ਾਂ ਕਰਨ ਲਈ ਕਹਿੰਦੇ ਹਨ। ਉਹ ਤਾਂ ਕੇਵਲ ਜੀਵਨ ਨੂੰ ਭੈੜਾਂ ਅਤੇ ਗਰੀਬ ਬਣਾਉਂਦੇ ਹਨ। ਇਸ ਲਈ ਐਂਟੀਫੋਨ ਦਾ ਤਾਂ ਨਿਰਣਾ ਹੈ ਕਿ ਜਿੱਥੋਂ ਤੱਕ ਹੋ ਸਕੇ ਹਰ ਇਕ ਨੂੰ ਬਿਨਾਂ ਫੜੇ ਜਾਣ ਦੇ ਕਾਨੂੰਨ ਨੂੰ ਟਾਲਣਾ ਚਾਹੀਦਾ ਹੈ। ਆਮ ਤੌਰ ਤੇ ਕਾਨੂੰਨ ਦੀ ਪਾਲਣਾ ਗਲਤ ਹੁੰਦੀ ਹੈ ਕਿਉਂਕਿ ਕਾਨੂੰਨ ਕੁਦਰਤ ਦੇ ਉਲਟ ਹੁੰਦੇ ਹਨ ਅਤੇ ਕੁਦਰਤ ਹੀ ਸੱਚਾਈ ਦਾ ਮਿਆਰ ਹੈ। ਟੈਂਟੀਫੋਨ ਅਨੁਸਾਰ ਸਭ ਮਨੁੱਖ ਇਕੋ ਜਿਹੇ ਤੇ ਬਰਾਬਰ ਜੰਮਦੇ ਹਨ। ਇਕੋ ਜਿਹੇ ਸਰੀਰਕ ਅੰਗਾਂ ਅਨੁਸਾਰ ਉਹ ਇਕ ਹੀ ਹਵਾ ਵਿੱਚ ਸਾਹ ਲੈਂਦੇ ਹਨ। ਦਾਸ ਅਤੇ ਨਾਗਰਿਕ ਦਾ ਫ਼ਰਕ ਗੈਰ-ਕੁਦਰਤੀ ਹੈ।

ਕੈਬਕਲੀਜ਼ ਅਨੁਸਾਰ, ਕਾਨੂੰਨ ਕੇਵਲ ਸੰਧੀਆਂ ਦੀ ਉਪਜ ਹਨ। ਇਹ ਸੰਧੀਆਂ ਤਾਂ ਮਾੜਿਆਂ ਨੇ ਬਣਾਈਆਂ ਹਨ ਤਾਂ ਕਿ ਉਹ ਤਕੜਿਆਂ ਨੂੰ ਉਹਨਾਂ ਦੀ ਤਾਕਤ ਤੇ ਜਾਇਜ਼ ਹੱਕਾਂ ਤੋਂ ਵਾਂਝਿਆਂ ਰੱਖ ਸਕਣ। ਕਾਨੂੰਨ ਇਕ ਦੂਜੇ ਵਿਰੁੱਧ ਹਨ ਕੁਦਰਤ ਹੀ ਮਾਨਵ ਜੀਵਨ ਦਾ ਸੱਚਾ ਨਿਯਮ ਹੈ। ਅਸਮਾਨਤਾ ਕੁਦਰਤ ਦਾ ਅਸੂਲ ਹੈ। ਸਮਾਨਤਾ ਤਾਂ ਕੇਵਲ ਰਿਵਾਜ਼ ਹੈ। ਕੁਦਰਤ ਅਨੁਸਾਰ ਮਨੁੱਖ ਅਸਮਾਨ ਹਨ ਕਿਉਂਕਿ ਤਕੜਾ ਮਾੜੇ ਤੋਂ ਵੱਧ ਹਿੱਸਾ ਲੈਂਦਾ ਹੈ। ਕੁਦਰਤੀ ਨਿਆਂ ਤਕੜੇ ਦੇ ਹੱਕ ਵਿੱਚ ਹੈ।

ਪੰਜਵੀਂ ਸਦੀ ਦੇ ਪਿਛੋਕੜ ਦਾ ਇਕ ਸਾਫਿਸਟ ਥਰੇਸੀਮੈਕਸ ਵੀ ਕਹਿੰਦਾ ਹੈ ਕਿ ਅਨਿਆਂ ਤਾਂ ਤਕੜੇ ਦੇ ਪੱਖ ਦੀ ਗੱਲ ਹੈ। ਕੁਦਰਤ ਵਿੱਚ ਰਾਜ ਹੱਕੀ ਨਹੀਂ, ਸਗੋਂ ਤਾਕਤ ਦਾ ਹੁੰਦਾ ਹੈ। ਹੱਕ ਤਾਂ ਕੇਵਲ ਇਕ ਐਸੀ ਚੀਜ਼ ਹੈ ਜੋ ਇਕ ਰਾਜ ਵਿੱਚ ਸਭ ਤੋਂ ਤਕੜੀ ਤਾਕਤ ਆਪਣੇ ਸੁਆਰਥ ਲਈ ਆਪਣੇ ਵਿਚਾਰਾਂ ਅਨੁਸਾਰ ਲਾਗੂ ਕਰਦੀ ਹੈ। ਇਹ ਨੋਟ ਕਰਨਾ ਚਾਹੀਦਾ ਹੈ ਕਿ ਥਰੈਸੀਮੈਕਸ ਇਹ ਨਹੀਂ ਮੰਨਦਾ ਕਿ ਕੋਈ ਅਜਿਹਾ ਨਿਯਮ ਹੈ ਜੋ ਮੁੱਢਲੇ ਤੌਰ ਤੇ ਠੀਕ ਹੈ। ਉਹ ਤਾਂ ਇਹ ਕਹਿੰਦਾ ਹੈ ਕਿ ਤਾਕਤ ਦਾ ਕਾਨੂੰਨ ਹੀ ਨਿਆਂ ਹੈ। ਤਕੜੇ ਦੇ ਬਣਾਏ ਕਾਨੂੰਨ ਜਾਇਜ਼ ਹਨ, ਕਿਉਂਕਿ ਉਹਨਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ। ਪਰ ਮਾੜੇ ਦੇ ਬਣਾਏ ਕਾਨੂੰਨ ਕੇਵਲ ਉਦੋਂ ਤਕ ਠੀਕ ਤੇ ਜਾਇਜ਼ ਹਨ ਜਦੋਂ ਤਕ ਉਹਨਾਂ ਨੂੰ ਲਾਗੂ ਕਰ ਸਕਦਾ ਹੈ। ਜੇ ਉਹਨਾਂ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ ਤਾਂ ਉਹ ਜਾਇਜ਼ ਕਾਨੂੰਨ ਵਿੱਚ ਵਿਸ਼ਵਾਸ ਰੱਖਦਾ ਹੈ ਜੋ ਸਦਾ ਜਾਇਜ਼ ਹੁੰਦਾ ਹੈ। ਪਰ ਥਰੈਸੀਮੈਕਸ ਤਾਂ ਇਕ ਅਨੁਭਵਵਾਦੀ ਹੈ ਜਿਸ ਅਨੁਸਾਰ ਇਕ ਹੀ ਅਤੇ ਸਥਾਈ ਨਿਆਂ ਵਰਗੀ ਕੋਈ ਸ਼ੈਅ ਨਹੀਂ।

**ਸਾਫਿਸਟਾਂ ਦੇ ਲੱਛਣ** :- ਉਪਰ ਅਸੀਂ ਉਹਨਾਂ ਅਸੂਲਾਂ ਬਾਰੇ ਦੱਸਿਆ ਹੈ ਜਿਹੜੇ ਸਾਫਿਸਟਾਂ ਨੇ ਅਪਣਾਏ ਸਨ। ਇਹਨਾਂ ਅਸੂਲਾਂ ਨੂੰ ਸੰਖੇਪ ਰੂਪ ਵਿੱਚ ਹੇਠਾਂ ਦੱਸਿਆ ਜਾਂਦਾ ਹੈ:-

(1) ਸਾਫਿਸਟਾਂ ਨੇ ਆਪਣਾ ਧਿਆਨ ਪ੍ਰਕਿਰਤੀ ਤੋਂ ਹਟਾ ਕੇ ਮਨੁੱਖ ਵੱਲ ਕੀਤਾ । ਇਸ ਤਰ੍ਹਾਂ ਉਹਨਾਂ

ਮਨੁੱਖੀ ਵਿਚਾਰ ਨੂੰ ਇਕ ਨਵੀਂ ਸੇਧ ਦਿੱਤੀ। ਉਹਨਾਂ ਨੇ ਇਨਸਾਨਾਂ ਅਤੇ ਉਹਨਾਂ ਦੇ ਰਾਜਨੀਤਿਕ ਮਸਲਿਆਂ ਨੂੰ ਪ੍ਰਮੁੱਖਤਾ ਦਿੱਤੀ। ਉਹਨਾਂ ਨੇ ਫਲਸਫੇ ਨੂੰ ਭੌਤਿਕ ਪ੍ਰਕਿਰਤੀ ਵਲੋਂ ਹਟਾ ਕੇ ਮਾਨਵਵਾਦੀ ਅਧਿਐਨ ਵੱਲ ਲਾਇਆ।

(2) ਸਾਫਿਸਟ ਬੁੱਧੀਜੀਵੀ ਅਤੇ ਸ਼ੰਕਾਵਾਦੀ ਸਨ। ਉਹਨਾਂ ਨੇ ਯੂਨਾਨ ਵਿੱਚ ਤਰਕਵਾਦ ਅਤੇ ਸੁਤੰਤਰ ਸੋਚ ਨੂੰ ਹੱਲਾਸ਼ੇਰੀ ਦਿੱਤੀ। ਉਹਨਾਂ ਦੇ ਉਪਦੇਸ਼ਾਂ ਨੇ ਇਕ ਬੌਧਿਕ ਪਰਿਵਰਤਨ ਲੈ ਆਂਦਾ।

(3) ਸਾਫਿਸਟਾਂ ਦੇ ਕੋਈ ਮਿੱਥੇ ਹੋਏ ਅਸੂਲ ਨਹੀਂ ਸਨ। ਉਹਨਾਂ ਦੇ ਵਿਚਾਰ ਇਕ ਦੂਜੇ ਤੋਂ ਭਿੰਨ ਸਨ। ਕੁਝ ਨੂੰ ਚੇਤਨਾਂ ਸੀ ਕਿ ਪ੍ਰਕਿਰਤੀ ਇਕ ਨਿਆਂ ਦਾ ਕਾਨੂੰਨ ਹੈ। ਦੂਸਰੇ ਦਾ ਅਰਥ ਸਵੈ-ਪੁਸ਼ਟੀ, ਹੰਕਾਰ ਖੁਸ਼ੀ ਤੇ ਤਾਕਤ ਦੀ ਖਾਹਿਸ਼ ਸਮਝਦੇ ਹਨ, ਅਸਲਵਾਦ ਉਹਨਾਂ ਦੇ ਵਿਚਾਰ ਦਾ ਪ੍ਰਮੁੱਖ ਅੰਗ ਹੈ।

(4) ਸਾਫਿਸਟ ਅਨੁਭਵਵਾਦੀ ਵਿਚਾਰਵਾਨ ਸਨ। ਉਹ ਆਪਣੇ ਸ਼ਾਗਿਰਦਾਂ ਨੂੰ ਉਹ ਕੁਝ ਪੜ੍ਹਾਉਂਦੇ ਸਨ ਜੋ ਉਹਨਾਂ ਲਈ ਲਾਹੇਵੰਦ ਸੀ। ਉਹ ਪੇਸ਼ਾਵਰ ਅਧਿਆਪਕ ਸਨ। ਉਹਨਾਂ ਦੀ ਪੜ੍ਹਾਈ ਦਾ ਉਦੇਸ਼ ਰਾਜਨੀਤੀ ਵਿੱਚ ਉਪਯੋਗੀ ਮਦਦ ਦੇਣਾ ਸੀ।

(5) ਸਾਫਿਸਟ ਬਹੁ-ਮੁੱਖੀ ਸਨ। ਉਹ ਆਪਣੇ ਸਮੇਂ ਦੇ ਇਤਿਹਾਸਕ ਰੁਮਾਂਸਕਾਰ, ਅਧਿਆਤਮਵਾਦੀ, ਸ਼ੰਕਾਵਾਦੀ ਅਤੇ ਸਰੀਰ ਕ੍ਰਿਆ ਵਿਗਿਆਨੀ ਸਨ।

(6) ਸਾਫਿਸਟ ਤੀਬਰ (Extreme) ਵਿਅਕਤੀਵਾਦੀ ਸਨ। ਉਹਨਾਂ ਨੇ ਵਿਅਕਤੀਵਾਦ ਨੂੰ ਸਪਸ਼ਟ ਤੇ ਨਿਸ਼ਚਿਤ ਰੂਪ ਦਿੱਤਾ।

ਸੰਖੇਪ ਰੂਪ ਵਿੱਚ, ਕਿਹਾ ਜਾ ਸਕਦਾ ਹੈ ਕਿ ਸਾਫਿਸਟਾਂ ਨੇ ਯੂਨਾਨ ਵਿੱਚ ਇਕ ਬੌਧਿਕ ਕ੍ਰਾਂਤੀ ਪੈਦਾ ਕੀਤੀ। ਉਹਨਾਂ ਦੇ ਸ਼ੰਕਾਵਾਦ, ਬੁੱਧੀਵਾਦ ਅਤੇ ਸਾਪੇਖਵਾਦ ਨੇ ਧਰਮ, ਰਾਜ ਅਤੇ ਸਦਾਚਾਰ ਦੇ ਪ੍ਰਚਲਿਤ ਅਸੂਲਾਂ ਦੀਆਂ ਜੜ੍ਹਾਂ ਹਿੱਲਾ ਦਿੱਤੀਆਂ।

## ਸੁਕਰਾਤ ਦੇ ਰਾਜਨੀਤਿਕ ਵਿਚਾਰ

ਸੁਕਰਾਤ ਇਕ ਯੂਨਾਨੀ ਨਾਗਰਿਕ ਸੀ। ਉਸ ਦਾ ਜਨਮ ਲਗਭਗ 469 ਬੀ.ਸੀ. ਵਿਚ ਹੋਇਆ ਅਤੇ ਉਸ ਨੂੰ 339 ਵਿਖੇ ਧਤੂਰਾ ਪਿਆ ਕੇ ਮਾਰ ਦਿੱਤਾ ਗਿਆ। ਉਸ ਦਾ ਪਿਤਾ ਇਕ ਬੁੱਤ ਤਰਾਸ਼ ਸੀ ਅਤੇ ਸੁਕਰਾਤ ਨੇ ਆਪਣੇ ਪਿਤਾ ਦਾ ਹੁਨਰ ਸਿੱਖਿਆ ਹੋਇਆ ਸੀ। ਪਰ ਉਸ ਨੇ ਆਪਣਾ ਜੀਵਨ ਫਲਸਫੇ ਨੂੰ ਅਰਪਣ ਕੀਤਾ। ਪਹਿਲਾਂ ਉਸ ਨੇ ਸਰੀਰਕ ਵਿਗਿਆਨ ਦਾ ਅਧਿਐਨ ਕੀਤਾ। ਬਾਅਦ ਵਿੱਚ ਉਸ ਨੇ ਆਪਣਾ ਰੁੱਖ ਸ਼ੁੱਧ ਫਲਸਫੇ ਵੱਲ ਮੋੜ ਲਿਆ। ਉਸ ਨੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਜੋ ਕੁਝ ਚੀਜ਼ਾਂ ਹਨ, ਉਹ ਇਵੇਂ ਕਿਉਂ ਹਨ ਅਤੇ ਉਹਨਾਂ ਦਾ ਉਦੇਸ਼ ਕੀ ਹੈ। ਸੁਕਰਾਤ ਨੇ ਆਪਣੇ ਸਮੇਂ ਵਿੱਚ ਇਕ ਆਮ ਨਾਗਰਿਕ ਦੇ ਫਰਜ਼ਾਂ ਨੂੰ ਪੂਰੀ ਤਰ੍ਹਾਂ ਨਿਭਾਇਆ ਅਤੇ ਉਹ ਇਕ ਸਿਪਾਹੀ ਬਣ ਕੇ ਲੜਿਆ। ਉਸ ਦੇ ਵਿਅਕਤੀਤਵ ਦਾ ਇਹ ਇਕ ਖਾਸ ਲੱਛਣ ਸੀ ਕਿ ਉਸ ਨੇ ਨਾਗਰਿਕ ਕਾਨੂੰਨ ਦੀ ਉਲੰਘਣਾ ਕਰਨ ਤੋਂ ਇਨਕਾਰ ਕੀਤਾ। ਸੁਕਰਾਤ ਨੂੰ ਇਸ ਲਈ ਮਾਰ ਦਿੱਤਾ ਗਿਆ ਕਿਉਂਕਿ ਉਸ ਨੇ ਉਹਨਾਂ ਦੇਵਤਿਆਂ ਨੂੰ ਪੂਜਣ ਤੋਂ ਨਾਂਹ ਕੀਤੀ ਜਿਨ੍ਹਾਂ ਨੂੰ ਰਾਜਾ ਪੂਜਦਾ ਸੀ। ਇਹ ਵੀ ਦੋਸ਼ ਉਸ ਉਤੇ ਲਾਇਆ ਗਿਆ ਕਿ ਉਹ ਨੌਜੁਆਨਾਂ ਨੂੰ ਵਿਗਾੜਦਾ ਸੀ। ਅਸਲ ਵਿੱਚ ਸੁਕਰਾਤ ਨੂੰ ਆਪਣੇ ਬੁੱਧੀਵਾਦ ਦਾ ਮੁੱਲ ਤਾਰਨਾ ਪਿਆ। ਉਹਨਾਂ ਐਥਨੀ ਲੋਕਤੰਤਰ ਦੇ ਲੱਛਣਾਂ ਦੀ ਆਲੋਚਨਾ ਕੀਤੀ ਸੀ ਅਤੇ ਇਹ ਪ੍ਰਚਾਰਿਆ ਸੀ ਰਾਜਨੀਤੀ ਨੂੰ ਚਲਾਉਣ ਲਈ ਗਿਆਨ ਦੀ ਲੋੜ ਹੈ। ਸੱਚ ਮੁੱਚ, ਜਿਵੇਂ ਬਾਰਕਰ ਕਹਿੰਦਾ ਹੈ, "ਸੁਕਰਾਤ ਦਾ ਸਭ ਤੋਂ ਵੱਡਾ ਸਬਕ ਉਸ ਦੀ ਮੌਤ ਸੀ" ਇਸ ਲਈ ਉਸ ਨੇ ਇਹ ਸਿਖਾਇਆ ਹੈ ਕਿ ਆਪਣੀ ਜ਼ਮੀਰ ਦੀ ਖਾਤਿਰ ਇਕ ਆਦਮੀ ਸੀਜ਼ਰ ਦੇ ਵਿਰੁੱਧ ਵੀ ਖੜ੍ਹਾ ਹੋ ਸਕਦਾ ਹੈ ਅਤੇ ਉਸਨੂੰ ਮੌਤ ਤੋਂ ਡਰਨਾ ਨਹੀਂ ਚਾਹੀਦਾ।

(1) **ਚੰਗਿਆਈ ਗਿਆਨ ਹੈ** (Virtue is Knowledge) :- ਸੁਕਰਾਤ ਅਨੁਸਾਰ ਗਿਆਨ

ਦੋ ਪ੍ਰਕਾਰ ਦਾ ਹੈ: ਇਕ ਉਹ ਹੈ ਜੋ ਭਾਸਦਾ ਹੈ ਦੂਜਾ ਉਹ ਹੈ ਜੋ ਅਸਲੀ ਹੈ। ਭਾਸਦਾ ਗਿਆਨ ਰਾਇ ਤੇ ਨਿਰਭਰ ਹੁੰਦਾ ਹੈ। ਮਨੁੱਖ ਕੋਲ ਆਮ ਤੌਰ ਤੇ ਦ੍ਰਿਸ਼ਟਮਾਨ ਗਿਆਨ ਹੁੰਦਾ ਹੈ। ਜੋ ਗਿਆਨ ਨਹੀਂ ਕੇਵਲ ਇਕ ਰਾਇ ਹੈ। ਉਹਨਾਂ ਨੂੰ ਚੀਜ਼ਾਂ ਦਾ ਇਕ ਪਖੋਂ ਪਤਾ ਹੈ ਕਿ ਉਹਨਾਂ ਚੀਜ਼ਾਂ ਬਾਰੇ ਸੁਣਿਆ ਹੈ। ਪਰ ਉਹਨਾਂ ਨੂੰ ਗਿਆਨ ਨਹੀਂ ਕਿ ਉਹ ਚੀਜ਼ਾਂ ਕਿਸ ਕਾਰਨ ਦਾ ਸਿੱਟਾਂ ਹਨ ਅਤੇ ਉਹਨਾ ਦਾ ਉਸ ਕਾਰਣ ਨਾਲ ਕੀ ਸੰਬੰਧ ਹੈ। ਦੂਜੇ ਹੱਥ ਅਸਲੀ ਗਿਆਨ ਹੈ ਕਾਰਣ ਅਤੇ ਸਿੱਟੇ ਦੇ ਆਪਸੀ ਸੰਬੰਧ ਦਾ ਗਿਆਨ। ਆਦਮੀ ਨੂੰ ਇਸ ਕਾਰਨ ਦੀ ਸਮਝ ਹੋਣੀ ਚਾਹੀਦੀ ਹੈ ਕਿ ਸੰਸਾਰ ਜਿਵੇਂ ਹੈ, ਉਹ ਕਿਉਂ ਹੈ। ਉਹਨਾਂ ਨੂੰ ਇਸ ਦੀ ਹੋਂਦ ਦੇ ਕਾਰਨ ਦਾ ਪਤਾ ਹੋਣਾ ਚਾਹੀਦਾ ਹੈ ਅਤੇ ਉਹ ਇਹ ਗੱਲ ਤਦ ਹੀ ਜਾਣ ਸਕਦੇ ਹਨ ਜੇ ਉਹ ਆਪਣੇ ਆਪ ਨੂੰ ਸਮਝਦੇ ਹੋਣ। ਮਤਲਬ ਇਹ ਕਿ ਜਦੋਂ ਉਹਨਾਂ ਨੂੰ ਇਹ ਗਿਆਨ ਹੋਵੇ ਕਿ ਉਹ ਕਿੰਨਾ ਥੋੜ੍ਹਾ ਜਾਣਦੇ ਹਨ।

ਸੁਕਰਾਤ ਦਾ ਇਹ ਵੀ ਵਿਚਾਰ ਸੀ ਕਿ ਸੱਚਾ ਗਿਆਨ ਸੱਚੀ ਚੰਗਿਆਈ ਵੀ ਹੈ। ਗਿਆਨ ਅਤੇ ਚੰਗਿਆਈ ਵਿਚ ਕੋਈ ਅੰਤਰ ਨਹੀਂ। ਉਸ ਅਨੁਸਾਰ ਗਿਆਨ ਨੇਕੀ ਹੈ ਅਤੇ ਅਗਿਆਨ ਬੁਰਾਈ। ਅਸਲ ਚੰਗਿਆਈ ਸੱਚੇ ਗਿਆਨ ਤੇ ਨਿਰਭਰ ਹੈ: ਅਤੇ ਇਸ ਵਿੱਚ ਹੈ। ਜਿਵੇਂ ਗਿਆਨ ਦੋ ਪ੍ਰਕਾਰ ਦਾ ਹੈ- ਪ੍ਰਤੱਖ ਅਤੇ ਅਸਲੀ-ਇਸੇ ਤਰ੍ਹਾਂ ਚੰਗਿਆਈ ਵੀ ਦੋ ਪ੍ਰਕਾਰ ਦੀ ਹੈ ਰਾਇ ਤੇ ਆਧਾਰਿਤ ਚੰਗਿਆਈ ਅਤੇ ਗਿਆਨ ਤੇ ਆਧਾਰਿਤ ਚੰਗਿਆਈ। ਰਾਇ ਅਸੁਰੱਖਿਅਤ ਹੁੰਦੀ ਹੈ ਇਹ ਭੁੱਲ ਸਕਦੀ ਹੈ। ਰਾਇ ਤੇ ਆਧਾਰਿਤ ਚੰਗਿਆਈ ਵੀ ਅਸੁਰੱਖਿਅਤ ਹੈ। ਗਿਆਨ ਸੁਰੱਖਿਅਤ ਹੁੰਦਾ ਹੈ ਕਿਉਂਕਿ ਇਹ ਉਸ ਦਲੀਲ ਤੇ ਆਧਾਰਿਤ ਹੁੰਦਾ ਹੈ ਕਿਸੇ ਕਾਰਣ ਬਾਰੇ ਦੱਸਦੀ ਹੈ। ਇਸ ਲਈ ਜੋ ਚੰਗਿਆਈ ਗਿਆਨ ਤੇ ਆਧਾਰਿਤ ਹੈ ਉਹ ਉੱਨੀ ਹੀ ਸੁਰੱਖਿਅਤ ਹੈ। ਰਾਇ ਤੇ ਆਧਾਰਿਤ ਚੰਗਿਆਈ ਤਾਂ ਆਦਤ ਦਾ ਤੱਤ ਹੈ। ਚੰਗਿਆਈ ਜੋ ਗਿਆਨ ਤੇ ਆਧਾਰਿਤ ਹੈ, ਦਲੀਲ ਵਾਲੇ ਵਿਸ਼ਵਾਸ ਅਤੇ ਅੰਤਰ ਦ੍ਰਿਸ਼ਟੀ ਦਾ ਸਿੱਟਾ ਹੈ। ਇਹ ਆਮ ਚੰਗਿਆਈ ਹੈ, ਦੂਜੀ ਹੈ ਦਾਰਸ਼ਨਿਕ ਚੰਗਿਆਈ।

(2) **ਐਥਨੀ ਲੋਕਤੰਤਰ ਦਾ ਆਲੋਚਕ** :- ਸੁਕਰਾਤ ਐਥਨੀ ਲੋਕਤੰਤਰ ਦਾ ਨਿੱਧੜਕ ਆਲੋਚਕ ਸੀ, ਕਿਉਂਕਿ ਇਹ ਇਸ ਪ੍ਰਕਲਪਨਾ ਤੇ ਆਧਾਰਿਤ ਸੀ ਕਿ ਕੋਈ ਵੀ ਕੁਰਸੀ ਸੰਭਾਲ ਸਕਦਾ ਹੈ। ਸੁਕਰਾਤ ਅਨੁਸਾਰ, ਰਾਜਨੀਤੀ ਇਕ ਕਲਾ ਸੀ, ਕਿੱਤਾ ਨਹੀਂ। ਇਹ ਕਲਾ ਇਸ ਲਈ ਹੈ ਕਿਉਂਕਿ ਇਸ ਲਈ ਗਿਆਨ ਦੀ ਲੋੜ ਹੈ ਅਤੇ ਇਸ ਨੂੰ ਕੇਵਲ ਇਕ ਬੁੱਧੀਜੀਵੀ ਹੀ ਸਿੱਖ ਸਕਦਾ ਹੈ, ਕਿਉਂਕਿ ਰਾਜਨੀਤੀ ਇਕ ਕਲਾ ਹੈ ਇਸ ਲਈ ਰਾਜਨੀਤਿਕ ਇਕ ਕਲਾਕਾਰ ਹੈ। ਥੋੜ੍ਹੇ ਸ਼ਬਦਾਂ ਵਿੱਚ, ਰਾਜਨੀਤੀ ਇਕ ਕਲਾ ਹੈ ਜੋ ਕਿ ਸਿੱਖਣੀ ਪੈਂਦੀ ਹੈ। ਇਹ ਤਾਂ ਮਾਹਿਰਾਂ ਦਾ ਖੇਤਰ ਹੈ। ਸੁਕਰਾਤ ਬੁੱਧੀਜੀਵੀਆਂ ਦੇ ਸ਼ਾਸ਼ਨ ਦੇ ਹੱਕ ਵਿੱਚ ਸੀ। ਉਹ ਬਹੁਗਿਣਤੀ ਦੇ ਸ਼ਾਸ਼ਨ ਦੇ ਵਿਰੁੱਧ ਸੀ। ਇਸ ਤੋਂ ਇਲਾਵਾ, ਸੁਕਰਾਤ ਦਾ ਇਹ ਵਿਚਾਰ ਸੀ ਕਿ ਰਾਜਨੀਤੀ ਲਈ ਨਾ ਕੇਵਲ ਗਿਆਨ ਦੀ ਲੋੜ ਹੈ ਸਗੋਂ ਇਸ ਨੂੰ ਨਿਸ਼ਕਾਮ ਸ਼ਰਧਾ ਦੀ ਲੋੜ ਹੈ। ਰਾਜਨੀਤੀਵੇਤਾ ਨੂੰ ਆਪਣਾ ਨਫ਼ਾ ਨਹੀਂ ਸੋਚਣਾ ਚਾਹੀਦਾ, ਸਗੋਂ ਉਸ ਨੂੰ ਤਾਂ ਸਾਥੀ ਨਾਗਰਿਕਾਂ ਦਾ ਭਲਾ ਸੋਚਣਾ ਚਾਹੀਦਾ ਹੈ। ਇਸੇ ਕੰਮ ਲਈ ਹੀ ਤਾਂ ਉਸ ਦਾ ਹੁਨਰ ਹੈ।

(3) **ਸੁਕਰਾਤ ਦਾ ਕਾਨੂੰਨ ਬਾਰੇ ਵਿਚਾਰ** :- ਸੁਕਰਾਤ ਐਥਨਜ਼ ਦਾ ਇਕ ਵਫਾਦਾਰ ਪੁੱਤਰ ਸੀ। ਨਾਗਰਿਕ ਕਾਨੂੰਨਾਂ (Civic Laws) ਨੂੰ ਪਵਿੱਤਰ ਅਤੇ ਮਹੱਤਵਪੂਰਣ ਸਮਝਦਾ ਸੀ। ਕਾਨੂੰਨ ਮਨੁੱਖੀ ਭਾਈਚਾਰੇ ਦੀਆਂ ਤਰਕਪੂਰਣ ਪ੍ਰਵਿਰਤੀਆਂ ਨੂੰ ਰੂਪ ਮਾਨ ਕਰਦੇ ਹਨ, ਇਸ ਲਈ ਸਭ ਲੋਕਾਂ ਨੂੰ ਇਹਨਾਂ ਦਾ ਪਾਲਣਾ ਕਰਨਾ ਚਾਹੀਦਾ ਹੈ। ਕਾਨੂੰਨਾਂ ਨੂੰ ਅਣਅਵੱਸ਼ਕ ਸਮਝਦੇ ਸਨ। ਸੁਕਰਾਤ ਦਾ ਪੱਕਾ ਯਕੀਨ ਸੀ ਕਿ ਰਾਜ ਦੇ ਸ਼ਾਸ਼ਨ ਵਿੱਚ ਕਾਨੂੰਨ ਦਾ ਉੱਘਾ ਸਥਾਨ ਹੈ। ਦੋਵੇਂ ਸ਼ਾਸ਼ਕ ਅਤੇ ਸਾਸ਼ਿਤ ਰਾਜ ਦੇ ਕਾਨੂੰਨ ਅਧੀਨ ਹਨ, ਪਰ ਇਸ ਦੇ ਨਾਲ ਸੁਕਰਾਤ ਦਾ ਖਿਆਲ ਸੀ ਕਿ ਰਾਜ ਦੇ ਹੁਕਮ ਤੋਂ ਰੱਬ ਦਾ ਹੁਕਮ ਉੱਚਾ ਹੈ। ਨਾਗਰਿਕ ਫਰਜ਼ ਨਾਲੋਂ ਰੱਬ ਦੀ ਸੇਵਾ ਉੱਚੀ ਹੈ। ਰਾਜ ਦੇ ਕਾਨੂੰਨਾਂ ਨੂੰ ਕੇਵਲ ਸਚਿਆਈ ਲਈ ਹੀ ਉਲੰਘਿਆ ਜਾ ਸਕਦਾ ਹੈ। ਜਦੋਂ ਉਹ ਜੇਲ੍ਹ ਵਿਚੋਂ ਭੱਜ ਸਕਦਾ ਸੀ, ਉਸ ਨੇ ਇਹ ਨਹੀਂ ਕੀਤਾ। ਅਜਿਹਾ ਨਾ ਹੋਏ ਕਿ ਲੋਕ ਉਸ ਦੇ ਬਚ ਨਿਕਲਣ ਨੂੰ ਨਿੰਦਣ ।

## ਸਾਫਿਸਟਾਂ ਅਤੇ ਸੁਕਰਾਤ ਵਿਚ ਅੰਤਰ

ਸੁਕਰਾਤ ਨੂੰ ਇਕ ਤਰ੍ਹਾਂ ਸਾਫਿਸਟ ਵਿਚਾਰਵਾਨ ਕਿਹਾ ਜਾ ਸਕਦਾ ਹੈ। ਉਸ ਕੋਲ ਕਮਾਲ ਦੀ ਦਲੀਲਬਾਜ਼ੀ ਅਤੇ ਭਾਸ਼ਣ ਕਲਾ ਦੀ ਤਾਕਤ ਸੀ। ਉਹ ਚਰਚਾ ਦੀ ਕਲਾ ਵਿਚ ਵਿਸ਼ੇਸ਼ੱਗ ਸੀ ਅਤੇ ਆਪਣੇ ਪੱਖ ਦੀ ਭਰਪੂਰ ਵਿਆਖਿਆ ਕਰਦਾ ਸੀ। ਸਾਫਿਸਟਾਂ ਦੀ ਤਰ੍ਹਾਂ ਉਹ ਵੀ ਇਕ ਮਾਨਵਵਾਦੀ ਚਿੰਤਕ ਸੀ, ਜਿਸ ਨੇ ਮਨੁੱਖੀ ਕੀਮਤਾਂ ਤੇ ਜ਼ੋਰ ਦਿੱਤਾ। ਉਹ ਵਿਚਾਰਾਂ ਦੀ ਆਜ਼ਾਦੀ ਦਾ ਪੱਕਾ ਸਮਰੱਥਕ ਸੀ। ਉਹ ਸਦਾਚਾਰ ਨੂੰ ਭਾਈਚਾਰੇ ਦਾ ਮੂਲ ਮੰਨਦਾ ਸੀ। ਇਹਨਾਂ ਪ੍ਰਤੱਖ ਸਮਰੂਪਤਾਵਾਂ ਦੇ ਬਾਵਜੂਦ ਸੁਕਰਾਤ ਅਤੇ ਸਾਫਿਸਟਾਂ ਦੇ ਖਿਆਲਾਂ ਵਿੱਚ ਮਹੱਤਵਪੂਰਣ ਫਰਕ ਹਨ। ਇਹ ਨਿਮਨ ਲਿਖਤ ਹਨ :-

(1) ਸਾਫਿਸਟਾਂ ਨੇ ਨਾਗਰਿਕ ਕਾਨੂੰਨ ਕੋਈ ਮਹੱਤਤਾ ਵਾਲੀ ਥਾਂ ਨਹੀਂ ਦਿੱਤੀ। ਉਹ ਕਾਨੂੰਨ ਨੂੰ ਪ੍ਰਕਿਰਤੀ ਦੇ ਵਿਰੁੱਧ ਸਮਝਦੇ ਸਨ ਅਤੇ ਉਹਨਾਂ ਤਾਂ ਇਹ ਵੀ ਸਲਾਹ ਦਿੱਤੀ ਕਿ ਕਾਨੂੰਨਾਂ ਨੂੰ ਟਾਲਿਆ ਜਾਏ। ਉਹਨਾ ਅਨੁਸਾਰ ਆਮ ਕਰਕੇ ਕਾਨੂੰਨ ਦੀ ਪਾਲਣਾ ਗਲਤ ਸੀ। ਇਸ ਦੇ ਉਲਟ ਸੁਕਰਾਤ ਨੂੰ ਕਾਨੂੰਨਾਂ ਦੀ ਪਵਿੱਤਰਤਾ ਅਤੇ ਰਿਵਾਜ਼ਾਂ ਦੇ ਸਦਾਚਾਰ ਵਿੱਚ ਪੱਕਾ ਯਕੀਨ ਸੀ। ਉਸ ਨੇ ਨਾਗਰਿਕਾਂ ਨੂੰ ਕਿਹਾ ਕਿ ਇਹਨਾਂ ਦੀ ਪੂਰੀ ਪਾਲਣਾ ਕਰਨਾ। ਉਸ ਦਾ ਆਪਣਾ ਕਾਨੂੰਨੀ ਪਾਲਣਾ ਦੀ ਉਦਾਹਰਣ ਹੈ।

(2) ਸਾਫਿਸਟਾਂ ਦੇ ਅਨੁਸਾਰ, 'ਤਾਕਤ ਹੀ ਕਾਨੂੰਨ ਹੈ' ਦਾ ਸਿਧਾਂਤ ਉਚਿਤ ਸੀ, ਪਰ ਸੁਕਰਾਤ ਅਨੁਸਾਰ, ਇਹ ਬਿਲਕੁਲ ਅਣਉੱਚਿਤ ਸੀ। ਉਹ ਇਸ ਨੂੰ ਖਤਰਨਾਕ ਸਮਝਦਾ ਸੀ।

(3) ਸੁਕਰਾਤ ਨੂੰ ਚੰਗਿਆਈ ਦੀ ਅਸਲੀਅਤ ਵਿੱਚ ਯਕੀਨ ਸੀ। ਅਸਲੀ ਚੰਗਿਆਈ ਦੀ ਪਰਿਭਾਸ਼ਾ ਦੇ ਤੱਤ ਲੱਭਣਾ ਉਸ ਦੇ ਜੀਵਨ ਦਾ ਉਦੇਸ਼ ਸੀ। ਇਸ ਦੇ ਉਲਟ ਸਾਫਿਸਟਾਂ ਦਾ ਵਿਸ਼ਵਾਸ਼ ਸੀ ਕਿ ਵਿਸ਼ਵਵਿਆਪੀ ਚੰਗਿਆਈ ਤੇ ਸਦਾਚਾਰ ਵਰਗੀ ਕੋਈ, ਚੀਜ਼ ਨਹੀਂ ਹੈ।

(4) ਸਾਫਿਸਟਾਂ ਦੀ ਤਰ੍ਹਾਂ ਸੁਕਰਾਤ ਨੂੰ ਇਹ ਵਿਸ਼ਵਾਸ਼ ਨਹੀਂ ਸੀ ਕਿ ਚੰਗਿਆਈ ਇਕ ਹੁਨਰ ਸੀ ਜਿਸ ਦੀ ਨਿਪੁੰਨਤਾ ਕੇਵਲ ਇਕ ਵਿਸ਼ੇਸ਼ ਗਿਆਨ ਰਾਹੀਂ ਹੋ ਸਕਦੀ ਹੈ। ਇਹ ਗਿਆਨ ਆਪਣੇ ਆਪ ਵਿਚ ਵਿਸ਼ੇਸ਼ ਸੀ। ਸੁਕਰਾਤ ਨਹੀਂ ਮੰਨਦਾ ਸੀ ਕਿ ਮਾਨਵੀ ਵਰਤਾਓ ਦਾ ਕੋਈ ਖਾਸ ਹੁਨਰ ਸੀ ਜਾਂ ਇਕ ਖਾਸ ਹੁਨਰ ਦੇ ਅਭਿਆਸ ਵਿੱਚ ਕੋਈ ਖਾਸ ਚੰਗਿਆਈ ਸੀ। ਉਸ ਦਾ ਵਿਚਾਰ ਸੀ ਕਿ ਚੰਗਿਆਈ ਤਾਂ ਇਕ ਆਮ ਯੋਗਤਾ ਹੈ।

(5) ਸਾਫਿਸਟਾਂ ਦੀ ਤਰ੍ਹਾਂ ਸੁਕਰਾਤ ਸੰਸਾਰ ਨੂੰ ਮਸ਼ੀਨਰੀ ਨਹੀਂ ਸਮਝਦਾ ਸੀ। ਉਸ ਦੇ ਵਿਚਾਰਾਂ ਦਾ ਆਧਾਰ ਉਦੇਸ਼ਵਾਦੀ ਸੀ, ਮਸ਼ੀਨੀ ਨਹੀਂ। ਉਸ ਨੇ ਨਾ ਕੇਵਲ ਪ੍ਰਕਿਰਤੀ ਦੇ ਤੱਤਾਂ ਦੀ ਸਗੋਂ ਉਹਨਾਂ ਦੇ ਉਦੇਸ਼ ਦੀ ਵੀ ਘੋਖ ਕੀਤੀ। ਸੁਕਰਾਤ ਚੀਜ਼ਾਂ ਦਾ ਉਦੇਸ਼ਵਾਦੀ ਸਪਸ਼ਟੀਕਰਣ ਚਾਹੁੰਦਾ ਸੀ।

(6) ਸਾਫਿਸਟਾਂ ਵਾਂਗ ਸੁਕਰਾਤ ਵੀ ਰਾਜਨੀਤੀ ਦੀ ਪੇਸ਼ਾਗਿਰੀ ਦੇ ਮੱਤ ਨੂੰ ਮੰਨਦਾ ਸੀ। ਪਰ ਰਾਜਨੀਤੀ ਦੇ ਕਿੱਤੇ ਲਈ ਜਿਹੜੀ ਸਿੱਖਿਆ ਉਹ ਚਾਹੁੰਦਾ ਸੀ ਉਹ ਸਾਫਿਸਟਾਂ ਤੋਂ ਅੱਗੇ ਜਾਂਦੀ ਸੀ। ਇਹ ਇਕ ਤਰ੍ਹਾਂ ਦੀ ਦਾਰਸ਼ਨਿਕ ਸਿੱਖਿਆ ਸੀ ਜੋ ਰਾਜਨੀਤੀ ਦੇ ਮੁੱਢਲੇ ਸਿਧਾਂਤਾਂ ਦੀ ਪੱਕੀ ਸਮਝ ਦਿੰਦੀ ਸੀ। ਜੋ ਸਿਖਲਾਈ ਸਾਫਿਸਟ ਦਿੰਦੇ ਸਨ ਉਹ ਕੇਵਲ ਉਪਯੋਗਤਾਵਾਦੀ ਅਤੇ ਪਵਿਰਮਾਣਵਾਦੀ ਸੀ। ਇਸ ਦੇ ਉਲਟ ਉਦੇਸ਼ ਅਮੀਰ ਸ਼੍ਰੇਣੀਆਂ ਦੇ ਚੇਲਿਆਂ ਦੇ ਸੁਆਰਥੀ ਉਦੇਸ਼ਾਂ ਦੀ ਪੂਰਤੀ ਸੀ।

ਪਲੈਟੋ ਤੋਂ ਪਹਿਲਾਂ ਦੇ ਯੂਨਾਨੀ ਰਾਜਨੀਤਿਕ ਵਿਚਾਰ ਦਾ ਬਿਰਤਾਂਤ ਮੁਕਾਉਣ ਤੋਂ ਪਹਿਲਾਂ ਅਸੀਂ ਸੁਕਰਾਤ ਦੇ ਛੋਟੇ-ਮੋਟੇ ਵਾਰਸਾਂ ਤੇ ਪੈਰੋਕਾਰਾਂ ਦੇ ਰਾਜਨੀਤਿਕ ਸਿਧਾਂਤ ਦਾ ਸੰਖੇਪ ਵਰਣਨ ਕਰਾਂਗੇ। ਇਹਨਾਂ ਵਿੱਚ ਆ ਜਾਂਦੇ ਹਨ ਐਗਜੋਟੋਫਨ, ਆਈਸੋਕਰੇਟੀਜ਼, ਸੀਨਿਕਸ ਅਤੇ ਸਾਇਰਨੈਕਸ।

ਐਗਜੋਨੋਟੋਫੇਨ ਐਥਨੀ ਲੋਕਤੰਤਰ ਵਿਚ ਸਮਰੱਥਾ ਦੀ ਘਾਟ ਕਰਕੇ ਇਸ ਦੇ ਖਿਲਾਫ ਸੀ। ਉਹ ਰਾਜ ਨੂੰ ਫੌਜ ਵਾਂਗ ਅਤੇ ਕੰਮ ਦੀ ਵੰਡ ਦੇ ਆਧਾਰ ਤੇ ਸੰਗਿਠਤ ਕਰਨਾ ਚਾਹੁੰਦਾ ਸੀ। ਉਹ ਰਾਜ ਨੂੰ ਸਦਾਚਾਰੀ

ਤੇ ਵਿਦਿਅਕ ਸਮਝਦਾ ਸੀ। ਉਹ ਰਾਜਤੰਤਰੀ ਸਾਸ਼ਨ ਦੇ ਪੱਖ ਵਿੱਚ ਸੀ।

ਸੁਕਰਾਤ ਦੇ ਵਿਰੁੱਧ ਆਈਸੋਕਰੇਟੀਜ਼ ਦਾ ਵਿਚਾਰ ਸੀ ਕਿ ਅਸਲੀ ਕੰਮਾਂ ਵਿਚ ਵਿਗਿਆਨ ਨਾਲੋਂ ਰਾਇ ਇਕ ਚੰਗੀ ਆਗੂ ਸੀ। ਉਸ ਦਾ ਝੁਕਾਅ ਮਸ਼ੀਨੀ ਵੀ ਸੀ। ਉਸ ਨੂੰ ਭਾਸ਼ਨਕਾਰੀ ਵਿਚ ਯਕੀਨ ਸੀ। ਉਸ ਦੀ ਵਿਦਿਆ ਭਾਸ਼ਨਕਾਰੀ ਦੀ ਵਿਦਿਆ ਸੀ। ਉਹ ਮਹਿਸੂਸ ਕਰਦਾ ਸੀ ਕਿ ਸਭ ਤੋਂ ਵੱਡਾ ਪ੍ਰਸ਼ਨ ਨਗਰ ਰਾਜ ਦੀ ਅੰਦਰੂਨੀ ਰਾਜਨੀਤੀ ਦਾ ਨਹੀਂ, ਸਗੋਂ ਇਹ ਪ੍ਰਸ਼ਨ ਤਾਂ ਹਰ ਨਗਰ ਦਾ ਬਾਕੀ ਦੇ ਰਾਜਾਂ ਨਾਲ ਸੰਬੰਧਾਂ ਦਾ ਸੀ।

ਸੀਨਿਕਸ ਵਿਸ਼ਵਵਾਦ ਅਤੇ ਸੰਸਾਰ ਨਾਗਰਿਕਤਾ ਦੇ ਹੱਕ ਵਿੱਚ ਸਨ। ਉਹ ਸਾਂਝੇ ਭਾਈਚਾਰੇ ਤੇ ਇਸ ਦੇ ਵਰਗਾਂ ਤੇ ਸੰਸਥਾਵਾਂ ਨੂੰ ਘਿਰਣਾ ਕਰਦੇ ਸਨ। ਉਹ ਧਨ, ਸੰਪਤੀ, ਟੱਬਰ ਅਤੇ ਜਿਸ ਚੀਜ਼ ਵਿੱਚ ਵਰਗ ਸਨ ਜਾਂ ਥਾਂ ਪ੍ਰਥਮਤਾ ਸੀ ਦੇ ਵੈਰੀ ਸਨ। ਇਕ ਮਨੁੱਖ ਐਨਾ ਹੀ ਚੰਗਾ ਸੀ ਜਿਨ੍ਹਾਂ ਦੂਜਾ ਅਤੇ ਇਕ ਥਾਂ ਐਨੀ ਹੀ ਚੰਗੀ ਸੀ ਜਿਨੀ ਦੂਜੀ। ਉਹ ਕਿਸੇ ਨਗਰ, ਘਰ ਜਾਂ ਮੁਲਕ ਨੂੰ ਨਹੀਂ ਅਪਨਾਉਂਦੇ। ਉਹਨਾਂ ਨੂੰ ਸੁਕਰਾਤ ਦੇ 'ਗਿਆਨ ਹੀ ਚੰਗਿਆਈ ਹੈ' ਦੇ ਸਿਧਾਂਤ ਵਿਚ ਯਕੀਨ ਸੀ। ਉਹ ਕਹਿੰਦੇ ਸਨ ਕਿ ਸਾਰੀਆਂ ਬਾਹਰੀ ਚੀਜ਼ਾਂ ਨੇਕੀ ਦੇ ਰਾਹ ਵਿੱਚ ਰੋਕਾਂ ਸਨ ਅਤੇ ਸਾਰੇ ਸਮਾਜਿਕ ਧੰਦੇ ਵਿਘਨ ਸਨ। ਰਾਜ ਇੱਕ ਫਜ਼ੂਲ ਚੀਜ਼ ਸੀ। ਮਨੁੱਖ ਆਪਣੇ ਆਪ ਵਿੱਚ ਪੂਰਾ ਅਤੇ ਆਪਣੇ ਤੋਂ ਬਾਹਰ ਹਰ ਵਸਤੂ ਤੋਂ ਸੁਤੰਤਰ ਹੈ। ਵਿਅਕਤੀਵਾਦ ਸਾਈਨਿਕਸਾਂ ਦਾ ਧੁਰਾ ਸੀ।

ਸਾਇਰਨੇਕਸ ਨੇ ਸਾਈਨਿਕਸਾਂ ਦੇ ਵਿਅਕਤੀਵਾਦ ਨੂੰ ਅਪਣਾਇਆ। ਇਹਨਾਂ ਅਨੁਸਾਰ ਮੁਕਤੀ ਲਈ ਗਿਆਨ ਕਾਫ਼ੀ ਸੀ, ਪਰ ਮੁਕਤੀ ਆਨੰਦ ਦਾ ਪਿੱਛਾ ਕਰਨ ਵਿਚ ਸੀ। ਉਹਨਾਂ ਅਨੁਸਾਰ ਕਾਨੂੰਨ ਤਾਂ ਰਿਵਾਜੀ ਹੁੰਦਾ ਹੈ। ਠੀਕ ਅਤੇ ਗਲਤ ਕੁਦਰਤੀ ਨਹੀਂ ਹੁੰਦੇ ਰਿਵਾਜ਼ ਅਤੇ ਕਾਨੂੰਨ ਨਾਲ ਬਣਦੇ ਹਨ ਪਰ ਮਨੁੱਖ ਨੂੰ ਆਨੰਦ ਆਪਣੇ ਮਿੱਤਰਾਂ ਜਾਂ ਦੇਸ਼ ਦੇ ਆਨੰਦ ਵਿੱਚ ਲੱਭਣਾ ਚਾਹੀਦਾ ਹੈ।

## ਯੂਨਾਨੀ ਰਾਜਨੀਤਿਕ ਸਿਧਾਂਤ ਦਾ ਪਲੈਟੋ ਤੇ ਅਸਰ

ਉਪਰ ਅਸੀਂ ਪਲੈਟੋ ਦੇ ਪੂਰਵਵਰਤੀ ਰਾਜਨੀਤਕ ਵਿਚਾਰਾਂ ਨੂੰ ਬਿਆਨ ਕੀਤਾ ਹੈ। ਇਹ ਰਾਜਨੀਤਿਕ ਸਿਧਾਂਤ ਬਹੁਤ ਕਰਕੇ ਸਾਫਿਸਟਾਂ ਅਤੇ ਸੁਕਰਾਤ ਨੇ ਦਿੱਤੇ, ਭਾਵੇਂ ਸਾਫਿਸਟਾਂ ਤੋਂ ਪਹਿਲਾਂ ਅਤੇ ਸੁਕਰਾਤ ਤੋਂ ਬਾਅਦ ਦੇ ਵੀ ਚਿੰਤਕ ਹੋਏ। ਪਲੈਟੋ ਦਾ ਰਾਜਨੀਤਿਕ ਵਿਚਾਰ ਵਿਚਰ ਰਹੇ ਯੂਨਾਨੀ ਸਮਾਜਿਕ ਅਤੇ ਰਾਜਨੀਤਿਕ ਹਾਲਤਾਂ ਤੇ ਸੋਚ ਦੇ ਅਸਰ ਨਾਲ ਬਣਿਆ। ਸਭ ਤੋਂ ਵੱਧ ਅਸਰ ਉਸ ਉੱਤੇ ਸਾਫਿਸਟਾਂ ਅਤੇ ਸੁਕਰਾਤ ਦੇ ਵਿਚਾਰਾਂ ਦਾ ਹੋਇਆ। ਪਲੈਟੋ ਦੇ ਰਾਜਨੀਤਿਕ ਦਰਸ਼ਨ ਦੇ ਮੁੱਖ ਸਿਧਾਂਤ ਇਹ ਹਨ :-

(1) ਦਾਰਸ਼ਨਿਕ ਰਾਜੇ ਦਾ ਸੰਕਲਪ ।

(2) ਨਿਆਂ ਦਾ ਸੰਕਲਪ, ਕੰਮ ਦੀ ਵਿਸ਼ੇਸ਼ਗਤਾ ਦੇ ਰੂਪ ਵਿਚ।

(3) ਪਤਨੀਆਂ ਅਤੇ ਸੰਪਤੀ ਦਾ ਸਾਮਵਾਦ।

(4) ਵਿਦਿਆ ਦਾ ਸੰਕਲਪ, ਇਕ ਸਮਾਜਿਕ ਪ੍ਰਕਿਰਿਆ ਅਤੇ ਅਧਿਆਤਮਕ ਲੋੜ ਦੇ ਰੂਪ ਵਿਚ।

ਉਸ ਦੇ ਸਿਧਾਂਤ ਉੱਤੇ ਸਾਫਿਸਟਾਂ ਅਤੇ ਉਸ ਦੇ ਅਧਿਆਪਕ, ਸੁਕਰਾਤ, ਦਾ ਪ੍ਰਭਾਵ ਹੈ। ਸੱਚ ਮੁੱਚ ਹੀ ਪਲੈਟੋ ਉੱਤੇ ਐਥਨਜ਼ ਜਾਂ ਪੰਜਵੀਂ ਸਦੀ ਦੇ ਜੁਸ਼ੀਲੇ ਖਿਆਲਾਂ ਦਾ ਆਮ ਕਰਕੇ ਪ੍ਰਭਾਵ ਹੈ। "ਗਣਤੰਤਰ" ਸਿਧਾਂਤ (ਪਲੈਟੋ ਦੀ ਪ੍ਰਸਿੱਧ ਰਚਨਾ) ਪਲੈਟੋ ਦੇ ਦਿਮਾਗ ਵਿਚੋਂ ਇਕ ਦਮ ਸਵੈ-ਉਤਪੰਨ ਨਹੀਂ ਹੋਇਆ। ਇਸ ਦੀ ਭੂਮਿਕਾ ਅਤੇ ਤਿਆਰ ਪੂਰਵ ਵਿਚਾਰਾਂ ਵਿੱਚ ਹੈ। ਪਲੈਟੋ ਦੇ ਪੂਰਵਰਤੀਆਂ ਨੇ ਉਸ ਨੂੰ ਨਾ ਕੇਵਲ ਇਕ ਪ੍ਰੇਰਨਾ ਅਤੇ ਆਰੰਭਿਕ ਸਥਾਨ ਦਿੱਤਾ, ਉਹਨਾਂ ਉਸ ਨੂੰ ਕੁੱਝ ਸਮੱਗਰੀ ਵੀ ਦਿੱਤੀ ਜੋ ਉਸ ਨੇ ਵਰਤੀ। ਸਾਫਿਸਟ ਮੱਤ ਨੇ ਪ੍ਰਕਿਰਤੀ ਦੇ ਕਾਨੂੰਨ ਨਾਲ ਟਾਕਰਾ ਕੀਤਾ ਸੀ ਅਤੇ ਤਾਕਤ ਨੂੰ ਉਚਿਤ ਮੰਨਿਆ ਸੀ। ਇਸ ਮਤ ਨੇ ਯੂਨਾਨੀ ਧਿਆਨ ਭੌਤਿਕ ਦਰਸ਼ਨ ਤੋਂ ਹਟਾ ਕੇ ਰਾਜਨੀਤੀ ਦਰਸ਼ਨ ਵੱਲ

ਮੋੜਿਆ। ਮਾਨਵਵਾਦ ਉਹਨਾਂ ਦੀਆਂ ਲਿਖਤਾਂ ਦਾ ਮੂਲ ਭਾਵ ਸੀ। ਸਾਫਿਸਟਾਂ ਦੀ ਪੀੜ੍ਹੀਆਂ ਦੇ ਸਾਫਿਸਟ ਪਲੈਟੋ ਦੇ "ਵਾਰਤਾਲਾਪ" ਵਿੱਚ ਬਹੁਤ ਦਿੱਸਦੇ ਹਨ। ਪਲੈਟੋ ਨੇ ਉਹਨਾਂ ਵਿਚੋਂ ਕੁਝ ਵਿਚਾਰ ਰੱਦ ਕੀਤੇ , ਕੁਝ ਮੰਨੇ। ਪਲੈਟੋ "ਤਾਕਤ ਉਚਿਤ ਹੈ" ਕਥਨ ਬਾਰੇ ਅਤਿਵਾਦੀ ਮਤ ਨਾਲ ਸਹਿਮਤ ਨਹੀਂ ਸੀ। ਪਲੈਟੋ ਸਦਗੁਣਾਂ ਨਾਲ ਭਰਪੂਰ ਪਰਮ ਮਨੁੱਖ ਹੈ, ਸਭ ਤੋਂ ਤਕੜਾ ਆਦਮੀ ਨਹੀਂ। ਮਾਨਵਵਾਦ ਦਾ ਅਸੂਲ ਪਲੈਟੋ ਨੇ ਸਾਫਿਸਟਾਂ ਤੋਂ ਅਪਣਾਇਆ। ਪਲੈਟੋ ਸੁਕਰਾਤ ਦੇ ਵਿਚਾਰਾਂ ਦਾ ਪ੍ਰਤਿਨਿੱਧ ਹੈ। ਉਸ ਦੇ ਅਧਿਆਪਕ ਦਾ ਅਕਸ ਉਸ ਦੇ ਮਨ ਵਿੱਚ ਕਦੇ ਨਾ ਮਿਟਿਆ। ਪਲੈਟੋ ਸੁਕਰਾਤ ਦੇ ਮਾਨਵਤਾ ਨੂੰ ਦਿੱਤੇ ਸਭ ਤੋਂ ਵੱਡੇ ਵਿਰਸੇ ਦਾ ਪ੍ਰਤਿਨਿੱਧ ਹੈ ਪਲੈਟੋ ਆਪਣੇ 'ਵਾਰਤਾਲਾਪ' ਵਿੱਚ ਸੁਕਰਾਤ ਸਿਆਣਪ ਨੂੰ ਇਕ ਵਿਅਕਤੀ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਉਪਰੋਕਤ ਅਨੁਸਾਰ, ਸੁਕਰਾਤ ਦੇ ਵਿਚਾਰ ਦੇ ਮੁੱਖ ਸਿਧਾਂਤ ਇਹ ਹਨ

(1) ਨੇਕੀ ਗਿਆਨ ਹੈ (Virture is Knowledge)।

(2) ਰਾਜਨੀਤੀ ਇਕ ਹੁਨਰ ਹੈ (Politics is an Art)।

(3) ਅਸਲੀਅਤ ਦਾ ਸਿਧਾਂਤ (ਅਸਲੀਅਤ ਇਕ ਵਿਚਾਰ ਹੈ, ਚੀਜ਼ ਨਹੀਂ)

ਇਹ ਸਾਰੇ ਸਿਧਾਂਤ ਪਲੈਟੋ ਦੇ ਵਿਚਾਰਾਂ ਵਿਚ ਮਿਲਦੇ ਹਨ। ਪਲੈਟੋ ਦਾ ਫਿਲਾਸਫਰ ਰਾਜੇ ਦਾ ਸੰਕਲਪ ਸੁਕਰਾਤ ਦਾ "ਨੇਕੀ ਗਿਆਨ ਹੈ; ਸੱਚਾ ਗਿਆਨ ਚੰਗਿਆਈ ਹੈ" ਦੇ ਸਿਧਾਂਤ ਤੇ ਆਧਾਰਿਤ ਹੈ। ਪਲੈਟੋ ਦਾ "ਆਦਰਸ਼ ਰਾਜ" ਦਾ ਸੰਕਲਪ ਸੁਕਰਾਤ ਦੇ ਅਸਲਵਾਦ ਦੇ ਸਿਧਾਂਤ ਨੂੰ ਦਰਸਾਉਂਦਾ ਹੈ। ਪਲੈਟੋ ਆਦਰਸ਼ ਰਾਜ ਨੂੰ ਅਸਲੀ ਰਾਜ ਮੰਨਦਾ ਹੈ। ਭਾਵੇਂ ਇਹ ਕਾਲਪਨਿਕ ਸੰਸਾਰ ਹੀ ਹੋਵੇ। ਸੁਕਰਾਤ ਵਾਂਗ ਪਲੈਟੋ ਰਾਜਨੀਤੀ ਨੂੰ ਕਲਾ ਮੰਨਦਾ ਹੈ। ਇਸ ਲਈ ਉਸ ਦੇ ਅਨੁਸਾਰ, ਜਿਸ ਨੂੰ ਲੋਕਾਂ ਤੇ ਸ਼ਾਸ਼ਨ ਕਰਨ ਦੀ ਸਿਖਲਾਈ ਦਿੱਤੀ ਗਈ ਹੈ, ਨੂੰ ਸ਼ਾਸ਼ਕ ਹੋਣਾ ਚਾਹੀਦਾ ਹੈ। ਨਾਲੇ ਸੁਕਰਾਤ ਵਾਂਗ ਪਲੈਟੋ ਵੀ ਐਥਨੀ ਲੋਕਤੰਤਰ ਦਾ ਆਲੋਚਕ ਹੈ, ਅਤੇ ਉਹ ਕੰਮਾਂ ਦਾ ਵਿਸ਼ੇਸ਼ਤਾ ਤੇ ਵਿਧਾਨਵਾਦ ਵਿਚ ਯਕੀਨ ਰੱਖਦਾ ਸੀ।

ਸਿੱਟੇ ਵਜੋਂ, ਇਹ ਕਿਹਾ ਜਾ ਸਕਦਾ ਹੈ ਕਿ ਜੋ ਰਾਜਨੀਤਿਕ ਵਿਚਾਰ ਪਲੈਟੋ ਨੇ ਪ੍ਰਫੁਲਤ ਕੀਤੇ, ਉਹ ਸੁਕਰਾਤ ਦੇ ਸਨ ਅਤੇ ਪਲੈਟੋ ਨੇ ਇਹ ਸਿੱਧੇ ਸੁਕਰਾਤ ਕੋਲੋਂ ਸਿੱਖੇ। ਪਲੈਟੋ ਦੇ ਦਾਰਸ਼ਨਿਕ ਵਿਚਾਰਾਂ ਦੇ ਬੀਜ ਸੁਕਰਾਤੀ ਹਨ, ਪਰ ਇਹਨਾਂ ਦੀ ਪੂਰੀ ਸ਼ਕਤੀ ਪਲੈਟੋਨੀ ਹੈ।

## ਸਾਰੰਸ਼

ਇਸ ਪਾਠ ਵਿੱਚ ਅਸੀਂ ਪਹਿਲਾਂ ਪੰਜਵੀਂ ਸਦੀ ਬੀ. ਸੀ. ਦੇ ਯੂਨਾਨ ਵਿਚਲੀਆਂ ਸਮਾਜਿਕ ਅਤੇ ਰਾਜਨੀਤਿਕ ਹਾਲਤਾਂ ਦੀ ਚਰਚਾ ਕੀਤੀ ਹੈ। ਉਸ ਪਿੱਛੋਂ ਅਸੀਂ ਸਾਫਿਸਟਾਂ ਤੋਂ ਪੂਰਵ ਕੁਝ ਉਘੇ ਚਿੰਤਕਾਂ ਦੇ ਵਿਚਾਰ ਦਾ ਸੰਕੇਤ ਦਿੱਤਾ ਹੈ। ਫਿਰ ਅਸੀਂ ਯੂਨਾਨ ਦੇ ਰਾਜਨੀਤਿਕ ਸਿਧਾਂਤ ਦੇ ਮੁੱਖ ਅਸੂਲਾਂ ਦੀ ਵੀ ਚਰਚਾ ਕੀਤੀ ਅਤੇ ਇਹ ਦੱਸਿਆ ਹੈ ਕਿ ਕਿੱਥੋਂ ਤਕ ਇਸ ਨੇ ਪਲੈਟੋ ਤੇ ਪ੍ਰਭਾਵ ਪਾਇਆ। ਫਿਰ ਅਸੀਂ ਇਹ ਨਿਰਣਾ ਕੱਢਿਆ ਹੈ ਕਿ ਸਾਫਿਸਟਾਂ ਅਤੇ ਸੁਕਰਾਤ ਰਾਹੀਂ ਪ੍ਰਗਟਾਇਆ ਗਿਆ ਯੂਨਾਨੀ ਰਾਜਨੀਤਿਕ ਸਿਧਾਂਤ ਪਲੈਟੋ ਦੇ ਦਰਸ਼ਨ ਦਾ ਮੁੱਖ ਬਣਿਆ। ਭਾਵੇਂ ਪਲੈਟੋ ਨੇ ਆਪਣੇ ਹੀ ਸਿੱਟੇ ਕੱਢੇ।

## ਅਭਿਆਸ ਲਈ ਪ੍ਰਸ਼ਨ :

1. ਪਲੈਟੋ ਦੇ ਫਲਸਫੇ ਤੇ ਉਸਤੋਂ ਪਹਿਲਾਂ ਦੇ ਚਿੰਤਕਾਂ ਦੇ ਪ੍ਰਭਾਵ ਦੀ ਵਿਆਖਿਆ ਕਰੋ।

## Book for Reference


1. Ernest Barker : Greek Political Theory, Ch. I to V.
2. G.H. Sabine : A History of Political Theory, Ch. II
3. Foster, E.M. : Masters of Political Thought, Ch.I
4. Sushila Ramaswamy & Subrata Mukherjee : Western Political Thought

ਪਾਠ ਨੰ: 1.4

# ਪਲੈਟੋ ਦਾ ਆਦਰਸ਼ ਰਾਜ ਅਤੇ ਪਲੈਟੋ ਦੇ ਦਾਰਸ਼ਨਿਕ ਰਾਜੇ ਦਾ ਸਿਧਾਂਤ

## (Plato's Ideal State)

**1.4.1 ਪਲੈਟੋ ਦਾ ਆਦਰਸ ਰਾਜ** :– ਸੁਕਰਾਤ ਦੇ ਸਿਧਾਂਤ-ਆਦਰਸ਼ ਹੀ ਅਸਲੀ ਹੈ (Ideal is Real)–ਨੇ ਪਲੈਟੋ ਦੇ ਫਲਸਫੇ ਨੂੰ ਗੂੜ੍ਹੀ ਰੰਗਤ ਦੇ ਦਿੱਤੀ ਅਤੇ ਉਸ ਦੇ **'ਆਦਰਸ਼ ਰਾਜ'** ਨੂੰ ਜਨਮ ਦਿੱਤਾ। ਇਸ ਸਿਧਾਂਤ ਅਨੁਸਾਰ ਅਸਲੀਅਤ ਚੀਜ਼ਾਂ ਦੇ ਕੇਵਲ ਵਿਚਾਰਾਂ ਵਿੱਚ ਮੌਜੂਦ ਹੈ, ਨਾ ਕਿ ਉਹਨਾਂ ਦੇ ਠੋਸ ਪ੍ਰਗਟਾ ਵਿੱਚ। ਚੀਜ਼ਾਂ ਦੇ ਵਿਚਾਰਾਂ ਦਾ ਰੂਪ ਪੱਕਾ ਹੁੰਦਾ ਹੈ ਜਦੋਂ ਕਿ ਉਹਨਾਂ ਦੀਆਂ ਠੋਸ ਸ਼ਕਲਾਂ ਨਾਸ਼ਵਾਨ ਹਨ ਅਤੇ ਬਦਲਦੀਆਂ ਰਹਿੰਦੀਆਂ ਹਨ। ਕਿਸੇ ਵੀ ਚੀਜ਼ ਦੇ ਪੱਕੇ ਸੁਭਾਅ ਨੂੰ ਪਲੈਟੋ ਵਿਚਾਰ ਕਹਿੰਦਾ ਹੈ। ਕਿਸੇ ਚੀਜ਼ ਦਾ ਵਿਚਾਰ (Idea) ਅੰਤਿਮ ਅਤੇ ਸਦੀਵੀ ਹੁੰਦਾ ਹੈ। ਉਂਵੇ ਠੋਸ ਚੀਜ਼ਾਂ ਦੀ ਹੋਂਦ ਤੋਂ ਬਿਨਾਂ ਇਹ ਵਿਚਾਰ ਨਹੀਂ ਹੋ ਸਕਦਾ, ਤਾਂ ਇਸ ਦੀ ਆਪਣੀ ਸੁਤੰਤਰ ਤੇ ਪਰਮ-ਤੱਤ ਅਸਲੀਅਤ ਹੁੰਦੀ ਹੈ। ਵਿਚਾਰ ਹੀ ਪੂਰਨ ਤੇ ਸਦੀਵੀ ਹੁੰਦਾ ਹੈ, ਇਸ ਲਈ ਇਹ ਅਸਲੀ ਹੈ, ਨਾ ਕਿ ਵਸਤੂ ਅਸਲੀ ਹੈ ਜਿਸ ਨੂੰ ਇਹ ਦਰਸਾਉਂਦਾ ਹੈ।

ਜਗਤ (Worlds) ਦੋ ਕਿਸਮ ਦੇ ਹਨ। ਹੋਂਦ ਦਾ ਜਗਤ ਜੋ ਸਥਿਰ ਹੈ ਕਿਉਂਕਿ ਇਹ ਸੰਪੂਰਨਤਾ ਦਾ ਜਗਤ ਹੈ। ਦੂਜਾ ਹੈ 'ਬਣਨ ਦਾ ਜਗਤ' ਜਿਹੜਾ ਗਤੀਸ਼ੀਲ ਅਤੇ ਅਪੂਰਨ ਹੈ। ਹੋਂਦ ਦਾ ਜਗਤ ਆਦਰਸ਼ਕ ਹੈ ਅਤੇ ਇਸ ਤਰ੍ਹਾਂ ਇਹ ਅਸਲੀ ਜਗਤ ਹੈ। ਇਹ ਸਰਵ-ਵਿਆਪੀ ਸੰਕਲਪਾਂ ਦਾ ਜਗਤ ਹੈ, ਜਿਹੜੇ ਸਭ ਥਾਵਾਂ ਅਤੇ ਸਮਿਆਂ ਲਈ ਉਚਿਤ ਹਨ। ਉਹ ਸਥਿਰ, ਅਮਿੱਟ ਅਤੇ ਸਦੀਵੀ ਹਨ ਤੇ ਉਹ ਹੀ ਅਸਲੀ ਹਨ। ਬਣਨ ਦਾ ਜਗਤ ਅਪੂਰਨ ਅਤੇ ਅਵਾਸਤਵਿਕ ਹੈ। ਇਹ ਸਦਾ ਹੀ ਬਦਲਦਾ ਰਹਿੰਦਾ ਹੈ। ਹੋਂਦ ਦੇ ਜਗਤ ਨੂੰ ਦਲੀਲ ਰਾਹੀਂ ਮਹਿਸੂਸ ਕੀਤਾ ਜਾਂਦਾ ਹੈ ਜਦਕਿ 'ਬਣਨ ਦੇ ਜਗਤ' ਨੂੰ ਗਿਆਨ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ। 'ਹੋਂਦ ਦਾ ਜਗਤ' ਆਦਰਸ਼ਕ ਹੈ, 'ਬਣਨ ਦਾ ਜਗਤ' ਵਾਸਤਵਿਕ ਹੈ।

ਕੇਵਲ 'ਆਦਰਸ਼' ਹੀ ਅਸਲੀ ਹੈ, 'ਵਾਸਤਵਿਕ' ਨਹੀਂ। ਕੋਈ ਵੀ ਵਾਸਤਵਿਕ ਰਾਜ ਅਸਲੀ ਨਹੀਂ ਹੋ ਸਕਦਾ ਕਿਉਂਕਿ ਇਸ ਵਿਚ ਲਗਾਤਾਰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਸਰਵ-ਵਿਆਪੀ ਅਤੇ ਸਦੀਵੀ ਨਿਯਮਾਂ ਉਤੇ ਆਧਾਰਿਤ ਆਦਰਸ਼ ਰਾਜ ਹੀ ਅਸਲੀ ਹੋ ਸਕਦਾ ਹੈ।

ਪਲੈਟੋ ਦੇ "ਗਣਤੰਤਰ"(ਉਸ ਦੀ ਪੁਸਤਕ **'The Republic'**) ਦੀ ਇਕ ਕਲਪਨਾ (Utopia) ਦੀ ਤਰ੍ਹਾਂ ਵਿਆਖਿਆ ਕੀਤੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਇਹ ਇਕ ਆਦਰਸ਼ ਪਰ ਅਵਿਵਹਾਰਿਕ ਰਾਜ ਦਾ ਚਿਤ੍ਰਣ ਕਰਦਾ ਹੈ। ਪਲੈਟੋ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਉਸ ਦਾ ਜਗਤ ਵਿਚਾਰਾਂ ਦਾ ਜਗਤ ਹੈ ਅਤੇ ਆਦਰਸ਼ ਰਾਜ ਦੀ ਭਾਲ ਵਿਚ ਜਿਧਰ ਦਲੀਲ ਲੈ ਤੁਰੇ, ਉਹ ਜਾਂਦਾ ਹੈ। ਸ਼ਾਇਦ ਉਸ ਦੇ ਰਾਜ ਦਾ ਢਾਂਚਾ ਸਵਰਗ ਵਿਚ ਹੈ ਜੋ ਕਦੀ ਵੀ ਸਾਕਾਰ ਨਹੀਂ ਹੋਵੇਗਾ।

ਉਸਦੇ ਆਦਰਸ਼ ਰਾਜ ਦਾ ਨਿਸ਼ਾਨਾ ਇਕ "ਚੰਗਾ ਜੀਵਨ" ਹੈ ਅਤੇ ਚੰਗਿਆਈ ਨੂੰ ਚਿਤ੍ਰਣ ਦੀ ਕੋਸ਼ਿਸ਼

ਵਿਚ ਪਲੈਟੋ ਆਪਣੇ ਖਿਆਲਾਂ ਦੀ ਅੰਤਿਮ ਸੀਮਾ ਤੱਕ ਜਾਂਦਾ ਹੈ। ਅੰਤ ਵਿਚ ਉਹ ਸਮੇਂ ਅਤੇ ਸਥਾਨ ਤੋਂ ਪਰ੍ਹੇ ਅਸਲੀਅਤ ਦੀ ਇਕ ਦੂਰ ਦ੍ਰਿਸ਼ਟੀ ਵੱਲ ਜਾਂਦਾ ਹੈ, ਜੋ ਸ਼ਾਇਦ ਇਸ ਜਗਤ ਵਿਚ ਨਾ ਹੋਵੇ। "ਗਣਤੰਤਰ" ਲਿਖਦੇ ਸਮੇਂ ਵਿਗਿਆਨਕ ਹੋਣ ਦੇ ਪੱਕੇ ਇਰਾਦੇ ਦਾ ਮਤਲਬ ਸੀ ਕਿ ਉਹ ਸਿਧਾਂਤ ਇਕ ਆਦਰਸ਼ ਰਾਜ ਦਾ ਚਿਤ੍ਰਣ ਕਰੇ, ਕੇਵਲ ਇਕ ਵਾਸਤਵਿਕ ਰਾਜ ਦਾ ਵਰਣਨ ਨਾ ਕਰੇ। ਭਾਵੇਂ ਇਹ ਵਿਰੋਧਾਭਾਸ਼ੀ (Paradoxical) ਹੀ ਲੱਗੇ, ਵਾਸਤਵ ਵਿਚ "ਗਣਤੰਤਰ" ਇਕ ਆਦਰਸ਼ ਰਾਜ ਦੀ ਤਸਵੀਰ ਖਿੱਚਦਾ ਹੈ, ਇਸ ਕਰਕੇ ਨਹੀਂ ਕਿ ਇਹ ਕਾਲਪਨਿਕ ਹੈ, ਜਿਵੇਂ ਡਨਿੰਗ ਦਾ ਵਿਚਾਰ ਹੈ ਸਗੋਂ ਇਸ ਕਰਕੇ ਕਿ ਪਲੈਟੋ ਇਸ ਨੂੰ ਚੰਗਿਆਈ ਦੇ ਸੰਕਲਪ ਦੀ ਵਿਗਿਆਨਕ ਖੋਜ ਦਾ ਆਰੰਭ ਬਨਾਉਣਾ ਚਾਹੁੰਦਾ ਸੀ।

ਪਲੈਟੋ ਚਾਹੁੰਦਾ ਸੀ ਕਿ ਭਵਿੱਖ ਦੇ ਸਿਆਸਤਦਾਨ ਉਸ ਤੋਂ ਇਹ ਜਾਣ ਸਕਣ ਕਿ "ਚੰਗਿਆਈ" ਕੀ ਹੈ ਅਤੇ ਇਕ "ਚੰਗਾ" ਰਾਜ ਕਿਵੇਂ ਸਿਰਜਿਆ ਜਾ ਸਕਦਾ ਹੈ। ਸਿਆਸਤਦਾਨ ਨੂੰ ਰਾਜ ਦੇ ਭਲੇ ਦਾ ਇਵੇਂ ਹੀ ਪਤਾ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਡਾਕਟਰ ਨੂੰ ਸਿਹਤ ਦਾ। ਇਹ ਗਿਆਨ ਹੀ ਹੈ ਜਿਹੜਾ ਇਕ ਸੱਚੇ ਸਿਆਸਤਦਾਨ ਨੂੰ ਝੂਠ ਕੋਲੋਂ ਨਿਖੇੜਦਾ ਹੈ, ਜਿਵੇਂ ਗਿਆਨ ਇਕ ਡਾਕਟਰ ਨੂੰ ਨੀਮ ਹਕੀਮ ਨਾਲੋਂ ਨਿਖੇੜਦਾ ਹੈ।

ਪਲੈਟੋ ਦਾ ਆਦਰਸ਼ ਰਾਜ ਇਕ ਆਦਰਸ਼ ਪੇਸ਼ ਕਰਦਾ ਹੈ, ਅਤੇ ਇਹ ਸਭ ਥਾਵਾਂ ਅਤੇ ਸਮਿਆਂ ਲਈ ਇਕ ਨਮੂਨਾ ਹੈ। ਸੈਬਾਈਨ ਠੀਕ ਹੀ ਕਹਿੰਦਾ ਹੈ, "ਇਸ ਪੁਸਤਕ (ਜਾਣੀ : ਰੀਪਬਲਿਕ) ਦਾ ਵਿਸ਼ਾ ਹੈ ਰਾਜ ਦੀ ਆਮ ਪ੍ਰਕਿਰਤੀ। ਇਹ ਤਾਂ ਇਕ ਉਪ-ਪ੍ਰਸ਼ਨ ਹੈ ਕਿ ਅਸਲੀ ਰਾਜ ਇਸ ਨਮੂਨੇ ਵਰਗੇ ਬਣ ਸਕਦੇ ਹਨ ਕਿ ਨਹੀਂ।" ਇਸੇ ਕਰਕੇ ਹੀ ਪਲੈਟੋ ਨੂੰ ਇਹ ਫਿਕਰ ਨਹੀਂ ਕਿ ਕੀ ਆਦਰਸ਼ਕ ਰਾਜ ਲਈ ਸੁਝਾਈਆਂ ਸੰਸਥਾਵਾਂ ਵਿਚ ਉਪਯੋਗਤਾ ਸੀ ਕਿ ਨਹੀਂ। ਇਸ ਦਾ ਇਹ ਅਰਥ ਨਹੀਂ ਕਿ ਪਲੈਟੋ ਇਕ ਸੁਪਨਸਾਜ਼ ਸੀ। ਬਾਰਕਰ ਕਹਿੰਦਾ ਹੈ ਕਿ ਇਹ ਬੱਦਲਾਂ ਵਿਚ ਰਾਜ ਨਹੀਂ, ਸਗੋਂ ਇਹ ਤਾਂ ਇਕ ਆਦਰਸ਼ ਰਾਜ ਹੈ ਅਤੇ ਇਸ ਦਾ ਉਦੇਸ਼ ਹੀ ਯੂਨਾਨ ਦੇ ਅਮਲੀ ਰਾਜਨੀਤੀਵਾਨਾਂ ਲਈ ਇਕ ਮਾਰਗ ਦਰਸ਼ਨ ਦਾ ਕੰਮ ਦੇਣਾ ਹੈ।

ਉਹ ਇਹ ਦਰਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਰਾਜ ਨੂੰ ਅਸੂਲਨ ਅਤੇ ਸਿਧਾਂਤਕ ਤੌਰ ਤੇ ਕੀ ਹੋਣਾ ਚਾਹੀਦਾ ਹੈ। ਪਲੈਟੋ ਨੇ ਇਕ ਆਦਰਸ਼ ਰਾਜ ਦੀ ਬਣਤਰ ਦਾ ਇਕ ਚਿਤ੍ਰਕਾਰ ਦੁਆਰਾ ਇਕ ਆਦਰਸ਼ ਚਿੱਤਰ ਬਨਾਉਣ ਨਾਲ ਟਾਕਰਾ ਕੀਤਾ। ਜਿਵੇਂ ਚਿਤ੍ਰਕਾਰ ਇਹ ਫਿਕਰ ਨਹੀਂ ਕਰਦਾ ਕਿ ਕੀ ਉਸ ਦੇ ਚਿੱਤਰ ਦੇ ਵਿਸ਼ੇਸ਼ ਲੱਛਣ ਕਿਤੇ ਪ੍ਰਕ੍ਰਿਤੀ ਵਿਚ ਮਿਲਦੇ ਹਨ ਕਿ ਨਹੀਂ, ਇਸੇ ਤਰ੍ਹਾਂ ਪਲੈਟੋ ਨੇ ਇਹ ਵੀ ਪ੍ਰਵਾਹ ਨਹੀਂ ਕੀਤੀ ਕਿ ਉਸ ਦੇ ਆਦਰਸ਼ ਰਾਜ ਦੀਆਂ ਸੰਸਥਾਵਾਂ ਯਥਾਰਥ ਬਣ ਸਕਦੀਆਂ ਸਨ ਕਿ ਨਹੀਂ।

ਪਲੈਟੋ ਦਾ ਆਦਰਸ਼ ਰਾਜ ਕਾਲਪਨਿਕ ਤਾਂ ਹੈ ਪਰ ਹਵਾਈ ਨਹੀਂ। ਘੱਟੋ-ਘੱਟ, ਕੁਝ ਹੱਦ ਤੱਕ, ਤਾਂ ਇਹ ਅਸਲੀ ਵਿਚਰਦੀਆਂ ਹਾਲਤਾਂ ਤੇ ਆਧਾਰਿਤ ਹੈ ਅਤੇ ਇਸ ਦਾ ਮੰਤਵ ਅਸਲੀ ਜੀਵਨ ਤੇ ਅਸਰ ਪਾਉਣਾ ਸੀ। ਇਹ ਸਪਾਰਟਾ ਅਤੇ ਹੋਰ ਯੂਨਾਨੀ ਰਾਜਾਂ ਦੀਆਂ ਸੰਸਥਾਵਾਂ ਨੂੰ ਚਿਤਰਦਾ ਹੈ ਅਤੇ ਉਹਨਾਂ ਤੇ ਅਧਾਰਿਤ ਹੈ। ਪਲੈਟੋ ਪੋਚਾ-ਪਾਚੀ ਵਿੱਚ ਯਕੀਨ ਨਹੀਂ ਰੱਖਦਾ ਸੀ। ਇਸ ਲਈ ਉਸ ਨੇ ਉਹਨਾਂ ਲਈ ਬੁਨਿਆਦੀ ਇਲਾਜ ਨਿਯਤ ਕੀਤਾ । ਯੂਨਾਨ ਦੀਆਂ ਰਾਜਨੀਤਿਕ ਮਰਜ਼ਾਂ ਲਈ ਤਿਆਰ ਕੀਤੀ ਇਸ ਦੁਆਈ ਵਿਚ ਦਲੀਲ ਦੀ ਪ੍ਰਭੂਸੱਤਾ ਸੀ। ਇਸ ਦਾ ਮਤਲਬ ਸੀ ਫਲਸਫੇ ਦਾ ਸ਼ਾਸਨ ਅਤੇ ਲਾਲਚ (Appetite) ਦੇ ਜੂਲੇ ਤੋਂ ਛੁਟਕਾਰਾ। ਇਹ ਕੁੱਝ ਕਰਨ ਦਾ ਤਰੀਕਾ ਸੀ ਸੰਪਤੀ ਅਤੇ ਟੱਬਰ ਦਾ ਸਾਮਵਾਦ ਅਤੇ ਰਾਜ ਨਿਯੰਤਰਿਤ ਸਿੱਖਿਆ ਪ੍ਰਣਾਲੀ ।

ਪਲੈਟੋ ਰਾਜਨੀਤਿਕ ਆਦਰਸ਼ਵਾਦੀ ਸੀ, ਪਰ ਉਹ ਰਾਜਨੀਤਿਕ ਯਥਾਰਥਵਾਦੀ ਵੀ ਸੀ। ਇਹ ਇਸ ਗੱਲ ਤੋਂ ਸਾਬਤ ਹੁੰਦਾ ਹੈ, ਜਦੋਂ ਉਹ ਕਹਿੰਦਾ ਹੈ ਕਿ ਸਾਡੇ ਸ਼ਾਸ਼ਕਾਂ ਨੂੰ ਮਹਿਸੂਸ ਹੋਵੇਗਾ ਕਿ ਆਪਣੇ ਲੋਕਾਂ ਦੀ ਭਲਾਈ ਲਈ ਕਾਫੀ ਝੂਠ ਅਤੇ ਧੋਖਾ ਵਰਤਣ ਦੀ ਲੋੜ ਹੈ। ਉਸ ਦਾ ਰਾਜਨੀਤਿਕ ਯਥਾਰਥਵਾਦ

ਇਸ ਗੱਲ ਤੋਂ ਵੀ ਸਾਫ਼ ਦਿੱਸਦਾ ਹੈ ਕਿ ਉਸ ਨੇ ਆਪਣੇ ਰਾਜ ਦੇ ਢਾਂਚੇ ਦਾ ਸਭ ਤੋਂ ਔਖਾ ਭਾਗ ਸਰਪ੍ਰਸਤ ਸ਼੍ਰੇਣੀ ਨੂੰ ਦਿੱਤਾ, ਜਿਸ ਦੀ ਖਾਸ ਅਤੇ ਠੀਕ ਸਿਖਲਾਈ ਇਸ ਮੰਤਵ ਲਈ ਹੋਣੀ ਸੀ। ਇਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਪਲੈਟੋ ਨੂੰ ਆਸ ਸੀ ਕਿ ਉਸਦਾ ਆਦਰਸ਼ ਰਾਜ ਸਾਕਾਰ ਹੋ ਸਕੇਗਾ। ਇਹ ਸਾਕਾਰਤਾ (Realisation) ਔਖੀ ਤਾਂ ਹੋ ਸਕਦੀ ਹੈ ਪਰ ਇਕ ਫਜ਼ੂਲ ਸੁਪਨਾ ਨਹੀਂ ਸੀ।

ਉਸ ਦਾ ਆਦਰਸ਼ ਰਾਜ ਇਕ ਅਰਥ ਵਜੋਂ ਵਾਸਤਵਿਕਤਾ ਤੋਂ ਕੋਰਾ ਨਹੀਂ ਹੈ। ਇਹ ਇਹਨਾਂ ਅਰਥਾਂ ਵਿਚ ਆਦਰਸ਼ਕ ਹੈ ਕਿ ਇਹ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਰਾਜ ਕੀ ਹੋਣਾ ਚਾਹੀਦਾ ਹੈ। ਇਹ ਮਨੁੱਖਾਂ ਦੇ ਸਰਬੋਤਮ ਅਤੇ ਚੰਗੇਰੇ ਆਪੇ ਦੀ ਕਲਪਨਾ ਹੈ ਅਤੇ ਇਹ ਇਕ ਢਾਂਚਾ ਦਰਸਾਉਂਦੀ ਹੈ ਜਿਸ ਵਿਚ ਵਿਅਕਤੀ ਆਪਣੇ ਸਰਬੋਤਮ ਆਪੇ ਨੂੰ ਪ੍ਰਗਟਾ ਸਕਦਾ ਹੈ। ਚੰਗੇ ਆਦਮੀ ਦੀ ਸੰਪੂਰਨਤਾ ਆਦਰਸ਼ ਰਾਜ ਵਿਚ ਹੀ ਸੰਭਵ ਸੀ।

## 1.4.2 ਆਦਰਸ਼ ਰਾਜ ਦੀ ਬਣਤਰ (Composition)

ਸਭ ਤੋਂ **ਪਹਿਲਾ,** ਆਦਰਸ਼ ਰਾਜ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਇਸ ਵਿਚ ਫਿਲਾਸਫਰ ਸਾਸ਼ਕ ਹਨ ਜੋ ਸੰਪੂਰਨ ਗਿਆਨ ਅਤੇ ਦਲੀਲ ਦਾ ਸਰੂਪ ਹਨ। ਉਹ ਲਾਲਸਾ ਅਤੇ ਪੱਖਪਾਤ ਤੋਂ ਉਪਰ ਹਨ। ਉਹ ਕਾਰਜਕਾਰੀ ਨੇਕੀ (Virtue in Action) ਦੇ ਪ੍ਰਤੀਨਿਧ ਹਨ। ਉਹ ਪਰਜਾ ਤੇ ਰਾਜ ਕਰਨ ਵਿਚ ਸਰਬ-ਅਧਿਕਾਰੀ ਹਨ। ਉਹਨਾਂ ਉਪਰ ਨਾ ਕਾਨੂੰਨ ਦੀ ਰੋਕ ਹੈ, ਨਾ ਰਿਵਾਜ਼ ਦੀ, ਨਾ ਲੋਕ-ਰਾਇ ਦੀ। ਇਹ ਵਿਚਾਰ ਕਿ ਕੇਵਲ ਗਿਆਨ ਵਾਲੇ ਫਿਲਾਸਫਰਾਂ ਦਾ ਹੀ ਰਾਜ ਕਰਨ ਦਾ ਹੱਕ ਬਣਦਾ ਹੈ, ਇਹ ਪਲੈਟੋ ਦੀ ਸਾਰੀ ਸਕੀਮ ਦਾ ਕੇਂਦਰੀ ਨੁਕਤਾ ਹੈ।

**ਦੂਜਾ,** ਫਿਲਾਸਫਰ-ਸਰਪ੍ਰਸਤਾਂ ਦੇ ਲਗਾਤਾਰ ਉਪਲੱਬਧ ਹੋਣ ਨੂੰ ਯਕੀਨੀ ਬਨਾਉਣ ਅਤੇ ਹਰ ਵਿਅਕਤੀ ਨੂੰ ਆਪਣਾ ਅਸਲੀ ਕਿੱਤਾ ਲੱਭਣ ਅਤੇ ਉਸ ਵਿਚ ਮੁਹਾਰਤ ਹਾਸਲ ਕਰਨ ਲਈ ਪਲੈਟੋ ਨੇ ਸਿੱਖਿਆ ਦੀ ਇਕ ਵਿਸਥਾਰ-ਪੂਰਵਕ ਅਤੇ ਰਾਜ-ਅਧੀਨ ਪ੍ਰਣਾਲੀ ਘੜੀ। ਸਭ ਸਾਸ਼ਕਾਂ ਲਈ ਇਸ ਉਚੇਰੀ ਵਿਦਿਆ ਦੇ ਪਾਠਕ੍ਰਮ ਨੂੰ ਗ੍ਰਹਿਣ ਕਰਨਾ ਆਵੱਸ਼ਕ ਸੀ। ਇਸ ਪਾਠਕ੍ਰਮ ਵਿਚ ਵਿਗਿਆਨ ਦੇ ਅਜਿਹੇ ਕੋਰਸ ਸਨ ਜਿਵੇਂ ਕਿ ਗਣਿਤ, ਤਾਰਾ-ਵਿਗਿਆਨ, ਤਰਕ-ਸ਼ਾਸਤਰ ਅਤੇ ਦਵੰਦਵਾਦ। ਮੁੱਢਲੀ ਵਿਦਿਆ ਵਿਚ ਵੀ ਪਲੈਟੋ ਨੇ ਸਰੀਰ ਅਤੇ ਮਨ ਦੀ ਸੰਪੂਰਨਤਾ ਲਈ ਜਿਮਨਾਸਟਿਕ ਅਤੇ ਸੰਗੀਤ ਦੀ ਸਿੱਖਿਆ ਰੱਖੀ। ਇਸ ਸਿਸਟਮ ਵਿਚ ਵਿਅਕਤੀਆਂ ਨੂੰ ਬਚਪਨ ਤੋਂ 34 ਸਾਲ ਦੀ ਆਯੂ ਤੱਕ ਟਰੇਨਿੰਗ ਸਾਮਿਲ ਹੈ। ਇਸ ਤਰ੍ਹਾਂ ਉਹ ਪਲੈਟੋ ਦੀ ਇੱਛਾ ਅਨੁਸਾਰ ਅਸਲੀ ਅਤੇ ਸੱਚੇ ਫਿਲਾਸਫਰ ਬਣਦੇ ਹਨ।

**ਤੀਜਾ,** ਪਲੈਟੋ ਅਨੁਸਾਰ ਫਿਲਾਸਫਰ ਸਾਸ਼ਕ ਦਾ ਰਾਜ ਦੇ ਹਿੱਤ ਤੋਂ ਛੁੱਟ ਹੋਰ ਕੋਈ ਹਿੱਤ ਨਹੀਂ ਹੋਣਾ ਚਾਹੀਦਾ। ਉਸਦੇ ਅਨੁਸਾਰ ਆਪਣੇ ਟੱਬਰ ਅਤੇ ਨਿੱਜੀ ਸੰਪਤੀ ਦੇ ਫਿਕਰਾਂ ਤੋਂ ਆਜ਼ਾਦ ਫਿਲਾਸਫਰ ਰਾਜ ਦੇ ਕੰਮਾਕਾਰਾਂ ਅਤੇ ਲੋਕ-ਗਿਆਨ ਪੈਦਾ ਕਰਨ ਅਤੇ ਪ੍ਰਾਪਤ ਕਰਨ ਵੱਲ ਬਹੁਤਾ ਧਿਆਨ ਦੇ ਸਕੇਗਾ। ਸਾਸ਼ਕਾਂ ਅਤੇ ਸਿਪਾਹੀਆਂ (Soldiers) ਕੋਲ ਕੋਈ ਨਿੱਜੀ ਸੰਪਤੀ ਨਹੀਂ। ਉਹ ਹਰ ਚੀਜ਼ ਸਾਂਝੀ ਵਰਤਦੇ ਹਨ। ਉਹਨਾਂ ਦੇ ਨਿਰਬਾਹ ਲਈ ਲੋੜੀਂਦੀਆਂ ਵਸਤੂਆਂ ਕਿਸਾਨ ਸ਼੍ਰੇਣੀ ਉਪਲੱਬਧ ਕਰਦੀ ਹੈ। ਇਹਨਾਂ ਦੋ ਉਪਰਲੀਆਂ ਸ਼੍ਰੇਣੀਆਂ ਦੀਆਂ ਔਰਤਾਂ ਇਹਨਾਂ ਸ਼੍ਰੇਣੀਆਂ ਦੇ ਮਰਦਾਂ ਲਈ ਸਾਂਝੀਆਂ ਹੁੰਦੀਆਂ ਹਨ। ਅਸਥਾਈ ਵਿਆਹ ਦੀ ਪ੍ਰਣਾਲੀ ਅਨੁਸਾਰ ਇਕ ਯੋਗ ਔਰਤ ਦਾ ਵਿਆਹ ਇਕ ਪੁਰਸ਼ ਨਾਲ ਇਕ ਮੌਸਮ ਲਈ ਤਿਆਰ ਕੀਤਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਬਾਅਦ ਦੋਹਾਂ ਨੂੰ ਅੱਡ ਕਰ ਦਿੱਤਾ ਜਾਂਦਾ ਹੈ ਅਤੇ ਜੇ ਉਹ ਇਸਤਰੀ ਅਤੇ ਪੁਰਸ਼ ਸਿਹਤਮੰਦ ਹਨ ਅਤੇ ਆਯੂ ਦੀ ਯੋਗਤਾ ਉਹਨਾਂ ਕੋਲ ਹੈ ਤਾਂ ਉਹਨਾਂ ਨੂੰ ਦੂਜੇ ਲਿੰਗ ਦੇ ਇਕ ਨਵੇਂ ਵਿਅਕਤੀ ਨਾਲ ਜੋੜ ਦਿੱਤਾ ਜਾਂਦਾ ਹੈ। ਔਰਤਾਂ ਨੂੰ 20 ਤੋਂ 45 ਸਾਲ ਦੀ ਆਯੂ ਵਿਚ ਅਤੇ ਮਰਦਾਂ ਨੂੰ 25 ਤੋਂ 55 ਸਾਲ ਵਿਚ ਬੱਚੇ ਪੈਦਾ ਕਰਨ ਦੇ ਯੋਗ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਜੰਮੇ ਬੱਚਿਆਂ ਨੂੰ ਰਾਜ ਅਧੀਨ ਪਾਲਿਆ ਜਾਂਦਾ ਹੈ। ਉਹਨਾਂ ਦੀ ਰੁੱਚੀ ਅਨੁਸਾਰ ਉਨ੍ਹਾਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਅੰਤ ਵਿਚ ਉਹਨਾਂ ਨੂੰ ਰਾਜ ਦੀ ਸੇਵਾ ਵਿਚ ਲਾਇਆ ਜਾਂਦਾ

ਹੈ।

**ਚੌਥਾ,** ਰਾਜ ਵਿਚ *ਤਿੰਨ ਸ਼੍ਰੇਣੀਆਂ* ਹਨ। ਪਹਿਲੀ ਸ੍ਰੇਣੀ ਹੈ *ਫਿਲਾਸਫਰ-ਸ਼ਾਸਕਾਂ* ਦੀ। ਉਹ ਹਨ ਸਰਪਸਤ (Guaradians) ਜੋ ਦਲੀਲ ਜਾਂ *ਤਰਕ* (Reason) ਦੇ ਪ੍ਰਤਿਨਿਧ ਹਨ। ਉਹ ਰਾਜ ਕਰਨ ਦੇ ਸਭ ਤੋਂ ਉਚੇ ਕੰਮਾਂ ਦੇ ਯੋਗ ਹਨ। ਦੂਜੀ ਸ੍ਰੇਣੀ ਹੈ *ਆਮ ਸ਼ਾਸਕਾਂ* ਦੀ। ਇਸ ਵਿਚ ਆ ਜਾਂਦੇ ਹਨ *ਸਹਾਇਕ ਅਤੇ ਪ੍ਰਬੰਧਕ* ਜੋ *ਹੌਸਲੇ (Spirit)* ਦੇ ਤੱਤ ਦੀ ਪ੍ਰਤੀਨਿਧਤਾ ਕਰਦੇ ਹਨ। ਉਹ ਰਾਜ ਕਰਨ ਦੇ ਯੋਗ ਹਨ ਪਰ ਕੇਵਲ ਦੂਜਿਆਂ ਦੀ ਮਰਜੀ ਅਤੇ ਨਿਯੰਤਰਣ ਥੱਲੇ। ਅੰਤ ਵਿਚ ਉਹ ਆਉਂਦੇ ਹਨ ਜਿਹੜੇ ਸਰਪ੍ਰਸਤ ਨਹੀਂ ਹਨ। ਇਹ ਹਨ ਆਮ ਲੋਕ ਜੋ ਭੁੱਖ (Appetite) ਦੇ ਤੱਤ ਦੇ ਪ੍ਰਤੀਨਿਧ ਹਨ। ਪ੍ਰਕਿਰਤੀ ਅਨੁਸਾਰ ਉਹ ਕੰਮ ਕਰਨ ਦੇ ਯੋਗ ਹਨ, ਸ਼ਾਸਨ ਕਰਨ ਦੇ ਯੋਗ ਨਹੀਂ। ਜਦੋਂ ਫਿਲਾਸਫਰ ਸਾਸ਼ਕ ਰਾਜ ਦੇ ਫਰਜ਼ ਨਿਭਾਉਂਦੇ ਹਨ, ਸਮਾਜ ਦੇ ਦੂਜੇ ਮੈਂਬਰ ਆਪਣੇ ਨਿਯਮਤ ਫਰਜ ਨਿਭਾਉਂਦੇ ਹਨ। ਇਸ ਨੂੰ ਪਲੈਟੋ ਦੇ ਕੰਮਾਂ ਦੀ ਵਿਸ਼ੇਸ਼ਤਾ (Functional Specialisation) ਦਾ ਸਿਧਾਂਤ ਕਿਹਾ ਜਾਂਦਾ ਹੈ।

**ਪੰਜਵਾਂ,** ਨਿਆਂ ਪਲੈਟੋ ਦੇ ਆਦਰਸ਼ ਰਾਜ ਦੀ ਆਧਾਰਸ਼ਿਲਾ ਹੈ। ਨਿਆਂ ਕਰਕੇ ਰਾਜ ਵਿਚ ਏਕਾ ਅਤੇ ਸੁਮੇਲ ਹੋਵੇਗਾ। ਇਹ ਕੰਮਾਂ ਦੀ ਵਿਸ਼ੇਸ਼ਤਾ ਨਾਲ ਉਪਜਦਾ ਹੈ। ਹਰ ਵਿਅਕਤੀ ਨੂੰ ਰੁਚੀ ਅਤੇ ਸਿਖਲਾਈ ਅਨੁਸਾਰ ਕੰਮ ਮਿਲਦਾ ਹੈ। ਕਿਸੇ ਵਿਅਕਤੀ ਨੂੰ ਦੂਜੇ ਦੇ ਕੰਮ ਵਿਚ ਦਖਲ ਨਹੀਂ ਦੇਣਾ ਚਾਹੀਦਾ।

**ਛੇਵਾਂ,** ਪਲੈਟੋ ਆਪਣੇ ਆਦਰਸ਼ ਰਾਜ ਵਿਚ ਮਰਦਾਂ ਅਤੇ ਇਸਤਰੀਆਂ ਨੂੰ ਬਰਾਬਰ ਸਥਾਨ ਦਿੰਦਾ ਹੈ। ਉਹ ਕਹਿੰਦਾ ਹੈ ਕਿ ਔਰਤਾਂ ਨੂੰ ਵੱਖਰੇ ਰੱਖਣ ਨਾਲ ਰਾਜ ਆਪਣੀ ਅੱਧੀ ਵਸੋਂ ਦੀਆਂ ਸੇਵਾਵਾਂ ਤੋਂ ਵਾਂਝਾ ਰਹਿ ਜਾਂਦਾ ਹੈ। ਇਸ ਤਰ੍ਹਾਂ ਨਿਆਂ ਦਾ ਅਸੂਲ ਵੀ ਟੁੱਟਦਾ ਹੈ। ਇਸ ਲਈ ਪਲੈਟੋ ਦੋਹਾਂ ਲਿੰਗਾਂ ਨੂੰ ਇਕੋ ਵਿਦਿਆ ਦੇਣ ਦੇ ਹੱਕ ਵਿਚ ਹੈ। ਫਿਲਾਸਫਰ ਸਾਸ਼ਕ ਵੀ ਮਰਦ-ਔਰਤ ਦੋਹਾਂ ਵਿਚੋਂ ਹੀ ਲਏ ਜਾਣੇ ਹਨ।

**ਸੱਤਵਾਂ ਤੇ ਆਖਰੀ,** ਪਲੈਟੋ ਦਾ ਆਦਰਸ਼ ਰਾਜ ਇਕ ਸਰਬ-ਸੱਤਾਧਾਰੀ ਰਾਜ (Totalitarian State) ਤੋਂ ਘੱਟ ਨਹੀਂ। ਪਲੈਟੋ ਨੂੰ ਸੋਚਣ ਅਤੇ ਸਭਾਵਾਂ ਬਣਾਉਣ ਦੀ ਆਜ਼ਾਦੀ ਵਿਚ ਵਿਸ਼ਵਾਸ਼ ਨਹੀਂ। ਜੋ ਕਲਾ ਅਤੇ ਸਾਹਿਤ ਰਾਜ ਦੇ ਹਿੱਤਾਂ ਦੇ ਵਿਰੁੱਧ ਜਾਂਦੇ ਹਨ, ਉਹ ਵੀ ਨਸ਼ਟ ਕਰ ਦਿੱਤੇ ਜਾਣੇ ਚਾਹੀਦੇ ਹਨ। ਯੁਵਕਾਂ ਤਕ ਪਹੁੰਚਣ ਵਾਲੀ ਹਰ ਚੀਜ਼ ਸਾਸ਼ਕ ਦੀ ਦੇਖ ਭਾਲ ਥੱਲੇ ਹੋਵੇਗੀ।

ਇਸ ਤਰ੍ਹਾਂ ਦਾ ਹੈ ਪਲੈਟੋ ਦਾ ਆਦਰਸ਼ ਰਾਜ, ਉੱਚਤਮ ਰਾਜ ਦਾ ਸੰਕਲਪ, ਸਵਰਗ ਦੇ ਇਕ ਨਗਰ ਦੀ ਤਸਵੀਰ ਜੋ ਅਜੇ ਸਾਕਾਰ ਨਹੀਂ ਹੋਈ।

## ਪਲੈਟੋ ਦਾ ਦਾਰਸ਼ਨਿਕ ਰਾਜੇ ਦਾ ਸਿਧਾਂਤ
## (Concept of Philosopher King)

**1.4.3 ਜਾਣ ਪਹਿਚਾਣ** :- ਪਲੈਟੋ ਦੀਆਂ ਸਾਰੀਆਂ ਦਾਰਸ਼ਨਿਕ ਲਿਖਤਾਂ ਵਿਚ ਦਾਰਸ਼ਨਿਕ ਰਾਜੇ ਦਾ ਸਿਧਾਂਤ ਪੂਰਨ ਤੌਰ ਤੇ ਮੌਲਿਕ ਅਤੇ ਬਹੁਤ ਦਿਲਚਸਪ ਹੈ। ਇਹ ਉਸ ਯੋਜਨਾ ਦੀ ਤਰ੍ਹਾਂ ਹੈ ਜਿਸ ਰਾਹੀਂ ਉਸ ਨੇ ਬਹੁਤ ਹੀ ਧਿਆਨ ਨਾਲ ਆਪਣੇ ਸਮੇਂ ਦੇ ਸਮਾਜ ਨੂੰ ਖਤਮ ਹੋਣ ਅਤੇ ਮੁਰਝਾਉਣ ਤੋਂ ਬਚਾਇਆ। ਉਸ ਦੀ ਕੋਸ਼ਿਸ਼ ਇੱਕ ਸਰਵ-ਉੱਚ ਮਨੁੱਖ (Supreme) ਬਨਾਉਣ ਦੀ ਸੀ ਜੋ ਉਸ ਦੇ ਰਾਜ ਦੇ ਨਾਗਰਿਕਾਂ ਦਾ ਦੋਸਤ, ਦਾਰਸ਼ਨਿਕ ਅਤੇ ਮਾਰਗ-ਦਰਸ਼ਕ ਬਣ ਸਕਦਾ ਹੋਵੇ। ਉਹ ਤਿਆਗ, ਸਾਦੇਪਣ, ਸਦਗੁਣ ਨਾਲ ਭਰਪੂਰ ਜੀਵਨ ਜਿਉਂਕੇ ਆਪਣੀ ਪ੍ਰਜਾ ਵਿਚ ਵਿਸ਼ਵਾਸ ਜਗਾ ਸਕੇ। ਇਹੋ ਜਿਹੀ ਸਰਕਾਰ ਨੂੰ ਅਸੀਂ ਅਮੀਰ ਸ਼ਹਿਰੀਆਂ ਦੀ ਜਾਂ ਵਧੀਆ ਬੰਦਿਆਂ ਦੀ ਤਾਨਾਸ਼ਾਹੀ ਕਹਿ ਸਕਦੇ ਹਾਂ।

**1.4.4 ਪਲੈਟੋ ਦਾ ਸੰਪੂਰਣ ਸਰਪ੍ਰਸਤ (Perfect Guardian) ਦਾ ਨਿਯਮ :** ਪਲੈਟੋ ਦਾ ਸੰਪੂਰਣ ਸਰਪ੍ਰਸਤ ਦਾ ਨਿਯਮ ਸਾਰੀਆਂ ਸਮਾਜਿਕ ਅਤੇ ਰਾਜਨੀਤਿਕ ਬੀਮਾਰੀਆਂ ਦਾ ਇਲਾਜ ਹੈ। ਇਹ ਉਸ ਦੇ ਸਮੇਂ ਦੀ ਮੁੱਖ ਬੀਮਾਰੀ ਦਾ ਅਸਰਦਾਇਕ ਇਲਾਜ ਹੈ ਜੋ ਹਰੇਕ ਸ਼ਹਿਰ (ਜਾਣੀ, ਯੂਨਾਨੀ ਨਗਰ ਰਾਜ) ਨੂੰ ਵੱਖਰੇ-ਵੱਖਰੇ ਵਿਅਕਤੀਆਂ ਦੇ ਰਾਜ ਵਿੱਚ ਵੰਡਦੀ ਹੈ ਜਿਸ ਨੂੰ ਪਲੈਟੋ ਨੀਚਾਂ ਦਾ ਸ਼ਹਿਰ ਕਹਿੰਦਾ ਹੈ। ਆਦਰਸ਼ ਰਾਜ ਦੀ ਸਿਰਜਣਾ ਦਾ ਸਿੱਟਾ, ਰਾਜਨੀਤਿਕ ਸ਼ਕਤੀ ਅਤੇ ਫਲਾਸਫੀ ਦਾ ਇੱਕ ਸਰਵਉੱਚ ਵਿਅਕਤੀ ਦੇ ਹੱਥਾਂ ਵਿੱਚ ਹੋਣਾ ਹੈ। ਜਿਸਨੇ ਆਪ ਆਤਮਾ ਦੀ 'ਮੁਕਤੀ' ਜਾਂ ਸ਼ੁੱਧੀਕਰਣ ਕਿਸੇ ਰਸਮੀ ਪਵਿਤਰਤਾ ਦੇ ਇਵਜ਼ ਰਾਹੀਂ ਨਹੀਂ ਬਲਕਿ ਲੰਬੀ ਸਿੱਖਿਆ ਦੇ ਵਿਗਿਆਨਕ ਪਾਠਕ੍ਰਮ ਰਾਹੀਂ ਅਤੇ ਇੱਕ ਤਿਆਗ ਦੇ ਜੀਵਨ ਨਾਲ ਜੁੜੀ ਵਿਵਹਾਰਕ ਸਿੱਖਿਆ ਰਾਹੀਂ ਹਾਸਿਲ ਕੀਤਾ ਹੈ। ਕੇਵਲ ਇਹ ਹੀ ਸਾਰੀਆਂ ਬੀਮਾਰੀਆਂ-ਸਮਾਜਿਕ ਅਤੇ ਰਾਜਨੀਤਿਕ-ਦਾ ਇਲਾਜ ਹੈ।

ਪਲੈਟੋ ਨੂੰ ਸਮਕਾਲੀ ਰਾਜਨੀਤੀ ਵਿੱਚ ਦੋ ਵੱਡੇ ਨੁਕਸ (Flaws) ਨਜ਼ਰ ਆਉਂਦੇ ਹਨ : ਪਹਿਲਾ, ਅਗਿਆਨਤਾ ਦਾ ਪਸਾਰਾ ਜੋ ਗਿਆਨ ਦੀ ਬਹੁਰੂਪੀਏ ਭੇਸ ਵਿੱਚ ਸੀ। ਦੂਜਾ, ਰਾਜਨੀਤਿਕ ਸਵਾਰਥ ਜਿਸ ਨੇ ਹਰ ਸ਼ਹਿਰ ਨੂੰ ਵੱਖ ਵੱਖ ਜਮਾਤਾਂ ਵਿੱਚ ਵੰਡਿਆ ਹੋਇਆ ਸੀ। ਪਲੈਟੋ ਦੀ ਆਤਮਾ ਨੇ ਸ਼ੌਕੀਨ ਜਮਾਤ ਨੂੰ ਨਫਰਤ ਕੀਤੀ, ਜੋ ਰਾਜਨੀਤੀ ਵਿੱਚ ਗੈਰ-ਨਿਪੁੰਨ ਹੁੰਦੇ ਹਨ ਪਰ ਰਾਜਨੀਤੀਵਾਨ ਬਣ ਜਾਂਦੇ ਹਨ ਜਿਵੇਂ ਕਿ ਉਹ ਜੀਵਨ ਦੇ ਹੋਰ ਖੇਤਰਾਂ ਵਿੱਚ ਹੱਥ-ਅਜ਼ਮਾਈ ਕਰਦੇ ਹਨ, ਜਾਂ ਸਵਾਰਥੀ ਲੋਕ, ਕੇਵਲ ਅਮੀਰ ਬਣਨ ਲਈ ਰਾਜਨੀਤੀ ਵਿੱਚ ਭਾਗ ਲੈਂਦੇ ਹਨ ਅਤੇ ਆਪਣੇ ਸਵਾਰਥੀ ਕੰਮਾਂ ਨਾਲ ਰਾਜ ਵਿੱਚ ਸਥਾਈ ਖਾਨਾਜੰਗੀ ਪੈਦਾ ਕਰਦੇ ਹਨ। ਪਲੈਟੋ ਦੀ ਮੁੱਖ ਦਿਲਚਸਪੀ ਸੀ ਨਿਪੁੰਨਤਾ ਪੈਦਾ ਕਰਨਾ, ਅਖੰਡਤਾ ਰੱਖਣਾ ਅਤੇ ਕੁਸ਼ਲਤਾ ਲਿਆਉਣਾ। ਵਿਸ਼ੇਸ਼ੀਕਰਣ ਅਤੇ ਏਕੀਕਰਣ ਉਸ ਦੇ ਮੁੱਖ ਨਾਅਰੇ ਸਨ।

ਪਲੈਟੋ ਅਨੁਸਾਰ, "ਜਦੋਂ ਤੱਕ ਦਾਰਸ਼ਨਿਕ ਰਾਜੇ ਨਹੀਂ ਹਨ ਜਾਂ ਇਸ ਦੁਨੀਆਂ ਵਿੱਚ ਰਾਜੇ ਅਤੇ ਸ਼ਹਿਜ਼ਾਦੇ ਦਰਸ਼ਨ-ਸ਼ਾਸਤਰ (Philosophy) ਦੀ ਭਾਵਨਾ ਅਤੇ ਸ਼ਕਤੀ ਨਹੀਂ ਰੱਖਦੇ ਤੱਦ ਤੱਕ ਸ਼ਹਿਰ-ਰਾਜ ਬੁਰਾਈਆਂ ਤੋਂ ਦੂਰ ਨਹੀਂ ਹੋ ਸਕਦੇ ਅਤੇ ਨਾ ਹੀ ਮਨੁੱਖੀ ਨਸਲ ਕਾਇਮ ਰਹਿ ਸਕਦੀ ਹੈ।"

ਅਸਲ ਵਿੱਚ ਸੁਕਰਾਤ ਨੂੰ ਮੌਤ ਦੇ ਘਾਟ ਉਤਾਰਨ ਕਾਰਨ ਉਹ ਅਗਿਆਨੀ ਅਤੇ ਅਸਿਆਣੇ ਲੋਕਾਂ ਦੇ ਰਾਜ ਤੋਂ ਉਕਤਾ ਗਿਆ ਸੀ। ਇਸ ਤਰ੍ਹਾਂ, ਪਲੈਟੋ ਨੇ ਵਿਸ਼ਵਾਸ਼ ਕਰਨਾ ਸ਼ੁਰੂ ਕਰ ਦਿੱਤਾ ਕਿ ਜਦੋਂ ਤੱਕ ਸ਼ਕਤੀ ਉਨ੍ਹਾਂ ਦੇ ਹੱਥਾਂ ਵਿੱਚ ਨਹੀਂ ਆ ਜਾਂਦੀ, ਜੋ ਅਸਲ ਵਿੱਚ ਇਸ ਦੇ ਯੋਗ ਹਨ, ਤਦ ਤਕ ਨਗਰ-ਰਾਜ ਬੁਰਾਈਆਂ ਰੋਕ ਨਹੀਂ ਸਕਦੇ। ਪਲੈਟੋ ਪੂਰਣ ਤੌਰ ਤੇ ਐਥੀਨੀਅਨ ਲੋਕਤੰਤਰ ਦੀਆਂ ਬੁਰਾਈਆਂ ਤੋਂ ਉਕਤਾ ਗਿਆ ਸੀ। ਉਸਦੇ ਮੁਤਾਬਿਕ ਸਿਰਫ ਦਾਰਸ਼ਨਿਕ ਰਾਜਿਆਂ ਦਾ ਰਾਜ, ਰਾਜ ਵਿੱਚ ਅਜਿਹੀ ਸਰਕਾਰ ਕਾਇਮ ਰੱਖ ਸਕਦਾ ਹੈ, ਜਿਸ ਵਿੱਚ ਸ਼ਾਸ਼ਕ ਨੇਕ ਅਤੇ ਗੈਰ-ਸਵਾਰਥੀ ਹੁੰਦੇ ਹਨ ਅਤੇ ਉਹ ਸਚਾਈ ਬਾਰੇ ਸੋਚਦੇ ਹਨ। ਕਰਾਸਮੈਨ ਪਲੈਟੋ ਨੂੰ ਰਈਸਜਾਦਾ ਕਹਿੰਦਾ ਹੈ। ਉਸ ਦੇ ਅਨੁਸਾਰ ਪਲੈਟੋ ਇਹ ਯਕੀਨ ਕਰਵਾਉਂਦਾ ਰਿਹਾ ਕਿ ਕਿਸਾਨ, ਦਸਤਕਾਰ ਅਤੇ ਦੁਕਾਨਦਾਰ ਰਾਜਨੀਤਿਕ ਜ਼ਿੰਮੇਵਾਰੀ ਦੇ ਆਯੋਗ ਹਨ। ਸਰਕਾਰ ਉਚੇ ਲੋਕਾਂ ਦੀ ਜ਼ਰੂਰਤ ਸੀ ਜਿਹਨਾਂ ਨੂੰ ਉਪਜੀਵਕਾਂ ਖਾਤਰ ਕੰਮ ਕਰਨ ਦੀ ਲੋੜ ਨਹੀਂ ਸੀ ਅਤੇ ਇਸ ਕਰਕੇ ਜੰਗ ਅਤੇ ਰਾਜਨੀਤੀ ਦੀਆਂ ਲੋੜਾਂ ਦੀ ਪੂਰਤੀ ਲਈ ਆਪਣਾ ਜੀਵਨ ਸਮ੍ਰਪਿਤ ਕਰ ਸਕਦੇ ਸਨ। ਇਕ ਸ਼ਾਸ਼ਕ ਰਈਸ ਜਮਾਤ ਅਤੇ ਇਕ ਅਧੀਨ ਜਮਾਤ ਦਾ ਹੋਣਾ ਅਤਿ ਜ਼ਰੂਰੀ ਹੈ। ਪਲੈਟੋ ਅਨੁਸਾਰ ਦਾਰਸ਼ਨਿਕ ਸਾਰੇ ਸਮੇਂ ਅਤੇ ਸਾਰੀ ਹੋਂਦ ਨੂੰ ਵੇਖ ਸਕਦਾ ਹੈ। ਉਹ ਸੱਚ ਦਾ ਪ੍ਰੇਮੀ ਅਤੇ ਹਮੇਸ਼ਾਂ ਸਚਾਈ ਲਈ ਭਾਵਨਾਵਾਂ ਰੱਖਦਾ ਹੈ। ਉਹ ਝੂਠ ਨੂੰ ਨਫਰਤ ਕਰਦਾ ਹੈ ਅਤੇ ਸਵੈ-ਕਾਬੂ ਰੱਖਦਾ ਹੈ। ਉਹ ਹਰ ਤਰ੍ਹਾਂ ਦੀ ਤੰਗ ਦਿਲੀ ਤੋਂ ਆਜ਼ਾਦ ਹੈ। ਉਹ ਪੂਰਣ ਤੌਰ ਤੇ ਨੇਕ ਹੈ ਅਤੇ ਸਾਰੀਆਂ ਚੀਜ਼ਾਂ ਨੂੰ ਸਹੀ ਤਰਤੀਬਾਂ ਵਿੱਚ ਦਰਸਾਉਂਦਾ ਹੈ। ਉਹ ਮੌਤ ਤੋਂ ਡਰਦਾ ਨਹੀਂ ਹੈ। ਉਸ ਵਿੱਚ ਗਿਆਨ ਦੇ ਸੰਗ੍ਰਹਿ ਦੀ ਝਲਕ ਹੈ। ਪਲੈਟੋਵਾਦੀ ਦਾਰਸ਼ਨਿਕ ਨੂੰ ਨਿਆਂ ਦੇ ਵਿਚਾਰ ਜਾਂ ਵਿਸ਼ਾ ਵਸਤੂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਸੁੰਦਰਤਾ ਅਤੇ ਸੁਭਾਅ ਨੂੰ ਤਰਤੀਬ ਵਿੱਚ ਜਾਣਨਾ ਚਾਹੀਦਾ ਹੈ ਤਾਂ ਕਿ ਉਹ ਉਨ੍ਹਾਂ ਦੀ ਪਸੰਦ ਅਤੇ ਆਚਰਣ ਵਿੱਚ ਵਿਚਰ ਸਕੇ ਜਿਹਨਾਂ ਉਪਰ ਉਹ ਰਾਜ ਕਰਦਾ ਹੈ। ਉਸ

ਨੂੰ ਸਾਰੀ ਮਨੁੱਖੀ ਹੋਂਦ ਅਤੇ ਮਨੁੱਖੀ ਕੰਮਾਂ ਦੇ ਮੰਤਵਾਂ ਬਾਰੇ ਸੋਝੀ ਹੋਣੀ ਚਾਹੀਦੀ ਹੈ। ਪਲੈਟੋਵਾਦੀ ਦਾਰਸ਼ਨਿਕ ਭਾਵੇਂ ਨੇਕੀ ਵੰਡਣ ਵਾਲਾ ਨਹੀਂ ਪਰ ਇਸ ਦਾ ਅਭਿਆਨੀ ਮਾਲਕ ਹੈ। ਉਹ ਇੱਕ ਸਿਖਿਅਤ ਆਦਮੀ ਅਤੇ ਸੰਤ ਹੈ। ਦਰਸ਼ਨ ਦੇ ਸ਼ਾਸ਼ਨ ਤੋਂ ਪਲੈਟੋ ਦਾ ਭਾਵ ਬੋਧਿਕਤਾ ਦੇ ਗਿਆਨ ਦੇ ਸ਼ਾਸ਼ਨ ਤੋਂ ਹੈ।

ਦਾਰਸ਼ਨਿਕ ਰਾਜੇ ਦਾ ਰਾਜ ਮਨੁੱਖੀ ਵਿਅਕਤੀਤਵ ਅਤੇ ਸਮਾਜਿਕ ਸੰਗਠਨ ਵਿਚਕਾਰ ਤੁਲਨਾ ਦੇ ਆਧਾਰ ਤੇ ਸਹੀ ਹੈ। ਜਿਵੇਂ ਕਿ ਹੌਂਸਲੇ ਦਾ ਅਤੇ ਭੁੱਖ ਦਾ ਤੱਤ ਇੱਕ ਮਨੁੱਖੀ ਵਿਅਕਤੀਤਵ ਵਿੱਚ ਤਰਕ ਦੇ ਤੱਤ ਦੇ ਕਾਬੂ ਵਿੱਚ ਹੈ। ਇਸ ਲਈ ਸਿਪਾਹੀਆਂ ਅਤੇ ਘਰੋਗੀਆਂ ਦੀਆਂ ਜਮਾਤਾਂ ਸਮਾਜਿਕ ਸੰਗਠਨ ਵਿੱਚ ਕਿਸੇ ਨਾ ਕਿਸੇ ਸ਼ਾਸ਼ਕ ਦੇ ਅਧੀਨ ਹਨ ਜੋ ਤਰਕ ਦਾ ਧਾਰਨੀ ਹੈ। ਪਲੈਟੋ ਚੇਤਾਵਨੀ ਦਿੰਦਾ ਹੈ ਕਿ ਤਰਕ ਦੀ ਸੇਧ ਤੋਂ ਬਿਨਾਂ ਲੋਕ ਕਿਸੇ ਬੇਕਾਬੂ ਭੀੜ ਦੀ ਤਰ੍ਹਾਂ ਹਨ। ਉਸੇ ਪ੍ਰਕਾਰ, ਲੋਕ ਦਾਰਸ਼ਨਿਕ ਸੇਧ ਦੀ ਇੱਛਾ ਕਰਦੇ ਹਨ। ਜਦੋਂ ਵਿਉਪਾਰੀ, ਜਿਸ ਦਾ ਦਿਲ ਦੌਲਤ ਨਾਲ ਉੱਚਾ ਉਠ ਜਾਂਦਾ ਹੈ, ਸ਼ਾਸ਼ਕ ਬਣ ਜਾਵੇ ਤਾਂ ਉਦੋਂ ਤਬਾਹੀ ਹੁੰਦੀ ਹੈ। ਇਸ ਤਰ੍ਹਾਂ ਦਾਰਸ਼ਨਿਕ ਰਾਜਾ ਹੀ ਸਿਰਫ ਚੰਗੇ ਵਿਚਾਰਾਂ ਦਾ ਧਾਰਣੀ ਰਹਿ ਜਾਂਦਾ ਹੈ। ਉਸ ਦਾ ਦਾਰਸ਼ਨਿਕ ਦਾ ਰਾਜ ਵੀ ਸੁਕਰਾਤ ਦੇ ਵਿਚਾਰ ਵਿੱਚ ਕਿ ਗੁਣ (ਸਚਾਈ) ਹੀ ਗਿਆਨ ਹੈ, ਉੱਤੇ ਆਧਾਰਿਤ ਹੈ। ਦੂਜੇ ਸ਼ਬਦਾਂ ਵਿੱਚ, ਗੁਣ ਅਤੇ ਗਿਆਨ ਇਕ ਦੂਸਰੇ ਨਾਲ ਮਿਲਦੇ-ਜੁਲਦੇ ਹਨ। ਬਾਅਦ ਵਿੱਚ 'ਚੰਗਿਆਈ ਅਤੇ ਸਿਆਣਪ' ਦੀ ਵੀ ਪਹਿਚਾਣ ਰੱਖੀ ਜਾਣੀ ਚਾਹੀਦੀ ਹੈ। ਪਲੈਟੋ ਮੁਤਾਬਿਕ ਆਦਰਸ਼ ਰਾਜ ਦਾ ਆਧਾਰ ਵਿਗਿਆਨਕ ਗਿਆਨ ਹੈ। ਫਿਰ ਵੀ ਪਲੈਟੋ ਦਰਸਾਉਂਦਾ ਹੈ ਕਿ ਦਾਰਸ਼ਨਿਕ ਜਾਣਦੇ ਹਨ ਉਨ੍ਹਾਂ ਕੋਲ ਰਾਜ ਕਰਨ ਦੀ ਸ਼ਕਤੀ ਹੋਣੀ ਚਾਹੀਦੀ ਹੈ। ਉਸ ਦੀ ਰਾਇ ਹੈ ਕਿ ਸਿਆਣੇ ਰਾਜ ਕਰਨ ਤੇ ਅਗਿਆਨੀ ਉਨ੍ਹਾਂ ਦੇ ਮਗਰ ਚਲਣ। ਰਾਜਨੀਤੀ ਇੱਕ ਕਲਾ ਹੈ। ਰਾਜਨੀਤੀਵਾਨ ਕਲਾਕਾਰ ਹਨ। ਜੋ ਰਾਜਨੀਤੀ ਦੀ ਕਲਾ ਦੇ ਮਾਹਿਰ ਹਨ ਉਨ੍ਹਾਂ ਨੂੰ ਜਨਤਾ ਤੇ ਰਾਜ ਕਰਨਾ ਚਾਹੀਦਾ ਹੈ। ਰਾਜਨੀਤਿਕ ਸ਼ਕਤੀ ਅਤੇ ਸਿਆਣਪ ਇਕ ਹੱਥ ਵਿੱਚ ਹੀ ਹੋਣੀ ਚਾਹੀਦੀ ਹੈ। ਇਸ ਨੂੰ ਸਹੀ ਸਿੱਧ ਕਰਨ ਲਈ ਪਲੈਟੋ ਬੌਧਿਕਤਾ ਦੇ ਰਾਜ ਦੀ ਵਕਾਲਤ ਕਰਦਾ ਹੈ। ਇਹ ਬੋਧਿਕਤਾ ਦਾ ਰਾਜ ਹੈ, ਜਿਸ ਰਾਹੀਂ ਸੁਕਰਾਤ ਦਾ 'ਗਿਆਨ ਹੀ ਗੁਣ ਹੈ' ਦਾ ਸਿਧਾਂਤ ਆਪਣੇ ਸੰਸਥਾਗਤ ਰੂਪ ਵਿੱਚ ਪ੍ਰਗਟ ਹੁੰਦਾ ਹੈ। ਪਲੈਟੋ ਦਾ ਦਾਰਸ਼ਨਿਕ ਰਾਜਾ ਇੱਕ ਪੁਰਾਤਨ ਭਾਰਤੀ ਰਾਜਰਿਸ਼ੀ ਦੀ ਤਰ੍ਹਾਂ ਹੈ ਜੋਂ ਸਾਰੇ ਗਿਆਨ, ਸਾਰੇ ਗੁਣਾਂ, ਸਾਰੀ ਸੁੰਦਰਤਾ, ਅਤੇ ਦੈਵੀ ਗੁਣਾਂ ਦਾ ਖਜ਼ਾਨਾ ਹੈ।

ਦਾਰਸ਼ਨਿਕ ਰਾਜੇ ਦੇ ਕੰਮ ਅਤੇ ਸੁਭਾਅ ਦੇ ਅਸਲ ਅਰਥਾਂ ਨੂੰ ਜਾਣਨ ਲਈ ਇਹ ਜ਼ਰੂਰੀ ਹੈ ਕਿ ਪਲੈਟੋ ਦੀ ਦਾਰਸ਼ਨਿਕ ਅਤੇ ਦਾਰਸ਼ਨਿਕ ਰਾਜੇ ਦੀ ਧਾਰਨਾ ਨੂੰ ਸਮਝਿਆ ਜਾਵੇ। ਪਲੈਟੋ ਮੁਤਾਬਿਕ ਦਾਰਸ਼ਨਿਕਤਾ ਕੁਝ ਵਾਧੂ ਵਿਸ਼ਿਆਂ ਦੀ ਪੜ੍ਹਾਈ ਨਹੀਂ ਹੈ। ਇਹ ਸੰਸਾਰ ਵਿੱਚ ਜੋ ਸਚਾਈ, ਚੰਗਿਆਈ ਅਤੇ ਸੁੰਦਰਤਾ ਹੈ, ਨੂੰ ਜਾਣਨ ਦਾ ਵਿਗਿਆਨ ਹੈ। ਇਹ ਜੀਵਨ ਵਿੱਚ ਸੰਪੂਰਨਤਾ ਦੇ ਵਿਗਿਆਨ ਦਾ ਅਧਿਐਨ ਹੈ। ਇਸ ਤਰ੍ਹਾਂ ਦਾਰਸ਼ਨਿਕ ਰਾਜਾ ਇਕਾਂਤ ਵਿੱਚ ਰਹਿਣ ਵਾਲਾ ਸੰਤ ਜਾਂ ਸਾਧੂ ਨਹੀਂ, ਉਹ ਕਲਾਕਾਰ, ਵਿਗਿਆਨਕ ਸੁਭਾਅ ਦਾ ਆਦਮੀ, ਇਕ ਅਮਲੀ (Practical) ਰਾਜਨੀਤੀਵਾਨ ਹੈ। ਉਸ ਦਾ ਦਾਰਸ਼ਨਿਕ ਸੁਭਾਅ ਚੀਜ਼ਾਂ ਨੂੰ ਜਾਨਣ ਦੀ ਭੁੱਖ ਰੱਖਦਾ ਹੈ ਜੋ ਕਦੇ ਵੀ ਸੰਤੁਸ਼ਟ ਨਹੀਂ ਹੁੰਦੀ। ਸੰਖੇਪ ਵਿੱਚ, ਦਾਰਸ਼ਨਿਕ ਇਕ ਵਿਅਕਤੀ ਹੈ ਜੋ ਨਵੇਂ ਅਨੁਭਵਾਂ ਲਈ ਅਥਾਹ ਜਿਗਿਆਸਾ ਰੱਖਦਾ ਹੈ। ਪਲੈਟੋ ਦਾ ਦਾਰਸ਼ਨਿਕ ਰਾਜਾ ਇੱਕ ਸੰਪੂਰਨ ਰਾਜਨੀਤੀਵਾਨ ਵਾਂਗ ਹੈ ਜੋ ਸਵੱਛ ਅਤੇ ਸਾਫ ਸੁਥਰੇ ਵਿਅਕਤੀਤਵ ਦੇ ਗੁਣਾਂ ਨਾਲ ਭਰਪੂਰ ਹੈ।

ਪੂਰਨ ਸਿੱਖਿਆ ਅਤੇ ਬਹੁਤ ਸਾਰੇ ਅਨੁਸ਼ਾਸ਼ਨ ਵਿਚੋਂ ਗੁਜਰਨ ਤੋਂ ਬਾਅਦ, ਪਲੈਟੋ ਦਾ ਪੱਕਾ ਯਕੀਨ ਸੀ ਕਿ ਦਾਰਸ਼ਨਿਕ-ਸ਼ਾਸ਼ਕ ਦੇ ਹੱਥਾਂ ਵਿੱਚ ਸ਼ਕਤੀ ਭ੍ਰਿਸ਼ਟ ਨਹੀਂ ਹੋਵੇਗੀ। ਉਹ ਉਹਨਾਂ ਦੀਆਂ ਸਰਵਸ਼ਕਤੀਸ਼ਾਲੀ ਅਸੀਮਤ ਸਰਕਾਰਾਂ ਦੇ ਪੱਖ ਵਿੱਚ ਸੀ। ਦਾਰਸ਼ਨਿਕ ਰਾਜਾ ਲਿਖਤੀ ਕਾਨੂੰਨਾਂ ਤੋਂ ਵੀ ਆਜ਼ਾਦ ਸੀ। ਪਲੈਟੋ ਦਾ ਦਾਰਸ਼ਨਿਕ ਰਾਜਾ ਤਰਕ ਦਾ ਮੁਜੱਸਮਾ ਹੈ, ਕਾਨੂੰਨ, ਪਰੰਪਰਾ ਅਤੇ ਮਨੁੱਖੀ ਅਨੁਭਵ ਦਾ ਸਿੱਟਾ ਹੈ। ਇਸ ਤਰ੍ਹਾਂ ਇਹ ਸਿੱਧ ਹੁੰਦਾ ਹੈ ਕਿ ਕਾਨੂੰਨ ਦੀ ਸਰਵਉੱਚਤਾ ਦਾਰਸ਼ਨਿਕ ਰਾਜੇ ਦੀ ਸਰਵਉੱਚਤਾ ਦੇ ਸਾਹਮਣੇ ਅਰਥਹੀਣ ਹੈ। ਪਲੈਟੋ ਦਾਰਸ਼ਨਿਕ ਸ਼ਾਸ਼ਕ ਦੇ ਤਾਂ ਪੱਖ ਵਿੱਚ ਸੀ, ਉਹ ਸਖਤ ਕਾਨੂੰਨਾਂ ਦੀ

ਖਤਮ ਹੋ ਚੁੱਕੀ ਤਰਤੀਬ ਨਾਲੋਂ ਸਿਆਣਪ ਨੂੰ ਜ਼ਿਆਦਾ ਚੰਗੀ ਸਮਝਦਾ ਹੈ। ਸੈਬਾਈਨ ਦੱਸਦਾ ਹੈ, "ਗਣਤੰਤਰ ਦਾ ਅਸਲੀ ਮਜ਼ਾ (Romance) ਰਿਵਾਜ਼ਾਂ ਤੋਂ ਮੁਕਤ, ਮਨੁੱਖੀ ਮੂਰਖਤਾ ਅਤੇ ਸਵੈ-ਇੱਛਾ ਤੋਂ ਬੇਰੋਕ ਸੁਤੰਤਰ ਬੌਧਿਕਤਾ ਦਾ ਮਜ਼ਾ ਹੈ। 'ਰੀਪਬਲਿਕ' ਬਾਹਰੀ ਤੌਰ ਤੇ ਦਾਰਸ਼ਨਿਕ ਦੀ ਆਵਾਜ਼, ਜੋ ਬੌਧਿਕ ਜੀਵਨ ਦੇ ਵਿਸ਼ਵਾਸ਼ ਦਾ ਪੇਸ਼ਾ ਹੈ, ਜੋ ਗਿਆਨ ਅਤੇ ਰੋਸ਼ਨੀ ਨੂੰ ਉਹਨਾਂ ਸ਼ਕਤੀਆਂ ਵਜੋਂ ਦੇ ਖਦਾ ਹੈ ਜਿਹਨਾਂ ਉਪਰ ਸਮਾਜਿਕ ਵਿਕਾਸ ਨਿਰਭਰ ਕਰਦਾ ਹੈ।"

ਪਲੈਟੋ ਦਾ ਦਾਰਸ਼ਨਿਕ ਭਾਵੇਂ ਨਿਰਕੁੰਸ਼ ਸੀ ਪਰੰਤੂ ਉਸ ਦੀ ਨਿਰੰਕੁਸ਼ਤਾ ਅਸੀਮਤ ਨਹੀਂ ਸੀ, ਖਾਸ ਤੌਰ ਤੇ ਯਕੀਨਨ ਇਹ ਅਤਿਆਚਾਰੀ ਨਹੀਂ ਸੀ। ਇਹ ਲਿਖੇ ਹੋਏ ਕਾਨੂੰਨਾਂ, ਲੋਕ ਰਾਇ ਦੇ ਬੰਧਨਾਂ ਤੋਂ ਮੁਕਤ ਹੋ ਸਕਦੀ ਹੈ ਪਰ ਇਹ ਸੰਭਵ ਨਹੀਂ ਕਿ ਇਹ ਸੰਵਿਧਾਨ ਦੇ ਮੌਲਿਕ ਅਨੁਛੇਦਾਂ ਦੀ ਰੋਕ ਤੋਂ ਮੁਕਤ ਨਹੀਂ ਸੀ। ਜਿਵੇਂ ਬਾਰਕਰ ਕਹਿੰਦਾ ਹੈ, 'ਦਾਰਸ਼ਨਿਕ ਰਾਜਾ ਕੋਈ ਵਾਧੂ ਚੀਜ਼ ਨਹੀਂ ਹੈ, ਉਹ ਉਸ ਸਮੁੱਚੇ ਢੰਗਾਂ ਦਾ ਤਰਕਸ਼ੀਲ ਸਿੱਟਾ ਹੈ ਜਿਨ੍ਹਾਂ ਉੱਪਰ ਰਾਜ ਦਾ ਨਿਰਮਾਣ ਹੋਇਆ ਹੈ।"

ਉਸਨੂੰ ਮੂਲ ਸਿਧਾਂਤਾਂ ਵਿੱਚ ਤਬਦੀਲੀ ਨਹੀਂ ਕਰਨੀ ਚਾਹੀਦੀ ਜਿਨ੍ਹਾਂ ਦੇ ਆਧਾਰ ਤੇ ਰਾਜ ਸੰਗਠਿਤ ਹੈ। ਸ਼ਾਸ਼ਕਾ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਰਾਜ ਵਿੱਚ ਗਰੀਬੀ ਜਾਂ ਧਨ ਕਿਵੇਂ ਪ੍ਰਵੇਸ਼ ਕਰਨਗੇ। ਉਹਨਾਂ ਨੂੰ ਰਾਜ ਦਾ ਆਕਾਰ, ਇਸ ਦੀ ਏਕਤਾ ਅਤੇ ਪੂਰਨ ਲੋੜਾਂ ਵੱਲ ਧਿਆਨ ਰੱਖਣਾ ਚਾਹੀਦਾ ਹੈ। ਉਨਾਂ ਨੂੰ ਹਰ ਇੱਕ ਨਾਗਰਿਕ ਲਈ ਇਨਸਾਫ ਦਾ ਸ਼ਾਸਨ ਮੁਹੱਈਆ ਕਰਵਾਉਣਾ ਚਾਹੀਦਾ ਹੈ। ਅੰਤ ਵਿੱਚ, ਉਨ੍ਹਾਂ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਸਿੱਖਿਆ ਦੀ ਪ੍ਰਣਾਲੀ ਵਿੱਚ ਕੋਈ ਸੁਧਾਰ ਦੀ ਲੋੜ ਹੈ ਜਾਂ ਨਹੀਂ।

ਇਸ ਤਰ੍ਹਾਂ, ਪਲੈਟੋ ਦਾਰਸ਼ਨਿਕ ਸ਼ਾਸਕਾਂ ਅਤੇ ਇੱਥੋਂ ਤਕ ਕਿ ਦਾਰਸ਼ਨਿਕ ਰਾਜਿਆਂ ਨੂੰ ਬੁਨਿਆਦੀ ਤੇ ਅਪ੍ਰਵਰਤਨਸ਼ੀਲ ਸਮਾਜਿਕ ਪ੍ਰਬੰਧ ਦੇ ਨੌਕਰ ਬਣਾਉਂਦਾ ਹੈ। ਕਾਰਨ ਸਪੱਸ਼ਟ ਹੈ, ਉਹ ਨਿਰਕੁੰਸ਼ ਸ਼ਾਸਕ, ਸਮੇਤ ਰਾਜ ਦੇ ਹਰੇਕ ਨਾਗਰਿਕ ਨੂੰ ਸਮਾਜ ਦਾ ਇੱਕ ਲਾਭਦਾਇਕ ਤੇ ਇਨਸਾਫ ਪਸੰਦ ਮੈਂਬਰ ਬਨਾਉਣਾ ਚਾਹੁੰਦਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਦਾਰਸ਼ਨਿਕ ਸਾਸ਼ਕਾ ਅਤੇ ਇੱਥੋਂ ਤੱਕ ਕਿ ਦਾਰਸ਼ਨਿਕ ਰਾਜਿਆਂ ਨੂੰ ਬੁਨਿਆਦੀ ਤੇ ਅਪ੍ਰਵਰਤਨਸ਼ੀਲ ਸਮਾਜਿਕ ਪ੍ਰਬੰਧ ਦੇ ਨੌਕਰ ਬਣਾਉਂਦਾ ਹੈ। ਕਾਰਨ ਸਪੱਸ਼ਟ ਹੈ, ਉਹ ਨਿਰੰਕੁਸ਼ ਸ਼ਾਸਕ ਸਮੇਤ, ਰਾਜ ਦੇ ਹਰੇਕ ਨਾਗਰਿਕ ਨੂੰ ਸਮਾਜ ਦਾ ਇਕ ਲਾਭਦਾਇਕ ਤੇ ਇਨਸਾਫ ਪਸੰਦ ਮੈਂਬਰ ਬਨਾਉਣਾ ਚਾਹੁੰਦਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਦਾਰਸ਼ਨਿਕ ਰਾਜਿਆਂ ਅਤੇ ਸਰਪ੍ਰਸਤਾਂ ਦੀ ਜ਼ਿੰਦਗੀ ਤਿਆਗ ਵਾਲੀ ਅਤੇ ਆਤਮ-ਸਮਰਪਣ ਵਾਲੀ ਹੋਣੀ ਚਾਹੀਦੀ ਹੈ। ਇਹ ਰਾਜਨੀਤਿਕ ਸ਼ਕਤੀ ਉਨ੍ਹਾਂ ਦੀ ਨਿੱਜੀ ਲਾਲਸਾ, ਸਰੀਰਕ ਖੁਸ਼ੀ ਅਤੇ ਪਰਿਵਾਰਕ ਜ਼ਿੰਦਗੀ ਦੀ ਕੁਰਬਾਨੀ ਦੀ ਮੰਗ ਕਰਦੀ ਹੈ। ਆਪਣੇ ਪਰਿਵਾਰ ਅਤੇ ਜਾਇਦਾਦ ਦੀਆਂ ਚਿੰਤਾਵਾਂ ਤੋਂ ਮੁਕਤ ਅਤੇ ਤਰਕਸ਼ੀਲ ਢੰਗ ਨਾਲ ਰਾਜਨੀਤਿਕ ਸ਼ਕਤੀ ਦੀ ਵਰਤੋਂ ਕਰਨ ਲਈ ਸਿੱਖਿਆ ਦੀ ਸਖਤ ਪ੍ਰਣਾਲੀ ਦੁਆਰਾ ਸਿੱਖਿਅਤ ਦਾਰਸ਼ਨਿਕ ਰਾਜਾ ਰਾਜ ਦੇ ਕੰਮਾਂ ਵਿੱਚ ਆਪਣਾ ਪੂਰਾ ਧਿਆਨ ਲਗਾਏਗਾ।

## 1.4.5 ਆਲੋਚਨਾ

ਪਲੈਟੋ ਦੇ ਆਦਰਸ਼ ਰਾਜ ਦੀ ਹੇਠ ਲਿਖੇ ਆਧਾਰ ਤੇ ਆਲੋਚਨਾ ਕੀਤੀ ਜਾਂਦੀ ਹੈः-

ਆਦਰਸ਼ ਰਾਜ ਦੀ ਬਣਤਰ ਵਿਚ ਪਲੈਟੋ ਰਾਜ ਅਤੇ ਵਿਅਕਤੀ ਦੀ ਬਣਤਰ ਵਿਚ ਕੁਝ ਬਹੁਤੀ ਹੀ ਸਮਾਨਤਾ ਦੇਖਦਾ ਹੈ। ਉਹ ਮਨੁੱਖੀ ਸੁਭਾਅ ਨੂੰ ਤਿੰਨ ਤੱਤਾਂ ਵਿਚ ਵੰਡਦਾ ਹੈः ਵਿਵੇਕ, ਹੌਂਸਲਾ ਅਤੇ ਲਾਲਸਾ। ਇਸੇ ਅਨੁਸਾਰ ਸਮਾਜ ਨੂੰ ਵੀ ਅਣਉਚਿਤ ਕਠੋਰਤਾ ਨਾਲ ਵੰਡਦਾ ਹੈ। ਵਿਅਕਤੀ ਅਤੇ ਰਾਜ

ਦੀ ਇਹ ਸੁਭਾਵਿਕ ਸਮਰੂਪਤਾ ਨਾਲ ਉਲਝਣ ਪੈਦਾ ਹੁੰਦੀ ਹੈ। ਪਲੈਟੋ ਸਦਾਚਾਰ ਨੂੰ ਰਾਜਨੀਤੀ ਨਾਲੋਂ ਨਿਖੇੜ ਨਹੀਂ ਸਕਿਆ। ਉਹ ਇਕ ਕਾਲਪਨਿਕ ਨਗਰ ਬਣਾਉਂਦਾ ਹੈ ਜਿਸ ਵਿਚ ਨਗਰ ਅਤੇ ਨਾਗਰਿਕ ਇਕ ਹੋ ਜਾਂਦੇ ਹਨ।

ਉਸਦੀ ***ਕਾਰਜਾਤਮਕ ਵਿਸ਼ੇਸ਼ਤਾ*** *(Functional Specialisation)* ਵਿਅਕਤੀ ਦੀ ਉਨਤੀ ਨੂੰ ਰੋਕਦੀ ਹੈ। ਇਸ ਤਰ੍ਹਾਂ ਸਮਾਜ ਗਰੀਬ ਹੁੰਦਾ ਹੈ। ਮਨੁੱਖ ਦਾ ਵਿਅਕਤੀਤਵ ਇਕ ਗੁੰਝਲਦਾਰ ਪੂਰਨ ਇਕਾਈ ਹੈ। ਇਸ ਨੂੰ ਕਠੋਰ ਵੱਖਰੇ ਭਾਗਾਂ ਵਿਚ ਵੰਡਿਆ ਨਹੀਂ ਜਾ ਸਕਦਾ। ਇਕ ਪੁਰਸ਼ ਵਿਚ ਸਾਰੀ ਭੁੱਖ ਜਾਂ ਸਾਰਾ ਵਿਵੇਕ ਨਹੀਂ ਹੁੰਦਾ। ਹੀਗਲ (Hegel) ਪਲੈਟੋ ਦੇ ਆਦਰਸ਼ ਰਾਜ ਦੀ ਇਸ ਗੱਲ ਤੇ ਆਲੋਚਨਾ ਕਰਦਾ ਹੈ ਕਿ ਇਹ ਸਵੈ-ਮੁੱਖੀ (Subjective) ਸੁਤੰਤਰਤਾ ਨਹੀਂ ਦਿੰਦਾ।

**ਨਾਗਰਿਕਾਂ ਦੇ ਵੱਡੇ ਸਮੂਹ (ਉਤਪਾਦਕ ਸ਼੍ਰੇਣੀ)** ਨੂੰ ਪਲੈਟੋ ਤਕਰੀਬਨ ਬਿਲਕੁਲ ਹੀ ਅੱਖੋਂ ਉਹਲੇ ਕਰ ਦਿੰਦਾ ਹੈ। ਉਹ ਉਹਨਾਂ ਨੂੰ ਕੇਵਲ ਖਪਤ ਦੀਆਂ ਵਸਤੂਆਂ ਦੇ ਉਤਪਾਦਨ ਤੋਂ ਉੱਚੀ ਪਦਵੀ ਨਹੀਂ ਦਿੰਦਾ। ਉਹ ਬੁੱਧੀ ਨੂੰ ਲੋੜ ਤੋਂ ਵੱਧ ਉੱਚਾ ਅਤੇ ਚਰਿੱਤਰ ਨੂੰ ਵੱਧ ਨੀਵਾਂ ਦਰਜਾ ਦਿੰਦਾ ਹੈ। ਉਸ ਅਨੁਸਾਰ ਅਧਿਕਤਮ ਬੁੱਧੀ ਵਾਲੇ ਵਿਅਕਤੀ ਅਧਿਕਤਮ ਨੇਕ ਵੀ ਹੁੰਦੇ ਹਨ।

ਪਲੈਟੋ ਸਭ ਤੋਂ ਨੀਵੀਂ ਸ੍ਰੇਣੀ ਦੇ ਪੁਰਸ਼ਾਂ ਦੀ ਉੱਚੀਆਂ ਸਰਪ੍ਰਸਤ ਸ਼੍ਰੇਣੀਆਂ ਵੱਲ ਤਰੱਕੀ ਦੀ ਅਨੁਮਤੀ ਤਾਂ ਦਿੰਦਾ ਹੈ ਪਰ ਉਸ ਨੇ ਵਿਦਿਆ ਦੀ ਕੋਈ ਅਜਿਹੀ ਵਿਵਸਥਾ ਨਹੀਂ ਕੀਤੀ, ਜਿਸ ਨਾਲ ਇਸ ਸ੍ਰੇਣੀ ਦੀ ਤਰੱਕੀ ਹੋ ਸਕੇ ਅਤੇ ਇਸ ਤਰ੍ਹਾਂ ਰਾਜ ਦੀ ਬਹੁ-ਗਿਣਤੀ ਵਿਚ ਅਸੰਤੋਖ ਨੂੰ ਮਿਟਾਇਆ ਜਾ ਸਕੇ। ਉਸ ਦੇ ਉਤਪਾਦਨ ਕਰਨ ਵਾਲੇ ਉਤਪਾਦਕ ਹੀ ਰਹਿ ਜਾਂਦੇ ਹਨ ਕਿਉਂਕਿ ਉਸ ਦੀ ਸਿੱਖਿਆ ਪ੍ਰਣਾਲੀ ਕੇਵਲ ਸਰਪ੍ਰਸਤ ਸ੍ਰੇਣੀ ਲਈ ਹੀ ਹੈ।

ਪਲੈਟੋ ਆਪਣੇ ਸਮੇਂ ਵਿਚ ਆਮ ਪ੍ਰਚੱਲਿਤ ਦਾਸ-ਪ੍ਰਥਾ ਵੱਲ ਧਿਆਨ ਦੇ ਕੇ ਇਸ ਨੂੰ ਨਿੰਦਦਾ ਨਹੀਂ। ਇਸ ਤੋਂ ਇਵੇਂ ਲੱਗਦਾ ਹੈ ਕਿ ਪਲੈਟੋ ਨੂੰ ਦਾਸ ਪ੍ਰਥਾ ਇਕ ਮੁੱਢਲੀ ਬੁਰਾਈ ਨਹੀਂ ਲੱਗਦੀ।

ਪਲੈਟੋ ਦੀ ਸਕੀਮ ਮਨੁੱਖੀ ਸੁਭਾਅ ਦੇ ਵਿਰੁੱਧ ਜਾਂਦੀ ਹੈ ਜਿਵੇਂ ਕਿ ਸੰਪਤੀ ਦਾ ਅਤੇ ਵਹੁਟੀਆਂ ਦਾ ਸਾਮਵਾਦ। ਉਸ ਦੀ ਸਾਮਵਾਦੀ ਪ੍ਰਣਾਲੀ ਸ਼ਾਇਦ ਅਸਹਿ ਅਤੇ ਭ੍ਰਿਸ਼ਟਾਚਾਰੀ ਹੋਵੇ। ਉਸ ਦੀ ਸਰਪ੍ਰਸਤਾਂ ਦੇ ਕੱਚੇ ਵਿਆਹ ਦੀ ਪ੍ਰਣਾਲੀ ਅਵਿਵਹਾਰਿਕ ਹੈ।

ਫਲਸਫੇ ਅਤੇ ਫਿਲਾਸਫਰ ਰਾਜੇ ਦਾ ਸ਼ਾਸ਼ਨ ਵਾਸਤਵਿਕ ਨਹੀਂ ਹੈ। ਫਿਰ ਵੀ ਪਲੈਟੋ ਫਿਲਾਸਫਰ ਰਾਜੇ ਨੂੰ ਸਰਬ-ਅਧਿਕਾਰ ਦਿੰਦਾ ਹੈ, ਜੋ ਫਿਲਾਸਫਰ ਰਾਜੇ ਦਾ ਸੁਭਾਅ ਵੀ ਵਿਗਾੜ ਕੇ ਗਿਰਾ ਸਕਦੇ ਹਨ। ਸੱਤਾ ਆਦਮੀ ਨੂੰ ਭ੍ਰਿਸ਼ਟ ਕਰਦੀ ਹੈ ਅਤੇ ਸਰਬ ਸੱਤਾ ਤਾਂ ਮੂਲੋਂ ਹੀ ਭ੍ਰਿਸ਼ਟ ਕਰ ਦਿੰਦੀ ਹੈ। ਇਹ ਸੱਚਾਈ ਹੈ ਕਿ ਜਦੋਂ ਕਿਸੇ ਸੋਮੇ ਦਾ ਸਿਰ ਹੀ ਦੂਸ਼ਿਤ ਹੋ ਜਾਵੇ ਤਾਂ ਉਸ ਵਿਚੋਂ ਨਿਕਲੀ ਹਰੇਕ ਨਦੀ ਦੂਸ਼ਿਤ ਹੋਵੇਗੀ।

ਆਪਣੇ ਆਦਰਸ਼ ਰਾਜ ਦੇ ਨਕਸ਼ੇ ਵਿਚ ਪਲੈਟੋ ਸਮਾਜ ਦੀਆਂ ਸਭ ਤੋਂ ਮਹੱਤਵਪੂਰਨ ਲੋੜਾਂ ਵਿਸਾਰ ਦਿੰਦਾ ਹੈ। ਅਧਿਕਾਰੀਆਂ ਦੀ ਨਿਯੁਕਤੀ ਅਤੇ ਕਚਹਿਰੀਆਂ ਆਦਿ ਬਾਰੇ ਕੋਈ ਕਾਨੂੰਨ ਅਤੇ ਨਿਯਮ ਨਹੀਂ ਦੱਸੇ ਗਏ। ਪਲੈਟੋ 'ਵੰਨਗੀ' (Type) ਦਾ ਚਿਤ੍ਰਣ ਕਰ ਰਿਹਾ ਸੀ, ਮਤਲਬ ਸੀ 'ਅਸਲੀ ਰਾਜ' ਜੋ ਕਾਨੂੰਨ ਦਾ ਸੋਮਾ ਹਨ, ਉਨ੍ਹਾਂ ਦੀ ਪਲੈਟੋ ਦੇ ਰਾਜ ਵਿਚ ਕੋਈ ਥਾਂ ਨਹੀਂ।

ਪ੍ਰਕਿਰਤੀ ਨੇ ਮਨੁੱਖਾਂ ਵਿਚ ਭੇਦ ਨਹੀਂ ਪਾਇਆ । ਉਪਰਲੀਆਂ ਸ਼੍ਰੇਣੀਆਂ ਨੂੰ ਸਾਰੀ ਸੱਤਾ ਦੇਣ ਨਾਲ ਨੀਵੀਆਂ ਸ੍ਰੇਣੀਆਂ ਵਿਚ ਅਸੰਤੋਸ਼ ਪੈਦਾ ਹੋਏਗਾ। ਸਿੱਟੇ ਵਜੋਂ, ਅਰਾਜਕਤਾ ਅਤੇ ਬਦਅਮਨੀ ਹੋਏਗੀ।

ਅਰਸਤੂ ਨੇ ਵੀ ਪਲੈਟੋ ਦੇ ਆਦਰਸ਼ ਰਾਜ ਵਿਚ ਕਈ ਪ੍ਰਕਾਰ ਦੇ ਨੁਕਸ ਕੱਢੇ ਹਨ। ਪਲੈਟੋ ਦਾ ਨਿਸ਼ਾਨਾ ਸੀ ਰਾਜ ਵਿਚ ਪੂਰਨ ਏਕਤਾ। ਪਰ ਪੂਰਨ ਏਕਤਾ ਤਾਂ ਤਬਾਹੀ ਦਾ ਕਾਰਨ ਹੈ ਕਿਉਂਕਿ ਰਾਜ ਦਾ ਸੁਭਾ

ਹੀ ਅਨੇਕਤਾ 'ਚ ਏਕਤਾ ਹੈ। ਅਸਲੀ ਏਕਤਾ ਅਸਮਾਨ ਵਿਅਕਤੀਆਂ ਵਿਚ ਸੰਬੰਧਾਂ ਦੇ ਯੋਗ ਪ੍ਰਬੰਧ ਵਿਚ ਹੈ। ਪਰ ਇਹ ਸਿੱਖਣ ਵਿਚ ਅਰਸਤੂ ਗਲਤ ਸੀ ਕਿ ਪਲੈਟੋ ਨੇ ਧੰਦਿਆਂ ਅਤੇ ਬੰਦਿਆਂ ਦੀ ਭਿੰਨਤਾ ਦੀ ਕੋਈ ਥਾਂ ਨਹੀਂ ਰੱਖੀ। ਜੇ ਐਸਾ ਸੀ ਤਾਂ ਪਲੈਟੋ ਦਾ ਨਿਸ਼ਾਨਾ ਕੇਵਲ ਉਪਰਲੀਆਂ ਦੋ ਸ੍ਰੇਣੀਆਂ ਵਿਚ ਏਕਤਾ ਪੈਦਾ ਕਰਨਾ ਸੀ।

*ਅਰਸਤੂ* ਨੇ ਪਲੈਟੋ ਦੀ ਇਸ ਗੱਲੋਂ ਵੀ ਆਲੋਚਨਾ ਕੀਤੀ ਕਿ ਉਸ ਨੇ ਨੀਵੀਆਂ ਸ਼੍ਰੇਣੀਆਂ ਨੂੰ ਵਿਸਾਰਿਆ। ਇਹ ਅਣਗਹਿਲੀ ਸਮਾਜ ਨੂੰ ਦੋ ਵਿਰੋਧੀ ਧੜਿਆਂ ਵਿਚ ਵੰਡ ਸਕਦੀ ਹੈ। ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਰਸਤੂ ਨੇ ਆਪ ਵੀ ਨੀਵੀਆਂ ਸ੍ਰੇਣੀਆਂ ਨੂੰ ਨਾਗਰਿਕਤਾ ਦੇ ਅਧਿਕਾਰ ਤੋਂ ਵੰਚਿਤ ਕਰਕੇ ਉਹਨਾਂ ਨੂੰ ਸਜ਼ਾ ਦਿੱਤੀ।

ਉਪਰੋਕਤ ਕਮੀਆਂ ਦੇ ਬਾਵਜੂਦ, ਪਲੈਟੋ ਦੇ ਆਦਰਸ਼ ਰਾਜ ਦੇ ਸੰਕਲਪ ਦੇ ਕਈ ਸ਼ਲਾਘਾਯੋਗ ਪਹਿਲੂ ਹਨ ਜਿਨ੍ਹਾਂ ਨੇ ਮਨੁੱਖੀ ਚਿੰਤਨ ਤੇ ਡੂੰਘਾ ਪ੍ਰਭਾਵ ਪਾਇਆ ।

ਆਧੁਨਿਕ ਰਾਜਨੀਤੀ ਦੇ ਅਮਲ ਨੇ ਘੱਟੋ-ਘੱਟ ਕੁੱਝ ਹੱਦ ਤਕ ਪਲੈਟੋ ਦੇ ਦਿੱਤੇ ਆਦਰਸ਼ ਰਾਜ ਦੇ ਨਮੂਨੇ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ। ਸਾਮਵਾਦ, ਕਾਰਜਾਂ ਦੀ ਵਿਸ਼ੇਸ਼ਤਾ ਅਤੇ ਬੁੱਧੀ ਦਾ ਸ਼ਾਸ਼ਨ ਪਲੈਟੋ ਦੇ ਆਦਰਸ਼ ਰਾਜ ਦੇ ਉੱਘੇ ਲੱਛਣ ਹਨ। ਸਾਮਵਾਦੀ ਦੇਸ਼ਾਂ, ਖਾਸ ਕਰ ਸਾਬਕਾ ਸੋਵੀਅਤ ਯੂਨੀਅਨ ਵਿਚ, ਸਿਧਾਂਤ ਤੇ ਯਥਾਰਥ ਵਿਚ, ਸੰਪਤੀ ਦਾ ਸਾਮਵਾਦ ਵੱਡੇ ਪੈਮਾਨੇ ਤੇ ਅਮਲੀ ਰੂਪ ਵਿਚ ਅਜਮਾਇਆ ਗਿਆ। ਆਧੁਨਿਕ ਸਮੇਂ ਦੇ ਸ਼ਕਤੀਆਂ ਦੀ ਵੰਡ ਅਤੇ ਸਰਕਾਰ ਦੇ ਪ੍ਰਬੰਧਕੀ ਪੱਖ ਦੀ ਕਈ ਵਿਭਾਗਾਂ ਵਿਚ ਵੰਡ 'ਕਾਰਜਾਂ' ਦੀ ਵਿਸ਼ੇਸ਼ਤਾ ਦੀਆਂ ਲੀਹਾਂ ਅਨੁਸਾਰ ਹੀ ਹੈ। ਠੀਕ ਤਰ੍ਹਾਂ ਪੜ੍ਹਾਏ ਸਿੱਖਿਅਤ ਅਤੇ ਕੰਮ ਲਈ ਯੋਗ ਸਿਵਲ ਅਤੇ ਫੌਜੀ ਨੌਕਰਸ਼ਾਹੀ ਬੁੱਧੀ ਦੀ ਭੂਮਿਕਾ ਦੀ ਪ੍ਰਤੀਨਿਧਤਾ ਕਰਦੀ ਹੈ।

ਪਰ ਉਸ ਦੇ ਆਦਰਸ਼ ਰਾਜ ਦੇ ਨਿਆਂ ਨੂੰ ਆਧੁਨਿਕ ਸੰਕਲਪ ਵਿਚ ਪੂਰਨ ਰੂਪ ਵਿਚ ਸਮਿਲਤ ਨਹੀਂ ਕੀਤਾ ਜਾ ਸਕਦਾ। ਆਧੁਨਿਕ ਜਗਤ ਵਿਚ ਨਿਆਂ ਨੂੰ ਨਿਆਇਕ ਅਤੇ ਪ੍ਰਬੰਧਕੀ ਕੰਮਾਂ ਨਾਲ ਜੋੜਿਆ ਜਾਂਦਾ ਹੈ। ਇਸ ਦਾ ਮਤਲਬ ਹੈ 'ਕਾਨੂੰਨ ਸਾਹਮਣੇ ਬਰਾਬਰੀ'। ਰੰਗ, ਨਸਲ ਅਤੇ ਜਾਤ ਦੇ ਲਿਹਾਜ ਤੋਂ ਬਿਨਾ ਸੰਵਿਧਾਨ ਨਾਗਰਿਕਾਂ ਨੂੰ ਬਰਾਬਰ ਹੱਕ ਦਿੰਦਾ ਹੈ। ਜੇ ਕਦੀ ਇਹਨਾਂ ਨੂੰ ਖੋਹਿਆ ਜਾਂਦਾ ਹੈ ਤਾਂ ਸੰਬੰਧਿਤ ਵਿਅਕਤੀ ਇਹਨਾਂ ਹੱਕਾਂ ਨੂੰ ਲਾਗੂ ਕਰਨ ਲਈ ਅਦਾਲਤ ਵਿਚ ਜਾ ਸਕਦਾ ਹੈ।

ਆਧੁਨਿਕ ਜਗਤ ਵਿਚ ਰਾਜ ਦੇ ਵਿਰੋਧ ਦਾ ਅਧਿਕਾਰ ਨਿਆਂ ਦੀ ਨੀਂਹ ਹੈ। ਰਾਜ ਹਰੇਕ ਨਾਗਰਿਕ ਦੀਆਂ ਲੋੜਾਂ ਵੱਲ ਉਦੋਂ ਹੀ ਧਿਆਨ ਦੇਵੇਗਾ ਜਦੋਂ ਉਸ ਨੂੰ ਪਤਾ ਹੋਏਗਾ ਕਿ ਹਰੇਕ ਵਿਅਕਤੀ ਕੋਲ ਵਿਰੋਧ ਦਾ ਅਧਿਕਾਰ ਹੈ ਅਤੇ ਨਾਗਰਿਕ ਵਿਰੋਧ ਕਰ ਸਕਦਾ ਹੈ। ਟੀ.ਐਚ. ਗਰੀਨ ਦਾ ਕਹਿਣਾ ਹੈ ਕਿ ਨਾਗਰਿਕ ਕੋਲ ਇਹ ਅਧਿਕਾਰ ਹੀ ਨਹੀਂ, ਸਗੋਂ ਉਸ ਦਾ ਨੈਤਿਕ ਫਰਜ਼ ਵੀ ਬਣਦਾ ਹੈ ਕਿ ਰਾਜ ਦਾ ਵਿਰੋਧ ਕਰਨ ਜੇਕਰ ਰਾਜ ਉਸ ਦੇ ਹੱਕਾਂ ਅਤੇ ਆਜ਼ਾਦੀ ਨੂੰ ਨਹੀਂ ਵਧਾਉਂਦਾ। ਇਸ ਦੇ ਉਲਟ ਆਦਰਸ਼ ਰਾਜ ਵਿਚ ਲੋਕਾਂ ਕੋਲ ਅਜਿਹੇ ਵਿਸ਼ੇਸ਼ ਅਧਿਕਾਰ ਨਹੀਂ ਹਨ। ਦਾਰਸ਼ਨਿਕ ਰਾਜਾ ਨਿਰੰਕੁਸ਼ ਬਣ ਸਕਦਾ ਹੈ। ਖਾਸ ਕਰਕੇ ਜਦੋਂ ਉਸ ਨੂੰ ਪਤਾ ਹੈ ਕਿ ਉਸ ਉਪਰ ਕੋਈ ਬੰਧਨ ਨਹੀਂ।

ਇਸ ਤੋਂ ਇਲਾਵਾ, ਨਿਆਂ ਦੇ ਆਧੁਨਿਕ ਸੰਕਲਪ ਦੀ ਇਹ ਲੋੜ ਹੈ ਕਿ ਹਰੇਕ ਨਾਗਰਿਕ ਨੂੰ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੋਵੇ। ਲਾਸਕੀ ਦਾ ਕਹਿਣਾ ਹੈ, 'ਜਿਨ੍ਹਾਂ ਪੁਰਸ਼ਾਂ ਨੂੰ ਸੋਚਣੋ ਰੋਕਿਆ ਜਾਂਦਾ ਹੈ ਅਤੇ ਆਪਣੇ ਤਜਰਬੇ ਅਨੁਸਾਰ ਉਹ ਛੇਤੀ ਹੀ ਸੋਚਣੋ ਹੱਟ ਜਾਣਗੇ। ਪੁਰਸ਼ ਸੋਚਣ ਨੂੰ ਤਿਆਗ ਦੇਣ, ਉਹ ਅਸਲੀ ਅਰਥਾਂ ਵਿਚ ਨਾਗਰਿਕ ਹੀ ਨਹੀਂ ਰਹਿ ਜਾਂਦੇ।' ਪਰ ਇਹਨਾਂ ਅਧਿਕਾਰਾਂ ਤੇ ਅਸ਼ਲੀਲਤਾ, ਝੂਠਾ ਦੋਸ਼ ਅਤੇ ਬਦਨਾਮੀ ਦੇ ਪੱਖੋਂ ਰੋਕਾਂ ਲਾਈਆਂ ਜਾਂਦੀਆਂ ਹਨ। ਆਮ ਹਾਲਤਾਂ ਵਿਚ ਰਾਇ ਨੂੰ ਬਿਲਕੁਲ ਦਬਾਇਆ ਨਹੀਂ ਜਾਣਾ ਚਾਹੀਦਾ। ਪਲੈਟੋ ਦਾ ਰਾਜ ਤਾਨਾਸ਼ਾਹੀ ਹੈ, ਕਿਉਂਕਿ ਇਸ ਵਿਚ ਕੋਈ ਕਲਾ ਜਾਂ ਸਾਹਿਤ, ਜੋ ਰਾਜ ਦੀਆਂ ਇੱਛਾਵਾਂ ਵਿਰੁੱਧ ਜਾਂਦਾ ਹੈ, ਉਸ ਨੂੰ ਅੱਗ ਦੇ ਭਾਂਬੜ ਵਿਚ ਸੁੱਟ ਦਿੱਤਾ ਜਾਏਗ।

ਪਲੈਟੋ ਦੇ ਆਲੋਚਕ ਕਹਿੰਦੇ ਹਨ ਕਿ ਦਾਰਸ਼ਨਿਕਾਂ ਦੇ ਸ਼ਾਸ਼ਨ ਉਪਰ ਜ਼ੋਰ ਦਿੰਦੇ ਹੋਏ ਪਲੈਟੋ ਬਹੁਤ ਸਾਰੀਆਂ ਚੀਜ਼ਾਂ ਨੂੰ ਭੁੱਲ ਗਿਆ ਲੱਗਦਾ ਹੈ। ਇਸੇ ਕਰਕੇ ਦਾਰਸ਼ਨਿਕ ਸ਼ਾਸਕ ਦੇ ਸਿਧਾਂਤ ਦੇ ਸੰਬੰਧ ਵਿੱਚ ਉਸ ਦੀ ਬਹੁਤ ਪੜਚੋਲ ਹੋ ਚੁੱਕੀ ਹੈ।

ਪਲੈਟੋ ਦੇ ਦਾਰਸ਼ਨਿਕ ਸ਼ਾਸਕ ਦਾ ਸੁਭਾਅ ਇਕ ਤਾਨਾਸ਼ਾਹੀ (ਅਤਿਆਚਾਰ) ਸਰਕਾਰ ਵੱਲ ਲੈ ਜਾਂਦਾ ਹੈ, ਜੋ ਕਿ ਐਥੀਅਨ (Athenian) ਲੋਕਤੰਤਰ ਦੇ ਉਲਟ ਹੈ। ਪਲੈਟੋ ਦਾ ਆਦਰਸ਼ ਰਾਜ, ਜਿਸ ਦਾ ਸ਼ਾਸਕ ਅਸੀਮਤ ਸ਼ਕਤੀਆਂ ਦਾ ਧਾਰਨੀ ਦਾਰਸ਼ਨਿਕ ਰਾਜਾ ਹੈ, ਜਿਸ ਦਾ ਇਕੋ ਇਕ ਸਲਾਹਕਾਰ ਉਸਦਾ ਵਿਵੇਕ ਹੈ, ਆਧੁਨਿਕ ਸਰਵ-ਸਤਾਵਾਦੀ ਰਾਜ ਨਾਲ ਭੈੜੀ ਤਰ੍ਹਾਂ ਮੇਲ ਖਾਂਦਾ ਹੈ। ਉਸ ਦੇ ਦਾਰਸ਼ਨਿਕ ਰਾਜੇ ਆਧੁਨਿਕ ਤਾਨਾਸ਼ਾਹ ਹਨ। ਇਸ ਤਰ੍ਹਾਂ ਕਾਰਲ ਪੋਪਰ ਕਹਿੰਦਾ ਹੈ ਕਿ ਪਲੈਟੋ "ਖੁਲ੍ਹੇ ਸਮਾਜ ਦਾ ਦੁਸ਼ਮਣ ਬਣ ਜਾਂਦਾ ਹੈ।"

ਪਲੈਟੋ ਪ੍ਰਤੱਖ ਅਤੇ ਪ੍ਰਤੀਨਿੱਧ ਲੋਕਤੰਤਰ ਤੋਂ ਇਨਕਾਰ ਕਰਦਾ ਹੈ। ਸੁਤੰਤਰਤਾ ਦੀ ਨੈਤਿਕ ਅਤੇ ਸਵੈ-ਸਰਕਾਰ ਦੇ ਨਾਗਰਿਕ ਗੁਣਾਂ (Civic Virtues) ਨੂੰ ਪਲੈਟੋ ਦੁਆਰਾ ਪੂਰੀ ਤਰ੍ਹਾਂ ਅੱਖੋਂ ਉਹਲੇ ਕਰ ਦਿੱਤਾ ਗਿਆ।

ਇਕ ਸ਼ਾਸਕ ਵਿਚ ਕਿਸ ਚੀਜ਼ ਦੀ ਲੋੜ ਹੈ ਉਹ ਸਹੀ ਨਹੀਂ ਦੱਸ ਸਕਿਆ ਕਿਉਂਕਿ ਬਹੁਤ ਜ਼ਿਆਦਾ ਨਿਆਂ ਅਤੇ ਚੰਗਿਆਈ ਤਕਰੀਬਨ ਅਸੰਭਵ ਹੈ। ਵੱਖੋ-ਵੱਖਰੇ ਸਮਾਜਾਂ ਅਤੇ ਵੱਖੋ-ਵੱਖਰੇ ਰਾਜਾਂ ਲਈ ਸਿੱਖਿਆ ਜੋ ਕਿ ਸ਼ਾਸ਼ਕ ਨੂੰ ਹਿਸਾਬ ਅਤੇ ਅੰਕੜਿਆਂ ਦੇ ਅਧਿਐਨ ਦੁਆਰਾ ਸਰਕਾਰ ਦੇ ਕੰਮ ਲਈ ਕਿਵੇ ਯੋਗ ਬਣਾਉਂਦੀ ਹੈ। ਯੋਗ ਹਨ। ਸਿਰਫ ਚੰਗਿਆਈ ਦੇ ਵਿਚਾਰ ਦੇ ਅਮੂਰਤ ਗਿਆਨ ਦਾ ਹੋਣਾ ਚੰਗੀ ਸਰਕਾਰ ਲਈ ਕੋਈ ਸਹੀ ਯੋਗਤਾ ਨਹੀਂ ਹੈ। ਪਲੈਟੋ ਦਾ ਸਿੱਖਿਆ ਦਾ ਸਿਧਾਂਤ ਸਿਰਫ ਅਮੂਰਤ ਸੋਚਣੀ ਅਤੇ ਆਦਰਸ਼ਵਾਦੀ ਵਿਚਾਰਾਂ ਵਾਲੇ ਵਿਅਕਤੀ ਪੈਦਾ ਕਰਦਾ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਉਹ ਵਿਵਹਾਰਿਕ ਫੈਸਲੇ ਲੈਣ ਦੇ ਯੋਗ ਨਹੀਂ ਹੋਣਗੇ।

ਇਸ ਤੋਂ ਇਲਾਵਾ ਜ਼ਿਆਦਾ ਦਾਰਸ਼ਨਿਕ ਗਿਆਨ ਇਕ ਆਦਮੀ ਨੂੰ ਸਨਕੀ ਬਣਾ ਦਿੰਦਾ ਹੈ ਅਤੇ ਇਕ ਸਨਕੀ ਵਿਅਕਤੀ ਲੋਕਾਂ ਵਿੱਚ ਹਰਮਨ ਪਿਆਰਾ ਨਹੀਂ ਹੁੰਦਾ, ਅਨਿਆਈ ਅਤੇ ਅਸੰਤੁਲਤ ਹੁੰਦਾ ਹੈ।

ਵੱਡਾ ਨੁਕਸ ਇਹ ਵੀ ਹੈ ਕਿ ਜਿਸ ਕਿਸਮ ਦੇ ਵਿਅਕਤੀ ਉਹ ਚਾਹੁੰਦਾ ਹੈ, ਉਪਲਬਧ ਨਹੀਂ ਹਨ। ਇਤਿਹਾਸ ਸਾਨੂੰ ਦਾਰਸ਼ਨਿਕ ਰਾਜਿਆਂ ਦੀਆਂ ਉਦਾਹਰਣਾਂ ਨਹੀਂ ਦਿੰਦਾ। ਪਹਿਲੇ ਥਾਂ ਤੇ ਕਿਸੇ ਭਾਈਚਾਰੇ ਵਿੱਚ ਵਰਣਿਤ ਵਿਚਾਰ ਨੂੰ ਸਾਧਣ ਵਾਲੇ ਅਤੇ ਦਾਰਸ਼ਨਿਕ ਸੁਭਾਅ ਦੇ ਗੁਣਾਂ ਦੇ ਧਾਰਨੀ ਵਿਅਕਤੀਆਂ ਦੀ ਲੋੜੀਂਦੀ ਮਾਤਰਾ ਨੂੰ ਲੱਭਣਾ ਹੀ ਮੁਸ਼ਕਿਲ ਹੈ ਅਤੇ ਉਸ ਦੀ ਦਾਰਸ਼ਨਿਕ ਸ਼ਾਸਕ ਦੀ ਪ੍ਰਾਪਤੀ ਕਰਨ ਦੀ ਕੋਸ਼ਿਸ਼ ਬਹੁਤ ਹੀ ਮੁਸ਼ਕਿਲ ਹੈ। ਪਲੈਟੋ ਕੁਲ ਮਿਲਾ ਕੇ ਇਕ ਸੁਪਨਸਾਜ (Utopian) ਹੀ ਰਹਿੰਦਾ ਹੈ।

## ਸਿੱਟਾ (Conclusion)

ਭਾਵੇਂ ਪਲੈਟੋ ਦੇ ਦਾਰਸ਼ਨਿਕ-ਰਾਜਿਆਂ ਦੇ ਸਿਧਾਂਤ ਬਾਰੇ ਬਹੁਤ ਸਾਰੀਆਂ ਟਿੱਪਣੀਆਂ ਹੋਈਆਂ ਹਨ, ਫਿਰ ਵੀ ਫੋਸਟਰ (Foster) ਇਸ ਨੂੰ ਪਲੈਟੋ ਦੇ ਸਮੁੱਚੇ ਰਾਜਨੀਤਿਕ ਸਿਧਾਂਤ ਵਿੱਚ ਪੂਰਣ ਤੌਰ ਤੇ ਮੌਲਿਕ ਸੰਕਲਪ ਮੰਨਦਾ ਹੈ। ਇਹ ਵੱਡੀ ਦਲੀਲ ਸੀ ਕਿ ਜਦੋਂ ਤਕ ਰਾਜਨੀਤਿਕ ਸ਼ਕਤੀ ਅਤੇ ਤਰਕ ਨੂੰ ਇਕੱਠੇ ਨਹੀਂ ਕੀਤਾ ਜਾਂਦਾ, ਜਦ ਤਕ ਰਾਜਨੀਤੀ ਨੂੰ ਅਸਲੀ ਸਿਆਣਪ ਨਾਲ ਨਹੀਂ ਜੋੜਿਆ ਜਾਂਦਾ ਅਤੇ ਜੋ ਵਿਅਕਤੀ ਸਿਆਣਪ ਤੋਂ ਵਾਂਝੇ ਹਨ ਉਨ੍ਹਾਂ ਨੂੰ ਰਾਜਨੀਤਿਕ ਸ਼ਕਤੀ ਤੋਂ ਬਾਹਰ ਕੱਢ ਨਹੀਂ ਦਿੱਤਾ ਜਾਂਦਾ ਤਦ ਤਕ ਰਾਜ ਬੁਰਾਈਆਂ ਤੋਂ ਨਹੀਂ ਬਚ ਸਕੇਗਾ। ਪਲੈਟੋ ਜਿਸ ਨਿਯਮ ਤੋਂ ਸ਼ੁਰੂ ਕਰਦਾ ਹੈ, ਸਹੀ ਹੈ। ਉਸ ਦੇ ਅਨੁਸਾਰ ਸਮਾਜ ਤੇ ਅਸਲੀ ਗਿਆਨ ਦਾ ਰਾਜ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪਲੈਟੋ ਇਹ ਵੀ ਚਾਨਣਾ ਪਾਉਂਦਾ ਹੈ ਕਿ ਸਿਰਫ ਯੋਗ ਵਿਅਕਤੀਆਂ ਨੂੰ ਹੀ ਰਾਜ ਕਰਨਾ ਚਾਹੀਦਾ ਹੈ। ਇਕ ਵਿਅਕਤੀ ਜੋ ਵਿਗਿਆਨਕ ਗਿਆਨ ਰੱਖਦਾ ਹੈ ਉਹੀ ਰਾਜ ਕਰਨ ਦੇ ਸਮਰੱਥ ਹੈ।

## 1.4.6 ਅਭਿਆਸ ਲਈ ਪ੍ਰਸ਼ਨ

1. ਪਲੈਟੋ ਦੇ ਆਦਰਸ਼ ਰਾਜ ਦੀ ਆਲੋਚਨਾਤਮਕ ਵਿਆਖਿਆ ਕਰੋ।
2. ਪਲੈਟੋ ਦੇ ਦਾਰਸ਼ਨਿਕ ਰਾਜੇ ਦੇ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ ਕਰੋ।

## 1.4.7 Selected Readings :


1. Barker : Plato and His Predecessors
2. Dunning : History of Political Theories
3. Sabine : A History of Political Theory
4. D.R. Bhandari and R.R. Sethi: Studies in Plato and Aristotle
5. Subarata Mukherji and Sushila Ramaswami : Western Political Thought

1. Ernest Barker : Greek Political Theory, Ch. I to V.
2. Foster, E.M. : Masters of Political Thought, Ch.I

ਪਾਠ ਨੰ: 1.5

# ਪਲੈਟੋ ਦੀ ਫਿਲਾਸਫੀ ਵਿਚ ਨਿਆਂ ਦਾ ਸੰਕਲਪ
# (Concept of Justice in Plato's Philosophy)

**1.5.1 ਜਾਣ ਪਹਿਚਾਣ** :- ਨਿਆਂ ਦਾ ਸੰਕਲਪ ਪਲੈਟੋ ਦੀ ਰਾਜਨੀਤਿਕ ਫਿਲਾਸਫੀ ਦਾ ਕੇਂਦਰੀ ਵਿਸ਼ਾ ਹੈ। ਉਸ ਦੀ ਪ੍ਰਸਿੱਧ ਕਿਰਤ,"ਗਣਤੰਤਰ"(The Republic), ਉਸ ਦੀ ਨਿਆਂ, ਨਿਆਂ ਦੀ ਪਰਿਭਾਸ਼ਾ ਅਤੇ ਵਿਸ਼ਾ-ਵਸਤੂ ਦਾ ਪ੍ਰਤੀਨਿੱਧ ਹੈ। ਪਲੈਟੋ ਦੀ ਰਾਜਨੀਤਿਕ ਫਿਲਾਸਫੀ ਦੀਆਂ ਜੜ੍ਹਾਂ ਉਸ ਦੇ ਨਗਰ-ਰਾਜ ਵਿਚ ਵਿਚਰ ਰਹੇ ਵਾਤਾਵਰਣ ਵਿਚ ਹਨ। ਉਸ ਦੇ ਰਾਜਨੀਤਿਕ ਵਿਚਾਰਾਂ ਦਾ ਵਿਕਾਸ ਐਥਨਜ਼ ਵਿਚ ਰਾਜਨੀਤਿਕ ਕਾਰ-ਵਿਹਾਰ ਦੀ ਮੰਦੀ ਹਾਲਤ ਵਿਚੋਂ ਹੋਇਆ। ਆਪਦੇ ਇਮਾਨਦਾਰ ਵਿਚਾਰਾਂ ਕਰਕੇ ਉਸ ਦੇ ਗੁਰੂ, ਸੁਕਰਾਤ, ਨੂੰ ਸ਼ਾਸਕਾਂ ਦੇ ਹੱਥੋਂ ਮੌਤ ਦਾ ਸਾਹਮਣਾ ਕਰਨਾ ਪਿਆ। ਇਸ ਘਟਨਾ ਨੇ ਪਲੈਟੋ ਤੇ ਡੂੰਘਾ ਅਸਰ ਪਾਇਆ। ਉਹ ਇਸ ਸਿੱਟੇ ਤੇ ਪੁੱਜਾ ਕਿ ਵਿਚਰ ਰਹੇ ਰਾਜ ਦੇ ਪ੍ਰਚਲਿਤ ਹਾਲਾਤ ਵਿਚ ਨਿਆਂ ਦੀ ਆਸ ਨਹੀਂ ਰੱਖੀ ਜਾ ਸਕਦੀ ਸੀ, ਕਿਉਂਕਿ ਲੋਕਤੰਤਰ ਢਹਿੰਦੀ ਕਲਾ ਵਿਚ ਸੀ ਅਤੇ ਤਾਨਾਸ਼ਾਹੀ ਦਾ ਬੋਲਬਾਲਾ ਸੀ। ਇਸ ਕਰਕੇ ਉਸ ਨੇ ਉਦੇਸ਼ ਵਿਚ ਆਦਰਸ਼ ਰਾਜ ਦੇ ਸੰਕਲਪ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ। ਡਨਿੰਗ ਦੇ ਸ਼ਬਦਾਂ ਵਿਚ, ਪਲੈਟੋ ਅਜਿਹੇ ਰਾਜ ਦੇ ਸੰਕਲਪ ਦਾ ਫਾਰਮੂਲਾ ਬਣਾਉਂਦਾ ਹੈ ਜਿੱਥੇ ਨਿਆਂ ਪ੍ਰਚਲਿਤ ਹੈ।" ਪਲੈਟੋ ਦਾ "ਗਣਤੰਤਰ" ਉਸ ਦੇ ਨਿਆਂ ਦੇ ਸੰਕਲਪ ਦੁਆਲੇ ਘੁੰਮਦਾ ਹੈ। ਇਸੇ ਕਾਰਣ ਹੀ ਪਲੈਟੋ ਦੇ "**ਗਣਤੰਤਰ**" ਨੂੰ "**ਨਿਆਂ**" ਤੇ ਇਕ ਪੁਸਤਕ ਵੀ ਕਿਹਾ ਗਿਆ ਹੈ। ਪਲੈਟੋ ਦੇ "ਗਣਤੰਤਰ ਦਾ ਮੁੱਖ ਵਿਸ਼ਾ ਨਿਆਂ ਹੈ ਜਿਸ ਦਾ ਬਦਲਵਾਂ ਸ਼ੀਸ਼ਕ ਹੈ। : "ਨਿਆਂ ਬਾਰੇ " ਇਸ ਲਈ ਬਾਰਕਰ ਠੀਕ ਹੀ ਕਹਿੰਦਾ ਹੈ ਕਿ ਉਸ ਦੇ ਉਦੇਸ਼ ਦੇ ਮੂਲ ਅਤੇ ਵਿਚਾਰ ਦਾ ਧੁਰਾ ਨਿਆਂ ਹੈ। ਸੈਬਾਈਨ (Sabine) ਕਹਿੰਦਾ ਹੈ, **"ਗਣਤੰਤਰ"** ਰਾਜ ਦੇ ਨਿਆਂ ਸਿਧਾਂਤ ਦੇ ਸੰਕਲਪ ਵਿਚ ਮੁਕਦਾ ਹੈ।"

ਪਲੈਟੋ ਨੂੰ ਸਮਕਾਲੀ ਰਾਜਨੀਤੀ ਵਿਚ ਦੋ ਵੱਡੀਆਂ ਥੁੜਾਂ ਦਿਸੀਆਂ। ਬਾਰਕਰ ਦੇ ਸ਼ਬਦਾਂ ਵਿਚ ਇਹ ਹਨ ਅਤਿ ਅਗਿਆਨਤਾ ਅਤੇ ਰਾਜਨੀਤਿਕ ਸੁਆਰਥ। ਪਲੈਟੋ ਅਗਿਆਨਤਾ ਨੂੰ ਲੋਕਤੰਤਰ ਦਾ ਸਭ ਤੋਂ ਵੱਡਾ ਸਰਾਪ ਸਮਝਦਾ ਸੀ। ਐਥਨੀ ਲੋਕ ਰਾਜ ਵਿਚ ਇਸ ਦਾ ਭਾਵ ਸੀ ਅਗਿਆਨੀ ਲੋਕਾਂ ਦਾ ਦੂਜਿਆਂ ਤੇ ਰਾਜ ਕਰਨ ਦਾ ਦੈਵੀ ਹੱਕ। ਦੂਜੀ ਗੱਲ ਸੀ ਕਿ ਰਾਜਨੀਤਿਕ ਸੁਆਰਥ ਸੁਧਾਰਾਂ ਦੇ ਰਾਹ ਵਿਚ ਅੜਿੱਕਾਂ ਪਾਉਂਦਾ ਸੀ। ਇਸ ਲਈ ਉਹ ਇਹਨਾਂ ਦੋ ਬਦੀਆਂ ਨੂੰ ਮੁਕਾਉਣਾ ਚਾਹੁੰਦਾ ਸੀ। ਇਹ ਨਿਆਂ ਦੇ ਸੰਕਲਪ ਅਤੇ ਫਿਲਾਸਫੀ ਦੇ ਰਾਜ ਨਾਲ ਹੀ ਹੋ ਸਕਦਾ ਸੀ।

## 1.5.2 ਕਿਹੜੀ ਚੀਜ਼ ਨਿਆਂ ਨਹੀਂ ਹੈ?

ਆਪਣਾ ਨਿਆਂ ਦਾ ਸੰਕਲਪ ਸਮਝਾਉਣ ਲਈ ਪਲੈਟੋ ਇਕ ਨਿਖੇਧਾਤਮਕ ਢੰਗ ਅਪਣਾਉਂਦਾ ਹੈ। ਉਹ ਇਸ ਪ੍ਰਸ਼ਨ ਨਾਲ ਆਰੰਭ ਕਰਦਾ ਹੈ ਕਿ ਕਿਹੜੀ ਚੀਜ਼ ਨਿਆਂ ਨਹੀਂ ਹੈ? ਉਹ ਪਹਿਲਾਂ ਨਿਆਂ ਦੇ ਪ੍ਰਚੱਲਿਤ ਸਿਧਾਂਤਾਂ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਉਹਨਾਂ ਨੂੰ ਰੱਦ ਕਰਦਾ ਹੈ।

### 1.5.2.1 ਸਦਾਚਾਰ ਦਾ ਰਵਾਇਤੀ ਸਿਧਾਂਤ (Traditional Theory of Morality)

ਪਹਿਲਾਂ ਸਿਧਾਂਤ ਜਿਹੜਾ ਪਲੈਟੋ ਨੇ ਵਿਚਾਰਿਆ, ਉਹ ਉਸ ਨੇ ਸੈਫਾਲਸ ਦੇ ਦਿੱਤੇ ਸਿਧਾਂਤ ਨੂੰ ਪੇਸ਼ ਕੀਤਾ। ਉਹ ਰਵਾਇਤੀ ਸਦਾਚਾਰ ਦਾ ਪ੍ਰਤਿਨਿੱਧ ਸੀ। ਉਸ ਅਨੁਸਾਰ ਨਿਆਂ ਦਾ ਅਰਥ ਸੱਚ ਬੋਲਣਾ, ਆਪਣੇ ਮਿੱਤਰਾਂ ਦਾ ਭਲਾ ਕਰਨਾ, ਦੁਸ਼ਮਣ ਦਾ ਬੁਰਾ ਕਰਨਾ ਅਤੇ ਆਪਣੇ ਕਰਜ਼ੇ ਵਾਪਸ ਕਰਨਾ ਹੈ। ਸੈਫਾਲਸ ਦਾ ਪੁੱਤਰ, ਪੋਲੀਮੈਕਸ ਵੀ ਆਪਣੇ ਪਿਤਾ ਨਾਲ ਸਹਿਮਤ ਹੈ ਅਤੇ ਕਹਿੰਦਾ ਹੈ ਕਿ ਹਰ ਬੰਦੇ ਨੂੰ ਉਸ ਦਾ ਬਣਦਾ ਹੱਕ ਦਿਓ। ਪਲੈਟੋ ਇਹ ਨਹੀ ਮੰਨਦਾ ਅਤੇ ਇਸ ਨੂੰ ਰੱਦ ਕਰਦਾ ਹੈ। ਸੁਕਰਾਤ ਨਾਲ ਸਹਿਮਤ ਹੁੰਦਿਆਂ ਉਹ ਕਹਿੰਦਾ ਹੈ ਕਿ ਦੁਸ਼ਮਣ ਦਾ ਨੁਕਸਾਨ ਕਰਨ ਨਾਲ ਉਹ ਪਹਿਲਾਂ ਨਾਲੋਂ ਵੀ ਵੱਡਾ ਦੁਸ਼ਮਣ ਬਣ ਸਕਦਾ ਹੈ। ਇਸ ਤੋਂ ਉਪਰੰਤ ਉਸਦਾ ਵਿਚਾਰ ਹੈ ਕਿ ਦੋਸਤ ਅਤੇ ਦੁਸ਼ਮਣ ਵਿਚਕਾਰ ਅਸਲੀ ਅੰਤਰ ਕਰਨਾ ਸੰਭਵ ਨਹੀਂ ਅਤੇ ਇਕ ਆਦਮੀ ਦੇ ਪਾਗਲ ਹੋਣ ਦੇ ਬਾਅਦ ਉਸ ਨੂੰ ਮਾਰੂ ਹਥਿਆਰ ਵਾਪਸ ਕਰਨੇ ਕਦੀ ਨਿਆਂ ਵਾਲੀ ਗੱਲ ਨਹੀਂ ਹੋਏਗੀ। ਇਸ ਤਰ੍ਹਾਂ ਪਲੈਟੋ ਇਹ ਨਿਰਣਾ ਕੱਢਦਾ ਹੈ ਕਿ ਇਸ ਤਰ੍ਹਾਂ ਦਾ ਸੰਕਲਪ ਜੋ ਸੈਫਾਲਸ ਅਤੇ ਉਸ ਦੇ ਵਾਰਿਸ ਨੇ ਦਿੱਤਾ ਹੈ, ਗਲਤ ਹੈ ਅਤੇ ਇਸ ਦੀ ਕਾਢ ਅਵੱਸ਼ ਕਿਸੇ ਤਾਨਾਸ਼ਾਹ ਨੇ ਕੱਢੀ ਹੋਵੇਗੀ। ਇਹੋ ਜਿਹੇ ਤਾਨਾਸ਼ਾਹ ਸਨ ਪੈਰੀਐਂਡਰ ਜਾਂ ਸਰਬ ਅਧਿਕਾਰ ਰਾਜਾ ਅਗਜਰਹੀਜ਼ ਜਿਹਨਾਂ ਨੂੰ ਆਪਣੀ ਸੱਤਾ ਤੇ ਤਕੜਾ ਮਾਣ ਸੀ।

### 1.5.2.2 ਪਰਿਵਰਤਨ (Radicalism) ਦਾ ਸਿਧਾਂਤ

ਅਗਲਾ ਸਿਧਾਂਤ, ਜਿਸ ਨੂੰ ਪਲੈਟੋ ਨੇ ਵਿਚਾਰਿਆ, ਥਰੈਸੀਮੈਕਸ ਦਾ ਸੀ। ਇਸ ਨੂੰ ਪਰਿਵਰਤਨ ਦਾ ਸਿਧਾਂਤ ਕਹਿੰਦੇ ਹਨ। ਥਰੈਸੀਮੈਕਸ ਨਿਆਂ ਨੂੰ ਤਕੜੇ ਦੇ ਸੁਆਰਥ ਨਾਲ ਜੋੜਦਾ ਹੈ। ਉਹ ਤਕੜੇ ਦੇ ਸੁਆਰਥ ਨੂੰ ਨਿਆਂ ਸਮਝਦਾ ਹੈ। ਇਸ ਦਾ ਅਰਥ ਹੋਇਆ ਕਿ ਸੱਤਾ ਹੀ ਠੀਕ ਹੈ। ਉਸ ਅਨੁਸਾਰ ਤਕੜੇ ਦਾ ਅਧਿਕਾਰ ਹੀ ਨਿਆਂ ਹੈ। ਜੋ ਇਕ ਆਦਮੀ ਕਰ ਸਕਦਾ ਹੈ, ਉਹ ਉਸ ਨੂੰ ਚਾਹੀਦਾ ਹੈ ਅਤੇ ਜੋ ਕੁੱਝ ਉਹ ਪ੍ਰਾਪਤ ਕਰ ਸਕਦਾ ਹੈ ਉਹ ਹੀ ਉਸ ਦਾ ਹੱਕ ਹੈ। ਨਿਆਂ ਦੇ ਪਰਿਵਰਤਨ ਦੇ ਸਿਧਾਂਤ ਦਾ ਦੂਜਾ ਪ੍ਰਸਤਾਵ ਹੈ, ਨਿਆਂ ਨਾਲੋਂ ਅਨਿਆ ਚੰਗਾ ਹੈ। ਪਲੈਟੋ ਥਰੈਸੀਮੈਕਸ ਦੇ ਇਹਨਾਂ ਪ੍ਰਸਤਾਵਾਂ ਦਾ ਖੰਡਨ ਕਰਦਾ ਹੈ। ਉਸ ਦੇ ਪਹਿਲੇ ਪ੍ਰਸਤਾਵ-ਤਕੜੇ ਦਾ ਸੁਆਰਥ ਹੀ ਨਿਆਂ ਹੈ - ਦਾ ਪਲੈਟੋ ਇਹ ਉੱਤਰ ਦਿੰਦਾ ਹੈ ਕਿ ਸਰਕਾਰ ਚਲਾਉਣਾ ਇਕ ਕਲਾ ਹੈ। ਹਰ ਕਲਾ ਦੀ ਆਸ਼ਾ ਸਮੱਗਰੀ ਦਾ ਭਲਾ ਕਰਨਾ ਹੁੰਦਾ ਹੈ। ਮਤਲਬ ਇਹ ਕਿ ਸਭ ਕਲਾ ਵਰਤੀ ਗਈ ਸਮੱਗਰੀ ਦੀ ਖਾਤਿਰ ਹੁੰਦੀ ਹੈ। ਕਲਾਕਾਰ ਦੀ ਖਾਤਰ ਨਹੀਂ। ਇਕ ਡਾਕਟਰ ਦਵਾਈ ਮਰੀਜ਼ ਠੀਕ ਕਰਨ ਲਈ ਨਿਯਤ ਕਰਦਾ ਹੈ, ਆਪਣੇ ਆਪ ਲਈ ਨਹੀਂ। ਇਸ ਤਰ੍ਹਾਂ ਹੀ ਸ਼ਾਸਕ ਨੂੰ ਆਪਣੇ ਹਿੱਤਾਂ ਲਈ ਨਹੀਂ ਸਗੋਂ ਉਹਨਾਂ ਦੇ ਹਿੱਤਾਂ ਲਈ ਸ਼ਾਸਨ ਕਰਨਾ ਚਾਹੀਦਾ ਹੈ, ਜਿਨ੍ਹਾਂ ਤੇ ਉਹ ਸਾਸ਼ਨ ਕਰਦਾ ਹੈ। ਦੂਜੇ ਪ੍ਰਸਤਾਵ ਦਾ ਉੱਤਰ ਪਲੈਟੋ ਇਹ ਆਖ ਕੇ ਦਿੰਦਾ ਹੈ ਕਿ ਨਿਆਂ ਸਦਾ ਅਨਿਆਂ ਤੋਂ ਚੰਗਾ ਹੁੰਦਾ ਹੈ। ਇਕ ਨਿਆਂਪੂਰਣ ਆਦਮੀ ਸਦਾ ਬਹੁਤ ਸੱਚਾ, ਤਕੜਾ ਅਤੇ ਪ੍ਰਸੰਨ ਹੁੰਦਾ ਹੈ, ਕਿਉਂਕਿ ਉਹ ਆਪਣੀਆਂ ਊਣਤਾਈਆਂ ਜਾਣਦਾ ਹੈ। ਸ਼ਾਸਕ ਤਾਂ ਇਕ ਅਨਾੜੀ ਆਦਮੀ ਹੁੰਦਾ ਹੈ ਜਿਸ ਨੇ ਭੇਡਾਂ ਦੀ ਰਾਖੀ ਕਰਨੀ ਹੁੰਦੀ ਹੈ। ਸ਼ਾਸਕ ਦੀ ਹੋਂਦ ਉਹਨਾਂ ਲਈ ਹੈ ਜਿਨ੍ਹਾਂ ਉਤੇ ਉਹ ਸ਼ਾਸਨ ਕਰਦਾ ਹੈ। ਉਸ ਨੂੰ ਸੱਤਾ ਇਕ ਅਮਾਨਤ ਸਮਝਣੀ ਚਾਹੀਦੀ ਹੈ। ਉਹ ਸਰਕਾਰ ਜਿਹੜੀ ਅਨਿਆਂ ਅਤੇ ਅੱਤਿਆਚਾਰ ਤੇ ਨਹੀਂ, ਸਗੋਂ ਆਪਣੀ ਪਰਜਾ ਦਾ ਭਲਾ ਕਰਨ ਵਿਚ ਯਕੀਨ ਰੱਖਦੀ ਹੈ, ਬਹੁਤ ਤਕੜੀ ਅਤੇ ਸਥਿਰ ਹੋਵੇਗੀ।

### 1.5.2.3 ਗਲਾਕੋਣ ਦਾ ਪਰਿਣਾਮਵਾਦ (Pragmatism) ਦਾ ਸਿਧਾਂਤ

ਥਰੈਸੀਮੈਕਸ ਦੇ ਅਤਿਵਾਦ ਦਾ ਖੰਡਨ ਕਰਨ ਪਿੱਛੋਂ, ਪਲੈਟੋ ਗਲਾਕੋਣ ਦੇ ਪਰਿਣਾਮਵਾਦ (Pragmatism) ਨੂੰ ਵਿਚਾਰਦਾ ਹੈ। ਗਲਾਕੋਣ ਨਿਆਂ ਨੂੰ ਮਾੜੇ ਦਾ ਸੁਆਰਥ ਸਮਝਦਾ ਹੈ। ਇਹ ਡਰ ਵਿਚੋਂ ਉਪਜਦਾ ਹੈ। ਦਲੀਲ ਦੀ ਖਾਤਿਰ ਜਿਹੜਾ ਥੀਸਸ ਗਲਾਕੋਣ ਨੇ ਪੇਸ਼ ਕੀਤਾ ਹੈ, ਉਹ ਥਰੈਸੀਮੈਕਸ ਦੇ ਉਲਟ ਹੈਃ ਤਾਕਤ

ਨੂੰ ਜੇ ਠੀਕ ਮੰਨਿਆ ਗਿਆ ਹੈ, ਪਰ ਹੁਣ ਤਾਕਤ ਦਾ ਅਰਥ ਹੈ ਥੋੜ੍ਹਿਆਂ ਦੀ ਤਾਕਤ ਦੇ ਵਿਰੁੱਧ ਜੁੜੀ ਹੋਈ ਬਹੁਤ ਸਾਰੇ ਮਾੜਿਆਂ ਦੀ ਤਾਕਤ। ਗਲਾਕੋਣ ਸਮਾਜ ਦਾ ਇਤਿਹਾਸਕ ਵਿਕਾਸ ਸਮਝਾਉਂਦਾ ਹੈ, ਜਿੱਥੇ ਨਿਆਂ ਜ਼ਰੂਰੀ ਤੌਰ ਤੇ ਮਾੜੇ ਦੀ ਢਾਲ ਬਣ ਗਿਆ ਸੀ। ਸਮਾਜ ਦੇ ਪ੍ਰਾਚੀਨ ਕਾਲ ਵਿਚ ਜਦੋਂ ਸਰਕਾਰ ਜਾਂ ਕਾਨੂੰਨ ਨਹੀਂ ਸਨ, ਮਨੁੱਖ ਜੋ ਚਾਹੇ ਕਰ ਸਕਦਾ ਸੀ। ਇਸ ਕਰਕੇ ਥੋੜ੍ਹੇ ਤਕੜੇ ਬਹੁਤ ਸਾਰੇ ਮਾੜਿਆਂ ਦਾ ਨੁਕਸਾਨ ਕਰਕੇ ਮੌਜ ਕਰਦੇ ਸਨ। ਮਾੜਿਆਂ ਨੇ ਇਹ ਮਹਿਸੂਸ ਕੀਤਾ ਕਿ ਜਿੰਨਾ ਅਨਿਆ ਉਹ ਕਰ ਸਕਦੇ ਸਨ ਉਸ ਤੋਂ ਵੱਧ ਅਨਿਆ ਉਹਨਾਂ ਨੂੰ ਝੱਲਣਾ ਪੈਂਦਾ ਸੀ। ਇਹਨਾਂ ਹਾਲਤਾਂ ਤੋਂ ਮਜ਼ਬੂਰ ਹੋ ਕੇ ਉਹਨਾਂ ਇਕ ਸਹਿਮਤੀ ਕਰ ਲਈ ਅਤੇ ਇਕ ਸਮਾਜਿਕ ਸੰਧੀ ਰਾਹੀਂ ਸਰਕਾਰ ਅਤੇ ਕਾਨੂੰਨ ਬਣਾ ਲਏ ਫਿਰ ਉਹਨਾਂ ਵਿਚ ਪ੍ਰਚਾਰ ਕੀਤਾ ਹੈ ਕਿ ਠੀਕ ਅਤੇ ਕਾਨੂੰਨੀ ਕੰਮ ਡਰ ਵਿਚੋਂ ਪੈਦਾ ਹੁੰਦਾ ਹੈ।

ਪਲੈਟੋ ਗਲਾਕੋਣ ਦਾ ਨਿਆਂ ਦਾ ਸੰਕਲਪ ਇਹ ਕਹਿ ਕੇ ਨਿੰਦਦਾ ਹੈ ਕਿ ਨਿਆਂ ਕੋਈ ਰਿਵਾਜੀ ਜਾਂ ਬਾਹਰਲੀ ਸ਼ੈਅ ਨਹੀਂ ਹੈ। ਇਹ ਤਾਂ ਆਦਮੀ ਦਾ ਅੰਦਰੂਨੀ ਗੁਣ ਹੈ। ਪਲੈਟੋ ਇਸ ਨੂੰ ਅੰਦਰੂਨੀ ਸਮਝਦਾ ਹੈ ਕਿਉਂਕਿ ਨਿਆਂ ਮਨੁੱਖ ਦੀ ਆਤਮਾ ਵਿਚ ਰਹਿੰਦਾ ਹੈ। ਬਾਰਕਰ ਦੇ ਸ਼ਬਦਾਂ ਵਿਚ ਹੁਣ ਇਸ ਨੂੰ ਆਂਤਰਿਕ ਖੂਬੀ ਸਮਝਿਆ ਜਾਂਦਾ ਹੈ ਅਤੇ ਇਸ ਨੂੰ ਸਮਝਣ ਲਈ ਆਂਤਰਿਕ ਮਨੁੱਖ ਨੂੰ ਸਮਝਣਾ ਪੈਂਦਾ ਹੈ ਇਸ ਲਈ ਕੁਦਰਤੀ ਚੀਜ਼ ਹੈ ਬਨਾਵਟੀ ਨਹੀਂ। ਇਹ ਮਾੜਿਆਂ ਦੀ ਉਪਜ ਨਹੀਂ। ਇਸ ਦੇ ਉਲਟ ਇਹ ਤਾਂ ਮਨੁੱਖ ਆਤਮਾ ਦੀ ਖਾਹਿਸ਼ ਦੀ ਉਪਜ ਹੈ। ਆਪਣੇ ਕਰਤਵ ਨੂੰ ਆਪਣੀ ਪ੍ਰਵਿਰਤੀ ਅਨੁਸਾਰ, ਕਰਨਾ ਚਾਹੁੰਦੀ ਹੈ। ਉਪਰ ਦਿੱਤੀਆਂ ਦਲੀਲਾਂ ਦੇ ਆਧਾਰ ਤੇ ਉਹ ਚਲੰਤ ਸਿਧਾਂਤਾਂ ਦਾ ਖੰਡਨ ਕਰਦਾ ਹੈ।

## 1.5.3 ਪਲੈਟੋ ਦੇ ਨਿਆਂ ਦਾ ਸਿਧਾਂਤ (Plato's concept of Justice)

ਫਿਰ ਪਲੈਟੋ ਨਿਆਂ ਬਾਰੇ ਆਪਣੇ ਵਿਚਾਰਾਂ ਦੀ ਚਰਚਾ ਕਰਦਾ ਹੈ। ਜਿਵੇਂ ਆਰੰਭ ਵਿਚ ਦੱਸਿਆ ਗਿਆ ਹੈ ਪਲੈਟੋ ਦੀ ਰਾਜਨੀਤਿਕ ਫਿਲਾਸਫੀ ਦਾ ਆਧਾਰ ਨਿਆਂ ਹੈ। ਗਣਤੰਤਰ ਦਾ ਮੁੱਢਲਾ ਸਵਾਲ ਹੈ ਨਿਆਂ ਦੇ ਸੁਭਾਅ ਦਾ ਪਤਾ ਲਾਉਣਾ। ਪਲੈਟੋ ਨੂੰ ਪਤਾ ਲੱਗਾ ਕਿ ਰਾਜ ਦੇ ਰਾਜਨੀਤਿਕ ਅਤੇ ਸਮਜਿਕ ਔਗੁਣਾਂ ਦਾ ਇਲਾਜ ਕੇਵਲ ਨਿਆਂ ਹੀ ਸੀ। ਪਲੈਟੋ ਦਾ ਨਿਆਂ ਦਾ ਸੰਕਲਪ ਉਸ ਦੇ ਆਦਰਸ਼ ਰਾਜ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਪਲੈਟੋ ਕਹਿੰਦਾ ਹੈ ਕਿ ਨਿਆਂ ਦਾ ਵਾਸਾ ਇਕ ਭਾਈਚਾਰੇ ਵਿਚ ਹੁੰਦਾ ਹੈ ਅਤੇ ਇਹ ਪੂਰਨ ਭਲਾਈ ਦੇ ਸਮਾਨ ਹੈ। ਪੂਰਨ ਭਲਾਈ ਚਾਰ ਭਲਾਈਆਂ ਨਾਲ ਬਣਦੀ ਹੈ : ਸਿਆਣਪ, ਹੌਂਸਲਾ, ਸੰਜਮ ਜਾ ਸਵੈ-ਨਿਯੰਤਰਣ ਅਤੇ ਨਿਆਂ। ਸੋ ਨਿਆਂ ਦਾ ਅਰਥ ਹੋਇਆ ਕਈ ਗੁਣਾਂ ਦਾ ਪੂਰਨ ਸੁਮੇਲ ਅਤੇ ਰਾਜ ਦੀਆਂ ਤਿੰਨ ਸ਼੍ਰੇਣੀਆਂ ਦਾ ਕੰਮ ਨਾਲ ਸੁਮੇਲ : ਸਰਪ੍ਰਸਤਾਂ, ਲੜਾਕੂਆਂ ਅਤੇ ਕਿਸਾਨਾਂ ਦਾ ਆਪਣੇ-ਆਪਣੇ ਕੰਮ ਵਿਚ ਧਿਆਨ ਲਾਉਣ ਵਿਚ ਹੀ ਨਿਆਂ ਹੈ। ਇਸ ਤਰ੍ਹਾਂ ਪਲੈਟੋ ਲਈ ਨਿਆਂ ਦਾ ਅਰਥ ਹੋਇਆ ਆਪਣੇ ਕਰਤੱਵ ਦੇ ਦਾਇਰੇ ਵਿਚ ਰਹਿਣਾ ਅਤੇ ਦੂਜਿਆਂ ਦੇ ਦਾਇਰੇ ਵਿਚ ਦਖਲ ਨਾ ਦੇਣਾ। ਇਸ ਤਰ੍ਹਾਂ ਨਿਆਂ ਦਾ ਨਿਵਾਸ ਹਰੇਕ ਨਾਗਰਿਕ ਦੇ ਕਰਤੱਵ ਦੀ ਭਾਵਨਾ ਵਿਚ ਸਮਾਇਆ ਹੋਇਆ ਹੈ। ਨਿਆਂ ਦਾ ਅਰਥ ਨਾਗਰਿਕ ਦੀ ਆਪਣੇ ਕਰਤੱਵ ਪ੍ਰਤੀ ਭਾਵਨਾ ਤੋਂ ਹੈ।

## ਪਲੈਟੋ ਦਾ ਨਿਆਂ ਅਤੇ ਨਿਆਂ ਦਾ ਆਧੁਨਿਕ ਸੰਕਲਪ

ਉਪਰੋਕਤ ਚਰਚਾ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪਲੈਟੋ ਦੇ ਨਿਆਂ ਦਾ ਮਤਲਬ ਤਕਰੀਬਨ ਉਹੀ ਹੈ ਜੋ ਸਾਡਾ ਭਾਵ ਸਦਾਚਾਰ ਤੋਂ ਹੈ। ਮੁੱਖ ਤੌਰ ਤੇ ਇਹ ਇਕ ਸਦਾਚਾਰਕ ਅਤੇ ਮਨੋਵਿਗਿਆਨਕ ਸੰਕਲਪ ਹੈ। ਨਿਆਂ ਦਾ ਆਧੁਨਿਕ ਸੰਕਲਪ ਕਾਨੂੰਨਮਈ ਹੈ। ਇਸ ਦਾ ਭਾਵ ਹੈ ਅਧਿਕਾਰਾਂ ਦਾ ਕਚਹਿਰੀ ਦੁਆਰਾ ਲਾਗੂ ਕੀਤਾ ਜਾਣਾ। ਫੋਸਟਰ ਦੇ ਸ਼ਬਦਾਂ ਵਿਚ, ਅਸੀਂ ਨਿਆਂ ਜਾਂ ਅਨਿਆਂ ਨੂੰ ਮੁੱਖ ਤੌਰ ਤੇ ਯੋਗਤਾਵਾਂ (Qualities) ਸਮਝਦੇ ਹਾਂ ਜੋ ਕਿ ਅਦਾਲਤੀ ਜਾਂ ਪ੍ਰਬੰਧਕ ਕਾਰਜਾਂ ਵਿਚ ਦਿਸਦੀਆਂ ਹਨ। ਉਦਾਹਰਣ ਵਜੋਂ, ਸਰਬੋਤਮ ਜੱਜ ਉਹ ਹੈ ਜੋ ਨਿਰਪੱਖਤਾ ਨਾਲ ਕਾਨੂੰਨ ਦੀ ਵਰਤੋ ਕਰਦਾ ਹੈ ਅਤੇ ਅਨਿਆਈ ਜੱਜ ਉਹ ਹੈ ਜੋ ਕਸੂਰਵਾਰ ਨੂੰ ਸਜ਼ਾ ਉਸ ਦੇ ਕਰਮ ਅਨੁਸਾਰ ਨਹੀਂ ਦਿੰਦਾ। ਇਸ ਦੇ ਉਲਟ, ਪਲੈਟੋ ਦਾ ਨਿਆਂ ਇਕ ਕਾਨੂੰਨੀ ਸੰਕਲਪ ਨਹੀ ਸਮਝਿਆਂ ਜਾ ਸਕਦਾ। ਇਸ ਦਾ ਭਾਵ ਤਾਂ ਕੇਵਲ ਇਹ

ਹੈ ਕਿ ਇਕ ਵਿਅਕਤੀ ਨੂੰ ਕੇਵਲ ਇਕ ਹੀ ਕੰਮ ਕਰਨਾ ਚਾਹੀਦਾ ਹੈ ਅਤੇ ਇਹ ਕੰਮ ਉਹ ਹੋਵੇ ਜੋ ਉਸ ਦੇ ਸੁਭਾਵਿਕ ਝੁਕਾਅ ਦੇ ਅਨੁਕੂਲ ਹੈ। ਇਸ ਤਰ੍ਹਾਂ ਕਿਸੇ ਹੋਰ ਦੇ ਕੰਮ ਵਿੱਚ ਦਖਲ-ਅੰਦਾਜ਼ੀ ਨਹੀਂ ਹੋਣੀ ਚਾਹੀਦੀ। ਦੂਜੇ ਸ਼ਬਦਾਂ ਵਿੱਚ, ਪਲੈਟੋ ਦੇ ਨਿਆਂ ਦਾ ਅਰਥ ਹੈ ਕਿ ਲੋਕਾਂ ਦਾ ਜੀਵਨ ਕਾਰਜਾਤਮਕ ਵਿਸ਼ੇਸ਼ਗਤਾ (Functional Specialisation) ਦੇ ਨਿਯਮ ਅਨੁਸਾਰ ਹੋਏ। ਇਸ ਲਈ ਪਲੈਟੋਨੀ ਨਿਆਂ ਦਾ ਆਪਣਾ ਹੀ ਇੱਕ ਭਾਵ ਹੈ। ਇਹ ਕਾਨੂੰਨ ਅਤੇ ਨਿਆਂ ਸ਼ਾਸਤਰ ਦੇ ਵਿਦਿਆਰਥੀਆਂ ਦੇ ਸੰਕਲਪ ਤੋਂ ਬਹੁਤ ਵੱਖਰਾ ਹੈ। ਆਰ. ਐਚ. ਮੂਰੇ ਦੇ ਸ਼ਬਦਾਂ ਵਿੱਚ, "ਨਿਆਂ ਕੇਵਲ ਕਚਹਿਰੀਆਂ ਦਾ ਕੰਮ ਹੀ ਨਹੀਂ ਹੈ। ਇਹ ਇਕ ਬਰਾਬਰੀ ਹੈ ਅਤੇ ਕੰਮ ਵੀ, ਇਹ ਬਰਾਬਰ ਹੈ ਕਿਉਂਕਿ ਇਸ ਦਾ ਭਾਵ ਨਾ ਇਸ ਤੋਂ ਵੱਧ ਅਤੇ ਘੱਟ ਹੈ ਅਤੇ ਆਦਮੀ ਉਹ ਕੰਮ ਕਰੇ ਜੋ ਸਮਾਜ ਦਾ ਮੰਤਵ ਚਾਹੁੰਦਾ ਹੈ। ਇਹ ਕੰਮ ਕੇਵਲ ਉਸ ਦਾ ਕੰਮ ਹੈ, ਕਿਉਂਕਿ ਉਹ ਹੀ ਉਸ ਨੂੰ ਠੀਕ ਤਰ੍ਹਾਂ ਕਰ ਸਕਦਾ ਹੈ।"

ਪਲੈਟੋ ਦੇ ਅਤੇ ਆਧੁਨਿਕ ਨਿਆਂ ਦੇ ਸੰਕਲਪਾਂ ਵਿੱਚ ਅੰਤਰ ਸਮਝਾਉਂਦੇ ਹੋਏ ਡਾ. ਬਾਰਕਰ ਲਿਖਦਾ ਹੈ, "ਸਾਡੇ ਲਈ ਰਾਜ ਅਧਿਕਾਰਾਂ ਅਤੇ ਕਰਤੱਵਾਂ ਦੀ ਸਕੀਮ ਦਾ ਕਾਨੂੰਨੀ ਜ਼ਾਮਨ (Guarantor) ਹੈ। ਰਾਜ ਵਿਅਕਤੀਆਂ ਕੋਲੋਂ ਉਹਨਾਂ ਦੇ ਅਧਿਕਾਰਾਂ ਨੂੰ ਮਾਣਨਾ ਯਕੀਨੀ ਬਣਾਉਂਦਾ ਹੈ ਅਤੇ ਵਿਅਕਤੀਆਂ ਕੋਲੋਂ ਉਹਨਾਂ ਦੇ ਕਰਤੱਵ ਕਰਾਉਂਦਾ ਹੈ। ਇਸ ਪੱਖੋਂ ਇਹ ਨਿਆਂ ਦਾ ਇਕ ਅੰਗ ਹੈ। ਇਹ ਅਧਿਕਾਰਾਂ ਤੇ ਹਮਲੇ ਅਤੇ ਕਰਤੱਵਾਂ ਦੇ ਵਿਸਾਰਨ ਨੂੰ ਰੋਕਦਾ ਜਾਂ ਦੰਡ ਦਿੰਦਾ ਹੈ। ਪਲੈਟੋ ਲਈ ਰਾਜ ਸਮਾਜਿਕ ਨੈਤਿਕਤਾ ਦੀ ਕਾਇਮੀ ਲਈ ਜਿੰਮੇਵਾਰ ਹੈ। ਇਸ ਦਾ ਆਧਾਰ ਹੈ ਕਿ ਸਮਾਜ ਦਾ ਹਰ ਮੈਂਬਰ ਕੋਈ ਖਾਸ ਕੰਮ ਕਰੇ। ਰਾਜ ਦਾ ਕੰਮ ਹੈ ਕਿ ਹਰ ਮੈਂਬਰ ਨੂੰ ਉਸ ਦੇ ਕੰਮ ਕਰਨ ਲਈ ਸਿਖਲਾਈ ਦੇਵੇ ਕਿਉਂਕਿ ਪਲੈਟੋ ਦਾ ਨਿਆਂ ਇਸੇ ਤਰ੍ਹਾਂ ਨਿਯਮਤ ਕੰਮ ਕਰਨ ਵਿੱਚ ਹੈ, ਉਸ ਦੇ ਆਪਣੇ ਅਰਥ ਅਨੁਸਾਰ ਰਾਜ ਨਿਆਂ ਦਾ ਇੱਕ ਅੰਗ ਹੈ। ਦਰਅਸਲ, ਪਲੈਟੋ ਦੇ ਰਾਜ ਦਾ ਸੰਕਲਪ ਉਸਦੇ ਨਿਆਂ ਦੇ ਸੰਕਲਪ ਤੇ ਅਧਾਰਿਤ ਹੈ।

## 1.5.3.2 ਪਲੈਟੋ ਦੇ ਨਿਆਂ ਦੇ ਦੋ ਪੱਖ (Two Aspects of Plato's Justice)

ਨੀਝ ਨਾਲ ਵੇਖਿਆਂ, ਪਲੈਟੋ ਦੇ ਨਿਆਂ ਦੇ ਦੋ ਪੱਖ ਦਿੱਸਦੇ ਹਨ : ਵਿਅਕਤੀਗਤ ਅਤੇ ਸਮਾਜਿਕ।

### ਵਿਅਕਤੀ ਦਾ ਨਿਆਂ (Justice of the Individual)

ਵਿਅਕਤੀ ਲਈ ਨਿਆਂ ਦਾ ਅਰਥ ਹੈ ਕਿ ਆਤਮਾ (Soul) ਦੇ ਤਿੰਨ ਤੱਤ-ਵਿਵੇਕ (Reason), ਹੌਂਸਲਾ (Spirit) ਅਤੇ ਭੁੱਖ (Appetite) ਨੂੰ ਠੀਕ-ਠੀਕ ਹੱਦਾਂ ਵਿੱਚ ਰੱਖਿਆ ਜਾਏ। ਇਸ ਤਰ੍ਹਾਂ ਇਹ ਸ਼੍ਰੇਸ਼ਟਤਾ ਦਾ ਗੁਣ ਹੈ। ਇਸ ਪ੍ਰਕਾਰ, ਵਿਅਕਤੀ ਦਾ ਨਿਆਂ ਦੋਵੇਂ, ਸਮਾਜਿਕ ਜਾਂ ਜਨਤਕ ਅਤੇ ਨਿੱਜੀ ਗੁਣ ਹੈ, ਕਿਉਂਕਿ ਇਹ ਸਮਾਜ ਅਤੇ ਵਿਅਕਤੀ ਦੋਹਾਂ ਦਾ ਉੱਚਤਮ ਭਲਾ ਵਧਾਉਂਦਾ ਹੈ। ਸਮਾਜ ਦੇ ਮੈਂਬਰ ਦੇ ਤੌਰ ਤੇ ਵਿਅਕਤੀ ਦਾ ਨਿਆਂ ਹੈ ਕਿ ਉਹ ਆਪਣੇ ਕਰਤੱਵ ਨੂੰ ਨਿਭਾਵੇ ਅਤੇ ਉਸ ਵਿੱਚ ਬੜ੍ਹਤ ਪ੍ਰਾਪਤ ਕਰੇ। ਇਸ ਕਰਤੱਵ ਦੇ ਰੂਪ ਵਿੱਚ ਉਹ ਆਤਮਾ ਤੇ ਤਿੰਨਾਂ ਤੱਤਾਂ ਨੂੰ ਯੋਗ ਥਾਂ ਤੇ ਰੱਖ ਕੇ ਨਿਆਂ ਕਰਦਾ ਹੈ। ਇਸ ਤਰ੍ਹਾਂ ਲੋੜ ਅਨੁਸਾਰ ਸਿਆਣਪ, ਦਲੇਰੀ ਅਤੇ ਸਵੈ-ਸੰਜਮ (Self-Control) ਦੇ ਗੁਣਾਂ ਨੂੰ ਪ੍ਰਗਟਾ ਕੇ ਕਰ ਸਕਦਾ ਹੈ।

### ਰਾਜ ਦਾ ਨਿਆਂ (Justice of the State)

ਰਾਜ ਦੇ ਨਿਆਂ ਦਾ ਅਰਥ ਹੈ ਤਿੰਨਾਂ ਸ਼੍ਰੇਣੀਆਂ, ਅਰਥਾਤ, ਸਰਪ੍ਰਸਤਾਂ, ਫੌਜੀਆਂ ਅਤੇ ਉਤਪਾਦਕਾਂ ਦਾ ਸੁਮੇਲ ਜਾਂ ਸਦਭਾਵਨਾ ਵਿੱਚ ਕੰਮ ਕਰਨਾ। ਬਾਰਕਰ ਦੇ ਸ਼ਬਦਾਂ ਵਿੱਚ, "ਇਸ ਤਰ੍ਹਾਂ, ਸਮਾਜਿਕ ਨਿਆਂ ਨੂੰ ਸਮਾਜ ਦਾ ਸਿਧਾਂਤ ਸਮਝਿਆ ਜਾ ਸਕਦਾ ਹੈ ਜਿਸ ਅਨੁਸਾਰ, ਵੱਖਰੀਆਂ ਕਿਸਮਾਂ ਦੇ ਆਦਮੀ ਅਰਥਾਤ ਉਤਪਾਦਕ ਕਿਸਮ, ਮਿਲਟਰੀ ਕਿਸਮ ਅਤੇ ਸ਼ਾਸਕ ਕਿਸਮ ਇੱਕ ਦੂਜੇ ਦੀ ਲੋੜ ਦੀ ਭਾਵਨਾ ਅਧੀਨ ਇਕੱਠੇ ਹੋਏ ਹਨ। ਇਸ ਸਮਾਜਿਕ ਇਕੱਠ ਨਾਲ ਅਤੇ ਆਪਣੇ ਆਪਣੇ ਵੱਖਰੇ ਕੰਮਾਂ ਵਿੱਚ ਇਕਾਗਰਤਾ

ਲਾ ਕੇ ਇਕ ਸੰਪੂਰਨ ਸਮੂਹ (Whole) ਬਣਿਆ। ਇਹ ਸੰਪੂਰਨ ਇਸ ਲਈ ਹੈ ਕਿਉਂਕਿ ਇਹ ਪੂਰਨ ਮਨੁੱਖੀ ਮਨ ਦੀ ਉਪਜ ਅਤੇ ਚਿੰਨ੍ਹ ਹੈ। ਅਜਿਹੇ ਸਮਾਜ ਦੇ ਸਿਧਾਂਤ ਦੇ ਤੌਰ ਤੇ ਇਸ ਦੀ ਹੋਂਦ ਇਸ ਵਿਚ ਹੈ ਕਿ ਸਮਾਜ ਦਾ ਹਰ ਭਾਗ ਆਪਣਾ ਕੰਮ ਪੂਰੀ ਤਰ੍ਹਾਂ ਕਰੇ ਜੋ ਉਸ ਨੂੰ ਉਸ ਦੀ ਯੋਗਤਾ ਅਤੇ ਸਮਾਜਿਕ ਸਥਾਨ ਕਾਰਨ ਦਿੱਤਾ ਗਿਆ ਹੈ। ਪਲੈਟੋ ਨਿਆਂ ਨੂੰ ਰਾਜ ਦਾ ਪ੍ਰਬੰਧ ਵੀ ਸਮਝਦਾ ਹੈ। ਜਿਵੇਂ ਫੋਸਟਰ ਕਹਿੰਦਾ ਹੈ, "ਵਿਅਕਤੀਆਂ ਦਾ ਨਿਆਂ ਸਭ ਤੋਂ ਚੰਗਾ ਪਾਇਆ ਜਾਂਦਾ ਹੈ ਜੇਕਰ ਇੱਕ ਵਿਅਕਤੀ ਵਿਚ ਭੁੱਖ ਅਤੇ ਉਤਸ਼ਾਹ ਉੱਤੇ ਵਿਵੇਕ ਭਾਰੂ ਹੈ। ਰਾਜ ਵਿੱਚ ਨਿਆਂ ਤਾਂ ਹੁੰਦਾ ਜੇ ਰਾਜ ਵਿੱਚ ਗਿਆਨ ਵਾਲੇ ਵਿਅਕਤੀਆਂ ਦਾ ਸ਼ਾਸ਼ਨ ਹੋਵੇ।"

ਉਪਰਲੇ ਬਿਰਤਾਂਤ ਤੋਂ ਇਹ ਨਿਰਣਾ ਕੀਤਾ ਜਾ ਸਕਦਾ ਹੈ ਕਿ ਪਲੈਟੋ ਦਾ ਨਿਆਂ ਤਿੰਨ ਸਿਧਾਂਤਾਂ ਤੇ ਆਧਾਰਿਤ ਹੈ। ਪਲੈਟੋ ਦੇ ਨਿਆਂ ਦਾ ਸਰੂਪ ਤਿੰਨ ਸਿਧਾਂਤਾਂ ਦਾ ਮਿਸ਼ਰਣ ਹੈ। ਪਹਿਲਾਂ ਸਿਧਾਂਤ ਹੈ ਗੈਰ-ਦਖਲ ਅੰਦਾਜ਼ੀ (Non-Interference) ਦਾ। ਡਾ. ਰਊਜ ਦੇ ਸ਼ਬਦਾਂ ਵਿੱਚ, ਆਪਣਾ ਕਿੱਤਾ ਕਰਨਾ ਅਤੇ ਦੂਜਿਆਂ ਦੇ ਕੰਮ ਵਿੱਚ ਦਖਲ ਨਾ ਦੇਣਾ ਨਿਆਂ ਹੈ। ਦੂਜਿਆਂ ਦੇ ਕਿੱਤੇ ਵਿੱਚ ਦਖਲ ਦੇ ਕੇ ਉਹਨਾਂ ਨੂੰ ਉਸ ਕਿੱਤੇ ਤੋਂ ਵਾਂਝਿਆਂ ਕਰਨਾ ਉਹਨਾਂ ਅਤੇ ਸਮਾਜ ਵਿਰੁੱਧ ਅਨਿਆਂ ਹੈ। ਸਾਫ ਸ਼ਬਦਾਂ ਵਿੱਚ, ਕਿਸੇ ਵੀ ਸ਼੍ਰੇਣੀ ਨੂੰ ਦੂਜੀਆਂ ਸ਼੍ਰੇਣੀਆਂ ਦੇ ਕਿੱਤਿਆਂ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਹਰ ਸ਼੍ਰੇਣੀ ਨੂੰ ਆਪਣੇ ਕਰਤੱਵ ਦੇ ਖੇਤਰ ਵਿੱਚ ਸਾਰਾ ਧਿਆਨ ਲਾਉਣਾ ਚਾਹੀਦਾ ਹੈ ਅਤੇ ਦੂਜਿਆਂ ਦੇ ਖੇਤਰ ਵਿੱਚ ਲੱਤ ਨਹੀਂ ਅੜਾਉਣੀ ਚਾਹੀਦੀ।

ਦੂਜਾ ਹੈ ਕਾਰਜਾਤਮਕ ਵਿਸ਼ੇਸ਼ਗਤਾ (Functional Specialization) ਦਾ ਸਿਧਾਂਤ, ਅਰਥਾਤ ਇੱਕ ਆਦਮੀ, ਇੱਕ ਕੰਮ, ਇਕ ਸ਼੍ਰੇਣੀ, ਇਕ ਕਿੱਤਾ। ਹਰ ਵਿਅਕਤੀ ਵਿੱਚ ਹਰ ਤੱਤ (ਜਾਣੀ, ਵਿਵੇਕ, ਹੌਸਲਾ ਤੇ ਭੁੱਖ) ਦਾ ਖਾਸ ਕੰਮ ਹੁੰਦਾ ਹੈ, ਜੋ ਦੂਜੇ ਤੱਤ ਨਹੀਂ ਕਰ ਸਕਦੇ। ਵਿਵੇਕ ਦਾ ਕੰਮ ਹੈ ਚੰਗੀ ਸਲਾਹ ਦੇਣਾ, ਉਤਸ਼ਾਹ ਦਾ ਕੰਮ ਹੈ ਆਦਮੀ ਨੂੰ ਕਾਰਜ ਅਤੇ ਲੜਾਈ ਲਈ ਤਿਆਰ ਕਰਨਾ ਅਤੇ ਭੁੱਖ ਦਾ ਕੰਮ ਹੈ ਆਦਮੀ ਦੀਆਂ ਸਰੀਰਕ ਲੋੜਾਂ ਦੀ ਤ੍ਰਿਪਤੀ ਕਰਨਾ। ਇਸ ਲਈ ਜਿਸ ਸ਼੍ਰੇਣੀ ਦੇ ਵਿਅਕਤੀਆਂ ਵਿੱਚ ਵਿਵੇਕ ਹੈ, ਉਹ ਮਾਨਸਿਕ ਤੌਰ ਤੇ ਸ਼ਾਸ਼ਨ ਕਰਨ ਦੇ ਯੋਗ ਹਨ। ਜਿਨ੍ਹਾਂ ਵਿੱਚ ਹੌਸਲਾ ਹੈ, ਉਹ ਲੜਨ ਯੋਗ ਹਨ, ਅਤੇ ਜਿਨ੍ਹਾਂ ਵਿੱਚ ਭੁੱਖ ਹੈ, ਉਹ ਸਰੀਰਕ ਅਤੇ ਹੋਰ ਉਤਪਾਦਨ ਕੰਮਾਂ ਦੇ ਯੋਗ ਹਨ। ਇਸ ਲਈ, ਹਰ ਸ਼੍ਰੇਣੀ ਨੂੰ ਉਸ ਕਾਰਜ ਤੇ ਧਿਆਨ ਲਾਉਣਾ ਚਾਹੀਦਾ ਹੈ ਜਿਸ ਨਾਲ ਵਿਅਕਤੀਗਤ ਨਿਪੁੰਨਤਾ ਵਧਦੀ ਹੈ ਅਤੇ ਭਾਈਚਾਰੇ ਦਾ ਭਲਾ ਹੁੰਦਾ ਹੈ।

ਤੀਜਾ ਸਿਧਾਂਤ ਸੁਮੇਲ (Harmony) ਦਾ ਹੈ। ਇਹ ਸਿਧਾਂਤ ਹੈ ਕਿ ਵਿਅਕਤੀ ਵਿੱਚ ਵੱਖੋ-ਵੱਖਰੇ ਤੱਤਾਂ ਦਾ ਸੁਮੇਲ, ਵੱਖ-ਵੱਖ ਵਿਅਕਤੀਆਂ ਵਿੱਚ ਸੁਮੇਲ ਅਤੇ ਰਾਜ ਦੀਆਂ ਵੱਖਰੀਆਂ ਸ਼੍ਰੇਣੀਆਂ ਵਿੱਚ ਸੁਮੇ ਲ। ਇਹ ਸੁਮੇਲ ਦਾ ਸਿਧਾਂਤ ਹੀ ਹੈ ਜੋ ਸਮਾਜ ਵਿਚ, ਸੰਤੁਲਨ ਕਾਇਮ ਰੱਖਦਾ ਹੈ ਅਤੇ ਅੰਦਰੂਨੀ ਅਤੇ ਬਾਹਰੀ ਸ਼ਾਂਤੀ ਯਕੀਨੀ ਬਣਾਉਂਦਾ ਹੈ। ਇੱਕ ਮਨੁੱਖ ਵਿੱਚ ਤਿੰਨ ਤੱਤਾਂ ਦਾ ਸੁਮੇਲ, ਰਾਜ ਵਿੱਚ ਸ਼੍ਰੇਣੀਆਂ ਦਾ ਸੁਮੇਲ ਅਤੇ ਆਪਣੀ ਨਿਸ਼ਚਿਤ ਥਾਂ ਵਿੱਚ ਰਹਿਣ ਦੇ ਨਿਯਮ ਕਾਰਨ ਪਲੈਟੋ ਦੇ ਨਿਆਂ ਨੂੰ ਉਸਾਰੂ ਕਿਹਾ ਜਾਂਦਾ ਹੈ। ਇਹ ਉਸਾਰੂ ਹੈ ਕਿਉਂਕਿ ਇਹ ਇਕ ਨਿਯੰਤ੍ਰਕ ਸਿਧਾਂਤ ਹੈ ਜੋ ਸਾਰਿਆਂ ਦੇ ਭਲੇ ਲਈ ਜ਼ਿੰਮੇਵਾਰ ਹੈ ਅਤੇ ਇਹ ਵਿਅਕਤੀ ਅਤੇ ਸ਼੍ਰੇਣੀ ਦੇ ਕਾਰਜਾਂ ਦੀ ਹੱਦਬੰਦੀ ਕਰਦਾ ਹੈ।

## 1.5.3.3 ਪਲੈਟੋ ਦੇ ਨਿਆਂ ਦੇ ਸੰਕਲਪ ਦੀ ਆਲੋਚਨਾ

ਨਿਰਸੰਦੇਹ ਪਲੈਟੋ ਦਾ ਨਿਆਂ ਦਾ ਸਿਧਾਂਤ ਅਜੀਬ ਲੱਗਦਾ ਹੈ। ਕਈ ਪਾਸਿਆਂ ਤੋਂ ਇਸ ਦੀ ਨਿੰਦਾ ਹੋਈ ਹੈ। ਉਹ ਮੁੱਖ ਗੱਲਾਂ, ਜਿਨ੍ਹਾਂ ਕਰਕੇ ਉਸ ਦੇ ਸਿਧਾਂਤ ਨੂੰ ਆਲੋਚਕਾਂ ਨੇ ਵੰਗਾਰਿਆ ਹੈ, ਉਹਨਾਂ ਦੀ ਚਰਚਾ ਥੱਲੇ ਕੀਤੀ ਜਾਂਦੀ ਹੈ।

**ਪਹਿਲਾ,** ਪਲੈਟੋ ਦੇ ਨਿਆਂ ਦਾ ਸੰਕਲਪ ਸਰੂਪ ਵਿੱਚ ਕਾਨੂੰਨੀ ਨਹੀਂ ਬਲਕਿ ਸਦਾਚਾਰਕ ਅਤੇ ਮਾਨਸਿਕ ਹੈ। ਉਹ ਕਾਨੂੰਨ ਅਤੇ ਸਦਾਚਾਰ ਵਿਚਕਾਰ ਹੱਦਬੰਦੀ ਦੀ ਲਕੀਰ ਨਹੀਂ ਖਿੱਚ ਸਕਿਆ। ਉਹ ਸਵੈ-ਕਾਬੂ

ਤਾਂ ਇੱਕ ਸਦਾਚਾਰਕ ਸ਼ੈਅ ਹੈ, ਅਤੇ ਕੁਦਰਤੀ ਹੀ ਇਸ ਦਾ ਵਾਸ ਆਦਮੀ ਦੀ ਆਂਤਰਿਕ ਆਤਮਾ ਵਿੱਚ ਹੈ। ਇਹ ਸਿਧਾਂਤ ਕੁਦਰਤੀ ਹੋਣ ਕਾਰਨ ਕਿਸੇ ਵੀ ਕਾਨੂੰਨ ਦੀ ਤਾਕਤ ਰਾਹੀਂ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹ ਪ੍ਰਸ਼ਨ ਉਠਦਾ ਹੈ ਕਿ ਜੇਕਰ ਉਹਨਾਂ ਨੂੰ ਆਪਣੇ ਆਪਣੇ ਖੇਤਰਾਂ ਵਿੱਚ ਰੱਖਣ ਦਾ ਕੋਈ ਕਾਨੂੰਨੀ ਇਲਾਜ ਨਹੀਂ ਤਾਂ ਪਲੈਟੋ ਦੇ ਨਿਆਂ ਨੂੰ ਠੀਕ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ। ਇਸ ਦਾ ਸੰਬੰਧ ਬਾਹਰਮੁੱਖੀ ਨਿਯਮਾਂ ਨਾਲ ਹੈ ਜੋ ਇੱਕ ਅਨੁਸਾਧਿਕ ਸਮਾਜ ਵਿੱਚ ਮਨੁੱਖ ਦੇ ਕੰਮਾਂ ਨੂੰ ਸੇਧ ਦਿੰਦਾ ਹੈ। ਦੂਜੇ ਦਾ ਸੰਬੰਧ ਹੈ ਨਿਯਮਾਂ ਬਾਰੇ ਵਿਚਾਰ ਨਾਲ ਅਤੇ ਅਮਨ ਅਮਾਨ ਪਿੱਛੇ ਆਦਰਸ਼ਾਂ ਨਾਲ ਹੈ। ਇਹ ਕਿਹਾ ਜਾ ਸਕਦਾ ਹੈ ਕਿ ਪਲੈਟੋ ਨੇ ਸਦਾਚਾਰਕ ਕਰਤੱਵ ਅਤੇ ਕਾਨੂੰਨੀ ਕਰਤੱਵ ਦੇ ਅੰਤਰ ਨੂੰ ਧੁੰਦਲਾ ਕਰ ਦਿੱਤਾ ਹੈ। ਪਿਛਲੇ ਗੁਣ ਨੂੰ ਆਮ ਗੁਣ ਨਾਲ ਉਲਝਾ ਦਿੱਤਾ ਗਿਆ ਹੈ। ਇਹ ਇੱਕ ਤਾਰਕਿਕ ਪਲਾਨ ਦਾ ਨੁਕਸ ਹੈ, ਜੋ ਅਸੀਂ ਸਭ ਮਹਿਸੂਸ ਕਰ ਸਕਦੇ ਹਾਂ। "ਪਲੈਟੋ ਨਿੱਜੀ ਇਛਾਵਾਂ ਤੋਂ ਸ਼੍ਰੇਣੀਆਂ ਦੀ ਟੱਕਰ ਦੀ ਨਾ ਕਲਪਨਾ ਕਰਦਾ ਹੈ ਅਤੇ ਨਾ ਹੀ ਕੋਈ ਇਲਾਜ ਕਰਦਾ ਹੈ। ਪਲੈਟੋ ਦੇ ਨਿਆਂ ਦੇ ਨਿਯਮਾਂ ਦੇ ਇਸ ਨੁਕਸ ਨੂੰ ਉਘਾੜਦਿਆਂ ਪ੍ਰੋਫੈਸਰ ਸੈਬਾਈਨ ਕਹਿੰਦਾ ਹੈ, ਕਿ ਇਹ ਕਿਸੇ ਪੱਖੋਂ ਕਾਨੂੰਨੀ ਪਰਿਭਾਸ਼ਾ ਨਹੀਂ।"

**ਦੂਜਾ,** ਪਲੈਟੋ ਦਾ ਨਿਆਂ ਕਾਰਜਾਤਮਕ ਵਿਸ਼ੇਸ਼ਗਤਾ ਦੇ ਸਿਧਾਂਤ ਤੇ ਆਧਾਰਿਤ ਹੈ, ਜਿਸ ਵਿੱਚ ਆਪਣੀਆਂ ਬੁਰਾਈਆਂ ਹਨ। ਤਿੰਨ ਸ਼੍ਰੇਣੀਆਂ ਨੂੰ ਉਹ ਤਿੰਨ ਖੇਤਰਾਂ ਵਿੱਚ ਨਿਯਮਤ ਕਰਦਾ ਹੈ ਅਤੇ ਆਸ ਰੱਖਦਾ ਹੈ ਕਿ ਉਹ ਆਪਣ-ਆਪਣੇ ਖੇਤਰਾਂ ਵਿੱਚ ਟਿਕਣਗੇ। ਇਸ ਦਾ ਭਾਵ ਬਣਦਾ ਹੈ ਕਿ ਕਠੋਰ ਨਿਯੰਤ੍ਰਣ ਅਤੇ ਖਾਨਾਂ-ਵੰਡ ਜੋ ਕਿ ਮਨੁੱਖੀ ਉਤਸ਼ਾਹ ਅਤੇ ਆਤਮਾ ਦੇ ਵਿਰੁੱਧ ਗੱਲ ਹੈ। ਉਸ ਦੀ ਕਾਰਜਾਤਮਕ ਵਿਸ਼ੇਸਗਤਾ ਦੀ ਸਕੀਮ ਅਧੀਨ, ਜੇ ਇਕ ਵਿਅਕਤੀ ਨੂੰ ਸਾਰੀ ਉਮਰ ਕਿੱਤਾ ਬਦਲਣ ਦੀ ਆਗਿਆ ਨਾ ਦਿੱਤੀ ਗਈ ਤਾਂ ਉਸ ਦਾ ਜੀਵਨ ਫਿੱਕਾ ਹੋ ਜਾਏਗਾ। ਡੁਰਾਂਟ ਕਹਿੰਦਾ ਹੈ, "ਪਲੈਟੋ ਦੀ ਘਾਟ ਸਾਫ ਹੈ। ਸਾਫ ਤੋਂ ਵੱਧ ਹੈਰੀਕਲੀਟੀਅਨ (Heracletean) ਕਿਸਮ ਦੀ ਅਦਲਾ-ਬਦਲੀ। ਪਲੈਟੋ ਬਹੁਤ ਹੀ ਉਤਸੁਕ ਸੀ ਕਿ ਇਸ ਦੁਨੀਆਂ ਦੀ ਬਦਲਦੀ ਤਸਵੀਰ ਅਹਿੱਲ ਅਤੇ ਅਟੱਲ ਝਾਕੀ ਬਣ ਜਾਏ।

**ਤੀਜਾ,** ਉਸਦਾ "ਇਕ ਆਦਮੀ ਇਕ ਕੰਮ" ਦਾ ਅਸੂਲ ਮਨੁੱਖੀ ਵਿਅਕਤੀਤਵ ਦੇ ਪੂਰਨ ਵਿਕਾਸ ਦੇ ਵਿਰੁੱਧ ਜਾਂਦਾ ਹੈ। ਇੱਕ ਬੰਦੇ ਨੂੰ ਇਕ ਖਾਸ ਕੰਮ ਕਰਨ ਨਾਲ ਹੀ ਨਰੜ ਦੇਣਾ, ਇਹ ਫਰਜ ਕਰ ਲੈਣਾ ਹੈ ਕਿ ਉਹ ਜਾਂ ਤਾਂ ਬਿਲਕੁੱਲ ਵਿਵੇਕ ਹੀ ਹੈ, ਜਾਂ ਹੌਸਲਾ ਜਾਂ ਭੁੱਖ। ਪਰ ਇੱਕ ਆਦਮੀ ਵਿੱਚ ਇਹ ਤਿੰਨੇ ਤੱਤ ਹੁੰਦੇ ਹਨ ਅਤੇ ਇਹਨਾਂ ਨੂੰ ਨਿਕਾਸ ਅਤੇ ਪ੍ਰਗਟਾਵੇ ਦਾ ਮੌਕਾ ਮਿਲਣਾ ਚਾਹੀਦਾ ਹੈ ਆਧੁਨਿਕ ਮਨੋਵਿਗਿਆਨ ਅਨੁਸਾਰ ਆਦਮੀ ਦਾ ਕੋਈ ਵੀ ਗੁਣ ਦਬਾਉਣਾ ਨਹੀਂ ਚਾਹੀਦਾ। ਕੁਝ ਆਲੋਚਕ ਤਾਂ ਇੱਥੋਂ ਤੱਕ ਕਹਿ ਗਏ ਹਨ ਕਿ ਪਲੈਟੋ ਦੀ ਵੰਡ ਤੇ ਆਧਾਰਿਤ ਇਕ ਆਦਮੀ ਜੋ ਵਿਵੇਕ ਜਾਂ ਹੌਸਲਾ ਜਾਂ ਭੁੱਖ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਕੰਮ ਕਰਦਾ ਹੈ, ਉਸ ਦੇ ਵਿਅਕਤੀਤਵ ਦਾ ਕੇਵਲ ਇੱਕ ਤਿਹਾਈ ਹੀ ਵਿਕਸਿਤ ਹੋਵੇਗਾ। ਇਹ ਤਾਂ ਵਿਅਕਤੀ ਅਤੇ ਰਾਜ ਦੋਹਾਂ ਨਾਲ ਅਨਿਆਂ ਹੈ।

**ਚੌਥਾ,**ਪਲੈਟੋ ਆਪਣੇ ਨਿਆਂ ਦੇ ਸੰਕਲਪ ਅਨੁਸਾਰ ਸ਼ਾਸ਼ਨ ਦੀ ਤਾਕਤ ਫਿਲਾਸਫਰ-ਰਾਜੇ ਜਾਂ ਇਕ ਸ਼੍ਰੇਣੀ ਨੂੰ ਸੌਂਪਦਾ ਹੈ। ਸੱਤਾ ਪ੍ਰਦਾਨ ਅਤੇ ਉਸ ਦੀ ਬਿਨਾਂ ਕਿਸੇ ਬੰਨਿਉਂ ਰੋਕ ਟੋਕ ਦੀ ਲਗਾਤਾਰ ਵਰਤੋਂ ਉਸ ਦੀ ਕੁਵਰਤੋਂ ਵੱਲ ਲੈ ਜਾ ਸਕਦੀ ਹੈ। ਕਦੇ ਇਹ ਸ਼ਾਸਕ ਸ਼੍ਰੇਣੀ ਨੂੰ ਭ੍ਰਿਸ਼ਟ ਕਰ ਦੇਵੇਗੀ। ਲਾਰਡ ਐਕਟਨ ਦੀ ਕਹਾਵਤ - "ਸਰਬ ਸੱਤਾ ਬਿਲਕੁੱਲ ਭ੍ਰਿਸ਼ਟ ਕਰ ਦਿੰਦੀ ਹੈ" ਠੀਕ ਸਿੱਧ ਹੋਵੇਗੀ। ਪਲੈਟੋ ਦੇ ਸਿਧਾਂਤ ਦੀ ਇਸ ਘਾਟ ਕਾਰਨ ਪ੍ਰੋਫੈਸਰ ਕਰੋਸਮੈਨ ਨੇ ਕਿਹਾ, "ਪਲੈਟੋ ਦੇ ਵਿਚਾਰ ਫਿਲਾਸਫੀ ਦੇ ਇਤਿਹਾਸ ਵਿੱਚ ਉਦਾਰ ਵਿਚਾਰਾਂ ਉੱਤੇ ਸਭ ਤੋਂ ਅਸੱਭਯ ਅਤੇ ਤੀਖਣ ਧਾਵਾ ਹੈ। ਇਹ ਹਰ ਇਕ ਪ੍ਰਗਤੀਵਾਦੀ ਵਿਚਾਰ ਅਤੇ ਸਥਾਪਿਤ ਸਿਧਾਂਤ ਨੂੰ ਠੁਕਰਾਉਣ ਅਤੇ ਇਸ ਦੇ ਸਭ ਤੋਂ ਪ੍ਰਿਯ ਆਦਰਸ਼ਾਂ ਨੂੰ ਵੰਗਾਰਦਾ ਹੈ। ਬਰਾਬਰੀ, ਸੁਤੰਤਰਤਾ, ਸਵੈਸਾਸ਼ਨ ਸਭ ਨੂੰ ਛਲਾਵੇ ਕਹਿ ਕੇ ਭੰਡਿਆ ਗਿਆ ਹੈ। ਕਿਹਾ

ਗਿਆ ਹੈ ਕਿ ਇਹਨਾਂ ਚੀਜ਼ਾਂ ਵਿੱਚ ਆਦਰਸ਼ਵਾਦੀ ਯਕੀਨ ਰੱਖਦੇ ਹਨ, ਜਿਨ੍ਹਾਂ ਦੀ ਸਮਝ ਘਟ ਤੇ ਸੰਵੇਦਨਾ ਬਹੁਤੀ ਹੈ। ਇਸ ਤਰ੍ਹਾਂ ਨਾਲ ਇਹ ਤਾਨਾਸ਼ਾਹੀ ਵੱਲ ਲੈ ਜਾਏਗੀ।"

**ਪੰਜਵਾਂ,** ਪਲੈਟੋ ਦਾ ਨਿਆਂ ਅਲੋਕਤੰਤਰੀ ਰਾਜ ਵੱਲ ਲੈ ਜਾਏਗਾ। ਅਗਜੋਨਫੈਨ (Xenophen) ਨੇ ਇਹ ਦੱਸਿਆ ਹੈ ਕਿ ਪਲੈਟੋ ਦਾ ਨਿਆਂ ਦਾ ਸਿਧਾਂਤ, ਜੋ ਆਦਰਸ਼ ਰਾਜ ਦੀ ਸਥਾਪਨਾ ਵੱਲ ਲੈ ਜਾਂਦਾ ਹੈ, ਮੂਲੋਂ ਹੀ ਆਲੋਕਤੰਤਰੀ ਹੈ। ਆਕਸਫੋਰਡ ਦੇ ਪ੍ਰੋਫੈਸਰ ਜੋਹਨ ਬਉਲ ਨੇ ਐਗਜੋਨਫੈਲ ਨਾਲ ਸਹਿਮਤੀ ਵਿਖਾਈ ਹੈ। ਉਸ ਦਾ ਕਹਿਣਾ ਹੈ ਕਿ ਪਲੈਟੋ ਦੇ ਆਦਰਸ਼ ਰਾਜ ਵਿੱਚ ਬੰਦਿਆਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਉਹਨਾਂ ਲਈ ਕੀ ਉਚਿਤ ਹੈ ਕਿ ਉਹਨਾਂ ਵਿੱਚ ਆਪਣੇ ਕੰਮ ਚਲਾਉਣ ਦੀ ਸਮਝ ਨਹੀਂ ਇਸ ਤਰ੍ਹਾਂ ਤਾਂ ਅਮਲੀ ਤੌਰ ਤੇ ਸ਼ਾਸਕ ਅਧੀਨ ਲੋਕ ਸਾਰਿਆਂ ਦਾ ਹੌਂਸਲਾ ਟੁੱਟ ਜਾਵੇਗਾ। ਮਾਨਵੀ ਪਸ਼ੂ, ਬਹੁਤ ਛੇਤੀ ਹੀ ਰਾਖੀ ਕਰਵਾਉਣ ਯੋਗ ਨਹੀਂ ਰਹਿ ਜਾਂਦੇ ਅਤੇ ਸਰਪ੍ਰਸਤਾਂ ਨੂੰ ਭ੍ਰਿਸ਼ਟ ਕਰ ਦੇਵੇਗਾ। ਪਰ ਇੱਥੇ ਇਹ ਕਿਹਾ ਜਾ ਸਕਦਾ ਹੈ ਕਿ ਪਲੈਟੋ ਨੇ ਲੋਕਤੰਤਰ ਨੂੰ ਕਦੀ ਪਸੰਦ ਨਹੀਂ ਸੀ ਕੀਤਾ।

**ਛੇਵੇਂ,** ਪਲੈਟੋ ਦੇ ਨਿਆਂ ਦੀ ਸਕੀਮ ਵਿਅਕਤੀ ਨੂੰ ਵੀ ਸੁਤੰਤਰਤਾ ਨਹੀਂ ਦਿੰਦੀ। ਇਹ ਗੱਲ ਉਘਾੜਦਿਆਂ ਪ੍ਰੋਫੈਸਰ ਐਮ. ਜੋਡ ਹਾਰਮੇਨ ਲਿਖਦਾ ਹੈ, "ਪਲੈਟੋ ਦੀ ਵਿਅਕਤੀਤਵ ਰੁਚੀਆਂ ਤੇ ਆਧਾਰਿਤ ਬੰਦਿਆਂ ਦਾ ਇਕ ਜਾਂ ਦੂਜੀ ਸ੍ਰੇਣੀ ਲਈ ਮਨਮਰਜ਼ੀ ਦਾ ਨਿਰਧਾਰਣ ਸੁਤੰਤਰਤਾ ਨੂੰ ਤਬਾਹ ਕਰਦਾ ਹੈ। ਕੁਦਰਤੀ ਜੰਮਿਆ ਮੋਚੀ ਸ਼ਾਇਦ ਆਪਣਾ ਜੀਵਨ ਮੋਚੀਪੁਣੇ ਨੂੰ ਅਰਪਣ ਕਰਨ ਵਿੱਚ ਦੁੱਖੀ ਹੋਵੇ। ਸੰਭਵ ਹੈ ਕਿ ਉਹ ਇਹ ਗੱਲ ਸਹਿਣ ਨਾ ਕਰ ਸਕੇ ਕਿ ਉਸ ਨੂੰ ਭਾਈਚਾਰੇ (Community) ਦਾ ਸ਼ਾਸ਼ਨ ਚਲਾਉਣ ਵਾਲੇ ਸਭ ਕੰਮਾਂ ਤੋਂ ਦੂਰ ਰੱਖਿਆ ਗਿਆ ਹੈ। ਆਦਮੀ ਸ਼ਾਇਦ ਥੋੜ੍ਹੀਆਂ ਪਦਾਰਥਕ ਚੀਜ਼ਾਂ ਨਾਲ ਖੁਸ਼ ਰਹਿਣ, ਜੇ ਉਹਨਾਂ ਨੂੰ ਸਿੱਟੇ ਕੱਢਣ ਦੀ ਸੁਤੰਤਰਤਾ ਹੋਵੇ, ਭਾਵੇਂ ਇਹ ਸਿੱਟੇ ਗਲਤ ਹੀ ਕਿਉਂ ਨਾ ਹੋਣ। ਲੋਕਤੰਤਰ ਇਹ ਤਾਂ ਫਰਜ਼ ਨਹੀਂ ਕਰਦਾ ਕਿ ਸਰਕਾਰੀ ਪਾਲਿਸੀ ਦੇ ਬਣਾਉਣ ਵਿੱਚ ਸਭ ਬੰਦਿਆਂ ਦਾ ਯੋਗਦਾਨ ਇੱਕੋ ਜਿੰਨਾ ਹੁੰਦਾ ਹੈ। ਉਹ ਤਾਂ ਕੇਵਲ ਇਹ ਕਹਿੰਦਾ ਹੈ ਕਿ ਬਹੁਤ ਕੁੱਝ ਯੋਗਦਾਨ ਦੇ ਸਕਦੇ ਹਨ। ਪਲੈਟੋ ਇਸ ਪ੍ਰਸਤਾਵ ਦੇ ਵਿਰੁੱਧ ਸੀ।

**ਆਖਿਰ** ਵਿੱਚ, ਨਿਆਂ ਦਾ ਸੰਕਲਪ ਇਕ ਸ਼੍ਰੇਣੀ ਰਾਜ ਬਣਾ ਦਿੰਦਾ ਹੈ। ਪ੍ਰੋਫੈਸਰ ਪੋਪਰ ਕਹਿੰਦਾ ਹੈ ਕਿ ਪਲੈਟੋ ਦਾ ਨਿਆਂ ਦਾ ਸੰਕਲਪ ਇੱਕ ਸ਼੍ਰੇਣੀ ਰਾਜ ਪੈਦਾ ਕਰ ਦੇਵੇਗਾ। ਜਿਸ ਵਿੱਚ ਸ਼ਾਸਨ ਇੱਕ ਸ਼੍ਰੇਣੀ ਅਧਿਕਾਰ ਬਣ ਜਾਂਦਾ ਹੈ। ਇਸੇ ਤਰ੍ਹਾਂ ਹੀ ਉਤਪਾਦਨ ਦਾ ਕੰਮ ਇਕ ਹੋਰ ਸ਼੍ਰੇਣੀ ਦੀ ਇਜ਼ਾਰੇਦਾਰੀ ਬਣ ਜਾਂਦਾ ਹੈ। ਇਸ ਨਾਲ ਰਾਜ ਨੂੰ ਸ਼੍ਰੇਣੀ ਸੁਭਾਅ ਮਿਲ ਜਾਏਗਾ। ਪੋਪਰ ਦੇ ਸ਼ਬਦਾਂ ਵਿੱਚ, "ਪਲੈਟੋ ਵਿਸ਼ੇਸ਼ ਅਧਿਕਾਰ ਨੂੰ ਠੀਕ ਕਹਿੰਦਾ ਹੈ ਪਰ ਅਸੀਂ ਨਿਆਂ ਦਾ ਅਰਥ ਸਮਝਦੇ ਹਾਂ ਕਿ ਕਿਸੇ ਦਾ ਕੋਈ ਵਿਸ਼ੇਸ਼ ਅਧਿਕਾਰ ਨਾ ਹੋਵੇ।"

## ਨਿਆਂ ਦੀ ਉਸਾਰੂ (Archiectonise) ਪ੍ਰਵਿਰਤੀ ਬਾਰੇ ਫੋਸਟਰ ਦੇ ਵਿਚਾਰ

ਨਿਆਂ ਦੀ ਉਸਾਰੂ ਪ੍ਰਕਿਰਤੀ ਬਾਰੇ ਕਹਿੰਦਿਆਂ ਮਾਈਕਲ ਬੀ. ਫੋਸਟਰ ਲਿਖਦਾ ਹੈ ਕਿ "ਨਿਆਂ ਵਿੱਚ ਜੋ ਪਹਿਲੀ ਚੀਜ਼ ਸਾਫ ਦਿਸਦੀ ਹੈ, ਉਹ ਜੱਬਤ ਦਾ ਤੱਤ ਹੈ, ਅਤੇ ਨਿਆਂ ਦੀ ਉਸਾਰੂ ਪ੍ਰਵਿਰਤੀ ਦੇ ਕਾਰਨ ਹੈ। ਜਿਸ ਤਰ੍ਹਾਂ ਆਰਚੀਟੈਕਟ ਦੀ ਤਾਕਤ ਉਸਦੇ ਅਧੀਨ ਕਾਰੀਗਰਾਂ ਤੇ ਜਾਬਤੇ ਦਾ ਪ੍ਰਭਾਵ ਪਾਉਂਦੀ ਹੈ, ਉਹਨਾਂ ਦਾ ਉਤਪਾਦਨ ਦੀ ਭਰਮਾਰ ਠੱਲਦੀ ਹੈ, ਉਹਨਾਂ ਦਾ ਖੇਤਰ ਸੀਮਿਤ ਕਰਦੀ ਹੈ, ਅਤੇ ਸਾਰੇ ਢਾਂਚੇ ਖਾਤਰ ਉਹਨਾਂ ਦੀ ਸੁਤੰਤਰਤਾ ਸੀਮਿਤ ਕਰਦੀ ਹੈ, ਇਸ ਤਰ੍ਹਾਂ ਹੀ ਨਿਆਂ ਇਕ ਆਦਮੀ ਦੀਆਂ ਯੋਗਤਾਵਾਂ ਤੇ ਰੋਕ ਲਾਉਂਦੀ ਹੈ, ਉਸ ਤੋਂ ਬਹੁਤ ਸਾਰੀਆਂ ਚੀਜ਼ਾਂ ਪਰ੍ਹੇ ਰੱਖਦਾ ਹੈ, ਜਿਨ੍ਹਾਂ ਨੂੰ ਉਹ ਕਰ ਸਕਦਾ ਹੈ ਅਤੇ ਕਰਨਾ ਚਾਹੁੰਦਾ ਹੈ।"

## 1.5.3.4 ਪਲੈਟੋ ਦੇ ਨਿਆਂ ਦੇ ਸੰਕਲਪ ਦੀ ਉਪਯੋਗਤਾ ਅਤੇ ਮਹੱਤਤਾ (Importance)

ਪਲੈਟੋ ਦੇ ਸੰਕਲਪ ਦੀ ਆਲੋਚਨਾ ਦੇ ਬਾਵਜੂਦ, ਉਸ ਦਾ ਨਿਆਂ ਦਾ ਸਿਧਾਂਤ ਉਪਯੋਗਤਾ ਰਹਿਤ ਨਹੀਂ।

ਇਹ ਸੰਕਲਪ ਸਾਫਿਸਟਾਂ ਦੇ ਵਿਅਕਤੀਵਾਦ ਦੇ ਵਿਰੁੱਧ ਇਕ ਚੰਗੀ ਦਲੀਲ ਹੈ। ਸਾਫਿਸਟਾਂ ਦੇ ਵਿਚਾਰਾਂ ਨੇ ਯੂਨਾਨੀ ਸਮਾਜ ਵਿੱਚ ਅਫਰਾ-ਤਫਰੀ ਵਾਲਾ ਰਾਜਨੀਤਿਕ ਵਾਤਾਵਰਣ ਪੈਦਾ ਕਰ ਦਿੱਤਾ ਸੀ। ਬਾਰਕਰ ਦੇ ਸ਼ਬਦਾਂ ਵਿੱਚ, "ਨਿਆਂ ਦਾ ਇਹੋ ਜਿਹਾ ਸੰਕਲਪ ਜੀਵਨ ਅਤੇ ਸਿਧਾਂਤ ਵਿੱਚ ਵਿਅਕਤੀਵਾਦ ਦਾ ਆਖਰੀ ਉੱਤਰ ਹੈ। ਜਿਸ ਵਿਅਕਤੀਵਾਦ ਦੇ ਪਲੈਟੋ ਵਿਰੁੱਧ ਸੀ। ਇਹ ਸੰਕਲਪ ਵਿਅਕਤੀ ਨੂੰ ਇੱਕ ਅੱਡਰੀ ਹੋਂਦ ਨਹੀਂ ਮੰਨਦਾ, ਸਗੋਂ ਇਕ ਵਰਗ ਦਾ ਭਾਗ ਮੰਨਦਾ ਹੈ ਜਿਸ ਦਾ ਉਦੇਸ਼ ਅੱਡਰੇ ਵਿਅਕਤੀਤਵ ਦੀ ਖੁਸ਼ੀ ਹਾਸਲ ਕਰਨਾ ਨਹੀਂ ਸਗੋਂ ਇਸ ਵਿਵਸਥਾ ਵਿੱਚ ਆਪਣਾ ਨਿਸ਼ਚਿਤ ਕੰਮ ਕਰਨਾ ਹੈ। ਰਾਜ ਪੂਰਨ ਹੈ ਅਤੇ ਉਸ ਨੂੰ ਇੱਕ ਵਿਅਕਤੀ ਨਾਲ ਇੱਕ ਭਾਗ ਦੀ ਤਰ੍ਹਾਂ ਵਰਤ ਕੇ ਇਹ ਸੱਚ ਉਸ ਨੂੰ ਦਰਸਾਉਣਾ ਚਾਹੀਦਾ ਹੈ। ਪਲੈਟੋ ਦਾ ਨਿਆਂ ਮੂਲ ਰੂਪ ਵਿੱਚ ਸਰਬ ਵਿਆਪਕ ਹੈ। ਆਦਮੀ ਦੇ ਸਾਰੇ ਕਰਤੱਵ ਦਾ ਇੱਕ ਦੂਜਾ ਨਾਮਕਰਣ ਹੈ। ਥੀਐਟਟੱਸ (Theatetus) ਵਿੱਚ ਪਲੈਟੋ ਕਹਿੰਦਾ ਹੈ, "ਉਹ ਕਾਨੂੰਨ ਤੋਂ ਬਾਹਰ ਬਹੁਤ ਅੱਗੇ ਚਲਾ ਜਾਂਦਾ ਹੈ ਅਤੇ ਉਹ ਤੰਗ , ਤਿੱਖਾ ਅਤੇ ਸੌੜਾ ਦਿਮਾਗ ਜਿਹੜਾ ਮਨੁੱਖ ਦੀ ਨੈਤਿਕ ਜ਼ਿੰਦਗੀ ਨੂੰ ਕੇਵਲ ਕਾਨੂੰਨੀ ਕਿਸਮ ਮੰਨਣ ਤਕ ਹੀ ਸੀਮਿਤ ਰਖੇਗਾ, ਉਸ ਨੂੰ ਬਿਲਕੁੱਲ ਰੱਦ ਕਰਦਾ ਹੈ।" ਪਲੈਟੋ ਦੇ ਨਿਆਂ ਤੇ ਟਿੱਪਣੀ ਕਰਦਿਆਂ ਡਨਿੰਗ ਕਹਿੰਦਾ ਹੈ ਕਿ ਪਲੈਟੋ ਦਾ ਨਿਆਂ ਦਾ ਸੰਕਲਪ ਰਾਜਨੀਤਿਕ ਪੱਖ ਦੇ ਜਿਹੜੇ ਵਿਚਾਰ ਸਾਫ ਉਘਾੜਦਾ ਹੈ, ਉਹ ਹਨ, "ਪਹਿਲਾ, ਸਮਾਜਿਕ ਜੀਵਨ ਵਿੱਚ ਵਿਧੀਬੱਧ ਏਕਤਾ ਦੀ ਲੋੜ, ਦੂਜਾ, ਸਭ ਦੇ ਸੁਆਰਥ ਨੂੰ ਸੂਤਰਬੱਧ ਕਰਨ ਲਈ ਬੇਤੁਕੇ ਕਾਨੂੰਨ ਦੀ ਥਾਂ ਤਰਤੀਬ-ਬੱਧ ਵਿਦਿਆ ਦਾ ਮਹੱਤਵ ਅਤੇ ਤੀਜਾ ਸਰਕਾਰ ਵਿੱਚ ਕੁਲੀਨਤੰਤਰ ਦਾ ਉਚਿਤ ਆਧਾਰ।"

ਇਸ ਤੋਂ ਇਲਾਵਾ, ਪਲੈਟੋ ਦਾ ਨਿਆਂ ਦਾ ਸੰਕਲਪ ਰਾਜ ਨੂੰ ਆਪਣਾ ਵੱਖਰਾ ਵਿਅਕਤਿੱਤਵ ਅਤੇ ਆਪਣੀ ਇੱਛਾ ਪ੍ਰਦਾਨ ਕਰਦਾ ਹੈ। ਰਾਜ ਦੀ ਆਪਣੇ ਮੈਂਬਰਾਂ ਤੋਂ ਵੱਖਰੀ ਹੋਂਦ ਹੈ। ਇਸ ਗੱਲ ਵਿੱਚ ਉਹ ਰੂਸੋ ਦੇ ਸਾਂਝੀ ਇੱਛਾ ਦੇ ਸਿਧਾਂਤ ਦੀ ਭਵਿੱਖਬਾਣੀ ਕਰਦਾ ਹੈ ਅਤੇ ਬੋਸਾਂਕੋ (Bosanguet) ਦੇ ਆਦਰਸ਼ਵਾਦੀ ਸਿਧਾਂਤ-ਰਾਜ ਮਨ ਦਾ ਕੰਮ ਕਰ ਰਿਹਾ ਸੰਕਲਪ ਹੈ- ਦੀ ਪੇਸ਼ੀਨਗੋਈ ਕਰਦਾ ਹੈ। ਪਲੈਟੋ ਦੇ ਨਿਆਂ ਦੇ ਸੰਕਲਪ ਵਿੱਚ ਇੱਕ ਹੋਰ ਮਹੱਤਵਪੂਰਨ ਨੁਕਤਾ ਹੈ, ਜਿਹੜਾ ਰਾਜ ਵਿੱਚ ਰਾਜਨੀਤਿਕ ਸੁਆਰਥ ਅਤੇ ਰਾਜਨੀਤਿਕ ਜੀਵਨ ਵਿੱਚ ਅਗਿਆਨਤਾ ਨੂੰ ਵੰਗਾਰਦਾ ਹੈ। ਜਿਸ ਦਾ ਆਸ਼ਾ ਹੈ ਕਿ ਸਮਾਜ ਦਾ ਹਰ ਮੈਂਬਰ ਅਤੇ ਸ਼੍ਰੇਣੀ ਸਾਫ ਦਿਲ ਨਾਲ ਆਪਣਾ ਕਰਤੱਵ ਨਿਭਾਏ। ਇਸ ਬਾਰੇ ਗੋਥੇ (Goethe) ਕਹਿੰਦਾ ਹੈ, "ਰਾਜਨੀਤਿਕ ਨਿਆਂ ਦਾ ਇਹ ਸੰਕਲਪ ਕਿ ਹਰ ਆਦਮੀ ਆਪਣੀ ਨਿਸ਼ਚਿਤ ਥਾਂ ਸੰਭਾਲੇ, ਯੂਨਾਨੀ ਰਾਜਨੀਤੀ ਦਾ ਇਹ ਪਰਮ ਮਹੱਤਵ ਦਾ ਸੰਕਲਪ ਹੈ। ਇਸ ਦਾ ਪਰਿਣਾਮ ਇਹ ਹੋਇਆ ਕਿ ਸਮਾਜਿਕ ਕਰਤੱਵ ਅਤੇ ਸਮਾਜਿਕ ਨਿਪੁੰਨਤਾ ਇਕ ਖਾਸ ਸਿਖਲਾਈ ਰਾਹੀਂ ਅਪਨਾਉਣੇ ਚਾਹੀਦੇ ਹਨ। ਇਹ ਉਸ ਯੂਨਾਨੀ ਰਾਜਨੀਤਿਕ ਸੁਆਰਥ ਅਤੇ ਅਗਿਆਨਤਾ ਦੇ ਉਲਟ ਸੀ, ਜੋ ਪਲੈਟੋ ਨੇ ਵੇਖਿਆ।" ਪਲੈਟੋ ਦੀ ਸਲਾਹੁਤਾ ਹੋਰ ਗੱਲਾਂ ਕਰਕੇ ਵੀ ਹੋਣੀ ਚਾਹੀਦੀ ਹੈ। ਉਸ ਦਾ ਨਿਆਂ ਮਨੁੱਖੀ ਨੇਕੀ ਦਾ ਅਨਿਖੜਵਾਂ ਅੰਗ ਹੈ ਅਤੇ ਇੱਕ ਰਾਜ ਦਾ ਬੰਧਨ ਹੈ। ਇਸ ਗੱਲ ਬਾਰੇ ਫੋਸਟਰ ਕਹਿੰਦਾ ਹੈ ਕਿ "ਇਹ ਮਨੁੱਖਾਂ ਦੀ ਉਹ ਯੋਗਤਾ ਹੈ ਜਿਸ ਕਾਰਣ ਉਹ ਇੱਕ ਦੂਜੇ ਨਾਲ ਰਾਜਨੀਤਿਕ ਸੰਬੰਧ ਬਣਾ ਸਕਦੇ ਹਨ ਅਤੇ ਇਸ ਤਰ੍ਹਾਂ ਰਾਜਨੀਤਿਕ ਸਮਾਜ ਬਣਦੇ ਹਨ। ਸਮਾਜ ਤਾਂ ਹੀ ਬਣ ਸਕਦੇ ਹਨ ਜੇ ਹਰ ਇਕ ਮੈਂਬਰ ਦੂਜੇ ਸਾਥੀ ਮੈਬਰ ਨਾਲ ਆਤਮ ਸੰਜਮ ਵਰਤੇ ਅਤੇ ਉਹ ਸਭ ਕੁਝ ਕਰਨ ਜਾਂ ਲੈਣੋਂ ਗੁਰੇਜ਼ ਕਰੇ ਜੋ ਸਭ ਕੁਝ ਉਹ ਕਰ ਸਕਦਾ ਹੈ। ਪਲੈਟੋ ਦਾ ਇਹ ਰਿਸ਼ਤਾ ਬੰਦਿਆਂ ਨੂੰ ਸਮਾਜ ਨਾਲ ਜੋੜਦਾ ਹੈ।"

ਪਲੈਟੋ ਦੇ ਨਿਆਂ ਦੇ ਸੰਕਲਪ ਦਾ ਇਕ ਹੋਰ ਨੁਕਤਾ ਇਹ ਹੈ ਕਿ ਇਸ ਤੋਂ ਰਾਜ ਦੇ ਅੰਗਿਕ (Organic) ਸਿਧਾਂਤ ਦੀ ਉਤਪਤੀ ਹੋਈ। ਬਾਅਦ ਵਿੱਚ ਇਸ ਸਿਧਾਂਤ ਦਾ ਵਿਸਥਾਰ ਸਪੈਂਸਰ ਦੀਆਂ ਲਿਖਤਾਂ ਵਿੱਚ ਹੋਇਆ। ਪਲੈਟੋ ਦਾ ਨਿਆਂ ਦਾ ਸੰਕਲਪ, ਜਿਸ ਦੀ ਸਮਾਜ ਵਿੱਚ ਵਰਤੋਂ ਯੋਗਤਾ ਹੈ, ਇਹ ਰਾਜ ਦੇ ਸਭ ਸਦੀਵੀਂ ਸਿਧਾਤਾਂ ਅਨੁਸਾਰ ਸਦਾਚਾਰ ਦਾ ਆਧਾਰ ਵਿਅਕਤੀ ਦੇ ਰਾਜ ਨਾਲ ਸੰਬੰਧਾਂ ਉੱਤੇ ਆਧਾਰਿਤ

ਹੈ, ਅਤੇ ਇਸ ਦੀ ਮਿਣਤੀ ਇਕ ਵਿਅਕਤੀ ਨੂੰ ਸਮਾਜ ਦੀਆਂ ਲੋੜਾਂ ਨੂੰ ਅਪਣਾ ਕੇ ਠੀਕ ਯੋਗਦਾਨ ਦੇਣ ਦੀ ਸਫਲਤਾ ਨਾਲ ਹੁੰਦੀ ਹੈ। ਇਸ ਤੋਂ ਉਪਰੰਤ ਅੰਗਿਕ ਸਿਧਾਂਤ ਇਹ ਵੀ ਕਹਿੰਦਾ ਹੈ ਪੂਰਨ ਭਾਗ ਇੱਕ ਛੋਟੇ ਭਾਗ ਨਾਲੋਂ ਬਹੁਤ ਮਹੱਤਵਪੂਰਨ ਅਤੇ ਉਪਯੋਗੀ ਹੈ। ਖਾਸ ਭਾਗ ਇਕ ਪਾਸੇ ਤਾਂ ਆਪਣੀ ਉਪਯੋਗਤਾ ਅਤੇ ਕੁਝ ਹੱਦ ਤੱਕ ਆਪਣਾ ਖ਼ਾਸ ਪੂਰਨ ਭਾਗ ਵਿੱਚ ਹੋਣ ਕਰਕੇ ਰੱਖਦਾ ਹੈ। ਇਹ ਸਾਫ ਹੀ ਹੈ ਕਿ ਇਕ ਜੀਉਂਦੀ ਸ਼ੈਅ ਦਾ ਇਕ ਭਾਗ ਉਸ ਸ਼ੈਅ ਤੋਂ ਅੱਡ ਹੋ ਕੇ ਜੀਅ ਨਹੀਂ ਸਕਦਾ। ਅੰਗਿਕ ਸਿਧਾਂਤ ਦਾ ਇਕ ਹੋਰ ਭਾਵ ਇਹ ਵੀ ਹੈ ਕਿ ਅੱਡ ਅੱਡ ਭਾਗਾਂ ਦਾ ਵੱਖਰਾ ਵੱਖਰਾ ਮਹੱਤਵ ਹੁੰਦਾ ਹੈ। ਜਿਸ ਤਰ੍ਹਾਂ ਮਾਨਵੀ ਸਰੀਰ, ਪੇਟ, ਗਲੇ ਨਾਲੋਂ ਬਹੁਤ ਮਹੱਤਵਪੂਰਨ, ਇਸ ਤਰ੍ਹਾਂ ਅੰਗਿਕ ਸਿਧਾਂਤ ਸਮਾਜ ਵਿੱਚ ਵੱਖਰੇ ਵੱਖਰੇ ਵਿਅਕਤੀਆਂ ਅਤੇ ਸ਼੍ਰੇਣੀਆਂ ਦੀ ਵੱਖਰੀ ਵੱਖਰੀ ਮਹੱਤਤਾ ਦਾ ਅੰਤਰ ਦੱਸਦਾ ਹੈ। ਮੁਕਦੀ ਗੱਲ, ਸਾਰੇ ਤੱਤ ਉਹ ਰਾਜ ਵਿੱਚ ਆਪਣੇ ਯੋਗ ਕੰਮ ਕਰਦੇ ਹਨ। ਅੰਗਿਕ ਸਿਧਾਂਤ ਦੇ ਇਹ ਸਾਰੇ ਤੱਤ ਪਲੈਟੋ ਦੇ ਨਿਆਂ ਦੇ ਸੰਕਲਪ ਵਿੱਚ ਮਿਲਦੇ ਹਨ।

ਪਲੈਟੋ ਦੇ ਨਿਆਂ ਦੇ ਸੰਕਲਪ ਦੀ ਮਹੱਤਤਾ ਇਸ ਵਿੱਚ ਵੀ ਹੈ ਕਿ ਉਹ ਦੋ ਮਹੱਤਵਪੂਰਨ ਆਰਥਿਕ ਅਸੂਲਾਂ ਨੂੰ ਰਾਜਨੀਤੀ ਸ਼ਾਸਤਰ ਦੇ ਖੇਤਰ ਵਿਚ ਲਾਗੂ ਕਰਦਾ ਹੈ। ਇਹ ਅਸੂਲ ਹਨ, ਕਿਰਤ ਦੀ ਵੰਡ ਅਤੇ ਕਾਰਜਾਤਮਕ ਵਿਸ਼ੇਸ਼ਗਤਾ। ਇਹਨਾਂ ਦੋਹਾਂ ਕਰਕੇ ਰਾਜ ਵਿੱਚ ਨਿਪੁੰਨਤਾ ਅਤੇ ਸੁਮੇਲ ਆਉਂਦੇ ਹਨ। ਸੇਬਾਈਨ ਦੇ ਸਬਦਾਂ ਵਿੱਚ "ਕਿਰਤ ਦੀ ਵੰਡ ਅਤੇ ਕਾਰਜਾਤਮਕ ਵਿਸ਼ੇਸ਼ਗਤਾ ਸਮਾਜਿਕ ਮਿਲਵਰਤਨ ਦੀਆਂ ਹੀ ਸ਼ਰਤਾਂ ਹਨ ਅਤੇ ਫਿਲਾਸਫਰ ਰਾਜੇ ਦਾ ਕੰਮ ਹੈ ਕਿ ਇਹਨਾਂ ਚੀਜ਼ਾਂ ਦੀ ਤਰਤੀਬ ਸਭ ਤੋਂ ਵੱਧ ਫਾਇਦੇਮੰਦ ਢੰਗ ਨਾਲ ਕਰੇ। ਇਸ ਲਈ ਨਿਸ਼ਾਨਾ ਇਹ ਹੈ ਕਿ ਰਾਜ ਵਿੱਚ ਚੰਗੇ ਧੰਦਿਆਂ ਦੀਆਂ ਜੋ ਸੰਭਾਵਨਾਂਵਾਂ ਹਨ ਉਹਨਾਂ ਵਿੱਚ ਮਨੁੱਖਾਂ ਨੂੰ ਤਰਤੀਬ ਨਾਲ ਲਾਇਆ ਜਾਏ।"

## 1.5.4 Suggested Questions

1. ਪਲੈਟੋ ਦੇ ਨਿਆਂ ਦੇ ਸਿਧਾਂਤ ਦਾ ਆਲੋਚਨਾਤਮਕ ਨਿਰੀਖਣ ਕਰੋ ।
2. ਪਲੈਟੋ ਦੀ ਕਿਤਾਬ, 'ਰਿਪਬਲਿਕ' ਦਾ ਮੁੱਖ ਵਿਸ਼ਾ 'ਨਿਆਂ ਦੀ ਭਾਲ' ਸੀ। ਇਸ ਕਥਨ ਦੀ ਲੋਅ ਵਿੱਚ ਪਲੈਟੋ ਦੇ ਨਿਆਂ ਦੀ ਸਿਧਾਂਤ ਦੀ ਵਿਆਖਿਆ ਕਰੋ।
3. ਪਲੈਟੋ ਦੇ ਆਦਰਸ਼ਵਾਦੀ ਰਾਜ ਦੀ ਵਿਆਖਿਆ ਕਰੋ।

**ਛੋਟੇ ਸੁਆਲ**

1. ਕੀ ਪਲੈਟੋ ਪਹਿਲਾ ਫਾਸ਼ੀਵਾਦੀ ਚਿੰਤਕ ਸੀ?
2. ਪਲੈਟੋ ਦੇ ਨਿਆਂ ਦੇ ਮੁੱਖ ਆਧਾਰਾਂ ਦਾ ਸੰਖੇਪ ਵਰਨਣ ਕਰੋ?
3. ਪਲੈਟੋ ਦੇ ਆਦਰਸ਼ਵਾਦੀ ਰਾਜ ਦੇ ਕੋਈ ਪੰਜ ਗੁਣ ਦੱਸੋ ?
4. ਪਲੈਟੋ ਦੁਆਰਾ ਲਿਖੀਆਂ ਗਈਆਂ ਤਿੰਨ ਮੁੱਖ ਕਿਤਾਬਾਂ ਦੇ ਨਾਮ ਦੱਸੋ ?

## 1.5.5 Suggested Readings


1. Ernest Barker : Greek Political Theory, Ch. I to V.
2. G.H. Sabine : A History of Political Theory, Ch. II
3. Foster, E.M. : Masters of Political Thought, Ch.I

ਪਾਠ ਨੰ: 1.6

# ਪਲੈਟੋ ਦਾ ਸਾਮਵਾਦ ਅਤੇ ਆਧੁਨਿਕ ਸਰਬ-ਸੱਤਾਵਾਦੀ (Totalitarian) ਵਿਚਾਰਧਾਰਾਵਾਂ

**1.6.1 ਭੂਮਿਕਾ** : – ਪਲੈਟੋ ਸੋਚ ਦੀਆਂ ਉੱਚੀਆਂ ਉਡਾਰੀਆਂ ਲਾਉਣ ਵਾਲਾ ਆਦਰਸ਼ਵਾਦੀ ਹੈ, ਪਰ ਕਦੇ-ਕਦੇ ਪੱਕਾ ਯਥਾਰਥਵਾਦੀ ਵੀ ਹੈ। ਪਲੈਟੋ ਨੂੰ ਆਧੁਨਿਕ ਕਾਲ ਦੀਆਂ ਪ੍ਰਸਿੱਧ ਤਾਨਾਸ਼ਾਹੀ ਵਿਚਾਰਧਾਰਾਵਾਂ-ਸਾਮਵਾਦ ਅਤੇ ਫਾਸ਼ੀਵਾਦ-ਦਾ ਮੁੱਢਲਾ ਪੈਰੋਕਾਰ ਕਿਹਾ ਜਾਂਦਾ ਹੈ। ਆਪਣੇ ਨਗਰ ਰਾਜ ਨੂੰ ਸਦੀਵੀ ਝਗੜਿਆਂ ਤੋਂ ਬਚਾਉਣਾ ਅਤੇ ਇਸ ਦੇ ਲੋਕਾਂ ਵਿੱਚ ਏਕਤਾ ਪੈਦਾ ਕਰਨ ਦੇ ਜੋਸ਼ ਵਿੱਚ ਉਹ ਉਤਲੀਆਂ ਦੋ ਸ਼੍ਰੇਣੀਆਂ-**ਸਰਪ੍ਰਸਤ ਰਾਜੇ ਅਤੇ ਸਿਪਾਹੀ(Soldiers)**-ਲਈ ਪੂੰਜੀ ਅਤੇ ਪਤਨੀਆਂ ਦੇ ਸਾਮਵਾਦ ਦੀ ਸਲਾਹ ਦਿੰਦਾ ਹੈ। ਲੋਕਤੰਤਰ ਦੇ ਔਗੁਣਾਂ ਕਰਕੇ ਉਹ ਇਸ ਨੂੰ ਰੱਦ ਕਰਦਾ ਹੈ, ਅਤੇ ਇਕ ਫਿਲਾਸਫਰ ਰਾਜੇ ਦੀ ਸਿਫਾਰਸ਼ ਕਰਦਾ ਹੈ, ਜੋ ਨੇਕੀ ਅਤੇ ਗਿਆਨ ਦਾ ਪ੍ਰਤਿਰੂਪ ਹੈ। ਇਹ ਗੱਲ ਸਾਨੂੰ ਫਾਸ਼ੀ ਡਿਕਟੇਟਰਾਂ ਦੇ ਸ਼ਾਸਨ ਦੀ ਯਾਦ ਦਿਲਾਉਂਦੀ ਹੈ।ਉਹ ਵੀ ਪਲੈਟੋ ਦੇ ਫਿਲਾਸਫਰ ਰਾਜੇ ਦੀ ਤਰ੍ਹਾਂ ਸਰਬ-ਗਿਆਤਾ ਬਣੇ ਰਹਿੰਦੇ ਹਨ। ਕਹਿੰਦੇ ਹਨ ਕਿ ਜਦੋਂ ਉਹ ਬੋਲਦੇ ਹੋਣ, ਹੋਰ ਕੋਈ ਮੂੰਹ ਨਾ ਖੋਲ੍ਹੇ। ਇਸ ਲਈ ਵੀਹਵੀਂ ਸਦੀ ਵਿੱਚ ਪ੍ਰਸਿੱਧੀ ਪ੍ਰਾਪਤ ਕਰਨ ਵਾਲੀਆਂ ਤਾਨਾਸ਼ਾਹੀ ਵਿਚਾਰਧਾਰਾਵਾਂ ਦਾ ਮੁੱਢ ਪਲੈਟੋ ਦੇ ਕਾਲ ਤੋਂ ਲੱਭਿਆ ਜਾ ਸਕਦਾ ਹੈ। ਹੇਠਾਂ ਅਸੀਂ ਉਹਨਾਂ ਵਿਚਾਰਧਾਰਾਵਾਂ ਦੇ ਲੱਛਣ ਬਿਆਨ ਕਰਾਂਗੇ ਜਿਨ੍ਹਾਂ ਦੀ ਪਲੈਟੋ ਨੇ ਵਿਆਖਿਆ ਕੀਤੀ। ਫਿਰ ਅਸੀਂ ਇਹਨਾਂ ਦੇ ਆਧੁਨਿਕ ਸੰਕਲਪ ਨਾਲ ਟਾਕਰਾ ਕਰਾਂਗੇ।

## 1.6.2 ਸਾਮਵਾਦ (Communism)

ਅਸਲ ਵਿੱਚ ਪਲੈਟੋ ਦਾ ਸਾਮਵਾਦ ਇਕ ਖਤਰਨਾਕ ਬੁਰਾਈ ਦਾ ਇਕ ਹੌਸਲੇ ਵਾਲਾ ਇਲਾਜ ਹੈ। ਇਹ ਬੁਰਾਈ ਸੀ ਰਾਜਨੀਤਿਕ ਸੱਤਾ ਅਤੇ ਆਰਥਿਕ ਲਾਲਚ ਦਾ ਇਕੋ ਹੀ ਵਿਅਕਤੀ ਕੋਲ ਹੋਣਾ। ਆਦਰਸ਼ ਰਾਜ ਦਾ ਵਕੀਲ ਪਲੈਟੋ, ਨਗਰ ਰਾਜ ਵਿੱਚ ਨਿਆਂ ਨੂੰ ਪ੍ਰਫੁੱਲਤ ਕਰਨ ਦਾ ਬਹੁਤ ਇਛੁੱਕ ਸੀ। ਉਸ ਦਾ ਖਿਆਲ ਸੀ ਕਿ ਇਹ ਤਾਂ ਹੀ ਸੰਭਵ ਸੀ ਜਦੋਂ ਸੱਤਾ ਦੀ ਇਜ਼ਾਰੇਦਾਰੀ ਵਾਲੇ ਸ਼ਾਸਕਾਂ ਨੂੰ ਆਰਥਿਕ ਲਾਭਾਂ ਤੋਂ ਵਾਂਝਿਆਂ ਰੱਖਿਆ ਜਾਏ। ਰਾਜ ਦੇ ਹਿੱਤਾਂ ਲਈ ਰਾਜਨੀਤਿਕ ਸੱਤਾ ਦੀ ਇਜ਼ਾਰੇਦਾਰੀ ਵਾਲੇ ਸ਼ਾਸਕਾਂ ਨੂੰ ਆਰਥਿਕ ਲਾਭਾਂ ਤੋਂ ਵਾਂਝਿਆਂ ਰੱਖਿਆ ਜਾਏ। ਰਾਜ ਦੇ ਹਿੱਤਾਂ ਲਈ ਰਾਜਨੀਤਿਕ ਸੱਤਾ ਦੀ ਇਜ਼ਾਰੇਦਾਰੀ ਨੂੰ ਆਰਥਿਕ ਲਾਭਾਂ ਦਾ ਹੱਕ ਨਹੀਂ ਹੋਣਾ ਚਾਹੀਦਾ। ਇਸ ਲਈ ਉਸਨੇ ਪੂੰਜੀ ਦੇ ਸਾਮਵਾਦ ਦੀ ਸਲਾਹ ਦਿੱਤੀ। ਟੱਬਰ ਅਤੇ ਬੱਚਿਆਂ ਦਾ ਪਿਆਰ ਵੀ ਰਾਜ ਦੇ ਹਿੱਤਾਂ ਦੇ ਵਿਰੁੱਧ ਹੈ। ਇਸ ਲਈ ਪਲੈਟੋ ਨੇ ਆਪਣੇ ਸ਼ਾਸਕਾਂ ਲਈ ਟੱਬਰ ਦੀ ਵੀ ਮਨਾਹੀ ਕਰ ਦਿੱਤੀ। ਉਸ ਨੇ ਪਤਨੀਆਂ ਦੀ ਸਾਂਝੀਵਾਲਤਾ ਦਾ ਵਿਚਾਰ ਦਿੱਤਾ, ਜਿਸਨੂੰ ਬਹੁਤ ਨਿੰਦਿਆ ਗਿਆ ਹੈ।

ਇਹ ਦੋਵੇਂ ਵਿਚਾਰਧਾਰਾਵਾਂ ਪਲੈਟੋ ਦੇ ਹੀ ਦਿਮਾਗ ਵਿਚੋਂ ਨਹੀਂ ਉਗਮੀਆਂ। ਇਹ ਤਾਂ ਯੂਨਾਨੀ ਸਾਸ਼ਕ ਸ੍ਰੇਣੀ ਲਈ ਨਗਰ ਰਾਜਾਂ ਵਿੱਚ ਪ੍ਰਚੱਲਿਤ ਸਨ। ਉਦਾਹਰਣ ਵਜੋਂ, ਸਪਾਰਟਾ ਵਿੱਚ ਪਤਨੀਆਂ ਨੂੰ ਰਾਜ ਦੀ ਖਾਤਿਰ ਛੱਡ ਦਿੱਤਾ ਜਾਂਦਾ ਸੀ ਅਤੇ ਬੱਚਿਆਂ ਨੂੰ ਰਾਜ ਪਾਲਦਾ ਸੀ। ਯੂਨਾਨ ਵਿੱਚ ਸਾਂਝੀ ਭੋਇ ਦੀ ਖੇਤੀ ਰਾਜ ਕਰਦੇ ਸਨ। ਪੰਜਵੀਂ ਸਦੀ ਵਿੱਚ ਐਥਨਜ ਵਿੱਚ ਵੀ ਸਾਮਵਾਦੀ ਵਿਚਾਰਧਾਰਾਵਾਂ ਚਲਦੀਆਂ ਸਨ।

### 1.6.2.1 ਸਾਮਵਾਦ ਦਾ ਮਨੋਵਿਗਿਆਨਕ ਆਧਾਰ (Psychological Basis)

ਪਲੈਟੋ ਸਮਕਾਲੀ ਸਰਕਾਰ ਦੇ ਨੁਕਸਾਂ ਤੋਂ ਅੱਕ ਗਿਆ ਸੀ। ਉਹ ਇੱਕ ਆਦਰਸ਼ ਰਾਜ ਦੀ ਸਥਾਪਨਾ ਕਰਨਾ

ਚਾਹੁੰਦਾ ਸੀ, ਜਿਥੇ ਏਕਤਾ ਅਤੇ ਸੁਮੇਲ ਜਾਂ ਸਦਭਾਵਨਾ (Harmony) ਹੋਵੇ ਅਤੇ ਸੁਆਰਥੀ ਵਿਅਕਤੀਆਂ ਲਈ ਕੋਈ ਥਾਂ ਨਾ ਹੋਵੇ। ਉਸ ਦਾ ਸਾਮਵਾਦ ਉਸ ਦੇ ਨਿਆਂ ਦੇ ਸੰਕਲਪ ਦਾ ਸਿੱਟਾ ਸੀ। ਉਸ ਲਈ ਨਿਆਂ ਦਾ ਅਰਥ ਸੀ ਆਪੋ-ਆਪਣੇ ਆਪਣੇ ਕੰਮਾਂ ਨੂੰ ਕਰਨਾ। ਉਹ ਚਾਹੁੰਦਾ ਸੀ ਕਿ ਆਪਣੇ ਮਿੱਥੇ ਕੰਮ ਵਿੱਚ ਅਰਪਣ ਹੋਇਆ ਇੱਕ ਨਾਗਰਿਕ ਰਾਜ ਵਿੱਚ ਹੀ ਸਮਾ ਜਾਏ। ਸਰਪ੍ਰਸਤਾਂ ਅਤੇ ਸਹਾਇਕਾਂ ਜਾਂ ਪ੍ਰਬੰਧਕਾਂ ਦੀਆਂ ਉਪਰਲੀਆਂ ਸ਼੍ਰੇਣੀਆਂ, ਜਿਨ੍ਹਾਂ ਦਾ ਫਰਜ਼ ਰਾਜ ਦਾ ਪ੍ਰਬੰਧ ਚਲਾਉਂਣਾ ਸੀ, ਨੂੰ ਕੋਈ ਵੀ ਆਰਥਿਕ ਫਿਕਰ ਨਹੀਂ ਹੋਣੇ ਚਾਹੀਦੇ। ਇਹ ਦੋ ਸ਼੍ਰੇਣੀਆਂ ਹੌਸਲੇ ਅਤੇ ਵਿਵੇਕ ਦੀਆਂ ਨੁਮਾਇੰਦਾ ਸਨ। ਨਗਰ-ਰਾਜ ਵਿੱਚ ਭੁੱਖ ਦੇਤੱਤ ਦੀ ਪ੍ਰਤੀਨਿਧਤਾ ਤੀਜੀ ਸ਼੍ਰੇਣੀ, ਅਰਥਾਤ ਉਤਪਾਦਕ ਅਤੇ ਕਾਰੀਗਰ, ਕਰਦੇ ਸਨ। ਭੁੱਖ ਦਾ ਪੱਕਾ ਤਿਆਗ ਹੀ ਸੀ ਜੋ ਉਪਰਲੀਆਂ ਦੋ ਸ਼੍ਰੇਣੀਆਂ ਨੂੰ ਵਿਅਕਤੀਗਤ ਤਾਂਘ ਅਤੇ ਸੁਆਰਥ ਅਤੇ ਫਰਜ਼ ਦੀ ਅਣਗਹਿਲੀ ਤੋਂ ਬਚਾ ਸਕਦਾ ਸੀ। ਜੇ ਭੁੱਖ ਤੇ ਕਾਬੂ ਨਾ ਰੱਖਿਆ ਜਾਏ ਤਾਂ ਉਹ ਵਿਵੇਕ ਨੂੰ ਦੂਸ਼ਿਤ ਕਰ ਦਿੰਦੀ ਹੈ ਅਤੇ ਰਖਵਾਲੇ ਕੁੱਤੇ ਨੂੰ ਬਘਿਆੜ ਬਣਾ ਦਿੰਦੀ ਹੈ। ਉਸ ਦੇ ਸ਼ਬਦਾਂ ਵਿੱਚ "ਜਿਵੇਂ ਮੈਂ ਦੱਸਦਾ ਹਾਂ, ਸੰਪਤੀ ਅਤੇ ਪਤਨੀਆਂ ਦੀ ਸਾਂਝ ਉਹਨਾਂ ਨੂੰ ਬਹੁਤ ਪੱਕੇ ਸਰਪ੍ਰਸਤ ਬਣਾਉਂਦੀ ਹੈ। ਉਹ ਮੇਰੇ-ਤੇਰੇ ਦੇ ਝਗੜਿਆਂ ਨਾਲ ਸ਼ਹਿਰ ਨੂੰ ਨਹੀਂ ਪਾੜਨਗੇ। ਕੋਈ ਵੀ ਆਦਮੀ ਕਬਜ਼ੇ ਆਈ ਹਰ ਸ਼ੈਅ ਨੂੰ ਆਪਣੇ ਵੱਖਰੇ ਘਰ ਨੂੰ ਨਹੀਂ ਖਿੱਚੇਗਾ, ਜਿੱਥੇ ਉਸ ਦੀ ਪਤਨੀ ਅਤੇ ਬੱਚੇ ਹਨ, ਨਿੱਜੀ ਸੁੱਖ-ਦੁੱਖ ਹਨ, ਸਗੋਂ ਸਾਰਿਆਂ ਤੇ ਇੱਕੋ ਜਿਹੇ ਸੁੱਖਾਂ-ਦੁੱਖਾਂ ਦਾ ਅਸਰ ਹੋਵੇਗਾ, ਕਿਉਂਕਿ ਉਹ ਸਭ ਇਕੋ ਰਾਇ ਦੇ ਹਨ। ਜਿਥੋਂ ਤਕ ਇਸ ਗੱਲ ਦਾ ਸੰਬੰਧ ਹੈ ਕਿ ਸ਼ੈਅ ਕਿਹੜੀ ਪਿਆਰੀ ਹੈ, ਇਸ ਲਈ ਉਹ ਸਭ ਇੱਕ ਹੀ ਉਦੇਸ਼ ਵੱਲ ਚਲਣਗੇ।"

ਪਲੈਟੋ ਨੇ ਟੱਬਰ ਦੀ ਸਮਾਪਤੀ ਦੀ ਵਕਾਲਤ ਉਪਰਲੀਆਂ ਦੋ ਸ਼੍ਰੇਣੀਆਂ ਵਿੱਚ ਸੰਪਤੀ ਅਤੇ ਪਤਨੀਆਂ ਦੀ ਸਾਂਝ ਦੇ ਆਧਾਰ ਤੇ ਕੀਤੀ ਹੈ। ਮੰਤਵ ਉਸ ਦਾ ਇਹਨਾਂ ਦੋ ਸ਼੍ਰੇਣੀਆਂ ਨੂੰ ਇਕੋ ਪਰਿਵਾਰ ਵਿੱਚ ਸੰਯੁਕਤ ਕਰਨ ਦਾ ਸੀ। ਰਾਜ ਵਿੱਚ ਏਕਤਾ ਦੀ ਲੋੜ ਨੇ ਉਸ ਨੂੰ ਰਾਜ-ਨਿਯੰਤ੍ਰਿਤ ਵਿਦਿਆ, ਸ਼ਾਸ਼ਕ ਸ਼੍ਰੇਣੀਆਂ ਲਈ ਪਤਨੀਆਂ ਅਤੇ ਸੰਪਤੀ ਦੀ ਸਾਂਝ ਦੀ ਵਕਾਲਤ ਲਈ ਪ੍ਰੇਰਿਤ ਕੀਤਾ। ਨਿੱਜੀ ਪਰਿਵਾਰ ਦੀ ਬਜਾਇ ਰਾਜ ਦੇ ਮੈਂਬਰ ਬਣਨ ਨਾਲ ਸ਼ਖਸੀਅਤ ਦੇ ਵਿਕਾਸ ਨੂੰ ਉੱਚਤਮ ਅਧਿਆਤਮਕ ਪੱਧਰ ਤਕ ਲਿਜਾਣਾ ਚਾਹੁੰਦਾ ਸੀ।

## 1.6.2.2 ਵਿਵਹਾਰਕ ਅਤੇ ਰਾਜਨੀਤਿਕ ਆਧਾਰ (Practical and Political Basis)

ਰਾਜਨੀਤਿਕ ਅਤੇ ਆਰਥਿਕ ਸੱਤਾ ਦਾ ਇਕੋ ਹੱਥਾਂ ਵਿੱਚ ਇਕੱਠਾ ਹੋਣਾ ਨਿਪੁੰਨਤਾ ਘਟਾਉਣਾ ਸੀ ਅਤੇ ਤਾਨਾਸ਼ਾਹੀ ਵੱਲ ਲੈ ਜਾਂਦਾ ਸੀ। ਇਸ ਲਈ ਪਲੈਟੋ ਦਾ ਵਿਸ਼ਵਾਸ਼ ਸੀ ਕਿ ਸ਼ਾਸ਼ਕਾਂ ਨੂੰ ਕੇਵਲ ਰਾਜਨੀਤਿਕ ਸੱਤਾ ਦਿੱਤੀ ਜਾਵੇ, ਆਰਥਿਕ ਨਹੀਂ। ਉਸ ਦਾ ਕਹਿਣਾ ਸੀ, "ਅਸੀਂ ਉਹਨਾਂ ਨੂੰ ਦੱਸਾਂਗੇ ਕਿ ਸੋਨਾ ਅਤੇ ਚਾਂਦੀ ਉਹਨਾਂ ਨੂੰ ਰੱਬ ਕੋਲ ਮਿਲਣਗੇ। ਦੈਵੀ ਧਾਤ ਉਹਨਾਂ ਦੇ ਅੰਦਰ ਹੈ। ਇਸ ਲਈ ਆਮ ਬੰਦਿਆਂ ਵਿੱਚ ਪ੍ਰੱਚਲਿਤ ਮੈਲ ਦੀ ਉਹਨਾਂ ਨੂੰ ਲੋੜ ਨਹੀਂ। ਇਹ ਆਮ ਧਾਤ ਨੇ ਕਈ ਅਪਵਿੱਤਰ ਕੰਮ ਕਰਵਾਏ ਹਨ।" ਆਦਰਸ਼ਕ ਰਾਜਾਂ ਦਾ ਉਪਰੋ-ਥੱਲੀ ਭ੍ਰਿਸ਼ਟਾਚਾਰ ਰਾਜਨੀਤਿਕ ਅਤੇ ਆਰਥਿਕ ਸੱਤਾਂ ਦੇ ਇਕੱਠ ਕਰਕੇ ਹੀ ਸੀ। ਇਹ ਇਕੱਠ ਸ਼ਾਸ਼ਕ ਨੂੰ ਲਾਲਚੀ ਬਣਾ ਦਿੰਦਾ ਹੈ ਅਤੇ ਪਰਜਾ ਬੁੜਬੁੜਾਉਂਦੀ ਅਤੇ ਵਿਦ੍ਰੋਹ ਕਰਦੀ ਹੈ। ਇਸੇ ਕਾਰਣ ਜਿਨ੍ਹਾਂ ਸ਼ਾਸਕਾਂ ਨੇ ਸ਼ਾਸਨ ਵਰਗੇ ਖਾਸ ਕੰਮ ਕਰਨੇ ਹਨ, ਉਹਨਾਂ ਨੂੰ ਖਾਸ ਨਿਯਮਾਂ ਥੱਲੇ ਰਹਿਣਾ ਚਾਹੀਦਾ ਹੈ।

ਪਲੈਟੋ ਦਾ ਸਾਮਵਾਦ ਤੀਜੀ ਉਤਪਾਦਨ ਸ਼੍ਰੇਣੀ ਤੇ ਲਾਗੂ ਨਹੀਂ ਹੁੰਦਾ। ਇਸ ਸ਼੍ਰੇਣੀ ਨੂੰ ਆਰਥਿਕ ਸੱਤਾ ਦੀ ਇਜ਼ਾਰੇਦਾਰੀ ਦੀ ਆਗਿਆ ਸੀ। ਇਸ ਤਰ੍ਹਾਂ ਸਾਮਵਾਦ ਦਾ ਸਮਾਜ ਦੇ ਆਰਥਿਕ ਢਾਂਚੇ ਤੇ ਕੋਈ ਪ੍ਰਭਾਵ ਨਹੀਂ ਪਿਆ। ਉਤਪਾਦਨ ਦਾ ਵਿਅਕਤੀਗਤ ਢਾਂਚਾ ਚਾਲੂ ਰਿਹਾ। ਸਰਪ੍ਰਸਤਾਂ ਕੋਲ ਨਾ ਭੋਂਇ ਸੀ ਨਾ ਘਰ। ਉਹ ਸਾਂਝੀਆਂ ਬੈਰਕਾਂ ਵਿੱਚ ਰਹਿੰਦੇ ਸਨ ਸਾਂਝੇ ਲੰਗਰ ਖਾਂਦੇ ਸਨ। ਇਸ ਤਰ੍ਹਾਂ ਭਾਵੇਂ ਇਹ ਕੇਵਲ ਉਪਰਲੀਆਂ ਸ਼੍ਰੇਣੀਆਂ ਲਈ ਸੀ, ਸਾਮਵਾਦ ਤਾਂ ਤਿਆਗ ਦਾ ਇਕ ਸਬਕ ਸੀ। ਇਸ ਵਿੱਚ ਤਿਆਗ ਸੀ ਅਤੇ ਮੱਧਕਾਲੀਨ ਸਾਮਵਾਦ ਇਸ ਤਰ੍ਹਾਂ ਇਹ ਇੱਕ ਰਾਜਨੀਤਿਕ ਸੰਕਲਪ ਹੈ, ਆਰਥਿਕ

ਨਹੀਂ। ਇਸ ਕਰਕੇ ਇਸ ਨੂੰ ਅਰਧ ਸਾਮਵਾਦ ਕਹਿ ਕੇ ਭੰਡਿਆ ਜਾਂਦਾ ਹੈ। ਇਸ ਨੂੰ ਕੁਲੀਨਤੰਤਰੀ ਸਮਝਿਆ ਜਾਂਦਾ ਹੈ। ਬਾਰਕਰ ਦੇ ਸ਼ਬਦਾਂ ਵਿੱਚ "ਇਹ ਸਮਰਪਣ ਦਾ ਰਾਹ ਹੈ। ਇਹ ਸਮਰਪਣ ਕਰਨਾ ਕੇਵਲ ਉੱਚਤਮ ਵਿਅਕਤੀਆਂ ਲਈ ਹੈ। ਇਹ ਕੇਵਲ ਸ਼ਾਸਕ ਸ਼੍ਰੇਣੀ ਲਈ ਹੈ। ਇਸ ਤਰ੍ਹਾਂ ਜਿਸ ਸਾਮਵਾਦ ਦਾ ਪਲੈਟੋ ਜ਼ਿਕਰ ਕਰਦਾ ਹੈ ਉਹ ਕੇਵਲ ਰਾਜਨੀਤਿਕ ਸਾਮਵਾਦ ਹੈ, ਆਰਥਿਕ ਨਹੀਂ। ਇਸ ਦਾ ਮੰਤਵ ਇਕ ਗੈਰ-ਪੇਸ਼ਾਵਾਰ ਅਤੇ ਬਿਨ੍ਹਾਂ ਤਨਖਾਹ ਵਾਲੀ ਸਰਕਾਰ ਦੀ ਥਾਂ ਤੇ ਇਕ ਸਿਖਲਾਈ ਦਿੱਤੀ, ਪੇਸ਼ਾਵਰ ਅਤੇ ਨਿਯਤ ਕਰਾਂ ਦੀ ਮਦਦ ਨਾਲ ਚਲਣ ਵਾਲੀ ਸਰਕਾਰ ਬਣਾਉਣਾ ਕਿਹਾ ਜਾ ਸਕਦਾ ਹੈ।" ਪ੍ਰੋਫੈਸਰ ਸੈਬਾਈਨ ਵੀ ਕਹਿੰਦਾ ਹੈ ਕਿ ਪਲੈਟੋ ਦੇ ਵਿਚਾਰਾਂ ਦੀ ਤਰਤੀਬ ਆਧੁਨਿਕ ਸਾਮਵਾਦੀ ਰਾਜਾਂ ਦੇ ਨਕਸ਼ਿਆਂ ਦੇ ਬਿਲਕੁੱਲ ਉਲਟ ਹੈ। ਉਹ ਸਰਕਾਰ ਨੂੰ ਪੂੰਜੀ ਦੀ ਬਰਾਬਰੀ ਲਿਆਉਣ ਲਈ ਨਹੀਂ ਵਰਤਣਾ ਚਾਹੁੰਦਾ। ਉਹ ਪੂੰਜੀ ਦੀ ਬਰਾਬਰੀ ਇਸ ਲਈ ਚਾਹੁੰਦਾ ਹੈ ਤਾਂ ਕਿ ਸਰਕਾਰ ਵਿਚੋਂ ਇਕ ਭੈੜਾ ਪ੍ਰਭਾਵ ਹਟਾਇਆ ਜਾ ਸਕੇ।

## 1.6.3 ਪਤਨੀਆਂ ਦਾ ਸਾਮਵਾਦ (Communism of Wives)

ਪਲੈਟੋ ਨੇ ਆਪਣੇ ਸਰਪ੍ਰਸਤ ਰਾਜਿਆਂ ਲਈ ਕੇਵਲ ਨਿੱਜੀ ਸੰਪਤੀ ਹੀ ਵਰਜਿਤ ਨਹੀਂ ਕੀਤੀ, ਸਗੋਂ ਟੱਬਰ ਦੀ ਅਣਹੋਂਦ ਵੀ ਇੱਕ ਮੂਲ ਸ਼ਰਤ ਹੈ। ਇਸ ਲਈ ਸਰਪ੍ਰਸਤ ਸ਼੍ਰੇਣੀ ਲਈ ਸੰਪਤੀ ਤਿਆਗ ਦੇ ਨਾਲ ਟੱਬਰ ਤਿਆਗ ਵੀ ਜ਼ਰੂਰੀ ਹੈ। ਇਕ ਆਮ ਯੂਨਾਨੀ ਲਈ ਵਿਆਹ ਇਕ ਪਵਿੱਤਰ ਪ੍ਰਣ ਨਹੀ ਸੀ। ਪਤਨੀ ਨੂੰ ਕੇਵਲ ਬੱਚੇ ਜੰਮਣ ਵਾਲੀ ਮਸ਼ੀਨ ਸਮਝਿਆ ਜਾਂਦਾ ਸੀ। ਪਲੈਟੋ ਔਰਤਾਂ ਨੂੰ ਉੱਚਾ ਦਰਜਾ ਦੇਣਾ ਚਾਹੁੰਦਾ ਸੀ ਅਤੇ ਉਹਨਾਂ ਦੀਆਂ ਸੇਵਾਵਾਂ ਰਾਜ ਦੀ ਉੱਨਤੀ ਲਈ ਤਲਬ ਕਰਨਾ ਚਾਹੁੰਦਾ ਸੀ। ਉਹ ਉਹਨਾਂ ਨੂੰ ਘਰ ਦੀ ਵਗਾਰ ਅਤੇ ਮਰਦਾਂ ਦੀ ਚਾਕਰੀ ਤੋਂ ਮੁਕਤੀ ਦਿਵਾਉਂਣਾ ਚਾਹੁੰਦਾ ਸੀ। ਰਾਜ ਦੀ ਏਕਤਾ ਅਤੇ ਤਾਕਤ ਸਰਬੋਤਮ ਆਦਮੀਆਂ ਅਤੇ ਇਸਤਰੀਆਂ ਨੂੰ ਉਸ ਦੀ ਸੇਵਾ ਲਈ ਸੁਤੰਤਰ ਕਰਨ ਵਿਚ ਤੇ ਇਹ ਨਿੱਜੀ ਟੱਬਰ ਦੇ ਜੀਵਨ ਨੂੰ ਬੰਦ ਕਰਕੇ ਹੋ ਸਕਦਾ ਸੀ। ਨਿੱਜੀ ਟੱਬਰ ਸੁਆਰਥੀ ਨਿਵੇ ਕਲੇਪਣ ਦਾ ਸਾਕਾਰ ਰੂਪ ਸੀ। ਟੱਬਰਾਂ ਦੇ ਝਗੜੇ ਨਾਗਰਿਕ ਬਦਅਮਨੀ ਅਤੇ ਵਿਦਰੋਹ ਪੈਦਾ ਕਰਦੇ ਸਨ। ਟੱਬਰ ਦਾ ਪਿਆਰ ਸਮਾਜਿਕ ਅਤੇ ਸਮੂਹਿਕ ਭਾਵਨਾ ਦੇ ਵਿਰੁੱਧ ਜਾਂਦਾ ਹੈ। ਇਸ ਲਈ ਸਰਪ੍ਰਸਤਾਂ ਨੂੰ, ਜੋ ਸਮਾਜ ਲਈ ਹਨ, ਉਹਨਾਂ ਉਪਰ ਸਮਾਜ ਦੇ ਪਿਆਰ ਨੂੰ ਰੋਕਣ ਵਾਲੇ ਨਿੱਜੀ ਪਰਿਵਾਰ ਤੇ ਬੰਦਿਸ਼ ਲਾਈ ਗਈ। ਪਲੈਟੋ ਨੇ ਸਰਪ੍ਰਸਤਾਂ ਲਈ ਪਰਿਵਾਰ ਦੀ ਮਨਾਹੀ ਕੀਤੀ। ਪਰ ਉਸ ਨੇ ਸਾਰੀ ਸਰਪ੍ਰਸਤ ਸ਼੍ਰੇਣੀ ਨੂੰ ਇੱਕ ਪਰਿਵਾਰ ਬਣਾ ਦਿੱਤਾ ਅਤੇ ਉਹਨਾਂ ਦੇ ਆਪਸੀ ਵੈਰ-ਵਿਰੋਧ ਦਾ ਖਾਤਮਾ ਕਰ ਦਿੱਤਾ।

ਉਸ ਦੇ ਪਤਨੀਆਂ ਦੇ ਸਾਮਵਾਦ ਨੇ ਔਰਤਾਂ ਦੀ ਆਜ਼ਾਦੀ ਲਿਆਂਦੀ ਅਤੇ ਵਿਆਹ ਦੀ ਸੰਸਥਾ ਵਿਚ ਸੁਧਾਰ ਲਿਆਂਦਾ। ਉਹ ਚਾਹੁੰਦਾ ਸੀ ਕਿ ਔਰਤਾਂ ਮਰਦਾਂ ਨਾਲ ਇਕੱਠੀ ਵਿੱਦਿਆ ਲੈਣ, ਬੱਚੇ ਪਾਲਣ ਦੀ ਸਾਂਝੀ ਜ਼ਿੰਮੇਵਾਰੀ ਲੈਣ ਅਤੇ ਯੁੱਧ ਦੇ ਸਮੇਂ ਰਾਜ ਦੀ ਨਿਗਰਾਨੀ ਕਰਨ। ਉਸ ਅਨੁਸਾਰ ਔਰਤਾਂ ਰਾਜ ਦੀ ਰੱਖਿਆ ਇਸ ਤਰ੍ਹਾਂ ਹੀ ਕਰ ਸਕਦੀਆਂ ਹਨ ਜਿਵੇਂ ਕੁੱਤੀਆਂ ਸ਼ਿਕਾਰ ਖੇਡ ਸਕਦੀਆਂ ਹਨ ਜਾਂ ਭੇਡਾਂ ਦੇਖ-ਭਾਲ ਕਰ ਸਕਦੀਆਂ ਹਨ। ਉਹ ਨਾਗਰਿਕ ਫਰਜ਼ ਅਤੇ ਮਿਲਟਰੀ ਅਹੁਦੇ ਨਿਪੁੰਨਤਾ ਨਾਲ ਨਿਭਾ ਸਕਦੀਆਂ ਹਨ। ਪਰ ਔਰਤ ਲਈ ਅਹੁਦਾ ਸਾਂਭਣ ਦੀ ਆਯੂ ਤੀਹ ਸਾਲ ਅਤੇ ਮਰਦਾਂ ਲਈ ਚਾਲੀ ਸਾਲ ਹੋਵੇ। ਏਸੇ ਤਰ੍ਹਾਂ ਹੀ ਮਰਦ ਲਈ ਫੌਜੀ ਸੇਵਾ ਦੀ ਉਮਰ ਵੀਹ ਤੋਂ ਸੱਠ ਸਾਲ ਅਤੇ ਔਰਤਾਂ ਲਈ ਪੰਜਾਹ ਸਾਲ ਉਮਰ ਤੱਕ ਬੱਚੇ ਪੈਦਾ ਕਰਨ ਤੋਂ ਬਾਅਦ ਹੋਵੇ।

ਜਿਥੋਂ ਤੱਕ ਵਿਆਹ ਦਾ ਤੁਅੱਲਕ ਹੈ ਪਲੈਟੋ ਇਕ ਵਿਆਹ ਦੀ ਥਾਂ ਰਾਜ ਦੀ ਸਰਪ੍ਰਸਤੀ ਹੇਠ ਸਾਮਵਾਦ ਚਾਹੁੰਦਾ ਸੀ। ਵਿਆਹ ਤੋਂ ਉਸ ਦਾ ਅਰਥ ਸੀ ਜਨਤਾ ਲਈ ਬੱਚੇ ਪੈਦਾ ਕਰਨ ਲਈ ਇਕ ਖਾਸ, ਗੰਭੀਰ ਅਤੇ ਪਵਿੱਤਰ ਭੋਗ। ਸਰਪ੍ਰਸਤਾਂ ਵਿੱਚ ਸਭ ਤੋਂ ਸਿਹਤਮੰਦ 30 ਤੋਂ 50 ਦੇ ਮਰਦ ਅਤੇ 20 ਸਾਲ ਤੋਂ 35 ਸਾਲਾਂ ਦੀਆਂ ਔਰਤਾਂ ਦੇ ਵਿਆਹਾਂ ਤੋਂ ਜਨਮੇ ਬੱਚੇ ਰਾਜ ਦੀ ਸੰਪਤੀ ਹੋਣਗੇ। ਉਹਨਾਂ ਨੂੰ ਰਾਜ ਦੀਆਂ ਨਰਸਾਂ ਪਾਲਣਗੀਆਂ। ਮਾਪੇ ਨਾ ਆਪਣੇ ਬੱਚਿਆਂ ਨੂੰ ਪਾਲਣਗੇ ਨਾ ਉਹਨਾਂ ਬਾਰੇ ਜਾਨਣਗੇ। ਬੱਚੇ ਆਪਣੇ

ਜਨਮ ਤੋਂ ਪਹਿਲਾਂ ਹੋਏ ਇਕ ਵਿਆਹ ਮੇਲੇ ਵਿਚ ਆਏ ਸਾਰੇ ਪਤੀ ਪਤਨੀਆਂ ਨੂੰ ਆਪਣੇ ਮਾਪੇ ਸਮਝਣਗੇ। ਇਸ ਤਰ੍ਹਾਂ ਸਾਰੀ ਸਰਪ੍ਰਸਤ ਸ਼੍ਰੇਣੀ ਇੱਕ ਪਰਿਵਾਰ ਬਣ ਜਾਵੇਗੀ। ਇਹ ਸ਼੍ਰੇਣੀ ਸਾਂਝੇ ਸੁਆਰਥਾਂ ਤੇ ਸਾਂਝੇ ਦੁੱਖਾਂ-ਸੁੱਖਾਂ ਨਾਲ ਜੁੜੀ ਹੋਵੇਗੀ। ਕਾਮ ਦਾ ਜੀਵਨ ਕਦੀ-ਕਦਾਈਂ ਦੀ ਘਟਨਾ ਹੋਵੇਗੀ ਅਤੇ ਇਹ ਵੀ ਰਾਜ ਦੇ ਹਿੱਤ ਲਈ ਧਾਰਨ ਕੀਤਾ ਜਾਏਗਾ।

ਇਹ ਗੱਲ ਸਾਫ ਹੋ ਜਾਂਦੀ ਹੈ ਕਿ ਪਲੈਟੋ ਸਰਪ੍ਰਸਤ ਸ਼੍ਰੇਣੀ ਲਈ ਕਾਮ-ਜੀਵਨ ਵਰਜਿਤ ਨਹੀਂ ਕਰਦਾ। ਉਹ ਆਸ ਰੱਖਦਾ ਹੈ ਕਿ ਸਰਪ੍ਰਸਤ ਸ਼੍ਰੇਣੀ ਸਭ ਨੂੰ ਛੱਡ ਕਿਸੇ ਇਕ ਬੱਚੇ ਨੂੰ ਬਹੁਤਾ ਪਿਆਰ ਨਹੀਂ ਕਰੇਗੀ, ਸਗੋਂ ਸਾਰੇ ਬੱਚਿਆਂ ਨੂੰ ਆਪਣਿਆਂ ਵਾਂਗ ਪਿਆਰ ਕਰੇਗੀ। ਇਸ ਤਰ੍ਹਾਂ ਉਹ ਸਿਰਫ ਆਪਣੇ ਖ਼ੂਨ ਦੇ ਬੱਚਿਆਂ ਦਾ ਫਿਕਰ ਨਹੀਂ ਕਰਨਗੇ। ਉਹੀ ਸਾਰਿਆਂ ਦੀ ਭਲਾਈ ਦਾ ਧਿਆਨ ਰੱਖਣਗੇ। ਮੈਕਸੇ ਦਾ ਖਿਆਲ ਹੈ : "ਸਾਂਝੇ ਸੁੱਖਾਂ-ਦੁੱਖਾਂ ਵਿੱਚ ਜੁੜੇ ਹੋਏ ਇਹਨਾਂ ਉਚੇਰੀ ਸ਼੍ਰੇਣੀ ਦੇ ਨਾਗਰਿਕਾਂ ਵਿੱਚ ਸੁਆਰਥੀ, ਨਿੱਜੀ, ਵਿਅਕਤੀਗਤ ਅਤੇ ਪਰਿਵਾਰਿਕ ਵਰਗੀ ਚੀਜ਼ ਦਾ ਨਾਂ ਨਹੀਂ ਹੋਏਗਾ।"

## ਪਤਨੀਆਂ ਦੇ ਸਾਮਵਾਦ ਦਾ ਆਧਾਰ (Basis of Communism of Wives)

ਪਲੈਟੋ ਨੇ ਪਤਨੀਆਂ ਦੇ ਸਾਮਵਾਦ ਦੀ ਵਕਾਲਤ ਨੈਤਿਕ, ਰਾਜਨੀਤਿਕ ਅਤੇ ਨਸਲ ਸੁਧਾਰਨ ਦੇ ਆਧਾਰ ਤੇ ਕੀਤੀ। ਰਾਜਨੀਤਿਕ ਪੱਖ ਤੋਂ ਵੇਖਿਆਂ ਪਲੈਟੋ ਸਮੁੱਚੀ ਸਰਪ੍ਰਸਤ ਸ਼੍ਰੇਣੀ ਨੂੰ ਇੱਕ ਪਰਿਵਾਰ ਬਣਾ ਕੇ ਰਾਜ ਵਿੱਚ ਰਾਜਨੀਤਿਕ ਏਕਤਾ ਪੈਦਾ ਕਰਨਾ ਚਾਹੁੰਦਾ ਸੀ। ਜਿਸ ਨਾਲ ਜਨਤਕ ਫਰਜ਼ ਅਤੇ ਨਿੱਜੀ ਸੁਆਰਥ ਦੇ ਸਦੀਵੀ ਝਗੜੇ ਮੁੱਕ ਜਾਣਗੇ। ਨੈਤਿਕ ਪੱਖ ਤੋਂ ਉਹ ਵਿਅਕਤੀ ਨੂੰ ਨਿੱਜੀ ਪਰਿਵਾਰ ਅਤੇ ਸੁਆਰਥਾਂ ਨੂੰ ਨਾਂਹ ਕਹਿ ਕੇ ਭਾਈਚਾਰੇ ਵਿੱਚ ਇੱਕ ਭਾਵਨਾ ਪੈਦਾ ਕਰਨੀ ਚਾਹੁੰਦਾ ਸੀ। ਨੈਤਿਕ ਪੱਖ ਤੋਂ ਉਹ ਇਸ ਪੱਖ ਤੋਂ ਬਿਲਕੁੱਲ ਚੇਤੰਨ ਸੀ ਕਿ ਜਦੋਂ ਕੋਈ ਵਿਅਕਤੀ ਆਪਣੇ ਬੱਚਿਆਂ ਅਤੇ ਪਤਨੀ ਦੇ ਪਿਆਰ ਅਤੇ ਦੇਖ ਭਾਲ ਵਿੱਚ ਅਰਪਨ ਹੋਏਗਾ ਤਾਂ ਆਦਰਸ਼ਾਂ ਅਤੇ ਜਨਤਕ ਫਰਜ਼ ਨੂੰ ਧੱਕਾ ਲੱਗਦਾ ਹੈ। ਜਿਹੜਾ ਰਾਜਾ ਸਾਮਵਾਦ ਅਪਣਾ ਲਏਗਾ, ਉਥੇ ਨਿੱਜੀ ਪਰਿਵਾਰ ਦੇ ਪਿਆਰ ਅਤੇ ਰਾਜ ਲਈ ਵਫਾਦਾਰੀ ਵਿਚ ਕੋਈ ਮੁਕਾਬਲਾ ਨਹੀਂ ਹੋਏਗਾ। ਇਸ ਲਈ ਰਾਜ ਵੱਲ ਵਫਾਦਾਰੀ ਘਟੇਗੀ ਨਹੀਂ।

ਨਸਲੀ ਪੱਖ ਤੋਂ ਪਲੈਟੋ ਦਾ ਵਿਚਾਰ ਸੀ ਕਿ ਵਧੀਆਂ ਬੱਚੇ ਤਾਂ ਹੀ ਜੰਮ ਸਕਦੇ ਹਨ ਜੇ ਵਧੀਆ ਮਰਦ ਅਤੇ ਔਰਤ ਸਰਪ੍ਰਸਤਾਂ ਦਾ ਭੋਗ ਕਰਵਾਇਆ ਜਾਏ। ਨਰੋਏ ਸਰਪ੍ਰਸਤ ਹਾਸਿਲ ਕਰਨ ਲਈ ਪਲੈਟੋ ਦੀ ਸਲਾਹ ਹੈ ਕਿ ਮਾੜੇ ਬੱਚਿਆਂ ਨੂੰ ਅਸੁਰੱਖਿਅਤ ਛੱਡ ਦਿੱਤਾ ਜਾਏ।

ਪ੍ਰੋਫੈਸਰ ਫੌਸਟਰ ਦਾ ਵਿਚਾਰ ਹੈ ਕਿ ਰਾਜ ਦੀ ਏਕਤਾ ਪਤਨੀਆਂ ਦੇ ਸਾਮਵਾਦ ਦਾ ਆਧਾਰ ਹੈ। ਉਸ ਦੇ ਸ਼ਬਦਾਂ ਵਿੱਚ, ਪਲੈਟੋ ਦੀ ਸਕੀਮ ਦਾ ਉਦੇਸ਼ ਨਗਰ ਵਿਚ ਏਕਤਾ ਵਧਾਉਣਾ ਹੈ। ਅਜਿਹਾ ਕਰਨ ਲਈ ਉਹ ਮੈਬਰਾਂ ਵਿੱਚ ਉਹ ਹੀ ਸੁਆਰਥਾਂ ਅਤੇ ਭਾਵਨਾ ਦਾ ਭਾਈਚਾਰਾ ਵਧਾਉਣਾ ਚਾਹੁੰਦਾ ਹੈ, ਜੋ ਇਕ ਪਰਿਵਾਰ ਦੇ ਮੈਂਬਰਾਂ ਨੂੰ ਜੋੜਦਾ ਹੈ। ਪਲੈਟੋ ਅਨੁਸਾਰ ਰਾਜ ਵਿੱਚ ਫੁੱਟ ਕੇਵਲ ਸਾਸ਼ਕ ਸ਼੍ਰੇਣੀ ਦੀ ਫੁੱਟ ਤੋਂ ਹੀ ਉਪਜਦੀ ਹੈ। ਪਰੰਤੂ ਜੀ. ਐਚ. ਸੈਬਾਈਨ ਦਾ ਵਿਚਾਰ ਹੈ ਕਿ ਕੇਵਲ ਰਾਜ ਦੀ ਏਕਤਾ ਹੀ ਪਲੈਟੋਂ ਦਾ ਨਿਸ਼ਾਨਾ ਨਹੀਂ ਸੀ। ਐਥਨਜ਼ ਵਿੱਚ ਔਰਤਾਂ ਦੀ ਨੀਵੀਂ ਥਾਂ, ਉਹਨਾਂ ਦਾ ਘਰ ਸੰਭਾਲਣ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਵਿੱਚ ਫਸੇ ਰਹਿਣਾ-ਇਹਨਾਂ ਗੱਲਾਂ ਨੇ ਵੀ ਪਲੈਟੋ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਕਿ ਉਹ ਔਰਤਾਂ ਨੂੰ ਪਰਿਵਾਰ ਦੀ ਸੰਸਥਾ ਅਤੇ ਬੱਚਿਆਂ ਦੀ ਮਾਲਕੀ ਤੋਂ ਸੁਤੰਤਰ ਕਰਾਏ। ਬਾਰਕਰ ਕਹਿੰਦਾ ਹੈ ਕਿ ਪਲੈਟੋ ਦੇ ਪਤਨੀਆਂ ਦੇ ਸਾਮਵਾਦ ਦੀ ਵਕਾਲਤ ਦਾ ਕਾਰਣ ਔਰਤਾਂ ਦੀ ਮੁਕਤੀ ਮਿਲਣ ਵਾਲੀ ਗੱਲ ਨਹੀਂ ਸੀ। ਉਸ ਨੇ ਉਹਨਾਂ ਦੀ ਨਜਾਤ ਜਾਂ ਮੁਕਤੀ ਤਾਂ ਇਸ ਲਈ ਚਾਹੀ ਤਾਂ ਕਿ ਉਹ ਸਾਰੇ ਭਾਈਚਾਰੇ ਦੀ ਸੇਵਾ ਕਰ ਸਕਣ। ਇਸ ਲਈ ਬਾਰਕਰ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੈ ਕਿ ਪਲੈਟੋ ਪਰਿਵਾਰ ਦੀ ਸਮਾਪਤੀ ਚਾਹੁੰਦਾ ਸੀ ਸਗੋਂ ਉਹ ਤਾਂ ਪਰਿਵਾਰ ਅਤੇ ਰਾਜ ਨੂੰ ਇਕੱਠਾ ਜੋੜਦਾ ਹੈ। ਇਸ ਤਰ੍ਹਾਂ ਉਹ ਦਵੰਦ ਅਤੇ ਵਿਰੋਧ ਨੂੰ ਸਮਾਪਤ ਕਰਦਾ ਹੈ ਜਿਸ ਕਾਰਨ ਉਹ ਵੰਡੇ ਰਹਿੰਦੇ ਹਨ।

ਇਸ ਤਰ੍ਹਾਂ ਪਤਨੀਆਂ ਅਤੇ ਸੰਪਤੀ ਦੇ ਸਾਮਵਾਦ ਦਾ ਚਿਤਰਨ ਸਾਨੂੰ ਇਹੀ ਫੈਸਲਾ ਕਰਨ ਵਿੱਚ ਮਦਦ ਦਿੰਦਾ ਹੈ ਕਿ ਪਿਛਲੀ ਗੱਲ ਤਾਂ ਕੇਵਲ ਪਹਿਲੀ ਦਾ ਸਿੱਟਾ ਹੈ। ਦੂਜਾ, ਦੋਵੇਂ ਗੱਲਾਂ ਇਸ ਲਈ ਚਾਹੀਆਂ ਗਈਆਂ ਤਾਂ ਕਿ ਇੱਕ ਹੀ ਹੱਥਾਂ ਵਿੱਚ ਆਰਥਿਕ ਅਤੇ ਰਾਜਨੀਤਿਕ ਸੱਤਾਵਾਂ ਦਾ ਇਕੱਠ ਨਾ ਹੋ ਸਕੇ। ਤੀਜੇ, ਇਹਨਾਂ ਦੋ ਸੱਤਾਵਾਂ ਦਾ ਜੋੜ ਰਾਜ ਵਿੱਚ ਤਾਨਾਸ਼ਾਹੀ ਅਤੇ ਅਸਥਿਰਤਾ ਲਿਆਉਂਦਾ ਸੀ। ਚੌਥੇ, ਸ਼ਾਸਕਾਂ ਨੂੰ ਸੰਪਤੀ ਵੱਲੋਂ ਇਨਕਾਰ ਸ੍ਾਸਕਾਂ ਅਤੇ ਸ਼ਾਸਿਤਾਂ ਵਿਚਕਾਰ ਆਪਸੀ ਨਿਰਭਰਤਾ ਪੈਦਾ ਕਰੇਗਾ। ਪਹਿਲੇ (ਅਰਥਾਤ, ਸ੍ਾਸ੍ਕ) ਦੂਜਿਆਂ ( ਜਾਣੀਂ, ਸ੍ਾਸ੍ਿਤ) ਤੇ ਜੀਵਨ ਨਿਰਬਾਹ ਦੀਆਂ ਵਸਤਾਂ ਲਈ ਨਿਰਭਰ ਹੋਣਗੇ। ਦੂਜਿਆਂ ਨੂੰ ਪਹਿਲਿਆਂ ਦੁਆਰਾ ਸੁਰੱਖਿਆ ਦੀ ਲੋੜ ਹੋਏਗੀ। ਪਲੈਟੋ ਦੇ ਸ਼ਬਦਾਂ ਵਿੱਚ, ਇਸ ਤੋਂ ਇਲਾਵਾ ਸ਼ਾਸ਼ਕ ਉਹਨਾਂ ਛੋਟੇ ਛੋਟੇ ਅਸੁਖਾਵੇਂ ਫਿਕਰਾਂ ਅਤੇ ਚਿੰਤਾਵਾਂ ਤੋਂ ਮੁਕਤ ਹੋਣਗੇ, ਜਿਨ੍ਹਾਂ ਨੂੰ ਗਰੀਬ ਝੱਲਦੇ ਹਨ......। ਉਹ ਇਹਨਾਂ ਸਭ ਚੀਜ਼ਾਂ ਤੋਂ ਮੁਕਤ ਹੋਣਗੇ ਅਤੇ ਪ੍ਰਸੰਨਤਾ ਦਾ ਜੀਵਨ ਬਿਤਾਉਣਗੇ...... ਇਸ ਤਰ੍ਹਾਂ ਉਹ ਅਤੇ ਉਹਨਾਂ ਦੇ ਬੱਚੇ ਖਾਣ-ਪੀਣ ਅਤੇ ਜੀਵਨ ਦੀਆਂ ਹੋਰ ਲੋੜਾਂ ਮੁਫਤ ਪ੍ਰਾਪਤ ਕਰਨਗੇ।"

## 1.6.4 ਆਲੋਚਨਾ (Criticism)

ਆਲੋਚਕਾਂ ਨੇ ਪਲੈਟੋ ਦੇ ਪਤਨੀਆਂ ਅਤੇ ਸੰਪਤੀ ਦੇ ਸਾਮਵਾਦ ਦੀ ਕੜੀ ਆਲੋਚਨਾ ਕੀਤੀ ਹੈ। ਇਸ ਆਲੋਚਨਾ ਦੇ ਮੁੱਖ ਨੁਕਤੇ ਹਨ :-

## ਸੰਪਤੀ ਦੇ ਸਾਮਵਾਦ ਦਾ ਮੁਲਾਂਕਣ

(ੳ) ਪਲੈਟੋ ਦਾ ਸਾਮਵਾਦ ਨੀਵੀਆਂ ਸ਼੍ਰੇਣੀਆਂ ਨੂੰ ਵਿਸਾਰਦਾ ਹੈ। ਇਹ ਬਹੁਸੰਮਤੀ ਨੂੰ ਛੋਂਹਦਾ ਹੀ ਨਹੀਂ। ਇਸ ਨਾਲ ਗਰੀਬਾਂ ਅਤੇ ਅਮੀਰਾਂ ਵਿੱਚ ਟੱਕਰ ਹੋ ਸਕਦੀ ਹੈ ਅਤੇ ਸਮਾਜ ਵਿੱਚ ਪਾੜਾ ਪੈ ਸਕਦਾ ਹੈ। ਇਸ ਤਰ੍ਹਾਂ ਪਲੈਟੋ ਦੇ ਦੱਸੇ ਸੁਝਾਅ ਨਾਲ ਹੀ ਰਾਜ ਵਿਚਲੀ ਏਕਤਾ ਅਤੇ ਸਥਿਰਤਾ ਭੰਗ ਹੁੰਦੀ ਹੈ।

(ਅ) ਨਿੱਜੀ ਸੰਪਤੀ ਦੀ ਸਮਾਪਤੀ ਇਕ ਅਸਾਧਾਰਣ ਗੱਲ ਹੈ। ਸਭ ਥਾਵਾਂ ਅਤੇ ਸਮਿਆਂ ਵਿੱਚ ਵਿਅਕਤੀਆਂ ਨੂੰ ਸੰਪਤੀ ਦੀ ਤਿੱਖੀ ਅਭਿਲਾਸ਼ਾ ਰਹੀ ਹੈ। ਅਸਲ ਵਿੱਚ ਸੰਪਤੀ ਨਾਲ ਤਾਂ ਉਹ ਆਪਣੇ ਵਿਅਕਤੀਤਵ ਦਾ ਵਿਖਾਵਾ ਕਰਦੇ ਰਹੇ ਹਨ। ਇਸ ਦੀ ਸਮਾਪਤੀ ਨਾਲ ਤਾਂ ਵਿਅਕਤੀਤਵ ਘਟੇਗਾ। ਸੰਪਤੀ ਤਾਂ ਆਧੁਨਿਕ ਸਭਿਅਤਾ ਦੀ ਇੱਕ ਸੰਸਥਾ ਹੈ। ਇਸ ਦੀ ਇੱਕ ਸੀਮਿਤ ਸਮਾਪਤੀ ਦਾ ਭਾਵ ਵੀ ਪ੍ਰਾਚੀਨਵਾਦ ਹੋਵੇਗਾ।

(ੲ) ਉਸ ਦਾ ਸਾਮਵਾਦ ਮਾਨਵੀ ਸੁਤੰਤਰਤਾ ਅਤੇ ਵਿਅਕਤੀਤਵ ਦੇ ਅਨੁਕੂਲ ਨਹੀਂ। ਸੁਤੰਤਰਤਾ ਨੂੰ ਭਰੱਪਣ ਅਤੇ ਬਰਾਬਰੀ ਨੂੰ ਨਿਪੁੰਨਤਾ ਲਈ ਕੁਰਬਾਨ ਕਰ ਦਿੱਤਾ ਗਿਆ ਹੈ।

(ਸ) ਇਸ ਨਾਲ ਰਾਜ ਵਿੱਚ ਲੋੜ ਤੋਂ ਵੱਧ ਹੀ ਏਕਤਾ ਬਣੇਗੀ।

(ਹ) ਲੋਕਾਂ ਨੂੰ ਮਿਹਨਤ ਤੋਂ ਨਿਰਉਤਸ਼ਾਹਿਤ ਕਰਦਾ ਹੈ, ਪਰਉਪਕਾਰ ਤੇ ਭਲਾਈ ਦੀ ਭਾਵਨਾ ਨੂੰ ਦਬਾਉਂਦਾ ਹੈ।

## ਅਰਸਤੂ ਦੁਆਰਾ ਆਲੋਚਨਾ

ਅਰਸਤੂ ਨੇ ਵੀ ਪਲੈਟੋ ਦੇ ਸੰਪਤੀ ਦੇ ਸਾਮਵਾਦ ਦੀ ਹੇਠ ਲਿਖੇ ਕਾਰਨਾਂ ਕਰਕੇ ਨਿੰਦਾ ਕੀਤੀ ਹੈ :

(ੳ) ਸਮਾਜ ਦੀ ਅਸਲੀ ਉੱਨਤੀ ਨੂੰ ਰੋਕ ਪਏਗੀ ਕਿਉਂਕਿ ਇਹ ਵਿਅਕਤੀ ਦੇ ਵੱਖਰੇ ਹਿੱਤ ਪੈਦਾ ਕਰਨ ਤੇ ਨਿਰਭਰ ਹੁੰਦੀ ਹੈ।

(ਅ) ਸੰਪਤੀ ਦਾ ਨਿੱਜੀ ਕਬਜ਼ਾ ਕੁਦਰਤੀ ਪ੍ਰਵਿਰਤੀ ਹੈ ਅਤੇ ਮਲਕੀਅਤ ਦਾ ਮਾਣ ਸਖਤ

ਮਿਹਨਤ ਲਈ ਉਤਸ਼ਾਹ ਦਿੰਦਾ ਹੈ।

(ੲ) ਸੰਪਤੀ ਦਾ ਸਾਮਵਾਦ ਪਰਉਪਕਾਰ ਦੇ ਜ਼ਜ਼ਬੇ ਨੂੰ ਮਾਰਦਾ ਹੈ।

(ਸ) ਰਾਜ ਵਿੱਚ ਏਕਤਾ ਸਿੱਖਿਆ ਰਾਹੀਂ ਪੈਦਾ ਕੀਤੀ ਜਾ ਸਕਦੀ ਹੈ, ਇਹ ਸਾਮਵਾਦ ਰਾਹੀਂ ਕਰਨ ਦੀ ਲੋੜ ਨਹੀਂ ਕਿਉਂਕਿ ਇਸ ਨਾਲ ਬੇਜਾਨ ਇਕਸਾਰਤਾ ਉਪਜਦੀ ਹੈ। ਰਾਜ ਤਾਂ ਅਸਮਾਨਤਾਵਾਂ ਦੀ ਬਹੁਲਤਾ ਹੈ। ਇਸ ਵਿੱਚ ਏਕਤਾ ਵਿਦਿਆ ਰਾਹੀਂ ਲਿਆਂਦੀ ਜਾ ਸਕਦੀ ਹੈ, ਸਾਮਵਾਦ ਵਰਗੇ ਮਕੈਨਕੀ ਢੰਗਾਂ ਨਾਲ ਨਹੀਂ।

(ਹ) ਉਸ ਦਾ ਸਾਮਵਾਦ ਨਾਗਰਿਕਾਂ ਦੀ ਗਿਣਤੀ ਨੂੰ ਵਿਸਾਰਦਾ ਹੈ ਅਤੇ ਰਾਜੇ ਨੂੰ ਦੋ ਸਮਾਜਾਂ ਵਿੱਚ ਵੰਡਦਾ ਹੈ। ਇਸ ਤਰ੍ਹਾਂ ਏਕਤਾ ਟੁੱਟਦੀ ਹੈ ਅਤੇ ਇਕਸੁਰਤਾ ਖਤਮ ਹੁੰਦੀ ਹੈ।

(ਕ) ਜੀਵਨ ਦਾ ਅਨੁਭਵ ਇਸ ਦੇ ਉਲਟ ਹੈ।

(ਖ) ਸਾਂਝੀ ਅਣਗਹਿਲੀ ਕਾਰਣ ਇਸ ਨਾਲ ਬੇਲਾਗਤਾ ਪੈਦਾ ਹੁੰਦੀ ਹੈ। ਉਤਪਾਦਨ ਘਟਦਾ ਹੈ।

(ਗ) ਸੰਪਤੀ ਦੀ ਸਮਾਪਤੀ ਨਾਲ ਮਨੁੱਖੀ ਸੁਆਰਥ ਨਹੀਂ ਮਰਦਾ। ਪਦਾਰਥਿਕ ਇਲਾਜ ਨਾਲ ਅਧਿਆਤਮਿਕ ਰੋਗ ਠੀਕ ਨਹੀਂ ਹੁੰਦੇ। ਸਾਂਝੇ ਪ੍ਰਬੰਧ ਅਤੇ ਸਾਂਝੀ ਮਾਲਕੀ ਨਾਲ ਝਗੜੇ ਅਤੇ ਫੁੱਟ ਵਧੇਗੀ।

ਅਸਲ ਵਿੱਚ, ਅਰਸਤੂ ਅਤੇ ਹੋਰ ਆਲੋਚਕਾਂ ਨੇ ਪਲੈਟੋ ਨਾਲ ਅਨਿਆਂ ਕੀਤਾ ਹੈ। ਜਿਵੇਂ ਅਰਸਤੂ ਨੇ ਦੋਸ਼ ਲਾਇਆ ਹੈ, ਪਲੈਟੋ ਨੇ ਇਸ ਤਰ੍ਹਾਂ ਸਾਂਝੇ ਕਬਜ਼ੇ ਦੀ ਵਕਾਲਤ ਕਦੇ ਨਹੀਂ ਕੀਤੀ। ਉਸ ਨੇ ਕੇਵਲ ਇਹ ਕਿਹਾ ਸੀ ਕਿ ਸਰਪ੍ਰਸਤ ਕਿਰਸਾਨ ਸ਼੍ਰੇਣੀ ਦੀ ਨਿੱਜੀ ਕਬਜ਼ੇ ਵਾਲੀ ਭੋਇੰ ਤੋਂ ਹੋਈ ਉਪਜ ਦੇ ਇੱਕ ਭਾਗ ਦੀ ਸਾਂਝੀ ਵਰਤੋਂ ਕਰਨ। ਇਹ ਤਾਂ ਸਰਪ੍ਰਸਤਾਂ ਲਈ ਸੰਪਤੀ ਦਾ ਸਾਂਝਾ ਤਿਆਗ ਹੈ। ਨਿੱਜੀ ਸੰਪਤੀ ਦੀ ਸੰਸਥਾ ਚਾਰ ਜਾਂ ਪੰਜ ਹਜ਼ਾਰ ਸਾਲਾਂ ਤੋਂ ਬਹੁਤੀ ਪੁਰਾਣੀ ਨਹੀਂ ਹੈ। ਇਸ ਨੂੰ ਏਨੀ ਸ਼ਰਧਾ ਕਿਉਂ ਦਿੱਤੀ ਜਾਵੇ? ਪ੍ਰਾਚੀਨ ਕਬੀਲਿਆਂ ਵਿੱਚ ਭੋਇ ਸਾਂਝੀ ਹੁੰਦੀ ਹੈ। ਆਰੰਭਿਕ ਇਸਾਈਆਂ ਵਿੱਚ ਵੀ ਸੰਪਤੀ ਸਾਂਝੀ ਹੀ ਹੁੰਦੀ ਸੀ। ਇਸ ਲਈ ਨਿੱਜੀ ਸੰਪਤੀ ਨੂੰ ਪਵਿੱਤਰ ਨਹੀਂ ਬਣਾਇਆ ਜਾ ਸਕਦਾ ਕਿਉਂਕਿ ਇਹ ਪੁਰਾਤਨ ਸੰਸਥਾ ਹੈ। ਨਿੱਜੀ ਸੰਪਤੀ ਦਾ ਅਧਿਕਾਰ ਕੁਦਰਤੀ ਨਹੀਂ ਹੈ। ਇਹ ਤਾਂ ਸਮਾਜਿਕ ਲੋੜਾਂ ਤੇ ਆਧਾਰਿਤ ਹੈ। ਇਸ ਲਈ ਹੀ ਵੱਖ-ਵੱਖ ਰਾਜਾਂ ਨੇ ਵੱਖ-ਵੱਖ ਸਮਿਆਂ ਤੇ ਇਸ ਵਿੱਚ ਟੈਕਸਾਂ, ਮੌਤ ਕਰਾਂ, ਅਤਿਰਿਕਤ ਕਰਾਂ, ਵਟਾਂਦਰਾ ਅਤੇ ਵਿਰਾਸਤ ਦੇ ਕਾਨੂੰਨ ਰਾਹੀਂ ਇਸ ਵਿੱਚ ਦਖਲ ਦਿੱਤਾ ਹੈ।

## 1.6.5 ਪਤਨੀਆਂ ਦੇ ਸਾਮਵਾਦ ਦਾ ਮੁਲਾਂਕਣ

(ੳ) ਪਲੈਟੋ ਚਿਰਕਾਲ ਤੋਂ ਸਨਮਾਨਿਤ ਟੱਬਰ ਦੀ ਸੰਸਥਾ ਨੂੰ ਤਬਾਹ ਕਰਦਾ ਹੈ। ਉਹ ਇੱਕ ਬੱਚੇ ਉੱਤੇ ਵਿਰਸੇ, ਟੱਬਰ ਦੇ ਵਾਤਾਵਰਣ ਅਤੇ ਰਿਵਾਜਾਂ ਦੇ ਪ੍ਰਭਾਵ ਨੂੰ ਵਿਸਾਰਦਾ ਹੈ। ਉਹ ਬੱਚੇ ਨੂੰ ਮਾਪਿਆਂ ਦੇ ਪਿਆਰ ਅਤੇ ਸੋਹਣੇ ਚੌਗਿਰਦੇ ਤੋਂ ਵਾਂਝਿਆਂ ਕਰ ਦਿੰਦਾ ਹੈ। ਮਾਪਿਆਂ ਤੋਂ ਬਿਨ੍ਹਾਂ ਬੱਚੇ ਮਨੁੱਖਤਾ ਦੀ ਨੀਵੀਂ ਕਿਸਮ ਬਣਨਗੇ। ਇਕ ਨਰਸ ਇਕ ਸਨੇਹੀ ਮਾਂ ਦੀ ਥਾਂ ਨਹੀਂ ਲੈ ਸਕਦੀ।

(ਅ) ਉਹ ਔਰਤਾਂ ਨੂੰ ਰਾਜ ਦੀ ਸੇਵਾ ਲਈ ਮਰਦਾਵੇਂ ਕੰਮ ਕਰਨ ਲਈ ਆਖਦਾ ਹੈ। ਉਹ ਉਹਨਾਂ ਨੂੰ ਘਰ ਦੇ ਸੁਖਾਂਵੇ ਵਾਤਾਵਰਣ ਵਿਚੋਂ, ਜੋ ਕਿ ਉਹਨਾਂ ਦੀ ਸਲਤਨਤ ਹੈ ਅਤੇ ਪਿਆਰ ਦਾ ਕੇਂਦਰ ਹੈ, ਬਾਹਰ ਕੱਢ ਲੈਂਦਾ ਹੈ। ਉਹ ਭੁੱਲ ਜਾਂਦਾ ਹੈ ਕਿ ਔਰਤਾਂ ਕੋਮਲਤਾ ਅਤੇ ਪਿਆਰ ਦਾ ਪ੍ਰਤਿਰੂਪ ਹਨ। ਇਹ ਖੂਬੀਆਂ ਔਰਤਾਂ ਨੂੰ ਘਰੇਲੂ ਜੀਵਨ ਦੇ ਯੋਗ ਬਣਾਉਂਦੀਆਂ ਹਨ ਪਰ ਰਾਜ ਦੀ ਸੇਵਾ ਦੀਆਂ ਕਠਿਨਾਈਆਂ ਦੇ ਯੋਗ ਨਹੀਂ।

(ੲ) ਰਾਜ-ਨਿਯੰਤ੍ਰਿਤ ਭੋਗ ਮਨੁੱਖ ਨੂੰ ਇਨਾਮੀ ਨਸਲ ਦੇ ਪਸ਼ੂ ਦੀ ਨਿਵਾਣ ਤੇ ਘੱਲਣ ਬਰਾਬਰ ਹੈ। ਅਣਜਾਣੇ ਵਿੱਚ ਆਪਣੇ ਨੇੜੇ ਦੇ ਸੰਬੰਧੀਆਂ ਨਾਲ ਘੋਰ ਅਪਰਾਧ ਹੋ ਸਕਦੇ ਹਨ।

(ਸ) ਪਲੈਟੋ ਚਾਹੁੰਦਾ ਹੈ ਕਿ ਕਮਜ਼ੋਰ ਬੱਚਿਆਂ ਨੂੰ ਅਸੁਰੱਖਿਅਤ ਛੱਡ ਦਿੱਤਾ ਜਾਵੇ। ਪਲੈਟੋ ਦੇ ਵਿਚਾਰਾਂ ਵਿੱਚ ਦਇਆ ਦੇ ਸੋਮੇ ਸੁੱਕ ਗਏ ਲਗਦੇ ਹਨ।

## ਅਰਸਤੂ ਦੁਆਰਾ ਆਲੋਚਨਾ

ਪਲੈਟੋ ਦਾ ਯਥਾਰਥਵਾਦੀ ਸ਼ਾਗਿਰਦ, ਅਰਸਤੂ ਉਸ ਦੇ ਪਤਨੀਆਂ ਦੇ ਸਾਮਵਾਦ ਦੇ ਵਿਚਾਰ ਨੂੰ ਹੇਠ ਲਿਖੇ ਆਧਾਰਾਂ ਤੇ ਭੰਡਦਾ ਹੈ :

(ੳ) ਪਤਨੀਆਂ ਦੇ ਸਾਮਵਾਦ ਨਾਲ ਨੇੜੇ ਦੇ ਸੰਬੰਧੀਆਂ ਨਾਲ ਘੋਰ ਪਾਪ ਹੋ ਸਕਦਾ ਹੈ।

(ਅ) ਰਾਜ-ਨਿਯੰਤ੍ਰਿਤ ਵਿਆਹ ਨਹੀਂ ਚਲ ਸਕਣਗੇ। ਇਹਨਾਂ ਨਾਲ ਸਾਰੇ ਮਰਦ ਅਤੇ ਇਸਤਰੀਆਂ ਇਕੱਠੇ ਨਹੀਂ ਹੋ ਸਕਣਗੇ।

(ੲ) ਪਤਨੀਆਂ ਦੇ ਸਾਮਵਾਦ ਨਾਲ ਸਮਾਜਿਕ ਢਾਂਚੇ ਵਿੱਚ ਘੜਮੱਸ ਅਤੇ ਬੇਚੈਨੀ ਪੈਦਾ ਹੋ ਸਕਦੇ ਹਨ।

(ਸ) ਇਸ ਨਾਲ ਸਰਪ੍ਰਸਤ ਬੜੇ ਨਾਖੁਸ਼ ਹੋ ਜਾਣਗੇ, ਕਿਉਂਕਿ ਉਹਨਾਂ ਨੂੰ ਮਨੁੱਖੀ ਖੁਸ਼ੀ ਦੀਆਂ ਮੁੱਢਲੀਆਂ ਹਾਲਤਾਂ ਤੋਂ ਵਾਂਝਿਆਂ ਰੱਖਿਆ ਗਿਆ ਹੈ।

(ਹ) ਸਾਰਿਆਂ ਦੇ ਬੱਚਿਆਂ ਨੂੰ ਵਿਸਾਰਿਆ ਜਾਏਗਾ। ਸਭ ਦੇ ਪਿਓ ਦਾ ਅਰਥ ਹੈ ਕਿਸੇ ਦਾ ਪਿਉ ਨਹੀਂ। ਹਰੇਕ ਸਰਪ੍ਰਸਤ ਦੇ ਹਜ਼ਾਰ ਪੁੱਤਰ ਹੋਣਗੇ, ਜੋ ਵਿਅਕਤੀਗਤ ਰੂਪ ਵਿੱਚ ਉਸ ਦੇ ਨਹੀਂ ਹੋਣਗੇ। ਹਰ ਕੋਈ ਹਰ ਕਿਸੇ ਦਾ ਬਰਾਬਰ ਪੁੱਤਰ ਹੋਏਗਾ। ਇਸ ਲਈ ਉਸ ਨੂੰ ਹਰ ਕੋਈ ਵਿਸਾਰੇਗਾ।

(ਕ) ਜੇ ਔਰਤਾਂ ਨੂੰ ਆਜ਼ਾਦ ਕਰਕੇ ਚਾਰ ਦੀਵਾਰੀ ਵਿਚੋਂ ਕੱਢਿਆ ਗਿਆ ਤਾਂ ਘਰ-ਬਾਰ ਦੀ ਹਾਨੀ ਹੋਵੇਗੀ।

(ਖ) ਵੰਡ ਕੀਤਿਆਂ ਇਕ ਔਰਤ ਸਾਰੇ ਸਰਪ੍ਰਸਤਾਂ ਦੀ ਪਤਨੀ ਨਹੀ ਬਣ ਸਕਦੀ। ਇਸ ਤਰ੍ਹਾਂ ਹੋਣ ਨਾਲ ਏਕਤਾ ਟੁੱਟੇਗੀ ਅਤੇ ਬੇਸੁਰਤਾ ਪੈਦਾ ਹੋਏਗੀ।

(ਗ) ਰਾਜ ਅਸਮਾਨਤਾਵਾਂ ਦੀ ਇੱਕ ਬਹੁਲਤਾ ਹੈ, ਸਾਮਵਾਦ ਰਾਹੀਂ ਲਿਆਂਦੀ ਅਧਿਕ ਏਕਤਾ ਇਸ ਦੀ ਸਥਿਰਤਾ ਨੂੰ ਭੰਗ ਕਰੇਗੀ ਅਤੇ ਇਸਦੀ ਏਕਤਾ ਨੂੰ ਤੋੜ ਦੇਵੇਗੀ।

(ਘ) ਜਨਮ ਦੇ ਸਮੇਂ ਬੱਚਿਆਂ ਨੂੰ ਕਿਰਸਾਨਾਂ ਵੱਲੋਂ ਸਰਪ੍ਰਸਤਾਂ ਵੱਲ ਅਤੇ ਸਰਪ੍ਰਸਤਾਂ ਵੱਲੋਂ ਨੀਵੇਂ ਦਰਜੇ ਵੱਲ ਭੇਜਣਾ ਸੌਖਾ ਨਹੀਂ ਹੋਵੇਗਾ। ਬਦਲੀ ਕਰਨ ਵਾਲੇ ਇਹ ਨਹੀਂ ਜਾਣ ਸਕਦੇ ਕਿ ਉਹ ਕੀ ਬਦਲ ਰਹੇ ਹਨ ਅਤੇ ਕਿਸ ਕੋਲ ਬਦਲ ਰਹੇ ਹਨ। ਬਹੁਤ ਵਾਰ ਇਹ ਲੱਭਣਗੇ ਜ਼ਬਰ-ਜਨਾਹ, ਬੇਕਾਨੂੰਨੇ ਪਿਆਰ, ਹੱਤਿਆ। ਇਉਂ ਹੋਵੇਗਾ ਨੀਵੀਆਂ ਸ਼੍ਰੇਣੀਆਂ ਵਿੱਚ ਜਾਂ ਜਿਨ੍ਹਾਂ ਨੂੰ ਸਰਪ੍ਰਸਤਾਂ ਵਿੱਚ ਥਾਂ ਦਿਤੀ ਗਈ ਹੈ।

(ਙ) ਅਰਸਤੂ ਦਾ ਵਿਚਾਰ ਹੈ ਕਿ ਪਲੈਟੋ ਦਾ ਪਤਨੀਆਂ ਦਾ ਸਾਮਵਾਦ ਅਸਲ ਵਿੱਚ ਸਰਪ੍ਰਸਤ ਦੀ ਥਾਂ ਕਿਸਾਨਾਂ ਤੇ ਬਹੁਤ ਠੀਕ ਬੈਠੇਗਾ। ਇਸ ਨਾਲ ਉਹ ਰਾਜ ਦਾ ਹੁਕਮ ਜ਼ਰੂਰ ਮੰਨਣਗੇ ਅਤੇ ਵਿਦਰੋਹ ਦੀ ਸੰਭਾਵਨਾ ਬਹੁਤ ਘਟੇਗੀ।

ਪਲੈਟੋ ਦੇ ਸਾਮਵਾਦ ਦੇ ਮੁਲਾਂਕਣ ਵਿੱਚ ਅਰਸਤੂ ਕੁਝ ਹਦ ਤੱਕ ਗਲਤ ਹੈ। ਅਰਸਤੂ ਭੁੱਲ ਜਾਂਦਾ ਹੈ ਕਿ ਪਲੈਟੋ ਸਰਪ੍ਰਸਤ ਸ਼੍ਰੇਣੀ ਲਈ ਕੋਈ ਵੱਖਰਾ ਘਰ-ਬਾਰ ਨਹੀਂ ਰੱਖਦਾ। ਇਸ ਲਈ ਔਰਤਾਂ ਨੂੰ ਆਜ਼ਾਦ ਕਰਾ ਕੇ ਘਰ-ਬਾਰ ਦਾ ਅਮਨ ਭੰਗ ਕਰਨ ਦਾ ਕਿਆਸ ਗਲਤ ਹੈ। ਦੂਜੇ, ਆਦਰਸ਼ ਰਾਜ ਵਿੱਚ ਹਰ ਇੱਕ ਨੂੰ ਆਪਣੀ ਰੁੱਚੀ ਅਨੁਸਾਰ ਕੰਮ ਮਿਲਣਾ ਹੈ ਤਾਂ ਬੱਚਿਆਂ ਨੂੰ ਵਿਸਾਰਿਆ ਨਹੀਂ ਜਾਏਗਾ। ਉਸ ਨੂੰ ਸਭ ਤੋਂ ਯੋਗ ਨਰਸਾਂ ਬਹੁਤ ਚੰਗੀ ਤਰ੍ਹਾਂ ਪਾਲਣਗੀਆਂ।

## ਸਿੱਟਾ

ਪਲੈਟੋ ਦੇ ਸਾਮਵਾਦ ਦੇ ਆਲੋਚਨਾਤਮਕ ਮੁਲਾਂਕਣ ਤੋਂ ਅਸੀਂ ਇਹ ਸਿੱਟਾ ਕੱਢਦੇ ਹਾਂ ਕਿ ਪਲੈਟੋ ਦੀ ਪਹੁੰਚ ਆਦਰਸ਼ਵਾਦੀ ਹੈ ਅਤੇ ਇਹ ਯਥਾਰਥਵਾਦ ਤੋਂ ਸੱਖਣੀ ਹੈ। ਰਾਜ ਦੀ ਏਕਤਾ ਦਾ ਤੀਬਰ ਚਾਹਵਾਨ ਅਸਲ ਵਿੱਚ ਏਕਤਾ ਲਈ ਅਜਿਹੇ ਉਪਾਅ ਦੱਸਦਾ ਹੈ ਕਿ ਇਹ ਏਕਤਾ ਹੀ ਖਤਮ ਹੋ ਸਕਦੀ ਹੈ। ਬਹੁਸੰਮਤੀ ਲਈ ਆਰਥਿਕ ਪ੍ਰਮੁੱਖਤਾ ਅਤੇ ਥੋੜ੍ਹੇ ਜਿਹੇ ਸਰਪ੍ਰਸਤਾਂ ਲਈ ਰਾਜਨੀਤਿਕ ਸੱਤਾ ਯਕੀਨੀ ਬਣਾਉਣਾ, ਇਸ ਨਾਲ ਰਾਜ ਦੇ ਵਸਨੀਕਾਂ ਵਿੱਚ ਪਾੜੇ ਪੈ ਜਾਣਗੇ ਅਤੇ ਅੰਤ ਵਿੱਚ ਰਾਜ ਦੀ ਏਕਤਾ ਭੰਗ ਹੋ ਜਾਏਗੀ। ਸਰਪ੍ਰਸਤਾਂ ਨੂੰ ਘਰੇਲੂ ਜੀਵਨ ਤੇ ਨਿੱਜੀ ਸੰਪਤੀ ਤੋਂ ਨਾਂਹ ਕਰਨਾ ਇਕ ਅਣਚਾਹਿਆ ਕਦਮ ਹੋਏਗਾ। ਇਸ ਲਈ ਸਿਧਾਂਤਕ ਰੂਪ ਵਿੱਚ ਤਰਕਸ਼ੀਲ ਅਮਲ ਵਿਹੂਣੇ ਸਰਪ੍ਰਸਤ ਬਣਨਗੇ। ਉਹ ਬਾਕੀ ਸਮਾਜ ਤੋਂ ਆਰਥਿਕ ਤੇ ਸਮਾਜਿਕ ਤੌਰ ਤੇ ਟੁੱਟੇ ਹੋਣਗੇ। ਉਹਨਾਂ ਕੋਲ ਨਾ ਕੋਈ ਦਿਲਚਸਪੀ ਹੋਏਗੀ ਅਤੇ ਨਾ ਅਮਲੀ ਤਜਰਬਾ ਜੋ ਰੰਗ-ਬਰੰਗੇ ਸਮਾਜਿਕ ਜੀਵਨ ਤੋਂ ਮਿਲਦਾ ਹੈ। ਇਸ ਕਰਕੇ, ਉਹ ਲੋਕਾਂ ਦੀਆਂ ਸਮਾਜਿਕ ਉਮੰਗਾਂ ਨੂੰ ਸਮਝ ਨਹੀਂ ਸਕਣਗੇ। ਜਿਵੇਂ ਅਰਸਤੂ ਨੇ ਕਿਹਾ ਹੈ ਕਿ ਉਹ ਜਾਂ ਤਾਂ ਦੇਵਤੇ ਹੋਣਗੇ ਜਾਂ ਪਸ਼ੂ। ਅਜਿਹਾ ਇਸ ਲਈ ਕਿ ਇਹ ਅਖਾਉਤੀ ਸਾਮਵਾਦ ਉਹਨਾਂ ਪ੍ਰੇਰਨਾਵਾਂ, ਕੰਮਾਂ ਅਤੇ ਰਿਸ਼ਤਿਆਂ ਨੂੰ ਹਟਾ ਦੇਵੇਗਾ ਜੋ ਕਿ ਸਮਾਜ ਦੇ ਆਧਾਰ ਹਨ।

## 1.6.6 ਪਲੈਟੋ ਦੇ ਸਾਮਵਾਦ ਅਤੇ ਆਧੁਨਿਕ ਸਾਮਵਾਦ ਦਾ ਟਾਕਰਾ

ਸਾਮਵਾਦ ਦਾ ਆਰੰਭ, ਜਿਸ ਦਾ ਲੰਬਾ ਸਮਾਂ ਤਜ਼ਰਬਾ ਸਾਬਕਾ ਸੋਵੀਅਤ ਯੂਨੀਅਨ ਵਿੱਚ ਕੀਤਾ ਗਿਆ, ਨੂੰ ਪਲੈਟੋ ਦੇ ਕਾਲ ਤੋਂ ਲੱਭਿਆ ਜਾ ਸਕਦਾ ਹੈ। ਪਲੈਟੋ ਦਾ ਸਾਮਵਾਦ ਵੱਖਰੀ ਕਿਸਮ ਦਾ ਸੀ। ਪਲੈਟੋ ਦੇ ਸ੍ਰਾਮਵਾਦ ਅਤੇ ਆਧੁਨਿਕ ਸਾਮਵਾਦ ਦੇ ਸੰਕਲਪ ਵਿੱਚ ਸਮਾਨਤਾਵਾਂ ਅਤੇ ਭੇਦ ਬੜੇ ਸਾਫ ਵੇਖੇ ਜਾ ਸਕਦੇ ਹਨ।

### ਸਮਾਨਤਾਵਾਂ (Similarities)

(ੳ) ਦੋਵੇਂ ਨਾਗਰਿਕ ਦੇ ਵਿਅਕਤੀਤਵ ਨੂੰ ਵਿਸਾਰਦੇ ਹਨ ਅਤੇ ਰਾਜ ਦੀ ਸ਼੍ਰੇਸਟਤਾ ਦੇ ਸੰਕਲਪ ਤੇ ਆਧਾਰਿਤ ਹਨ। ਇਹ ਸੰਕਲਪ ਵਿਅਕਤੀ ਨੂੰ ਰਾਜ ਵਿੱਚ ਸਮਾਉਂਦਾ ਹੈ।

(ਅ) ਦੋਵੇਂ ਮਨੁੱਖੀ ਸੁਭਾਅ ਦੀਆਂ ਲੋੜਾਂ ਨੂੰ ਵਿਸਾਰਦੇ ਹਨ।

(ੲ) ਦੋਵੇਂ ਵਿਅਕਤੀਵਾਦ ਤੇ ਆਧਾਰਿਤ ਅਨਿਯੰਤਰਿਤ ਆਰਥਿਕ ਪ੍ਰਤੀਯੋਗਤਾ ਨੂੰ ਖਤਮ ਕਰਦੇ ਹਨ।

(ਸ) ਦੋਵਾਂ ਦਾ ਨਿਸ਼ਾਨਾ ਰਾਜਨੀਤਿਕ ਏਕਤਾ ਅਤੇ ਸਮਾਜਿਕ ਮਿਲਵਰਤਨ ਪੈਦਾ ਕਰਨਾ ਹੈ।

(ਹ) ਦੋਵੇਂ ਇਕ ਅਜਿਹੇ ਸਮਾਜਿਕ ਸਮੂਹ (Social whole) ਦਾ ਚਿਤਰਣ ਕਰਦੇ ਹਨ ਜਿਸ ਵਿੱਚ ਸਾਂਝੇ ਹਿੱਤਾਂ ਦੀ ਪ੍ਰਾਪਤੀ ਨੂੰ ਵਿਅਕਤੀਗਤ ਹਿੱਤਾਂ ਦੀ ਪ੍ਰਾਪਤੀ ਨਾਲ ਸਮਰੂਪ ਕੀਤਾ ਗਿਆ ਹੈ।

### ਅਸਮਾਨਤਾਵਾਂ (Dissimilarities)

ਦੋਨਾਂ ਵਿਚ ਜ਼ਰੂਰੀ ਭੇਦ ਹਨ, ਜੋ ਥੱਲੇ ਦਿੱਤੇ ਗਏ ਹਨ :-

(ੳ) ਪਲੈਟੋ ਦਾ ਸਾਮਵਾਦ ਕੇਵਲ ਸਰਪ੍ਰਸਤ ਸ਼੍ਰੇਣੀਆਂ ਤੋਂ ਹੀ ਤਿਆਗ ਮੰਗਦਾ ਹੈ। ਆਧੁਨਿਕ ਸਾਮਵਾਦ ਸਭ ਸ਼੍ਰੇਣੀਆਂ ਤੇ ਲਾਗੂ ਹੁੰਦਾ ਹੈ। ਇਸ ਵਿੱਚ ਸੰਪਤੀ ਦਾ ਸਾਮਵਾਦ ਸਭ ਸ਼੍ਰੇਣੀਆਂ ਲਈ ਹੈ।

(ਅ) ਸੱਤਾ ਦੀ ਦੁਰਵਰਤੋਂ ਨੂੰ ਰੋਕਣ ਲਈ ਪਲੈਟੋ ਦਾ ਸਾਮਵਾਦ ਸੱਤਾ ਦੀ ਦੁਵੱਲੀ ਵੰਡ,

ਆਰਥਿਕ ਸੱਤਾ ਅਤੇ ਰਾਜਨੀਤਿਕ ਸੱਤਾ ਵਿੱਚ ਕਰਦਾ ਹੈ। ਇਸ ਦੇ ਉਲਟ ਆਧੁਨਿਕ ਸਾਮਵਾਦ ਰਾਜਨੀਤਿਕ ਸੱਤਾ ਤੇ ਆਰਥਿਕ ਪਲਾਨਿੰਗ ਉਤਪਾਦਕ ਸ਼੍ਰੇਣੀਆਂ ਦੇ ਹੱਥ ਵਿਚ ਦਿੰਦਾ ਹੈ।

(ੲ) ਪਲੈਟੋ ਨੇ ਨਿੱਜੀ ਸੰਪਤੀ ਦੇ ਨਾਲ ਨਾਲ ਟੱਬਰ ਨੂੰ ਵੀ ਸਮਾਪਤ ਕੀਤਾ ਪਰ ਆਧੁਨਿਕ ਸਾਮਵਾਦ ਕੇਵਲ ਸੰਪਤੀ ਦਾ ਸਾਮਵਾਦ ਹੀ ਚਾਹੁੰਦਾ ਹੈ।

(ਸ) ਪਲੈਟੋ ਦਾ ਪਤਨੀਆਂ ਦਾ ਸਾਮਵਾਦ ਵੱਧ ਤੋਂ ਵੱਧ ਇਕ ਛੋਟੇ ਨਗਰ ਰਾਜ ਵਿੱਚ ਸੰਭਵ ਹੈ। ਪਰ ਅਜੋਕਾ ਸਾਮਵਾਦ ਤਾਂ ਚੀਨ ਵਰਗੇ ਵਿਸ਼ਾਲ ਦੇਸ਼ਾਂ ਵਿੱਚ ਚਲ ਰਿਹਾ ਹੈ।

(ਹ) ਪਲੈਟੋ ਦਾ ਸਾਮਵਾਦ ਉਤਪਾਦਕ ਸ਼੍ਰੇਣੀਆਂ ਤੇ ਕੋਈ ਅਸਰ ਨਹੀਂ ਪਾਉਂਦਾ। ਇਸ ਤਰ੍ਹਾਂ ਇਹ ਉਤਪਾਦਕਾਂ ਦੀ ਵਿਅਕਤੀਗਤ ਪ੍ਰਣਾਲੀ ਨੂੰ ਨਹੀਂ ਤੋੜਦਾ। ਆਧੁਨਿਕ ਸਾਮਵਾਦ ਵਿਅਕਤੀਗਤ ਆਰਥਿਕਤਾ ਦੇ ਵਿਰੁੱਧ ਹੈ। ਇਹ ਉਤਪਾਦਨ ਦੇ ਸਾਧਨਾਂ ਅਤੇਵੰਡ ਵਿਚ ਰਾਜ ਦੀ ਇਜ਼ਾਰੇਦਾਰੀ ਦੀ ਵਕਾਲਤ ਕਰਦਾ ਹੈ।

(ਕ) ਪਲੈਟੋ ਰਾਜ ਅਤੇ ਸਰਕਾਰ ਨੂੰ ਕਾਇਮ ਰੱਖਦਾ ਹੈ। ਪਰ ਆਧੁਨਿਕ ਸਾਮਵਾਦ ਰਾਜ ਦਾ ਸਹਿਜੇ-ਸਹਿਜੇ ਪਤਨ ਹੋ ਜਾਣ ਵਿਚ ਵਿਸ਼ਵਾਸ ਕਰਦਾ ਹੈ। ਇਹ ਗੱਲ ਵੱਖਰੀ ਹੈ ਕਿ ਵਿਵਹਾਰ ਵਿਚ ਆਧੁਨਿਕ ਸਾਮਵਾਦੀ ਦੇਸ਼ਾਂ ਰਾਜ ਅਲੋਪ ਹੋਣ ਦੀ ਬਜਾਇ ਵਧੇਰੇ ਤਾਕਤਵਰ ਹੋਇਆ।

(ਖ) ਪਲੈਟੋ ਬੁੱਧੀ ਦੇ ਕੁਲੀਨਤੰਤਰ (Aristocracy of Intellect) ਦੀ ਹਮਾਇਤ ਕਰਦਾ ਹੈ, ਪਰ ਆਧੁਨਿਕ ਸਾਮਵਾਦ ਰਾਜ ਦੇ ਅਲੋਪ ਹੋਣ ਤੋ ਪਹਿਲਾਂ, ਅਰਥਾਤ, ਸਮਾਜਵਾਦ ਤੋਂ ਸਾਮਵਾਦ ਵੱਲ ਤਬਦੀਲੀ ਦੌਰਾਨ, ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਵਿਚ ਵਿਸ਼ਵਾਸ ਕਰਦਾ ਹੈ।

(ਗ) ਪਲੈਟੋ ਦਾ ਸਾਮਵਾਦ ਕੇਵਲ ਸਰਪ੍ਰਸਤਾਂ ਲਈ ਹੀ ਪਦਾਰਥਕ ਚੀਜ਼ਾਂ ਦੇ ਤਿਆਗ ਦੀ ਸਿਫਾਰਸ਼ ਕਰਦਾ ਹੈ। ਆਧੁਨਿਕ ਸਾਮਵਾਦ ਬਰਾਬਰ ਵੰਡ ਅਤੇ ਸਭਨਾਂ ਦੁਆਰਾ ਪਦਾਰਥਕ ਵਸਤਾਂ ਨੂੰ ਮਾਨਣ ਦੇ ਹੱਕ ਵਿੱਚ ਹੈ।

(ਘ) ਆਪਣੇ ਸਾਮਵਾਦ ਦੇ ਨਿਸ਼ਾਨੇ ਦੀ ਪ੍ਰਾਪਤੀ ਲਈ ਪਲੈਟੋ ਰਾਜ-ਨਿਯੰਤ੍ਰਿਤ ਵਿੱਦਿਆ ਤੇ ਜ਼ੋਰ ਦਿੰਦਾ ਹੈ। ਪਰ ਆਧੁਨਿਕ ਸਾਮਵਾਦ ਤਾਂ ਹਿੰਸਕ ਕ੍ਰਾਂਤੀ ਰਾਹੀਂ ਲਿਆਂਦਾ ਗਿਆ ਸੀ। ਪਲੈਟੋ ਦਾ ਸਾਮਵਾਦ ਇਕ ਐਸੀ ਪ੍ਰਣਾਲੀ ਹੈ ਜੋ ਥੋੜ੍ਹੇ ਲੋਕਾਂ ਦੀ ਸਿਆਣਪ ਨਾਲ ਸਥਾਪਿਤ ਕੀਤੀ ਜਾਣੀ ਹੈ, ਜਦੋਂ ਕਿ ਦੂਸਰੇ ਦੀ ਜਿੱਤ ਇਕ ਆਮ ਲੋਕਾਂ ਦੀ ਕ੍ਰਾਂਤੀਕਾਰੀ ਲਹਿਰ ਨਾਲ ਹੋਣੀ ਹੈ। ਪਲੈਟੋ ਦਾ ਸਾਮਵਾਦ ਸ਼ਾਸਕਾਂ ਦੇ ਫਲਸਫੇ ਤੇ ਆਧਾਰਿਤ ਹੈ, ਪਰ ਆਧੁਨਿਕ ਸਮਾਵਾਦ ਪ੍ਰੋਲੇਤਾਰੀ ਦੀ ਕ੍ਰਾਂਤੀਕਾਰੀ ਭਾਵਨਾ ਤੇ ਆਧਾਰਿਤ ਹੈ।

(ਙ) ਪਲੈਟੋ ਦਾ ਸਾਮਵਾਦ ਫਿਲਾਸਫਰ ਰਾਜ ਦੀ ਤਾਨਾਸ਼ਾਹੀ ਸਥਾਪਿਤ ਕਰਦਾ ਹੈ, ਜਦੋਂ ਕਿ ਆਧੁਨਿਕ ਸਾਮਵਾਦ ਪ੍ਰੋਲਤਾਰੀ ਦੀ ਤਾਨਾਸ਼ਾਹੀ ਦੀ ਵਕਾਲਤ ਕਰਦਾ ਹੈ।

(ਚ) ਪਲੈਟੋ ਦਾ ਸਾਮਵਾਦ ਅਧਿਆਤਮਕ ਹੈ ਕਿਉਂਕਿ ਇਸ ਲਈ ਆਖਰੀ ਨਿਸ਼ਾਨਾ ਆਤਮਾ ਦੀ ਉਨੱਤੀ ਹੈ। ਆਧੁਨਿਕ ਸਾਮਵਾਦ ਤਾਂ ਬਿਲਕੁੱਲ ਪਦਾਰਥਵਾਦੀ ਹੈ ਇਸ ਦਾ ਨਿਸ਼ਾਨਾ ਪਦਾਰਥਕ ਜੀਵਨ ਦੀ ਬਿਹਤਰੀ ਹੈ।

(ਛ) ਪਲੈਟੋ ਸਾਮਵਾਦ ਰਾਜ ਦੇ ਮਾਧਿਅਮ ਰਾਹੀਂ ਪ੍ਰਾਪਤ ਕਰਨਾ ਚਾਹੁੰਦਾ ਹੈ ਜਦੋਂਕਿ ਆਧੁਨਿਕ ਸਾਮਵਾਦ ਰਾਜ ਨੂੰ ਪੂੰਜੀਵਾਦੀਆਂ ਦੇ ਹੱਥਾਂ ਵਿੱਚ ਹਥਿਆਰ ਸਮਝ ਕੇ ਇਸ ਦੀ ਸਮਾਪਤੀ ਚਾਹੁੰਦਾ ਹੈ।

(ਜ) ਕਿਉਂਕਿ ਇਸ ਦੀ ਪ੍ਰਾਪਤੀ ਸ਼੍ਰੇਣੀਆਂ ਰਾਹੀਂ ਹੈ, ਇਸ ਲਈ ਪਲੈਟੋ ਦਾ ਸਾਮਵਾਦ ਸ਼੍ਰੇਣੀਆਂ ਦੀ ਪ੍ਰਣਾਲੀ ਨੂੰ ਸਥਾਈ ਬਣਾਉਂਦਾ ਹੈ। ਆਧੁਨਿਕ ਸਾਮਵਾਦ ਦਾ ਨਿਸ਼ਾਨਾ ਹੈ ਸ਼੍ਰੇਣੀਆਂ ਦਾ ਖਾਤਮਾ ਅਤੇ ਸ਼੍ਰੇਣੀ-ਰਹਿਤ ਸਮਾਜ ਦੀ ਸਥਾਪਨਾ।

(ੲ) ਪਲੈਟੋ ਦਾ ਸਾਮਵਾਦ ਸੰਪਤੀ ਸਮਾਪਤ ਕਰਨ ਦੇ ਖਿਆਲ ਨਾਲ ਨਹੀਂ ਪੇਸ਼ ਕੀਤਾ ਗਿਆ ਸੀ। ਉਸ ਨੇ ਕੇਵਲ ਸ਼ਾਸ਼ਕ ਸ਼੍ਰੇਣੀ ਲਈ ਹੀ ਸੰਪਤੀ ਦੀ ਮਨਾਹੀ ਦੀ ਵਕਾਲਤ ਕੀਤੀ। ਆਧੁਨਿਕ ਸਾਮਵਾਦ ਸਭਨਾਂ ਲਈ ਨਿੱਜੀ ਸੰਪਤੀ ਦੀ ਸਮਾਪਤੀ ਚਾਹੁੰਦਾ ਹੈ ਕਿਉਂਕਿ ਇਹ, ਸਾਮਵਾਦੀਆਂ ਅਨੁਸਾਰ, ਸਮਾਜ ਵਿੱਚ ਪੁਆੜੇ ਦੀ ਜੜ੍ਹ ਹੈ ਅਤੇ ਧੱਕੇਸ਼ਾਹੀ, ਜ਼ਬਰ ਅਤੇ ਅਨਿਆਂ ਦਾ ਹਥਿਆਰ ਹੈ।

ਇਨ੍ਹਾਂ ਸਪੱਸ਼ਟ ਤੇ ਗੰਭੀਰ ਅਸਮਾਨਤਾਵਾਂ ਨੂੰ ਵੇਖਦੇ ਹੋਏ ਪ੍ਰੋਫੈਸਰ ਨੈਟਰੋਪ ਨੇ ਠੀਕ ਹੀ ਪਲੈਟੋ ਦੇ ਸਾਮਵਾਦ ਨੂੰ "ਅੱਧਾ ਸਾਮਵਾਦ (Half Communism)" ਕਿਹਾ ਹੈ।

## 1.6.7 ਪਲੈਟੋ ਤੇ ਫਾਸ਼ੀਵਾਦ (Plato and Fascism)

ਫਾਸ਼ੀਵਾਦ ਦੂਸਰਾ ਸਰਵਸਤਾਵਾਦੀ (Totalitarian) ਸਿਧਾਂਤ ਹੈ, ਜਿਸਨੂੰ ਪਲੈਟੋ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਆਲੋਚਕ ਪਲੈਟੋ ਨੂੰ ਪਹਿਲਾ ਫਾਸ਼ੀਵਾਦੀ ਆਖਦੇ ਹਨ। ਬੁੱਧੀ ਦੇ ਕੁਲੀਨਤੰਤਰ ਦੀ ਪ੍ਰਤੀਨਿਧਤਾ ਫਾਸ਼ੀ ਪਾਰਟੀ ਨੇ ਕੀਤੀ। ਫਾਸ਼ੀਵਾਦ ਸਮਾਨਤਾ ਦੇ ਸਿਧਾਂਤ ਨੂੰ ਰੱਦ ਕਰਦਾ ਹੈ ਤੇ ਵਿਅਕਤੀ ਨੂੰ ਰਾਜ ਵਿੱਚ ਜਜ਼ਬ ਕਰਕੇ ਵਿਅਕਤੀ ਦੀ ਸੁਤੰਤਰਤਾ ਨੂੰ ਖਤਮ ਕਰਦਾ ਹੈ। ਇਹ ਗੈਰ-ਫਾਸ਼ੀਵਾਦੀਆਂ ਨੂੰ ਅਤੇ ਵਿਚਾਰਾਂ ਦੇ ਸੰਗਠਿਤ ਪ੍ਰਗਟਾਵੇ ਦੀ ਆਗਿਆ ਨਹੀਂ ਦਿੰਦਾ। ਇਟਲੀ ਦੇ ਤਾਨਾਸ਼ਾਹ ਮੁਸੋਲਿਨੀ ਦੁਆਰਾ ਅਪਣਾਏ ਗਏ ਆਧੁਨਿਕ ਫ਼ਾਸ਼ੀਵਾਦ ਦੀ ਪਲੈਟੋ ਦੇ ਵਿਚਾਰਾਂ ਨਾਲ ਤੁਲਨਾ ਤੋਂ ਪਤਾ ਚਲਦਾ ਹੈ ਕਿ ਆਧੁਨਿਕ ਫਾਸ਼ੀਵਾਦ ਅਤੇ ਪਲੈਟੋਨਿਕ ਫਾਸ਼ੀਵਾਦ ਵਿਚਕਾਰ, ਦੋਵੇਂ, ਸਮਾਨਤਾਵਾਂ ਅਤੇ ਅਸਮਾਨਤਾਵਾਂ ਹਨ।

**ਸਮਾਨਤਾਵਾਂ (Similarities) :**

(ੳ) ਪਲੈਟੋ ਲੋਕਤੰਤਰ ਨੂੰ ਇਹ ਕਹਿ ਕੇ ਨਿੰਦਦਾ ਹੈ ਕਿ ਇਹ ਅਗਿਆਨਤਾ ਦਾ ਰਾਜ ਹੈ ਅਤੇ ਅਸਥਿਰਤਾ ਅਤੇ ਝਗੜੇ ਦਾ ਸੋਮਾ ਹੈ। ਆਧੁਨਿਕ ਫਾਸ਼ੀਵਾਦ ਵੀ ਲੋਕਤੰਤਰ ਨੂੰ ਬਹੁਤ ਭੰਡਦਾ ਹੈ ਅਤੇ ਇਸ ਨੂੰ ਭੀੜਤੰਤਰ ਕਹਿੰਦਾ ਹੈ। ਸੰਸਦਾਂ ਨੂੰ ਕੇਵਲ ਗੱਲਾਂ ਕਰਨ ਦੀਆਂ ਦੁਕਾਨਾਂ ਦੱਸਦਾ ਹੈ।

(ਅ) ਪਲੈਟੋ ਫਿਲਾਸਫਰ ਰਾਜੇ ਦੀ ਡਿਕਟੇਟਰੀ ਦੇ ਹੱਕ ਵਿੱਚ ਹੈ। ਇਸ ਲਈ ਫਿਲਾਸਫਰ ਰਾਜੇ ਨੂੰ ਗਿਆਨ ਤੇ ਨੇਕੀ ਦਾ ਪ੍ਰਤਿਰੂਪ ਕਹਿੰਦਾ ਹੈ। ਫਾਸ਼ੀਵਾਦ ਫਾਸ਼ੀ ਪਾਰਟੀ ਦੀ ਤਾਨਾਸ਼ਾਨੀ ਦੇ ਹੱਕ ਵਿੱਚ ਹੈ। ਮੁਸੋਲਿਨੀ ਆਪਣੇ-ਆਪ ਨੂੰ ਸਰਬ ਗਿਆਤਾ ਸਮਝਦਾ ਸੀ ਜਦੋਂ ਉਹ ਬੋਲਦਾ ਸੀ ਤਾਂ ਹੋਰ ਕੋਈ ਸਾਹ ਨਹੀਂ ਕੱਢਦਾ।

(ੲ) ਪਲੈਟੋ ਬੁੱਧੀ ਦੇ ਰਾਜ ਦੇ ਹੱਕ ਵਿੱਚ ਸੀ। ਉਹ ਵਿਵੇਕ ਅਤੇ ਹੌਂਸਲੇ ਦੇ ਪ੍ਰਤਿਨਿਧ, ਘੱਟ ਗਿਣਤੀ ਦੇ ਸਰਪ੍ਰਸਤਾਂ, ਦੇ ਸ਼ਾਸਨ ਦਾ ਸਮਰਥਕ ਸੀ। ਆਧੁਨਿਕ ਫਾਸ਼ੀਵਾਦ ਦੀ ਪਾਰਟੀ ਦੇ ਕੁੱਝ ਕੁ ਲੀਡਰਾਂ ਨੂੰ ਸਰਬਉੱਤਮ ਸਮਝਦਾ ਸੀ ਅਤੇ ਪਾਰਟੀ ਦੀ ਸਾਰੀ ਸੱਤਾ ਉਹਨਾਂ ਨੂੰ ਸੌਂਪੀ ਗਈ।

(ਸ) ਪਲੈਟੋ ਮਾਨਵੀ ਬਰਾਬਰੀ ਨੂੰ ਠੁਕਰਾਉਂਦਾ ਹੈ, ਨਾਗਰਿਕ ਅਤੇ ਦਾਸ ਵਿੱਚ ਭੇਦ ਰੱਖਦਾ ਹੈ ਅਤੇ ਸੋਚਵਾਨ ਅਤੇ ਨਾ ਸੋਚਵਾਨ ਵਿੱਚ ਵੀ ਫਰਕ ਦੱਸਦਾ ਹੈ। ਉਪਰਲੀਆਂ ਦੋ ਸ਼੍ਰੇਣੀਆਂ, ਕਾਰੀਗਰਾਂ ਅਤੇ ਕਿਰਸਾਨਾਂ ਦੀ ਤੀਜੀ ਸ਼੍ਰੇਣੀ ਨਾਲੋਂ ਬੁੱਧੀ ਵਿੱਚ ਬਿਹਤਰ ਹਨ। ਇਸ ਕਰਕੇ ਕੇਵਲ ਉਹਨਾਂ (ਤੀਜ਼ੀ ਸ੍ਰੇਣੀ, ਅਰਥਾਤ ਸਰਪ੍ਰਸਤ) ਦਾ ਹੀ ਹੱਕ ਬਣਦਾ ਹੈ ਕਿ ਉਹ ਰਾਜਨੀਤਿਕ ਸੱਤਾ ਵਰਤ ਕੇ ਨਗਰ-ਰਾਜ ਦਾ ਕਾਰੋਬਾਰ ਚਲਾਉਣ। ਆਧੁਨਿਕ ਫਾਸ਼ੀਵਾਦ ਵੀ ਬਰਾਬਰੀ ਨੂੰ ਭੰਡਦਾ ਹੈ ਅਤੇ ਇਸ ਦੀ ਥਾਂ ਸ਼੍ਰੇਣੀਬੱਧ ਸਮਾਜ ਬਣਾਉਂਦਾ ਹੈ। ਫਾਸ਼ੀਆਂ ਦਾ ਖਿਆਲ ਹੈ ਕਿ ਕੁਝ ਲੋਕ ਰਾਜ ਕਰਨ ਲਈ ਅਤੇ ਦੂਜੇ ਰਾਜ ਦੇ ਅਧੀਨ ਰਹਿਣ ਲਈ ਜੰਮੇ ਹਨ।

(ਹ) ਪਲੈਟੋ ਵਿਅਕਤੀ ਨੂੰ ਰਾਜ ਵਿਚ ਜਜ਼ਬ ਕਰ ਦਿੰਦਾ ਹੈ। ਉਸ ਦਾ ਰਾਜ ਸਰਬ ਸ਼ਕਤੀਮਾਨ ਹੈ। ਐਸੇ ਰਾਜ ਵਿੱਚ ਕੋਈ ਵੀ ਵਿਅਕਤੀ ਅਨਿਯਮਤ ਸੁਤੰਤਰਤਾ ਨਹੀਂ ਮਾਣ ਸਕਦਾ। ਰਾਜ

ਸਾਂਝੇ ਜੀਵਨ ਦੇ ਸਭ ਪਹਿਲੂਆਂ ਵਿੱਚ ਤਾਲਮੇਲ ਪੈਦਾ ਕਰਦਾ ਹੈ। ਮਨੁੱਖ ਦੇ ਆਪੇ (self) ਦੀ ਸਰਬੋਤਮ ਅਤੇ ਉਤਮ ਕਲਪਨਾ ਹੈ। ਇਹ ਇੱਕ ਅਜਿਹਾ ਸਾਂਚਾ (Framework) ਹੈ ਜਿਸ ਵਿੱਚ ਇੱਕ ਵਿਅਕਤੀ ਆਪਣਾ ਆਪਾ ਲੱਭ ਸਕਦਾ ਹੈ। ਇਸ ਤਰ੍ਹਾਂ ਸੰਪੂਰਨਤਾ ਪ੍ਰਾਪਤ ਕਰਨ ਲਈ ਇਕ ਨੇਕ ਆਦਮੀ ਨੂੰ ਆਪਣੇ-ਆਪ ਨੂੰ ਰਾਜ ਵਿੱਚ ਸਮਾਉਣਾ ਚਾਹੀਦਾ ਹੈ। ਆਧੁਨਿਕ ਫਾਸ਼ੀਵਾਦ ਵੀ ਵਿਅਕਤੀ ਦੇ ਅਸਿਤਿੱਤਵ ਨੂੰ ਪੂਰੀ ਤਰ੍ਹਾਂ ਰਾਜ ਵਿੱਚ ਸਮਾਉਂਦਾ ਹੈ। ਹਰ ਸ਼ੈਅ ਰਾਜ ਨਾਲ ਹੈ, ਕੋਈ ਸ਼ੈਅ ਰਾਜ ਵਿਰੁੱਧ ਨਹੀਂ ਅਤੇ ਕੋਈ ਸ਼ੈਅ ਵੀ ਰਾਜ ਤੋਂ ਬਾਹਰ ਨਹੀਂ। ਇਹ ਉਹਨਾਂ ਦਾ ਨਿਯਮ ਹੈ ਕਿ ਕੋਈ ਵੀ ਵਿਅਕਤੀ ਰਾਜ ਦੇ ਵਿਰੁੱਧ ਸੁਤੰਤਰਤਾ ਦਾ ਅਧਿਕਾਰ ਨਹੀਂ ਲੈ ਸਕਦਾ। ਰਾਜ ਹੀ ਅਧਿਕਾਰ ਅਤੇ ਸੁਤੰਤਰਤਾ ਨਿਸ਼ਚਿਤ ਕਰਦਾ ਹੈ ਅਤੇ ਜਦੋਂ ਚਾਹੇ ਇਹਨਾਂ ਨੂੰ ਖ਼ਤਮ ਕਰ ਸਕਦਾ ਹੈ।

(ਕ) ਪਲੈਟੋ ਦਾਸਾਂ ਨੂੰ ਰਾਜ ਵਿੱਚ ਕੋਈ ਪਦ ਨਹੀਂ ਦਿੰਦਾ। ਆਧੁਨਿਕ ਫਾਸ਼ੀਵਾਦ ਵੀ ਗੈਰ-ਫਾਸ਼ੀਆਂ ਨੂੰ ਕੋਈ ਮਾਣ ਜਾਂ ਮਾਨਤਾ ਨਹੀਂ ਦਿੰਦਾ।

## ਦੋਹਾਂ ਵਿੱਚ ਅਸਮਾਨਤਾਵਾਂ (Dissimilarities) :

ਭਾਵੇਂ ਦੋਹਾਂ ਵਿੱਚ ਸਮਾਨਤਾਵਾਂ ਮੌਜੂਦ ਹਨ ਤਾਂ ਵੀ ਦੋਹਾਂ ਵਿੱਚ ਸਪੱਸ਼ਟ ਅਸਮਾਨਤਾਵਾਂ ਵੀ ਹਨ।

**ਪਹਿਲੇ** ਪਲੈਟੋ ਸਾਮਰਾਜਵਾਦ ਦੇ ਸੰਕਲਪ ਦੇ ਵਿਰੁੱਧ ਜਾਪਦਾ ਹੈ। ਇਸ ਲਈ ਉਸ ਨੇ ਨਗਰ ਰਾਜ ਦੇ ਸੰਬੰਧ ਵਿੱਚ ਲਿਖਿਆ। ਇਸ ਦੇ ਉਲਟ ਆਧੁਨਿਕ ਫਾਸ਼ੀਵਾਦ ਸਾਮਰਾਜਵਾਦੀ ਹੈ। ਮੁਸੋਲਿਨੀ ਇਟਲੀ ਦੇ ਲੋਕਾਂ ਨੂੰ ਪ੍ਰੇਰਿਤ ਕਰਦਾ ਹੈ, "ਵਿਸਥਾਰ ਕਰੋ ਜਾਂ ਮਰੋ।" ਉਹ ਨਹੀਂ ਸੀ ਚਾਹੁੰਦਾ ਕਿ ਇਟਲੀ ਦੇ ਲੋਕ ਭੋਇੰ ਦੇ ਇਕ ਛੋਟੇ ਟੁੱਕੜੇ ਵਿੱਚ ਨਪੀੜੇ ਰਹਿਣ।

**ਦੂਜੇ,** ਪਲੈਟੋ ਨੇ ਰਾਜਨੀਤਿਕ ਢਾਂਚਾ ਫਿਲਾਸਫੀ ਦੇ ਆਧਾਰ ਤੇ ਉਲੀਕਿਆ। ਫਾਸ਼ੀ ਤਾਂ ਫਾਸ਼ੀ ਰਾਜ ਸਥਾਪਿਤ ਹੋਣ ਪਿੱਛੋਂ ਫਿਲਾਸਫੀ ਪੜ੍ਹਦੇ ਹਨ। ਦੂਜੇ ਸ਼ਬਦਾਂ ਵਿੱਚ, ਫਾਸ਼ੀਵਾਦ ਦੀ ਫਿਲਾਸਫੀ ਫਾਸ਼ੀ ਰਾਜ ਦੇ ਬਾਅਦ ਬਣਦੀ ਹੈ। ਫਾਸ਼ੀ-ਰਾਜ ਦਾ ਜਨਮਦਾਤਾ, ਮੁਸੋਲਿਨੀ, ਇਹ ਦਾਅਵਾ ਕਰਿਆ ਕਰਦਾ ਸੀ, "ਮੇਰਾ ਪ੍ਰੋਗਰਾਮ ਕੰਮ ਹੈ, ਗੱਲਾਂ ਨਹੀਂ। ਅਸੀਂ ਵਿਚਾਰ-ਚਰਚਾ ਦੇ ਬੱਦਲਾਂ ਤੋਂ ਬਾਹਰ ਆਉਣਾ ਚਾਹੁੰਦੇ ਹਾਂ।"

**ਤੀਜੇ,** ਪਲੈਟੋ ਨੇ ਰਾਜਨੀਤੀ ਨੂੰ ਸਦਾਚਾਰ ਦੇ ਅਧੀਨ ਰੱਖਿਆ। ਉਸ ਦੇ ਫਿਲਾਸਫਰ-ਰਾਜੇ ਵਿਚ ਨੇਕੀ (Virtue) ਤਾਂ ਪਹਿਲਾ ਲੋੜੀਂਦਾ ਗੁਣ ਸੀ। ਉਸ ਦਾ ਫਿਲਾਸਫਰ ਰਾਜਾ ਦੈਵੀ ਸਿਆਣਪ ਅਤੇ ਚੰਗਿਆਈਆਂ ਦਾ ਪ੍ਰਤਿਰੂਪ ਸੀ। ਇਸ ਕਾਰਨ ਉਹ ਸੱਚ ਦਾ ਕੁਦਰਤੀ ਸਰਪ੍ਰਸਤ ਬਣ ਜਾਂਦਾ ਸੀ। ਪਲੈਟੋ ਨੇ ਫਿਲਾਸਫਰ-ਰਾਜੇ ਨੂੰ ਮੱਧਕਾਲੀਨ ਪੋਪਾਂ ਅਤੇ ਸੰਸਾਰਕ ਸ਼ਾਸਕਾਂ ਦੀਆਂ ਯੋਗਤਾਵਾਂ ਅਤੇ ਕੰਮ ਦਿੱਤੇ। ਇਸ ਦੇ ਉਲਟ, ਆਧੁਨਿਕ ਫਾਸ਼ੀਵਾਦ ਸਦਾਚਾਰ ਨੂੰ ਰਾਜਨੀਤੀ ਦੇ ਅਧੀਨ ਰੱਖਦਾ ਹੈ, ਧਰਮ ਡਿਕਟੇਟਰ ਦਾ ਦਾਸ ਹੈ ਅਤੇ ਇਸ ਨੇ ਲੋਕਾਂ ਵਿੱਚ ਉਸ ਦੀ ਸਰਵ ਸ਼੍ਰੇਸਟਤਾ ਸਥਾਪਿਤ ਕਰਨੀ ਹੈ। ਆਪਣੇ ਆਪ ਲਈ ਸੱਤਾ ਦੀ ਗੱਦੀ ਪੱਕੀ ਤਰ੍ਹਾਂ ਕਾਇਮ ਰੱਖਣ ਲਈ ਮੁਸੋਲਿਨੀ ਨੇ ਚਰਚ ਦੀ ਵਰਤੋਂ ਕੀਤੀ।

**ਚੌਥੇ,** ਪਲੈਟੋ ਨੇ ਸਰਪ੍ਰਸਤ ਸ਼੍ਰੇਣੀਆਂ ਲਈ ਸੰਪਤੀ ਤੇ ਪਰਿਵਾਰ ਦੇ ਸਾਮਵਾਦ ਦੀ ਵਕਾਲਤੀ ਕੀਤੀ। ਫਾਸ਼ੀਵਾਦ ਤਾਂ ਸਾਮਵਾਦ ਦਾ ਦਵੰਦਾਤਮਕ ਪ੍ਰਤਿਪੱਖ ਹੈ। ਉਹ ਸਮਾਜਵਦ ਨੂੰ ਮੁੱਲੋਂ ਭੰਡਦਾ ਹੈ ਅਤੇ ਇਕ ਕਾਰਪੋਰੇਟ ਰਾਜ ਦੇ ਹੱਕ ਵਿੱਚ ਹੈ। ਆਲੋਚਕ ਇਸ ਨੂੰ 'ਰਾਜ ਦਾ ਪੂੰਜੀਵਾਦ' ਕਹਿੰਦੇ ਹਨ। ਮੁਸੋਲਿਨੀ ਨੇ ਨਿਗਮਾਂ ਦੀ ਵਜ਼ੀਰੀ (Ministry) ਆਪਣੇ ਕੋਲ ਰੱਖੀ। ਇਹ ਵਜ਼ੀਰੀ ਹੀ ਫਾਸ਼ੀ ਡਿਕਟਟਰ ਦੇ ਬਣਾਏ ਆਰਥਿਕ ਢਾਂਚੇ ਨੂੰ ਚਲਾਉਂਦੀ ਸੀ।

**ਪੰਜਵੀਂ ਤੇ ਆਖਰੀ** ਗੱਲ ਇਹ ਹੈ ਕਿ ਪਲੈਟੋ ਦਾ ਸਿਧਾਂਤ ਰਾਜਨੀਤਿਕ ਆਦਰਸ਼ਵਾਦ ਦਾ ਪ੍ਰਤਿਨਿਧ ਸੀ, ਪਰ ਫਾਸ਼ੀਵਾਦ ਰਾਜਨੀਤਿਕ ਯਥਾਰਥਵਾਦ ਦਾ ਪ੍ਰਤਿਨਿਧ ਸੀ। ਉੱਚੀਆਂ ਉਡਾਰੀਆਂ ਲਾਉਣ ਵਾਲਾ ਆਦਰਸ਼ਵਾਦੀ ਪਲੈਟੋ ਇਕ ਆਦਰਸ਼ ਰਾਜ ਦੀਆਂ ਗੱਲਾਂ ਕਰਦਾ ਸੀ, ਜੋ ਬਹੁਤੀਆਂ ਕਾਲਪਨਿਕ ਸਨ।

ਇਸ ਕਰਕੇ ਉਸ ਨੇ ਦੂਜੇ ਦਰਜੇ ਦੇ ਉਚਤਮ ਰਾਜ ਦੀ ਗੱਲ ਵੀ ਕੀਤੀ ਜੋ ਪ੍ਰਾਪਤ ਕੀਤਾ ਜਾ ਸਕਦਾ ਸੀ। ਦੂਜੇ ਹੱਥ, ਫਾਸ਼ੀਆਂ ਨੇ ਕਿਸੇ ਰਾਜ ਦੀ ਕਲਪਨਾ ਨਹੀਂ ਕੀਤੀ, ਸਗੋਂ ਇਸ ਨੂੰ ਸਥਾਪਿਤ ਕੀਤਾ। ਪੱਕੇ ਯਥਾਰਥਵਾਦੀ ਹੋਣ ਕਰਕੇ ਉਹਨਾਂ ਦਾ ਯਕੀਨ ਕਾਲਪਨਿਕ ਰਾਜ ਚਿਤਰਨ ਵਿੱਚ ਨਹੀਂ ਸੀ। ਉਹ ਇਟਲੀ ਨੂੰ ਘੜਮੱਸ ਵਿੱਚੋਂ ਕੱਢਣ ਵਿੱਚ ਸਹਾਈ ਹੋਏ। ਉਹ ਸਾਰੇ ਸੰਸਾਰ ਲਈ ਸੰਭਾਵੀ ਖਤਰਾ ਬਣੇ ਰਹੇ ਜਦੋਂ ਤਕ ਕਿ ਉਹਨਾਂ ਦੀ ਈਨ ਦਾ ਮਨਾਈ ਗਈ। ਫਾਸ਼ੀ ਸੁਪਨਿਆਂ ਦੇ ਰਾਜਾਂ ਵਿੱਚ ਉਡਾਣਾਂ ਨਹੀਂ ਲਾਉਂਦੇ ਸਨ। ਉਹ ਇਟਲੀ ਦੀ ਰਾਜਨੀਤੀ ਦੇ ਕੌੜੇ ਯਥਾਰਥ ਨਾਲ ਜੁੜੇ ਅਤੇ ਇਟਲੀ ਨੂੰ ਖੜੋਤ, ਘੜਮੱਸ ਅਤੇ ਅਰਾਜਕਤਾ ਦੀ ਜਿਲ੍ਹਣ ਵਿਚੋਂ ਬਾਹਰ ਕੱਢ ਲਿਆਏ।

ਉਪਰਲੀ ਚਰਚਾ ਨੂੰ ਵਿਚਾਰ ਕੇ ਅਸੀਂ ਕਾਰਲ ਪੌਪਰ ਅਤੇ ਕਰੌਸਮੈਨ ਦੇ ਵਿਚਾਰ ਨਾਲ ਸਹਿਮਤ ਹੋ ਸਕਦੇ ਹਾਂ ਕਿ ਪਲੈਟੋ ਇਕ ਸਰਵ ਸਤਾਵਾਦੀ ਸੀ। ਤਾਂ ਇਹ ਵੀ ਯਕੀਨ ਨਾਲ ਨਹੀਂ ਕਹਿ ਸਕਦੇ ਕਿ ਪਲੈਟੋ ਦੀ ਫਿਲਾਸਫੀ ਦਾ ਅੰਤਰ ਭਾਵ ਸਰਵ ਸਤਾਵਾਦੀ ਸੀ। ਆਧੁਨਿਕ ਯੁੱਗ ਦੀ ਤਾਨਾਸ਼ਾਹੀ ਪ੍ਰਣਾਲੀ ਨਾਲ ਪਲੈਟੋ ਦੇ ਆਦਰਸ਼ਕ ਰਾਜਨੀਤੀ ਢਾਂਚੇ ਦੀ ਬਹੁਤ ਸਮਾਨਤਾ ਹੋ ਸਕਦੀ ਹੈ। ਪਰ ਸਾਨੂੰ ਵਾਈਲਡ ਹੌਲਵੈਲ ਦੀਆਂ ਦਲੀਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ, ਜੋ ਕਹਿੰਦਾ ਹੈ ਕਿ ਪਲੈਟੋ ਕੁਦਰਤੀ ਜਾਂ ਉਚੇਰੇ ਕਾਨੂੰਨ ਦੇ ਸੰਕਲਪ ਦਾ ਬਾਨੀ ਸੀ, ਜੋ ਆਖਰਕਾਰ ਲੋਕਤੰਤਰ ਸਰਕਾਰਾਂ ਵਿੱਚ ਫਲਦਾ ਹੈ।

## 1.6.8 ਅਭਿਆਸ ਲਈ ਪ੍ਰਸਨ

1. ਪਲੈਟੋ ਦੇ ਸਾਮਵਾਦ ਦੀ ਆਲੋਚਨਾਤਮਕ ਵਿਆਖਿਆ ਕਰੋ।
2. ਪਲੈਟੋ ਦੇ ਸਾਮਵਾਦ ਦੀ ਆਧੁਨਿਕ ਸਾਮਵਾਦ ਨਾਲ ਤੁਲਨਾ ਕਰੋ।
3. ਪਲੈਟੋ ਨੂੰ ਫਾਸ਼ੀਵਾਦ ਜਾਂ ਸਰਵਸਤਾਵਾਦ ਦਾ ਪਿਤਾਮਾ ਕਿਉਂ ਕਿਹਾ ਜਾਂਦਾ ਹੈ। ਵਿਆਖਿਆ ਕਰੋ।

## 1.6.9 Suggested Readings


1. Ernest Barker : Greek Political Theory, Ch. I to V.
2. G.H. Sabine : A History of Political Theory, Ch. II
3. Sushila Ramaswamy & Subrata Mukherjee : Western Political Thought

ਪਾਠ ਨੰ: 1.7

# ਪਲੈਟੋ ਦਾ ਸਿੱਖਿਆ ਦਾ ਸਿਧਾਂਤ
## (Theory of Education)

**1.7.1 ਪਲੈਟੋ ਦਾ ਉਦੇਸ :–** ਪਲੈਟੋ ਦਾ ਉਦੇਸ਼ ਉਸਦੇ **'ਰੀਪਬਲਿਕ'** ਵਿੱਚ ਵਰਣਿਤ ਆਦਰਸ਼ ਰਾਜ ਨੂੰ ਸਾਕਾਰ ਕਰਨਾ ਹੈ। ਉਸ ਦੇ ਅਨੁਸਾਰ ਨਿਆਂ ਸਿਰਫ ਆਦਰਸ਼ ਰਾਜ ਵਿੱਚ ਹੀ ਸੰਭਵ ਹੈ। ਪਲੈਟੋ ਲਈ ਨਿਆਂ ਤੋਂ ਭਾਵ ਸਮਾਜ ਵਿੱਚ ਵਿਅਕਤੀਆਂ ਦਾ ਉਹ ਸਦਭਾਵੀ ਸੰਗਠਨ ਹੈ, ਜਿਸ ਵਿੱਚ ਹਰੇਕ ਨੇ ਆਪਣੀ ਕੁਦਰਤੀ ਸਮਰਥਾ ਅਤੇ ਸਿਖਲਾਈ ਅਨੁਸਾਰ ਜ਼ਿੰਦਗੀ ਦਾ ਕੰਮ ਲੱਭ ਲਿਆ ਹੈ। ਪਲੈਟੋ ਨੇ ਕੰਮ ਦੀ ਵੰਡ ਦੇ ਮਾਪਦੰਡ ਵਜੋਂ 'ਜਨਮ' ਨੂੰ ਰੱਦ ਕਰ ਦਿੱਤਾ ਇਸਦੀ ਥਾਂ ਉਪਰ ਉਸਨੇ 'ਸਮੱਰਥਾ' ਜਾਂ 'ਸੁਭਾਅ' ਨੂੰ ਮਾਪਦੰਡ ਵਜੋਂ ਤਜਵੀਜ ਕੀਤਾ। ਕਿਵੇਂ ਵਿਅਕਤੀ ਉਹ ਗੈਰ ਸਵਾਰਥੀ ਕੰਮ ਨਿਭਾ ਸਕਦਾ ਹੈ ਜੋ ਕਿ ਜ਼ਿੰਦਗੀ 'ਚ ਉਸ ਦਾ ਸਥਾਨ ਮੰਗ ਕਰਦਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਪਲੈਟੋ ਦੋ ਮਹਾਨ ਸੰਸਥਾਵਾਂ ਦੀ ਸਿਫਾਰਿਸ਼ ਕਰਦਾ ਹੈ।

ਇਕ ਹੈ ਆਮ ਸਿੱਖਿਆ ਦੀ ਪ੍ਰਣਾਲੀ ਜੋ ਕਿ ਸਿੱਖਿਆ ਦਾ ਸਾਕਾਰਤਮਕ ਅਤੇ ਆਤਮਿਕ ਢੰਗ ਹੈ। ਦੂਸਰਾ ਸਾਮਵਾਦ 'ਤੇ ਅਧਾਰਿਤ ਇਕ ਨਵੇਂ ਸਮਾਜਿਕ ਪ੍ਰਬੰਧ ਦਾ ਹੈ ਜੋ ਕਿ ਸੰਪਤੀ ਅਤੇ ਪਤਨੀਆਂ ਦੇ ਨਕਾਰਾਤਮਕ ਅਤੇ ਸੰਸਾਰਿਕ ਢੰਗ ਦਾ ਹੈ। ਇਹ ਦੋਨੋਂ ਹੀ ਪ੍ਰਚੱਲਿਤ ਰਾਜਨੀਤੀ ਵਿਚੋਂ ਪੈਦਾ ਹੋਈਆਂ ਵਿਵਹਾਰਕ ਪੇਸ਼ਕਸ਼ਾਂ ਹਨ ਅਤੇ ਉਨ੍ਹਾਂ ਦੀਆਂ ਬੁਰਾਈਆਂ ਦੇ ਇਲਾਜ ਲਈ ਹਨ ਜੋ ਵਿਚਰ ਰਹੇ ਰਾਜਾਂ ਵਿੱਚ ਹਨ। ਇਸ ਤੋਂ ਇਲਾਵਾ ਇਹ ਅਗਿਆਨਤਾ ਅਤੇ ਮਤਲਬਪ੍ਰਸਤੀ (ਸੁਆਰਥ) ਦਾ ਪ੍ਰਤੀਕਰਮ ਹਨ ਅਤੇ ਦੋਵੇਂ ਹੀ ਗਿਆਨ ਅਤੇ ਗੈਰ-ਸੁਆਰਥਪੁਣੇ ਵਾਸਤੇ ਹਨ। ਦੋਵਾਂ ਵਿੱਚੋਂ ਨਵੀਂ ਸਿੱਖਿਆ ਨਵੀਂ ਸਮਾਜਿਕ ਵਿਵਸਥਾ ਨਾਲੋਂ ਵਧੇਰੇ ਮਹੱਤਵਪੂਰਨ ਹੈ। ਇਹ ਪੁਰਾਣੀਆਂ ਬੁਰਾਈਆਂ ਨੂੰ ਇਸ ਦੇ ਸੋਮੇ ਤੱਕ ਛੂਹਣ ਦੀ ਕੋਸ਼ਿਸ਼ ਹੈ ਅਤੇ ਗਲਤ ਤਰੀਕਿਆਂ ਨੂੰ ਸੁਧਾਰਨ ਦੀ ਕੋਸ਼ਿਸ਼ ਹੈ। ਇਸ ਤਰ੍ਹਾਂ ਪਲੈਟੋ ਆਤਮਿਕ ਦਵਾ ਨਾਲ ਹੀ ਆਤਮਕ ਬੁਰਾਈਆਂ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਸੈਬਾਈਨ ਪੂਰੇ ਢਾਂਚੇ ਦੀ ਪ੍ਰਸੰਸਾ ਕਰਦਾ ਹੋਇਆ ਕਹਿੰਦਾ ਹੈ ਕਿ ਭਾਵੇਂ ਪਲੈਟੋ ਨੇ ਸਾਮਵਾਦ ਨਾਲ ਜੁੜਨ ਦੀ ਜ਼ਿਆਦਾ ਮਹੱਤਤਾ ਦਰਸਾਈ ਪਰ ਰਾਜਨੀਤੀਵਾਨਾਂ ਦੇ ਰਸਤੇ ਵਿੱਚ ਰੁਕਾਵਟਾਂ ਹਟਾਉਣ ਦੇ ਪੱਖੋਂ ਇਹ ਸਾਮਵਾਦ ਨਹੀਂ ਸਗੋਂ ਇਹ ਸਿੱਖਿਆ ਸੀ ਜੋ ਕਿ ਉਸ ਦਾ ਮੁੱਖ ਉਦੇਸ਼ ਸੀ। ਇਸ ਤਰ੍ਹਾਂ ਆਧੁਨਿਕ ਪਾਠਕ ਹੈਰਾਨ ਹੋਏ ਬਿਨ੍ਹਾਂ ਨਹੀ ਰਹਿ ਸਕਦਾ ਜਦੋ ਉਹ ਦੇਖਦਾ ਹੈ ਕਿ ਪਲੈਟੋ ਨੇ ਸਿੱਖਿਆ ਨੂੰ ਬੇਤਹਾਸ਼ਾ ਅਹਿਮੀਅਤ ਦਿੱਤੀ। ਪਲੈਟੋ ਸਪੱਸ਼ਟ ਤੌਰ ਤੇ ਕਹਿੰਦਾ ਹੈ ਕਿ ਰਾਜ ਸਰਵ-ਪ੍ਰਥਮ ਤੇ ਸਰਵਉੱਚ ਇੱਕ ਸਿੱਖਿਆ ਦੀ ਸੰਸਥਾ ਹੈ।

ਇਹ ਸਪੱਸ਼ਟ ਹੈ ਕਿ ਪਲੈਟੋ ਸਿੱਖਿਆ ਦੀ ਸੰਸਥਾ ਨੂੰ ਇਕ ਅੰਤਰਮੁਖੀ ਸਾਧਨ ਦੇ ਤੌਰ ਤੇ ਵਰਤਦਾ ਹੈ, ਜੋ ਆਤਮਾ ਨੂੰ ਉਸ ਵਾਤਾਵਰਣ ਵਿਚ ਲੈ ਕੇ ਜਾਂਦੀ ਹੈ ਜਿਥੇ ਉਸਦਾ ਹਰ ਪੜਾਅ ਤੇ ਵਿਕਾਸ ਹੁੰਦਾ ਹੈ। ਉਹ ਡੂੰਘੇ ਤੌਰ ਤੇ ਆਪਣੇ ਗੁਰੂ, ਸੁਕਰਾਤ ਦੇ ਇਸ ਵਿਚਾਰ ਤੋਂ ਪ੍ਰਭਾਵਿਤ ਹੈ ਕਿ "ਸਦਗੁਣ ਹੀ ਗਿਆਨ ਹੈ (Virtue is Knowledge)।" ਜੇ ਗੁਣ (ਸਚਾਈ) ਹੀ ਗਿਆਨ ਹੈ, ਤਾਂ ਇਹ ਪੜ੍ਹਾਈ ਨਾਲ ਹੀ ਆ ਸਕਦੀ ਹੈ ਅਤੇ ਸਿੱਖਿਅਤ ਢਾਂਚਾ ਇਕ ਚੰਗੇ ਰਾਜ ਦਾ ਅਟੁੱਟ ਅੰਗ ਹੈ। ਪਲੈਟੋ ਦੇ ਵਿਚਾਰ ਅਨੁਸਾਰ ਚੰਗੇਰੀ ਸਿੱਖਿਆ ਪ੍ਰਣਾਲੀ ਰਾਹੀਂ ਹਰ ਕਿਸਮ ਦਾ ਸੁਧਾਰ (Improvement) ਸੰਭਵ ਹੈ। ਜੇ ਸਿੱਖਿਆ

ਨੂੰ ਵਿਸਾਰ ਦਿੱਤਾ ਜਾਂਦਾ ਹੈ ਤਾਂ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਰਾਜ ਹੋਰ ਕੀ ਕਰਦਾ ਹੈ।

## 1.7.2 ਪਲੈਟੋ ਦੀ ਸਿੱਖਿਆ ਪ੍ਰਣਾਲੀ ਦਾ ਸਰੂਪ ਅਤੇ ਉਦੇਸ਼

ਪਲੈਟੋ ਸਿੱਖਿਆ ਨੂੰ ਇਕ ਸਮਾਜਿਕ ਪ੍ਰਕਿਰਿਆ ਸਮਝਦਾ ਹੈ ਜਿਸ ਦੁਆਰਾ ਸਮਾਜ ਦੇ ਸਾਰੇ ਅੰਗ ਸਮਾਜਿਕ ਮੰਗਾਂ ਪੂਰੀਆਂ ਕਰਨ ਵਿੱਚ ਇਕ ਦੂਜੇ ਨਾਲ ਸਮਾਜਿਕ ਜਾਗਰੂਕਤਾ ਦੇ ਨਾਲ ਇਕ ਮਿੱਕ ਹੋ ਜਾਂਦੇ ਹਨ। ਇਹ ਉਹ ਸੰਸਥਾ ਹੈ ਜਿਸ ਵਿੱਚ ਵਿਅਕਤੀ ਸਮਾਜ ਵਿੱਚ ਨਿਰਸੁਆਰਥ ਆਪਣੇ ਕਰਤੱਵ ਨਿਭਾਉਣਾ ਸਿੱਖਦਾ ਹੈ। ਪਲੈਟੋ ਦੀ ਸਿੱਖਿਆ ਦੇ ਸਿਧਾਂਤ ਦਾ ਮੰਤਵ, ਜਿਵੇਂ ਕਿ ਗਣਤੰਤਰ ਵਿਚ ਬਿਆਨ ਕੀਤਾ ਗਿਆ ਹੈ, ਰਾਜਨੀਤਿਕ ਅਤੇ ਸਮਾਜਿਕ ਸੁਧਾਰ ਲਿਆਉਣਾ ਹੈ। ਇਹ ਆਤਮਾ ਨੂੰ ਮੁਕਤੀ ਦਿੰਦੀ ਹੈ ਕਿਉਂਕਿ ਇਨਸਾਫ ਦਾ ਸਿਧਾਂਤ ਉਦੋਂ ਤੱਕ ਅਨੁਭਵ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਆਤਮਾ ਰੌਸ਼ਨ ਨਾ ਹੋਵੇ। ਪੂਰੀ ਸਿੱਖਿਆ ਦੀ ਕ੍ਰਿਆ ਗਿਆਨ ਨੂੰ ਆਤਮਾ ਨਾਲ ਜੋੜਦੀ ਨਹੀਂ, ਸਗੋਂ ਉਹਨਾਂ ਗੱਲਾਂ ਨੂੰ ਬਾਹਰ ਲਿਆਉਂਦੀ ਹੈ ਜੋ ਕਿ ਆਤਮਾ ਵਿੱਚ ਮੌਜੂਦ ਹਨ ਅਤੇ ਸੇਧ ਦਿੰਦੀਆਂ ਹੋਣ। ਪਲੈਟੋ ਸਿੱਖਿਆ ਦੇ ਵਿਅਕਤੀਗਤ ਪਹਿਲੂ ਨੂੰ ਵਿਸਾਰਦਾ ਨਹੀਂ ਹੈ। ਉਸ ਦੇ ਅਨੁਸਾਰ, ਸੱਚ ਵੀ ਇੱਕ ਕ੍ਰਿਆ ਹੈ ਜਿਸ ਨੂੰ ਉਹ ਅਨੁਭਵ ਕਰਦਾ ਹੈ, ਕਿਉਂਕਿ ਇਸ ਦਾ ਕੰਮ ਆਤਮਾ ਦੀਆਂ ਅੱਖਾਂ ਖੋਹਲਣਾ ਹੈ ਤਾਂ ਕਿ ਵਿਅਕਤੀ ਅਸਲੀਅਤ ਤੋਂ ਜਾਣੂ ਹੋ ਸਕੇ ਜੋ ਕਿ ਗਿਆਨ ਇੰਦਰੀਆਂ ਦੇ ਸੰਸਾਰ ਪਿੱਛੇ ਹੈ। ਇਸ ਤਰ੍ਹਾਂ ਸਿੱਖਿਆ ਦੀ ਪ੍ਰਣਾਲੀ ਦੇ ਵਿਅਕਤੀਗਤ ਅਤੇ ਸਮਾਜਿਕ ਦੋਵੇਂ ਪਹਿਲੂ ਹਨ। ਪਲੈਟੋ ਦੀ ਸਿੱਖਿਆ ਦਾ ਸਿਧਾਂਤ ਇਕ ਦਮ ਵਾਪਰੇ ਹਾਦਸੇ ਵਾਂਗ ਨਹੀਂ, ਪਰੰਤੂ ਇਹ ਆਦਰਸ਼ ਰਾਜ ਬਣਾਉਣ ਲਈ ਉਸ ਦੇ ਦ੍ਰਿਸ਼ਟੀਕੋਣ ਦਾ ਨਤੀਜਾ ਹੈ। ਸਿੱਖਿਆ ਪ੍ਰਣਾਲੀ ਦਾ ਮੁੱਖ ਮੰਤਵ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੌਰ ਤੇ ਚੰਗੇ ਨਾਗਰਿਕ ਪੈਦਾ ਕਰਨਾ ਹੈ। ਉਹ ਅਸਲ ਵਿੱਚ ਇਹੀ ਚਾਹੁੰਦਾ ਹੈ ਕਿ ਪੂਰੀ ਸਿੱਖਿਆ ਦਾ ਕੰਮ ਆਤਮਾ ਵਿੱਚ ਗਿਆਨ ਨੂੰ ਪਾਉਣਾ ਨਹੀਂ ਹੈ, ਸਗੋਂ ਚੰਗੀਆਂ ਬਾਹਰ ਲਿਆਉਣਾ ਹੈ ਜੋ ਆਤਮਾ ਵਿਚ ਛੁਪੀਆਂ ਹਨ ਅਤੇ ਅਜਿਹਾ ਕਰਨ ਲਈ ਇਸਨੂੰ ਠੀਕ ਚੀਜਾਂ ਵਲ ਲਿਜਾਣਾ ਹੈ। ਇਹ ਮਨੁੱਖੀ ਆਤਮਾ ਨੂੰ ਠੀਕ ਤਰੀਕੇ ਦਾ ਵਾਤਾਵਰਣ ਦੇਣ ਨਾਲ ਹੀ ਹੋ ਸਕਦਾ ਹੈ। ਭਾਵ ਕਿ ਆਤਮਾ ਨੂੰ ਉਸ ਮਾਹੌਲ ਵਿੱਚ ਲਿਆਂਦਾ ਜਾਵੇ ਜਿੱਥੇ ਇਸ ਦਾ ਵਾਧਾ ਅਤੇ ਵਿਕਾਸ ਹੋ ਸਕੇ।

## 1.7.3 ਸਮਕਾਲੀ ਯੂਨਾਨੀ ਸਿੱਖਿਆ (Contemporary Greek Education)

ਪਲੈਟੋ ਦੀ ਸਿੱਖਿਆ ਦੀ ਯੋਜਨਾ ਐਥੇਨੀਅਨ ਅਤੇ ਸਪਾਰਟਨ ਰਾਜਾਂ ਦੇ ਤਰੀਕਿਆਂ (Methods) ਦੇ ਮਿਸ਼ਰਣ ਦਾ ਨਤੀਜਾ ਹੈ। ਇਹਨਾਂ ਵਿਚੋਂ ਹਰੇਕ ਸਿੱਖਿਆ ਪ੍ਰਣਾਲੀ ਦੇ ਆਪਣੇ ਗੁਣ ਅਤੇ ਔਗੁਣ ਸਨ। ਐਥਨਜ਼ ਵਿੱਚ ਸਿੱਖਿਆ ਨਿੱਜੀ ਹੱਥਾਂ ਵਿਚ ਸੀ। ਬੱਚਿਆਂ ਨੂੰ ਆਪਣੀ ਸਮਰੱਥਾ ਅਨੁਸਾਰ ਸਿੱਖਿਆ ਦੇਣ ਵਿੱਚ ਮਾਪੇ ਸੁਤੰਤਰ ਸਨ। ਸਿਰਫ ਲੜਕਿਆਂ ਨੂੰ ਹੀ ਸਿੱਖਿਆ ਦਿੱਤੀ ਜਾਂਦੀ ਸੀ। ਰੋਮਨ ਸਾਮਰਾਜ ਦੇ ਸਮੇ ਤੋਂ ਪਹਿਲਾਂ ਰਾਜ ਵੱਲੋਂ ਸਕੂਲਾਂ ਨੂੰ ਕੋਈ ਸਹਾਇਤਾ ਨਹੀਂ ਦਿੱਤੀ ਜਾਂਦੀ ਸੀ। ਅਥੈਨੀਅਨ ਸਿੱਖਿਆ ਤਿੰਨ ਪੜਾਵਾਂ ਵਿੱਚ ਚਲਦੀ ਸੀ : ਮੁੱਢਲੀ, ਦੂਜੀ ਅਤੇ ਤੀਜੀ। ਮੁੱਢਲੀ ਅਵਸਥਾ ਵਿੱਚ ਸਿਰਫ ਦੋ ਸੰਗੀਤ ਚੀਜ਼ਾਂ ਅਤੇ ਜਿਮਨਾਸਟਿਕ ਲੜਕਿਆਂ ਨੂੰ 6 ਤੋਂ 14 ਸਾਲ ਦੀ ਉਮਰ ਤੱਕ ਸਿਖਾਏ ਜਾਂਦੇ ਸਨ। ਦੂਜੀ ਅਵਸਥਾ ਵਿੱਚ ਪਲੈਟੋ ਦੇ ਸਮੇਂ ਦੋ ਵੱਡੇ ਸਕੂਲ ਸਨ। ਸੋਫਿਸਟਾਂ ਦਾ ਅਤੇ ਸੋਕਰੇਟਸ ਦਾ ਜੋ ਕਿ 14 ਤੋਂ 18 ਸਾਲ ਤੱਕ ਸਾਹਿਤ ਜਾਂ ਅਲੰਕਾਰ ਸ਼ਾਸਤਰ ਅਤੇ ਰਾਜਨੀਤੀ (Rhetoric and Politics) ਦੀ ਉਚ ਸਿੱਖਿਆ ਦਿੰਦੇ ਸਨ। ਤੀਜੀ ਅਵਸਥਾ ਵਿੱਚ ਹਰ ਐਥੀਨੀਅਨ (Athenian) ਨੌਜਵਾਨ ਨੂੰ 18 ਤੋਂ 20 ਸਾਲ ਤੱਕ ਸੈਨਿਕ ਸਿਖਲਾਈ ਦਿੱਦੀ ਜਾਂਦੀ ਸੀ, ਜੋ ਕਿ ਰਾਜ ਦੀ ਜ਼ਿੰਮੇਵਾਰੀ ਸੀ। ਦੂਜੇ ਪਾਸੇ ਸਪਾਰਟਨ (Spartan) ਸਿੱਖਿਆ 7 ਸਾਲ ਤੋਂ ਬਾਅਦ ਦਿੱਤੀ ਜਾਂਦੀ ਸੀ ਜੋ ਕਿ ਰਾਜ ਦੇ ਪੂਰੇ ਅਧਿਕਾਰ ਖੇਤਰ ਵਿੱਚ ਸੀ। ਇਹੋ ਜਿਹੀ ਸਿੱਖਿਆ ਬਰਾਬਰਤਾ (ਸਮਾਨਤਾ) ਦੇ ਸਿਧਾਂਤ ਤੇ ਆਧਾਰਿਤ ਸੀ। ਦੋਨੋਂ ਹੀ ਲਿੰਗਾਂ ਦੇ ਬੱਚਿਆਂ ਨੂੰ ਵਫਾਦਾਰ ਅਤੇ ਬਹਾਦਰ ਨਾਗਰਿਕ ਬਣਨ ਦੀ ਸ਼ੁਰੂ ਵਿੱਚ ਹੀ ਸਿਖਲਾਈ ਦਿੱਤੀ ਜਾਂਦੀ ਸੀ ਤਾਂ ਕਿ ਉਹਨਾਂ ਦੀ ਦਿਲਚਸਪੀ ਰਾਜ ਦੀ ਦਿਲਚਸਪੀ ਦੇ ਨਾਲ ਮਿਲਾਈ ਜਾ ਸਕੇ। ਬੱਚਿਆਂ

ਨੂੰ ਸਾਂਝੀਆਂ ਬੈਰਕਾਂ ਵਿੱਚ ਰੱਖਿਆ ਜਾਂਦਾ ਸੀ। ਇਹ ਅਮੀਰ ਅਤੇ ਗਰੀਬ ਬੱਚਿਆਂ ਵਿਚ ਆਪਸੀ ਬਰਾਬਰਤਾ (ਸਮਾਨਤਾ) ਅਤੇ ਸਮਾਜਿਕ ਭਾਵਨਾ ਨੂੰ ਉਜਾਗਰ ਕਰਨ ਲਈ ਕੀਤਾ ਗਿਆ ਸੀ। ਇਸ ਤਰ੍ਹਾਂ ਸਧਾਰਨ ਸਿੱਖਿਆ ਦਾ ਮੁੱਖ ਮੰਤਵ ਉਹਨਾਂ ਵਿੱਚ ਹੌਸਲਾ ਪੈਦਾ ਕਰਨਾ ਸੀ।

## 1.7.4 ਪਲੈਟੋ ਦੀ ਸਿੱਖਿਆ ਦੀ ਯੋਜਨਾ

ਪਲੈਟੋ ਆਪਣੀ ਸਿੱਖਿਆ ਦੇ ਸਿਧਾਂਤ ਨੂੰ ਐਥੀਨੀਅਨ ਅਤੇ ਸਪਾਰਟਨ ਤਰੀਕੇ ਨਾਲ ਜੋੜਦਾ ਹੈ, ਪਰੰਤੂ ਉਹ ਇਸ ਵਿੱਚ ਆਪਣੇ ਕੁਝ ਤਜਰਬੇ ਵੀ ਸ਼ਾਮਲ ਕਰਦਾ ਹੈ। ਪਲੈਟੋ ਲਈ ਸਿੱਖਿਆ ਇਕ ਮਹਾਨ ਕਾਰਜ ਹੈ। ਇਸ ਦਾ ਕੰਮ ਬਾਹਰਲੀ ਜਾਣਕਾਰੀ ਨੂੰ ਸਿਰਫ ਇਕੱਠਾ ਕਰਨਾ ਨਹੀਂ, ਸਗੋਂ ਆਤਮਾ ਨੂੰ ਉਸ ਦੇ ਵਿਕਾਸ ਲਈ ਸਹੀ ਵਾਤਾਵਰਣ ਮੁਹਈਆ ਕਰਵਾਉਣਾ ਹੈ। ਇਸ ਦਾ ਕੰਮ ਇਹ ਨਹੀਂ ਕਿ ਗਿਆਨ ਨੂੰ ਆਤਮਾ ਵਿਚ ਪਾ ਦਿੱਤਾ ਜਾਵੇ ਪਰੰਤੂ ਵਧੀਆ ਚੀਜ਼ਾਂ ਪੈਦਾ ਕਰਵਾਉਣਾ ਹੈ। ਜੋ ਆਤਮਾ ਨਾਲ ਮੇਲ ਖਾ ਸਕਣ ਅਤੇ ਸਹੀ ਤਰੀਕਿਆਂ (ਕੰਮਾਂ) ਨੂੰ ਸੇਧ ਦੇ ਸਕਣ। ਸਿੱਖਿਆ ਇਕ ਬਹੁਤ ਹੀ ਲੰਬੀ ਪ੍ਰਕ੍ਰਿਆ ਹੈ। ਇਕ ਵਿਅਕਤੀ ਸਿਰਫ ਉਦੋਂ ਹੀ ਨਹੀਂ ਪੜ੍ਹ ਸਕਦਾ ਜਦੋਂ ਉਹ ਜਵਾਨ ਹੈ, ਸਗੋਂ ਉਹ ਬੁਢਾਪੇ ਵਿਚ ਵੀ ਪੜ੍ਹ ਸਕਦਾ ਹੈ। ਸਿੱਖਿਆ ਪਹਿਲੀ ਉਮਰ ਵਿੱਚ ਪੂਰਣ ਤੌਰ ਤੇ ਸਮਾਜਿਕ ਹੁੰਦੀ ਹੈ । ਇਸ ਦਾ ਮੁੱਖ ਨਿਸ਼ਾਨਾ ਨਾਗਰਿਕ ਨੂੰ ਉਸ ਦੇ ਕਰਤੱਵਾਂ ਨੂੰ ਨਿਭਾਉਣ ਲਈ ਤਿਆਰ ਕਰਨਾ ਹੁੰਦਾ ਹੈ। ਬਾਅਦ ਵਾਲੀ ਸਟੇਜ (ਉਮਰ) ਵਿੱਚ ਸਿੱਖਿਆ ਸੱਚ ਦਾ ਰਸਤਾ, ਅੰਤਿਮ ਸਚਾਈ ਦੀ ਝਲਕ ਬਣ ਜਾਂਦੀ ਹੈ ਅਤੇ ਇਸ ਦਾ ਸਮਾਜਿਕ ਪੱਖ ਭਾਰੂ ਨਹੀਂ ਰਹਿੰਦਾ।

## 1.7.5 ਪਲੈਟੋ ਦੀ ਸਿੱਖਿਆ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ

**ਪਹਿਲਾ,** ਪਲੈਟੋ ਦੀ ਸਿੱਖਿਆ ਯੋਜਨਾ 'ਰਾਜ ਦੁਆਰਾ ਨਿਯਮਿਤ ਲਾਜ਼ਮੀ ਸਿੱਖਿਆਂ ਦੀ ਹੈ। ਇਸ ਤਰ੍ਹਾਂ ਸਿੱਖਿਆ ਰਾਜ ਲਈ ਇੰਨੀ ਜ਼ਰੂਰੀ ਹੈ ਕਿ ਵਿਅਕਤੀਆਂ ਨੂੰ ਸਮਾਜ ਦੇ ਲਾਭਦਾਇਕ ਮੈਂਬਰ ਬਣਾਵੇ ਤਾਂ ਫਿਰ ਇਹ ਸਮਝ 'ਚ ਆਉਣ ਵਾਲੀ ਗੱਲ ਹੈ ਕਿ ਇਸ ਦਾ ਪ੍ਰਸ਼ਾਸ਼ਨ ਨਿੱਜੀ ਸੰਸਥਾਵਾਂ ਦੇ ਹੱਥਾਂ ਵਿੱਚ ਨਾ ਰਹੇ। ਉਹ ਪਹਿਲਾ ਦਾਰਸ਼ਨਿਕ ਹੈ ਜੋ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਰਾਜ ਦਾ ਪਹਿਲਾ ਕੰਮ ਇਹ ਹੈ ਕਿ ਉਹ ਦੇਖੇ ਕਿ ਨਾਗਰਿਕ ਸਹੀ ਸਿੱਖਿਆ ਲੈ ਰਹੇ ਹਨ। ਸਿੱਖਿਆ ਰਾਜ ਦੇ ਸੰਗਠਨ ਲਈ ਲਾਭਦਾਇਕ ਹੈ। ਉਹ ਆਪਣੀ ਸਿੱਖਿਆ ਯੋਜਨਾ ਵਿੱਚ ਇਹ ਵੀ ਸੁਝਾਅ ਦਿੰਦਾ ਹੈ ਕਿ ਨਾਗਰਿਕ ਸਮਾਜਿਕ ਸਿੱਖਿਆ ਦੇ ਗਿਆਨ ਦੀ ਰੋਸ਼ਨੀ ਜ਼ਬਰਦਸਤੀ ਗ੍ਰਹਿਣ ਨਾ ਕਰਨ ਬਲਕਿ ਆਪਣਾ ਕਰਤੱਵ ਸਮਝਦੇ ਹੋਏ ਸਿੱਖਿਆ ਗ੍ਰਹਿਣ ਕਰ।

**ਦੂਜਾ,** ਪਲੈਟੋ ਦੀ ਸਿੱਖਿਆ ਦੀ ਸਕੀਮ ਦਾ ਅਰਥ ਆਦਮੀ ਅਤੇ ਔਰਤਾਂ ਦੋਵਾਂ ਲਈ ਹੈ। ਇਹ ਐਥਨਜ਼ ਵਿੱਚ ਪ੍ਰਚਲਤ ਪ੍ਰਕ੍ਰਿਆ ਤੋਂ ਉੱਪਰ ਹੈ, ਜਿੱਥੇ ਔਰਤਾਂ ਨੂੰ ਘਰਾਂ ਦੀਆਂ ਚਾਰ ਦੀਵਾਰੀਆਂ ਵਿਚ ਰੱਖਿਆ ਜਾਂਦਾ ਸੀ ਅਤੇ ਵਿੱਦਿਆ ਤੋਂ ਦੂਰ ਰੱਖਿਆ ਜਾਂਦਾ ਸੀ। ਪਲੈਟੋ ਦੀ ਯੋਜਨਾ ਅਨੁਸਾਰ ਔਰਤਾਂ ਉਹੀ ਕੰਮ ਕਰਨ ਲਈ ਯੋਗ ਹਨ ਜਿਹੜਾ ਆਦਮੀ ਕਰਨਯੋਗ ਹਨ।

**ਤੀਜੇ,** ਪਲੈਟੋ ਸਮਾਨਤਾ ਦੇ ਸਿਧਾਂਤ ਨੂੰ ਸਿੱਖਿਆ ਵਿੱਚ ਬਰਕਰਾਰ ਰੱਖਦਾ ਹੈ। ਘੱਟੋ ਘੱਟ ਇਸ ਦੇ ਸ਼ੁਰੂ ਵਿੱਚ ਇਹ ਸਾਰਿਆਂ ਲਈ ਬਰਾਬਰ ਹੈ। ਰਾਜ ਦੇ ਹਰੇਕ ਮੈਂਬਰ ਨੂੰ ਕਿਸੇ ਖਾਸ ਜਮਾਤ ਜਿਵੇਂ , ਸ਼ਾਸਨ-ਕਰਤਾ, ਲੜਾਕੂ ਅਤੇ ਉਤਪਾਦਨ ਕਰਤਾ, ਆਦਿ, ਲਈ ਤਿਆਰ ਕਰਨਾ ਹੈ। ਵੇਖਣ ਨੂੰ ਇਹ ਜਾਪਦਾ ਹੈ ਕਿ ਉਸ ਦੀ ਪ੍ਰਣਾਲੀ ਵਿੱਚ ਸਿੱਖਿਆ ਸਭ ਲਈ ਹੈ ਪਰੰਤੂ ਇਹ ਗਹੁ ਨਾਲ ਵੇਖਣ ਦੀ ਲੋੜ ਹੈ ਕਿ 'ਗਣਰਾਜ' ਵਿੱਚ ਸਿੱਖਿਆ ਕੇਵਲ ਉਹਨਾਂ ਲਈ ਹੈ ਜਿਹਨਾਂ ਨੇ ਆਦਰਸ਼ਕ ਰਾਜ ਦੇ ਸ਼ਾਸ਼ਕ ਬਣਨਾ ਹੈ।

**ਪਲੈਟੋ ਦੀ ਸਿੱਖਿਆ ਦੋ ਹਿੱਸਿਆ ਵਿੱਚ ਵੰਡੀ ਹੋਈ ਹੈ :- (ੳ) ਮੁੱਢਲੀ ਸਿੱਖਿਆ (ਅ) ਉੱਚ ਸਿੱਖਿਆ ।**

### 1.7.5.1 ਮੁੱਢਲੀ ਸਿੱਖਿਆ

ਮੁੱਢਲੀ ਸਿੱਖਿਆ ਬਚਪਨ ਤੋਂ 20 ਸਾਲ ਤੱਕ ਚਲਦੀ ਹੈ। ਇਸ ਦੇ ਵੱਖੋ ਵੱਖਰੇ ਪੜਾਅ ਹਨ : ਪਹਿਲਾ ਪੜਾਅ ਬੱਚੇ ਦੀ ਮੁੱਢਲੀ ਜ਼ਿੰਦਗੀ ਤੋਂ ਸ਼ੁਰੂ ਹੋ ਕੇ 6 ਸਾਲ ਤੱਕ ਚਲਦਾ ਹੈ। ਇਸ ਵਿੱਚ ਧਰਮ, ਸੱਚ ਅਤੇ ਨੈਤਿਕਤਾ ਦੇ ਪਾਠ ਪੜ੍ਹਾਏ ਜਾਂਦੇ ਹਨ। ਬੱਚੇ ਨੂੰ ਉਚਿਤ ਵਿਵਹਾਰ ਕਰਨ ਅਤੇ ਪਿਆਰ ਬਾਰੇ ਸਿਖਾਇਆ ਜਾਂਦਾ ਹੈ। ਸ਼ੁਰੂ ਵਾਲੇ ਲੜਕਪਣ ਤੋਂ 18 ਸਾਲ ਦੀ ਉਮਰ ਤਕ ਸਿੱਖਿਆ ਸਰੀਰਕ ਅਤੇ ਬੌਧਿਕ ਹੁੰਦੀ ਹੈ। ਜਿਮਨਾਸਟਿਕ ਸਰੀਰ ਲਈ ਅਤੇ ਸੰਗੀਤ ਆਤਮਾ ਲਈ ਹੁੰਦਾ ਹੈ।

ਜਿਮਨਾਸਟਿਕ ਸਰੀਰ ਨੂੰ ਦਿਮਾਗ ਲਈ ਤਿਆਰ ਕਰਦੀ ਹੈ ਅਤੇ ਹੌਸਲੇ ਅਤੇ ਸਹਿਣਸ਼ਕਤੀ ਦੇ ਗੁਣ ਭਰਦੀ ਹੈ। ਹਰੇਕ ਸਕੂਲ ਵਿੱਚ ਜਿਮਨਾਸਟਿਕ ਅਤੇ ਖੇਡ ਦਾ ਮੈਦਾਨ ਹੋਣਾ ਚਾਹੀਦਾ ਹੈ। ਜਦੋਂ ਸਿਹਤ ਸਹੀ ਹੋ ਜਾਂਦੀ ਹੈ ਤਾਂ ਸਾਰੀਆਂ ਦਵਾਈਆਂ ਬੇਲੋੜੀਆਂ ਹੋ ਜਾਂਦੀਆਂ ਹਨ। ਪਰੰਤੂ ਪਲੈਟੋ ਸੋਚਦਾ ਹੈ ਕਿ ਜਿਮਨਾਸਟਿਕ ਅਤੇ ਐਥਲੈਟਿਕ ਆਦਮੀ ਨੂੰ ਇਕ ਤਰਫਾ ਬਣਾ ਦਿੰਦੇ ਹਨ। ਅਸੀਂ ਇਕ ਚੰਗੇ ਸੁਭਾਅ ਵਾਲੇ ਕਿਵੇਂ ਲੱਭਾਂਗੇ ਜਿਸ ਕੋਲ ਬਹੁਤ ਸਾਰਾ ਹੌਸਲਾ ਹੋਵੇ? ਕਿਉਂਕਿ ਇਹ ਇਕ ਦੂਸਰੇ ਦੇ ਉਲਟ ਜਾਪਦੇ ਹਨ। ਪਲੈਟੋ ਨਹੀਂ ਚਾਹੁੰਦਾ ਕਿ ਕੌਮ ਇਨਾਮ ਜਿੱਤਣ ਵਾਲੀ ਅਤੇ ਭਾਰ ਚੁੱਕਣ (Weight Lifters) ਵਾਲਿਆਂ ਦੀ ਹੋਵੇ। ਚੰਗੇ ਸੁਭਾਅ ਵਾਲੀ ਜ਼ਿੰਦਗੀ ਦਾ ਵਿਕਾਸ ਹੋਣਾ ਚਾਹੀਦਾ ਹੈ ਅਤੇ ਪਲੈਟੋ ਨੇ ਇਸ ਮੰਤਵ ਨੂੰ ਪ੍ਰਾਪਤ ਕਰਨ ਲਈ ਸੰਗੀਤ ਦੀ ਸਿੱਖਿਆ ਦੀ ਸਿਫਾਰਿਸ਼ ਕੀਤੀ। ਸੰਗੀਤ ਰਾਹੀਂ ਆਤਮਾ ਨੂੰ ਆਰਾਮ ਮਿਲਦਾ ਹੈ। ਸੰਗੀਤ ਆਚਰਣ ਨੂੰ ਬਦਲ ਦਿੰਦਾ ਹੈ ਅਤੇ ਇਸੇ ਤਰ੍ਹਾਂ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿੱਚ ਹਿੱਸਾ ਪਾਉਂਦਾ ਹੈ। ਇਹ ਇਸ ਕਰਕੇ ਹੀ ਲਾਭਦਾਇਕ ਨਹੀਂ ਕਿ ਇਹ ਆਚਰਣ ਅਤੇ ਭਾਵਨਾਵਾਂ ਨੂੰ ਤਾਜ਼ਗੀ ਦਿੰਦਾ ਹੈ ਬਲਕਿ ਇਹ ਸਿਹਤ ਨੂੰ ਕਾਇਮ ਰੱਖਦਾ ਹੈ। ਇੱਥੇ ਇਸ ਦਾ ਕੰਮ ਇਹ ਨਹੀਂ ਕੀ ਗਿਆਨ ਨੂੰ ਆਤਮਾ ਵਿੱਚ ਪਾ ਦਿੱਤਾ ਜਾਵੇ। ਪਰੰਤੂ ਵਧੀਆ ਚੀਜ਼ਾਂ ਪੈਦਾ ਕਰਵਾਉਣਾ ਹੈ। ਪਲੈਟੋ ਇਥੋਂ ਤੱਕ ਕਹਿੰਦਾ ਹੈ ਕਿ ਕੁਝ ਕੁ ਬਿਮਾਰੀਆਂ ਦਾ ਇਲਾਜ ਵੀ ਸੰਗੀਤ ਨਾਲ ਹੋ ਸਕਦਾ ਹੈ। ਸੰਗੀਤ ਸਿਹਤ, ਸਰੀਰ ਅਤੇ ਆਤਮਾ ਦਾ ਵਿਕਾਸ ਕਰਦਾ ਹੈ। ਕੇਵਲ ਇਕ ਅਥਲੀਟ ਹੋਣਾ ਜਾਂਗਲੀ ਹੋਣ ਦੇ ਸਮਾਨ ਹੈ ਅਤੇ ਕੇਵਲ ਸੰਗੀਤਕਾਰ ਹੋਣ ਦਾ ਭਾਵ ਚੰਗੇ ਹੋਣ ਤੋਂ ਜ਼ਿਆਦਾ ਨਰਮ ਹੋਣਾ। ਦੋਵਾਂ ਨੂੰ ਆਪਸ ਵਿੱਚ ਮਿਲਾਉਣਾ ਚਾਹੀਦਾ ਹੈ। ਪਲੈਟੋ ਦੁਆਰਾ ਸੰਗੀਤ ਨੂੰ ਵਿਸ਼ਾਲ ਅਰਥਾਂ ਵਿੱਚ ਲਿਆ ਗਿਆ ਹੈ। ਇਹ ਕਲਾ ਅਤੇ ਸਾਹਿਤ ਦਾ ਮੇਲ ਹੈ। ਇਹ ਦਿਮਾਗ ਨੂੰ ਸਿੱਖਣ ਦੀ ਪ੍ਰਕਿਰਿਆ ਹੈ ਤਾਂ ਕਿ ਵਿਵੇਕ ਦੀ ਸ਼ਕਤੀ ਦਾ ਵਿਕਾਸ ਹੋ ਸਕੇ। ਪਰ ਕਵਿਤਾ ਦੇ ਪਲੈਟੋ ਬਹੁਤਾ ਹੱਕ ਵਿੱਚ ਨਹੀਂ ਸੀ, ਕਿਉਂਕਿ ਇਹ ਵਿਵੇਕ ਘੱਟ ਤੇ ਭਾਵਨਾਤਮਕ ਜ਼ਿਆਦਾ ਹੈ। ਇਥੋਂ ਤੱਕ ਕਿ ਗਣਿਤ, ਇਤਿਹਾਸ ਅਤੇ ਵਿਗਿਆਨ ਵੀ ਗੀਤਾਂ ਕਵਿਤਾਵਾਂ ਰਾਹੀਂ ਪੜ੍ਹਾਏ ਜਾ ਸਕਦੇ ਹਨ। ਪਰੰਤੂ ਇਸ ਸੰਬੰਧੀ ਕੋਈ ਪਾਬੰਦੀ ਵੀ ਨਹੀਂ ਹੈ, ਇਹ ਪੜ੍ਹਾਈ ਬੱਚੇ ਦੇ ਦਿਮਾਗ ਤੇ ਠੋਸੀ ਨਹੀਂ ਜਾ ਸਕਦੀ। ਇਸ ਤਰ੍ਹਾਂ ਸਿੱਖਿਆ ਪ੍ਰਦਾਨ ਕਰਨਾ ਪਲੈਟੋ ਦੀ ਮਨੋਵਿਗਿਆਨਕ ਪਹੁੰਚ ਦਾ ਪ੍ਰਤੀਕ ਹੈ।

ਪਲੈਟੋ ਗਣਤੰਤਰ ਵਿੱਚ ਨੈਤਿਕ ਸਿੱਖਿਆ ਦੀ ਲੋੜ ਵੀ ਮਹਿਸੂਸ ਕਰਦਾ ਹੈ। ਉਹ ਇਸ ਗੱਲੋਂ ਚੇਤੰਨ ਹੈ ਕਿ ਮਨੁੱਖ ਵਿਚ ਬੁਨਿਆਦੀ ਤੌਰ 'ਤੇ ਕਬਜ਼ੇ ਦੀ ਭਾਵਨਾ ਹੈ। ਉਹ ਲੜਾਕੂ ਅਤੇ ਕਾਮਕ ਹੈ। ਮਨੁੱਖ ਦੇ ਇਸ ਸੁਭਾਅ ਉਪਰ ਧਰਮ ਦੇ ਪਰਾ ਕੁਦਰਤੀ ਅਸਰ ਨਾਲ ਕਾਬੂ ਪਾਇਆ ਜਾਣਾ ਹੈ। ਉਹ ਇਸ ਗੱਲ ਤੋਂ ਜਾਣੂ ਹੈ ਅਤੇ ਵਿਸ਼ਵਾਸ਼ ਕਰਦਾ ਹੈ ਕਿ ਇਕ ਕੌਮ ਸ਼ਕਤੀਸ਼ਾਲੀ ਨਹੀਂ ਹੋ ਸਕਦੀ ਹੈ ਜਦੋਂ ਤਕ ਇਹ ਪਰਮਾਤਮਾ ਵਿੱਚ ਵਿਸ਼ਵਾਸ ਨਹੀਂ ਕਰਦੀ। ਪਲੈਟੋ ਵੀ ਆਤਮਾ ਦੀ ਅਮਰ ਹੋਂਦ ਅਤੇ ਪੁਨਰ ਜਨਮ ਲੈਣ ਤੇ ਵਿਸ਼ਵਾਸ਼ ਕਰਦਾ ਹੈ। ਉਸ ਦੇ ਮੁਤਾਬਿਕ ਬੱਚਿਆਂ ਨੂੰ ਇਸ ਤਰ੍ਹਾਂ ਗਿਆਨ ਦੇਣਾ ਚਾਹੀਦਾ ਹੈ। ਸਮਾਜ ਦੇ ਮੈਂਬਰਾਂ ਨੂੰ ਇਹ ਚਾਹੀਦਾ ਹੈ ਕਿ ਉਹ ਜਾਣਨ ਕਿ ਉਹ ਇਕੋ ਸਮਾਜ ਦੇ ਮੈਂਬਰ ਹਨ ਅਤੇ ਉਹਨਾਂ

ਨੂੰ ਸਹਿਯੋਗ ਅਤੇ ਮਿਲਵਰਤਨ ਦੀ ਭਾਵਨਾ ਨਾਲ ਰਹਿਣਾ ਚਾਹੀਦਾ ਹੈ। 18 ਤੋਂ 20 ਸਾਲ ਦੀ ਆਯੂ ਵਿੱਚ ਹੌਂਸਲਾ ਤੇ ਸਵੈ-ਸੰਜਮ, ਚਰਿੱਤਰ ਤੇ ਜਾਬਤਾ ਵਿਕਸਿਤ ਕਰਨ ਦੇ ਉਦੇਸ਼ ਨਾਲ ਸੈਨਿਕ ਅਭਿਆਸਾਂ ਸਮੇਤ ਜਿਮਨਾਸਟਿਕ ਦੀ ਸਿੱਖਿਆ ਜ਼ਰੂਰੀ ਹੈ।

## 1.7.5.2 ਉੱਚ ਸਿੱਖਿਆ

ਮੁੱਢਲੀ ਸਿੱਖਿਆ ਦਾ ਅਰਥ ਨੌਜਵਾਨਾਂ ਨੂੰ ਸਮਾਜਿਕ ਗੁਣਾ ਬਾਰੇ ਸਿਖਲਾਈ ਦੇਣਾ ਸੀ। ਉੱਚ ਵਿੱਦਿਆ ਮੱਧਵਰਗੀ ਉਮਰ ਦੀ ਉਹ ਸਿੱਖਿਆ ਹੈ ਜਿਸਦਾ ਉਦੇਸ. ਕੁੱਝ ਚੁਣੇ ਹੋਇ ਨੂੰ ਵਿਦਿਆਰਥੀਆਂ ਰਾਜ ਦੇ ਸਰਪ੍ਰਸਤ ਜਾਂ ਸ਼ਾਸ਼ਕਾਂ ਬਣਨ ਦੀ ਸਿੱਖਿਆ ਦੇਣਾ ਹੈ। ਵੀਹ ਸਾਲ ਦੀ ਉਮਰ ਵਿੱਚ ਬੌਧਿਕ ਸਮਰੱਥਾ ਪਰਖਣ ਲਈ ਜਨਤਕ ਇਮਤਿਹਾਨ ਹੋਵੇਗਾ। ਜੋ ਇਸ ਮੁੱਢਲੇ ਇਮਤਿਹਾਨ ਵਿੱਚ ਅਸਫਲ ਹੋ ਜਾਣਗੇ ਉਹਨਾਂ ਨੂੰ ਕੰਮ ਸੌਂਪੇ ਜਾਣਗੇ ਉਹਨਾਂ ਨੂੰ ਅਗਲੇਰੀ ਸਿੱਖਿਆ ਤੋਂ ਵੰਚਿਤ ਕਰ ਦਿੱਤਾ ਜਾਵੇਗਾ। ਉਹਨਾਂ ਨੂੰ ਆਰਥਿਕ ਜਿਵੇਂ : ਵਿਉਪਾਰੀ, ਕਲਰਕ, ਸਨਅਤ, ਮਜ਼ਦੂਰ ਅਤੇ ਕਿਸਾਨ, ਆਦਿ ਸੌਂਪੇ ਜਾਣਗੇ। ਉਹ ਜੋ ਇਹ ਇਮਤਿਹਾਨ ਪਾਸ ਕਰਦੇ ਹਨ ਉਹ ਉੱਚ ਸਿੱਖਿਆ ਪ੍ਰਾਪਤ ਕਰਨਗੇ। ਇਹ ਅੱਗੇ ਜਾ ਕੇ ਦੋ ਹਿੱਸਿਆਂ ਵਿੱਚ ਵੰਡੀ ਜਾਂਦੀ ਹੈ :- 20 ਤੋਂ 30 ਅਤੇ 30 ਤੋਂ 35 ਸਾਲ : **ਪਹਿਲੇ ਹਿੱਸੇ** ਵਿੱਚ ਆਦਮੀ ਅਤੇ ਔਰਤਾਂ ਨੂੰ ਕ੍ਰਮਬੱਧ ਵਿਗਿਆਨਿਕ ਸਿੱਖਿਆ ਦਿੱਤੀ ਜਾਂਦੀ ਹੈ। ਇਸ ਪੜਾਅ ਵਿੱਚ ਸਿੱਖਿਆ ਦਿਮਾਗੀ ਅਤੇ ਸਰੀਰਕ ਦੋਵੇਂ ਤਰ੍ਹਾਂ ਦੀ ਹੈ। ਕੁਦਰਤੀ ਅਤੇ ਗਣਿਤ ਵਿਗਿਆਨ ਪੜ੍ਹਾਏ ਜਾਂਦੇ ਹਨ। ਜ਼ਿਆਦਾ ਜ਼ੋਰ ਹਿਸਾਬ ਅਤੇ ਰੇਖਾ-ਗਣਿਤ, ਪੁਲਾੜ ਗਿਆਨ, ਤਰਕ ਤੇ ਦਵੰਦਾਤਕ ਸ਼ਕਤੀ ਦੇ ਵਿਕਾਸ ਉੱਪਰ ਦਿੱਤਾ ਜਾਂਦਾ ਹੈ। ਇਸ ਵਿੱਚ ਲੋਕ (Public) ਸੇਵਾ, ਖਾਸ ਤੌਰ ਤੇ ਸੈਨਿਕ ਸੇਵਾ, ਦੀ ਸਿਖਲਾਈ ਵੀ ਹੋਵੇਗੀ।

**ਦੂਜਾ ਪੜਾਅ,** ਜਿਸ ਵਿੱਚ 30 ਤੋਂ 35 ਸਾਲ ਦੀ ਉਮਰ ਦੇ ਵਿਅਕਤੀ ਸ਼ਾਮਲ ਹਨ। 30 ਸਾਲ ਦੀ ਉਮਰ ਵਿੱਚ ਉਹ ਦੂਜੇ ਮੁੱਢਲੇ ਪੜਾਅ ਦੇ ਇਮਤਿਹਾਨ ਦਾ ਸਾਹਮਣਾ ਕਰਨਗੇ, ਜਿਹੜਾ ਕਿ ਪਹਿਲਾਂ ਨਾਲੋਂ ਜ਼ਿਅਦਾ ਮੁਸ਼ਕਲ ਹੋਵੇਗਾ। ਉਹ ਜੋ ਇਸ ਇਮਤਿਹਾਨ ਵਿੱਚ ਅਸਫਲ ਹੋ ਜਾਣਗੇ ਉਹ ਕਾਰਜਕਾਰੀ ਸਹਾਇਕ ਅਤੇ ਰਾਜ ਦੇ ਸੈਨਿਕ ਅਫਸਰ ਹੋਣਗੇ।

**ਦੂਜਾ ਪੜਾਅ** ਉੱਚ ਸਿੱਖਿਆ ਦੇ ਪੰਜ ਸਾਲਾਂ ਦੇ ਛੋਟੇ ਜਿਹੇ ਸਮੇਂ ਦਾ ਹੈ। ਇਸ ਵਿੱਚ ਦਵੰਦਵਾਦ ਦਾ ਅਧਿਐਨ ਸ਼ਾਮਿਲ ਹੈ। ਜਿਸ ਰਾਹੀਂ ਇਹ ਵੇਖਣਾ ਹੈ ਕਿ ਮਨੋਵੇਗਾਂ ਤੋਂ ਆਪਣੇ ਆਪ ਨੂੰ ਮੁਕਤ ਕਰਨ ਦੀ ਸਮਰੱਥਾ ਕਿਸ ਵਿੱਚ ਹੈ। ਦਵੰਦ (Dialectic) ਉਹ ਯੰਤਰ ਹੈ ਜਿਸ ਨਾਲ ਸਵੱਛ ਵਿਚਾਰਾਂ ਦਾ ਗਿਆਨ, ਭਾਵ ਉੱਚ ਸੱਚਾਈ ਹੈ, ਪ੍ਰਾਪਤ ਕੀਤਾ ਜਾਂਦਾ ਹੈ। ਇਹਨਾਂ ਵਿਚਾਰਾਂ ਵਿੱਚ ਸਰਵਉਤਮ ਵਿਚਾਰ ਚੰਗਿਆਈ ਦਾ ਹੈ ਜੋ ਸਾਰੀ ਹੋਂਦ ਦਾ ਕਾਰਨ ਹੈ ਜੋ ਗਿਆਨ ਦਾ ਉਦੇਸ਼ ਹੈ। ਦਾਰਸ਼ਨਿਕ ਸ਼ਾਸ਼ਕ ਇਹਨਾਂ ਪੰਜ ਸਾਲਾਂ ਦੇ ਦੌਰਾਨ ਚੰਗੇ ਵਿਚਾਰਾਂ ਦੀ ਤੁਲਨਾ ਕਰਨ, ਸਹਿਯੋਗ ਅਤੇ ਨੇਕੀ ਦਾ ਗਿਆਨ ਪ੍ਰਾਪਤ ਕਰੇ ਅਰਥਾਤ ਉਹ ਚੰਗਿਆਈ ਦੇ ਵਿਚਾਰ ਨੂੰ ਸਮਕਣ ਦੇ ਯੋਗ ਹੋਣੇ ਚਾਹੀਦੇ ਹਨ। ਉਹ ਰਾਜ ਕਰਨ ਦੇ ਯੋਗ ਬਣ ਜਾਣਗੇ ਅਸਲ ਵਿੱਚ ਪਲੈਟੋ ਦੇ ਅਨੁਸਾਰ ਆਦਰਸ਼ ਰਾਜ ਵਿੱਚ ਬਣਨ ਵਾਲੇ ਸ਼ਾਸ਼ਕ ਇਸ ਉੱਚ ਸਿੱਖਿਆ ਦਾ ਹੀ ਉਤਪਾਦਨ ਹਨ।

ਦਵੰਦਵਾਦ ਦੀ ਪੜ੍ਹਾਈ ਦੇ ਪੰਜ ਸਾਲਾਂ ਦੇ ਬਾਅਦ ਪੰਦਰਾਂ ਸਾਲਾਂ ਦਾ ਵਿਵਹਾਰਿਕ ਤਜ਼ਰਬਾ ਆਉਂਦਾ ਹੈ। ਭਾਵ ਸ਼ਾਸ਼ਨ ਕਾਰਜ। ਪਲੈਟੋ ਦੀ ਸਿੱਖਿਆ ਪੱਦਤੀ ਦੇ ਵਿਸਤ੍ਰਿਤ ਪਾਠਕ੍ਰਮ ਦੀ ਪੜ੍ਹਾਈ ਤੋਂ ਇਹ ਸਾਹਮਣੇ ਆਉਂਦਾ ਹੈ ਕਿ ਪੈਂਤੀ ਸਾਲ ਦੀ ਉਮਰ ਤੋਂ ਬਾਅਦ ਹੀ ਸੰਪੂਰਨ ਸ਼ਾਸ਼ਕ ਲੋਕ ਪ੍ਰਸ਼ਾਸਨ ਦੀ ਜ਼ਿੰਮੇ ਵਾਰੀ ਮੋਢਿਆਂ ਤੇ ਚੁੱਕ ਸਕਦੇ ਹਨ। ਪਰ ਪਲੈਟੋ ਦੀਆਂ ਸਿਫਾਰਸ਼ਾਂ ਦਾ ਇਥੇ ਅੰਤ ਨਹੀਂ ਹੁੰਦਾ। ਜੋ ਉਹ ਅਸਲ ਵਿੱਚ ਚਾਹੁੰਦਾ ਹੈ, ਉਹ ਇਹ ਹੈ ਕਿ ਸੰਪੂਰਣ ਸ਼ਾਸ਼ਕਾਂ ਨੂੰ ਦਾਰਸ਼ਨਿਕ ਸਿੱਖਿਆ ਅਤੇ ਚੰਗੇ ਵਿਚਾਰ ਦਾ ਅਧਿਐਨ, ਵਿੱਚ 50 ਸਾਲਾਂ ਦੀ ਉਮਰ ਤੋਂ ਬਾਅਦ ਹੀ ਕਰਨਾ ਚਾਹੀਦਾ ਹੈ। ਸਿੱਖਿਆ ਪਲੈਟੋ ਦੇ ਮੁਤਾਬਿਕ ਜ਼ਿੰਦਗੀ ਦੀ ਇੱਕ ਲੰਬੀ ਪ੍ਰਕਿਰਿਆ ਹੈ। ਇਸ ਦਾ ਅੰਤ ਨਹੀਂ ਹੈ। ਮਹੱਤਵਪੂਰਣ ਵਿਚਾਰ

ਇਹ ਹੈ ਕਿ ਹੁਣ ਪਲੈਟੋ ਸ਼ੁੱਧ ਦਰਸ਼ਨ ਸ਼ਾਸ਼ਤਰ ਦਾ ਅਧਿਆਪਨ ਅਤੇ ਉਹਨਾਂ ਦੇ ਵਾਰਸਾਂ ਨੂੰ ਦਾਰਸ਼ਨਿਕ ਸਿੱਖਿਆ, ਸੇਧ ਅਤੇ ਸਿਖਲਾਈ ਉਹਨਾਂ ਦੇ ਸੁਭਾਅ ਮੁਤਾਬਕ ਦੇਣਾ ਆਪਣੇ ਸੰਪੰਨ (Perfect) ਸ਼ਾਸ਼ਕਾਂ ਤੇ ਛੱਡਦਾ ਹੈ।

ਇਸ ਤਰ੍ਹਾਂ ਪਲੈਟੋ ਦੇ ਸਿਖਿਆ ਦੇ ਸਿਧਾਂਤ ਦਾ ਮੰਤਵ ਸੰਪੂਰਨ ਸਰਪ੍ਰਸਤਾਂ ਦਾ ਸ਼ਾਸ਼ਨ ਹਾਸਲ ਕਰਨਾ ਹੈ ਜੋ ਜਵਾਨੀ ਦੀ ਗਤੀਸ਼ੀਲਤਾ ਅਤੇ ਜ਼ਿੰਦਗੀ ਦੇ ਲੰਬੇ ਅਧਿਐਨਾਂ ਤੋਂ ਬਾਅਦ ਰਾਸ਼ਟਰ ਚਲਾਉਂਦੇ ਹਨ ਤੇ ਇਸ ਤੋਂ ਬਾਅਦ ਵੀ ਫਿਲਾਸਫੀ ਤੇ ਸਖਤ ਅਧਿਐਨ ਅਤੇ ਸਖਤ ਸਵੈ-ਜਾਬਤੇ ਰਾਹੀਂ ਆਤਮਾ ਨੂੰ ਰੌਸ਼ਨ ਕਰਨਾ ਲੋਚਦੇ ਹਨ।

## 1.7.6 ਪੜਚੋਲ

ਪਲੈਟੋ ਦੀ ਸਿੱਖਿਆ ਯੋਜਨਾ ਦੀ ਕਈ ਪੱਖਾਂ ਤੋਂ ਪੜਚੋਲ ਕੀਤੀ ਜਾਂਦੀ ਹੈ :

(1) ਪਲੈਟੋ ਦੀ ਸਿੱਖਿਆ ਦੀ ਯੋਜਨਾ ਜ਼ਿੰਦਗੀ ਦੇ ਨਾਲ-ਨਾਲ ਚਲਦੀ ਹੈ। ਜ਼ਿੰਦਗੀ ਦਾ ਬਹੁਤ ਹਿੱਸਾ ਸਿੱਖਿਆ ਵਿੱਚ ਹੀ ਸਮਰਪਿਤ ਹੋ ਜਾਂਦਾ ਹੈ। ਦੂਜੇ ਕੰਮਾਂ ਲਈ ਕਿਸੇ ਕੋਲ ਕੋਈ ਸਮਾਂ ਨਹੀਂ ਰਹਿੰਦਾ।

(2) ਹਾਲਾਂਕਿ ਪਲੈਟੋ ਆਰਥਿਕ ਜਮਾਤ ਨੂੰ ਸਿੱਖਿਆ ਤੋਂ ਕਿਤੇ ਵੀ ਵਾਂਝੇ ਰੱਖਣ ਬਾਰੇ ਨਹੀਂ ਕਹਿੰਦਾ ਪਰੰਤੂ ਉਸ ਦਾ ਸਾਰਾ ਧਿਆਨ ਸਰਪ੍ਰਸਤਾਂ ਵੱਲ ਹੀ ਰਹਿੰਦਾ ਹੈ। ਇਹ ਉਸ ਦੀ ਸ਼ਾਹੀ ਪਹੁੰਚ (Aristocrative Approach) ਦਾ ਸਿੱਧਾ ਸੰਕੇਤ ਹੈ। ਉਹ ਸਿਰਫ ਸਰਪ੍ਰਸਤਾਂ ਨੂੰ ਹੀ ਸਿੱਖਿਆ ਅਤੇ ਗਿਆਨ ਦੇਣ ਬਾਰੇ ਗੱਲ ਕਰਦਾ ਹੈ। ਉਹ ਬਹੁਤ ਸਾਰੀਆਂ ਜਮਾਤਾਂ, ਜਿਵੇਂ, ਕਿਸਾਨ, ਕਲਾਕਾਰ, ਕਿਰਤੀ, ਆਦਿ, ਨੂੰ ਵਿਸਾਰ ਦਿੰਦਾ ਹੈ। ਸ਼ਾਇਦ ਪਲੈਟੋ ਆਰਥਿਕ ਜਮਾਤ ਨੂੰ ਸਿੱਖਿਆ ਦੇਣ ਬਾਰੇ ਕੋਈ ਪ੍ਰਵਾਹ ਨਹੀਂ ਕਰਦਾ ਜੋ ਕਿ ਗੈਰ-ਲੋਕਤੰਤਰੀ ਹੈ।

(3) ਪਲੈਟੋ ਦਾ ਕਲਾ ਬਾਰੇ ਵਿਚਾਰ ਕੋਈ ਬਹੁਤਾ ਚੰਗਾ ਨਹੀਂ ਕਿਉਂਕਿ ਉਸ ਨੂੰ ਕਵਿਤਾ ਵਿੱਚ ਕੋਈ ਦਿਲਚਸਪੀ ਨਹੀਂ। ਉਹ ਕਲਾ ਅਤੇ ਕਵਿਤਾ ਦੇ ਉੱਪਰ ਸੈਂਸਰਸ਼ਿਪ ਦੀ ਦਲੀਲ ਦਿੰਦਾ ਹੈ। ਇਹ ਕਲਾਤਮਕ ਰੁਚੀਆਂ ਦੇ ਖੁੱਲ੍ਹੇ ਪ੍ਰਗਟਾਵੇ ਲਈ ਨੁਕਸਾਨਦੇਹ ਹੋਵੇਗੀ। ਰਾਜ ਦੀ ਸੈਂਸਰਸ਼ਿਪ ਵਿਚ ਕਲਾ ਅਤੇ ਸਾਹਿਤ ਦਾ ਵਿਕਾਸ ਨਹੀਂ ਹੋ ਸਕਦਾ।

(4) ਉਸ ਦੀ ਸਿੱਖਿਆ ਦੀ ਥਿਊਰੀ ਕਰਮ ਅਤੇ ਵਿਚਾਰ ਵਿਚਕਾਰ ਡੋਲਦੀ ਹੈ। ਕਦੇ ਨਿਸ਼ਾਨਾ 'ਚੰਗਿਆਈ ਦਾ ਵਿਚਾਰ' ਹੈ ਅਤੇ ਕਦੇ ਸੰਪੂਰਣ ਸਵੈਵਿਕਾਸ ਅਤੇ ਕਦੇ ਸਮਾਜਿਕ ਪ੍ਰਾਪਤੀ, ਆਦਿ।

ਇਸ ਉਸਦੀ ਦਲੀਲ ਵਿਚ ਇਕਸਾਰਤਾ ਨਹੀਂ ਰਹਿੰਦੀ।

(5) ਇਹ ਸਿਖਿਆ ਪ੍ਰਣਾਲੀ ਸਰਪ੍ਰਸਤਾਂ ਨੂੰ ਫੌਜੀ ਜਿੰਦਗੀ ਤੱਕ ਸੀਮਿਤ ਕਰ ਦਿੰਦੀ ਹੈ। ਇਹ ਸਕੀਮ 35 ਸਾਲ ਤੱਕ ਲੰਬੀ ਹੈ ਜੋ ਕਿ ਆਦਮੀ ਵਿਚ ਪਹਿਲ ਕਦਮੀ (Initiative) ਨੂੰ ਮਾਰ ਦਿੰਦੀ ਹੈ। ਇਸ ਤੋਂ ਇਲਾਵਾ, ਇਹ ਮਹਿੰਗੀ ਹੈ ਅਤੇ ਅਮਲਯੋਗ ਨਹੀਂ।

(6) ਇਹ ਸਿਧਾਂਤ ਹਿਸਾਬ ਨੂੰ ਜ਼ਿਆਦਾ ਅਤੇ ਸਾਹਿਤ ਨੂੰ ਘੱਟ ਮਹੱਤਤਾ ਦੇਂਦਾ ਹੈ। ਇਸ ਤਰ੍ਹਾਂ ਦੀ ਪ੍ਰਣਾਲੀ ਆਦਰਸ਼ ਦਾਰਸ਼ਨਿਕ ਪੈਦਾ ਕਰੇਗੀ ਪਰ ਕੰਮ ਕਰਨ ਵਾਲੇ ਆਦਰਸ਼ ਆਦਮੀ ਨਹੀਂ। ਇਹ ਪ੍ਰਣਾਲੀ ਬਹੁਤ ਥੋੜ੍ਹੇ ਲੋਕਾਂ ਲਈ ਹੈ। ਇਸ ਦੁਆਰਾ ਬਹੁਮਤ ਦਾ ਫਾਇਦਾ ਨਹੀਂ ਹੋ ਸਕਦਾ।

(7) ਪਲੈਟੋ ਦੀ ਸਿੱਖਿਆ ਰਾਜ ਦੁਆਰਾ ਨਿਯੰਤਰਿਤ (Controlled) ਸਿੱਖਿਆ ਹੈ। ਅਸਲ ਵਿੱਚ ਉਸ ਦੀ ਸਿੱਖਿਆ ਯੋਜਨਾ ਦਾ ਮੰਤਵ ਵਿਅਕਤੀ ਦਾ ਵਿਕਾਸ ਨਹੀਂ ਬਲਕਿ ਰਾਜ ਦਾ ਵਿਕਾਸ ਹੈ। ਉਹ ਵਿਅਕਤੀ ਨੂੰ ਘੱਟ ਮਹੱਤਤਾ ਦਿੰਦਾ ਹੈ ਉਹ ਇਹ ਮਹਿਸੂਸ ਨਹੀਂ ਕਰਦਾ ਕਿ ਸਿੱਖਿਆ ਵਿਅਕਤੀ ਨਾਲ ਸੰਬੰਧਤ ਹੋਣੀ ਚਾਹੀਦੀ ਹੈ।

ਉਪਰੋਕਤ ਆਲੋਚਨਾ ਦੇ ਬਾਵਜੂਦ, ਪਲੈਟੋ ਦਾ ਸਿੱਖਿਆ ਪ੍ਰਣਾਲੀ ਦੀ ਆਪਣੀ ਮਹੱਤਤਾ ਹੈ।

## 1.7.7 ਪਲੈਟੋ ਦੇ ਸਿੱਖਿਆ ਦੇ ਸਿਧਾਂਤ ਦੇ ਗੁਣ ਜਾਂ ਮਹੱਤਤਾ

ਇਕ ਆਦਰਸ਼ ਰਾਜ ਦੇ ਸੰਗਠਨ ਵਿੱਚ ਪਲੈਟੋ ਦੀ ਪੂਰਣ ਸਿੱਖਿਆ ਦੀ ਪ੍ਰਣਾਲੀ ਪਹਿਲਾਂ ਹੀ ਜਾਣੀ ਪਹਿਚਾਣੀ ਹੈ। ਇਕ ਆਧੁਨਿਕ ਸਿੱਖਿਅਕ ਪਲੈਟੋ ਦੀ ਸਿੱਖਿਆ ਦੀ ਥਿਊਰੀ ਤੋਂ ਬਹੁਤ ਕੁੱਝ ਜਾਣ ਜਾਵੇਗਾ। ਬੱਚੇ ਦੀ ਸਿੱਖਿਆ ਵਿੱਚ ਵਾਤਾਵਰਣ ਦਾ ਮਹੱਤਵ, ਵੱਖ-ਵੱਖ ਪੜਾਵਾਂ ਵਿੱਚ ਸਿੱਖਿਆ ਦੀ ਵੰਡ, ਬੱਚੇ ਨੂੰ ਸਿੱਖਿਆ ਦੀ ਕ੍ਰਿਆ ਵਿੱਚ ਤੇਜ਼ ਕਾਰਗੁਜ਼ਾਰੀ ਕਰਨ ਦਾ ਮੌਕਾ ਦੇਣਾ ਸ਼ਾਮਲ ਹੈ। ਇਹ ਪਲੈਟੋ ਦੀ ਸਿੱਖਿਆ ਦੀ ਯੋਜਨਾ ਦੇ ਕੁਝ ਸਿਧਾਂਤ ਹਨ।

ਪਲੈਟੋ ਨਾ ਸਿਰਫ ਸਰੀਰਕ, ਦਿਮਾਗੀ ਅਤੇ ਆਤਮਿਕ ਸਿੱਖਿਆ ਤੇ ਜ਼ੋਰ ਦਿੰਦਾ ਹੈ, ਬਲਕਿ ਉਹ ਆਪਣੇ ਦ੍ਰਿਸ਼ਟੀਕੋਣ ਵਿੱਚ ਵੀ ਆਧੁਨਿਕ ਹੈ ਅਤੇ ਕਾਫੀ ਜ਼ਿਆਦਾ ਕਿੱਤਿਆਂ ਦੀ ਆਜ਼ਾਦੀ ਦਿੰਦਾ ਹੈ। ਪਲੈਟੋ ਦੀ ਸਿੱਖਿਆ ਇਕ ਉਸ ਦਾਰਸ਼ਨਿਕ ਦਾ ਵਿਕਾਸ ਕਰਦੀ ਹੈ ਜੋ ਕਰਮਯੋਗੀ ਹੈ, ਇਕ ਭੁਲੱਕੜ (ਜਾਂ ਲਾਪ੍ਰਵਾਹ) ਨਹੀਂ ਅਤੇ ਯੂਨੀਵਰਸਿਟੀ ਦੀ ਦਾਰਸ਼ਨਿਕ ਕੁਰਸੀ ਦਾ ਸ਼ਿੰਗਾਰ ਨਹੀਂ ਹੈ। ਸਿੱਖਿਆ ਦੀ ਪੂਰੀ ਕ੍ਰਿਆ ਜੋ ਕਿ ਨੌਜਵਾਨਾਂ ਦੇ ਸਾਹਮਣੇ ਪੇਸ਼ ਕੀਤੀ ਗਈ ਹੈ ਸਾਰੀ ਨੈਤਿਕ ਤੌਰ ਤੇ ਸੱਚੀ ਹੈ। ਵਿਅਕਤੀ ਦੀ ਆਤਮਾ ਨੂੰ ਉੱਪਰ ਚੁੱਕਣ ਦਾ ਇਸ ਦਾ ਨਿਸ਼ਾਨਾ, ਆਧੁਨਿਕ ਉਦਾਰਵਾਦੀ ਸਿੱਖਿਆ ਨਾਲ ਪੂਰਣ ਤੌਰ ਤੇ ਮੇਲ ਖਾਂਦਾ ਹੈ। ਆਖਰ ਵਿੱਚ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਚੰਗੀ ਸਿੱਖਿਆ ਇਕ ਚੰਗੇ ਰਾਜ ਦੀ ਨੀਂਹ ਹੈ।

## 1.7.8 Suggested Questions

1. ਪਲੈਟੋ ਦੇ ਸਿੱਖਿਆ ਦੇ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ ਕਰੋ।
2. ਪਲੈਟੋ ਸਿੱਖਿਆ ਦੀ ਉੱਚੀ ਅਵਸਥਾ ਕਿਵੇਂ ਦਾਰਸ਼ਨਿਕ ਰਾਜੇ ਪੈਦਾ ਕਰਦੀ ਹੈ?

**ਛੋਟੇ ਸੁਆਲ**

1. ਪਲੈਟੋ ਦੇ ਉੱਚੀਆਂ ਸ਼੍ਰੇਣੀਆਂ ਲਈ ਸਿੱਖਿਆ ਨੂੰ ਕਿੰਨੀਆਂ ਅਵਸਥਾਵਾਂ ਵਿੱਚ ਵੰਡਿਆ ਅਤੇ ਉਸ ਦਾ ਪਾਠਕ੍ਰਮ ਕੀ ਸੀ?
2. ਉੱਚ ਸਿੱਖਿਆ ਦੀ ਵਿਆਖਿਆ ਕਰੋ ।
3. ਪਲੈਟੋ ਦੇ ਅਨੁਸਾਰ ਸਿੱਖਿਆ ਦੇ ਸਿਧਾਂਤ ਦੀ ਕੀ ਮਹੱਤਤਾ ਹੈ?
4. ਦਾਰਸ਼ਨਿਕ ਰਾਜੇ ਕੌਣ ਸਨ ਅਤੇ ਉਹ ਕਿਵੇਂ ਚੁਣੇ ਜਾਂਦੇ ਸਨ ?
5. ਦਾਰਸ਼ਨਿਕ ਰਾਜਿਆਂ ਨੂੰ ਟਰੇਨਿੰਗ ਕਿਵੇਂ ਦਿੱਤੀ ਜਾਂਦੀ ਸੀ?

## 1.7.9 Suggested Readings


1. G.H. Sabine : A History of Political Theory, Ch. II
2. Foster, E.M. : Masters of Political Thought, Ch.I
3. Sushila Ramaswamy: & Subrata Mukherjee Western Political Thought

ਐਮ.ਏ. (ਰਾਜਨੀਤੀ ਵਿਗਿਆਨ) ਸਮੈਸਟਰ ਪਹਿਲਾ ਪਰਚਾ ਦੂਜਾ

ਪੱਛਮੀ ਰਾਜਨੀਤਿਕ ਚਿੰਤਨ

ਪਾਠ ਨੰ: 1.8

# ਅਰਸਤੂ ਦਾ ਰਾਜਨੀਤਿਕ ਦਰਸ਼ਨ
## (Political Philosophy of Aristotle)

**1.8.1 ਭੂਮਿਕਾ** :- ਹਰ ਕੋਈ ਜਾਣਦਾ ਹੈ ਕਿ ਰਾਜਨੀਤਿਕ ਦਰਸ਼ਨ ਆਪਣੇ ਸ਼ੁੱਧ ਤੇ ਪ੍ਣਾਲੀਬੱਧ ਰੂਪ ਵਿੱਚ ਪ੍ਰਾਚੀਨ ਯੂਨਾਨ ਦੀ ਦੇਣ ਹੈ। ਇਤਿਹਾਸ ਤੋ ਪਤਾ ਲੱਗਦਾ ਹੈ ਕਿ ਯੂਨਾਨੀ ਪਹਿਲੇ ਲੋਕ ਸਨ ਜਿਨ੍ਹਾਂ ਨੇ ਦਰਸ਼ਨ ਨੂੰ ਮਿਥਿਹਾਸ ਦੀਆਂ ਕੜੀਆਂ ਤੋਂ ਆਜ਼ਾਦ ਕੀਤਾ ਅਤੇ ਵਿਗਿਆਨ ਨੂੰ ਵਹਿਮਾਂ-ਭਰਮਾਂ ਤੋਂ ਅਲੱਗ ਕੀਤਾ। ਉਨ੍ਹਾਂ ਦਾ ਸਭ ਤੋਂ ਉੱਘਾ ਲੱਛਣ ਧਰਮ-ਨਿਰਪੇਖਤਾ ਸੀ। ਯੂਨਾਨੀ ਲੋਕ ਦੇਵਤਿਆਂ ਤੇ ਰਾਖ਼ਸ਼ਾਂ ਵਿੱਚ ਵਿਸ਼ਵਾਸ ਰੱਖਦੇ ਸਨ ਪਰ ਉਹ ਆਪਣੇ ਧਰਮ ਨੂੰ ਬਹੁਤ ਗੰਭੀਰ ਰੂਪ ਵਿੱਚ ਨਹੀਂ ਲੈਂਦੇ ਸਨ। ਇਹ ਦੇਵਤੇ ਚੰਗੀਆਂ ਤੇ ਮੰਦੀਆਂ ਸ਼ਕਤੀਆਂ ਦਾ ਚਿੰਨ੍ਹ ਸਨ। ਉਨ੍ਹਾਂ ਲਈ ਇਸ ਲੋਕ (World) ਤੋਂ ਛੁੱਟ ਕੋਈ ਹੋਰ ਲੋਕ ਨਹੀਂ ਸੀ ਅਤੇ ਸਮਝਦੇ ਸਨ ਕਿ ਫਲ ਤੇ ਦੰਡ ਇਸੇ ਸੰਸਾਰ ਵਿੱਚ ਮਿਲ ਜਾਂਦੇ ਹਨ। ਯੂਨਾਨੀ ਸਰਵੋਤਮ ਨੂੰ ਪ੍ਰਾਪਤ ਕਰਨ ਦੇ ਸਾਧਨ ਵਜੋਂ ਨੈਤਿਕਤਾ, ਗਿਆਨ ਤੇ ਨਗਰ-ਰਾਜ ਉੱਤੇ ਜ਼ੋਰ ਦਿੰਦੇ ਸਨ। ਉਨ੍ਹਾਂ ਲਈ ਗਿਆਨ ਸਦਗੁਣ ਸੀ, ਜਿਸ ਨੂੰ ਪ੍ਰਾਪਤ ਕਰਨ ਲਈ ਰਾਜ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਸੀ। ਸੁਕਰਾਤ ਤੇ ਪਲੈਟੋ ਇਹਨਾਂ ਕੀਮਤਾਂ ਉੱਤੇ ਜ਼ੋਰ ਦਿੰਦੇ ਸਨ।

ਅਰਸਤੂ (384-322 B.C.) ਜਨਮ ਵਜੋਂ ਏਥੀਅਨ ਨਹੀਂ ਸਗੋਂ ਸਟੇਗਰਾਈਟ (Stagirite) ਸੀ। ਉਸ ਦਾ ਪਿਤਾ (Nicomacu) ਮਕਦੂਨੀਆਂ ਰਾਜ ਦੇ ਰਾਜੇ ਅਮਾਇਨਤਾਸ ਦੂਜੇ (Amyntas II) ਦਾ ਹਕੀਮ ਸੀ। ਸਤਾਰ੍ਹਾਂ ਸਾਲ ਦੀ ਉਮਰ ਵਿੱਚ ਅਰਸਤੂ ਏਥਨਜ਼ ਚਲਾ ਗਿਆ ਤੇ ਪਲੈਟੋ ਦੀ ਅਕਾਦਮੀ ਵਿੱਚ ਦਾਖਿਲ ਹੋ ਗਿਆ। ਪਲੈਟੋ ਦੇ ਵਿਦਿਆਰਥੀ ਵਜੋਂ ਉਹ ਏਥਨਜ਼ ਵਿੱਚ ਵੀਹ ਸਾਲ ਰਿਹਾ (366-347 B.C.)। ਉਸ ਦੇ ਵਿਚਾਰ ਮੌਲਿਕ ਤੇ ਸਿਰਜਨਾਤਮਕ ਸਨ ਅਤੇ ਪਲੈਟੋ ਦੇ ਵਿਚਾਰਾਂ ਨੂੰ ਉਚਿਤਤਾ ਦੀ ਕਸੌਟੀ ਤੋਂ ਪਰਖਣ ਤੋਂ ਬਗੈਰ ਸਵੀਕਾਰ ਨਹੀਂ ਸੀ ਕਰਦਾ। ਪਲੈਟੋ ਦੀ ਮੌਤ ਪਿੱਛੋਂ ਉਹ ਏਥਨਜ਼ ਤੋਂ ਚਲਾ ਗਿਆ ਅਤੇ ਕੁੱਝ ਸਾਲਾਂ ਲਈ ਮਕਦੂਨੀਆਂ ਦੇ ਰਾਜਕੁਮਾਰ ਸਿਕੰਦਰ (ਮਹਾਨ ਸਿਕੰਦਰ) ਦੇ ਅਧਿਆਪਕ ਦੇ ਤੌਰ ਤੇ ਕੰਮ ਕਰਦਾ ਰਿਹਾ। 355 ਈਸਵੀ ਪੂਰਵ ਵਿੱਚ ਉਹ ਏਥਨਜ਼ ਵਿਖੇ ਵਾਪਸ ਚਲਾ ਗਿਆ ਅਤੇ ਦਰਸ਼ਨ ਦਾ ਨਵਾਂ ਸਕੂਲ ਸਥਾਪਿਤ ਕੀਤਾ। ਆਪਣੀ ਮੌਤ ਤਕ (322 B.C.) ਅਰਸਤੂ ਇਸ ਸਕੂਲ ਵਿੱਚ ਸਿੱਖਿਆ ਦਿੰਦਾ ਰਿਹਾ।

ਅਰਸਤੂ ਦੀਆਂ ਅਨੇਕ ਰਚਨਾਵਾਂ ਚੌਥੀ ਸਦੀ ਈਸਵੀ ਪੂਰਵ ਦੇ ਗਿਆਨ ਦੇ ਸਭ ਖੇਤਰਾਂ ਵਿੱਚ ਵੱਡਮੁੱਲਾ ਖਜ਼ਾਨਾ ਹਨ। ਇਨ੍ਹਾਂ ਵਿੱਚ ਤਰਕ, ਪ੍ਰਕ੍ਰਿਤਕ ਵਿਗਿਆਨ, ਦਰਸ਼ਨ, ਇਤਿਹਾਸ, ਨੀਤੀ-ਸ਼ਾਸ਼ਤਰ, ਅਰਥ-ਸ਼ਾਸ਼ਤਰ ਅਤੇ ਰਾਜਨੀਤੀ ਸ਼ਾਸਤਰ ਸ਼ਾਮਿਲ ਹਨ। ਪਲੈਟੋ ਦੀਆਂ ਰਚਨਾਵਾਂ ਨਾਲੋਂ ਇਹ ਵਿਧੀ ਦੇ ਖੇਤਰ ਪੱਖੋਂ ਭਿੰਨ ਹਨ। ਰੂਪ ਦੇ ਪੱਖ ਤੋਂ ਇਹ ਪ੍ਰਸ਼ਨੋਤਰੀ(Dialouges) ਦੀ ਬਜਾਏ ਪ੍ਰਸਤਾਵ (Treatises) ਹਨ। ਚਰਚਾ ਦੀ ਬਜਾਏ ਲੈਕਚਰ ਹਨ, ਇਹ ਅਸ਼ਪਸਟ ਤੇ ਅਨੁਮਾਨੀ ਨਹੀਂ, ਸੂਤਰਬੱਧ ਤੇ ਵਿਗਿਆਨਿਕ ਹਨ। ਆਪਣੇ ਸਾਰ ਪੱਖੋਂ ਵੀ ਇਹ ਵੱਖਰੇ ਹਨ। ਇਹ ਪਲੈਟੋ ਦੇ ਇਸ ਵਿਚਾਰ ਨੂੰ ਰੱਦ ਕਰਦੇ ਹਨ ਕਿ ਆਦਰਸ਼ ਹੀ ਇੱਕੋ ਇਕ ਯਥਾਰਥ ਹੈ। ਅਰਸਤੂ ਦੀ ਮਹਾਨ ਪੁਸਤਕ 'ਪਾਲਿਟਿਕਸ (Politics)' ਵਿਚ ਜੋ ਇਹ ਸਾਹਿਤ, ਸੂਝ ਤੇ ਨੈਤਿਕ ਗੌਰਵ ਹੈ ਜੋ ਅਰਸਤੂ ਦੀ ਰਚਨਾ ਨੂੰ ਸਦਾ ਲਈ ਅਨਮੋਲ ਖਜ਼ਾਨਾ

ਬਣਾ ਦੇਂਦੇ ਹਨ। ਇਸ ਵਿੱਚ ਲੈਕਚਰਾਂ ਦੇ ਭਿੰਨ ਭਿੰਨ ਸੈਟ ਹਨ ਜਿਨ੍ਹਾਂ ਨੂੰ ਉਸ ਦੇ ਸ਼ਾਗਿਰਦਾਂ ਨੇ ਉਸ ਦੀ ਮੌਤ ਤੋਂ ਕਈ ਸਾਲ ਬਾਅਦ ਇਕੱਠਿਆਂ ਕਰਕੇ ਵਰਤਮਾਨ ਰੂਪ ਦਿੱਤਾ। ਇਹ ਰਚਨਾ ਵਿਚਾਰਾਂ ਵਿੱਚ ਏਨੀ ਅਮੀਰ, ਨਿਰਣੇ ਵਿੱਚ ਏਨੀ ਪ੍ਰਪੱਕ ਤੇ ਸੂਚਨਾ ਵਿੱਚ ਏਨੀ ਵੱਡਮੁੱਲੀ ਹੈ ਕਿ ਇਹ ਰਾਜਨੀਤੀ ਵਿਗਿਆਨ ਦੀ ਕਲਾਸਿਕ ਕਿਰਤ ਬਣ ਗਈ ਹੈ।

'ਪਾਲਿਟਿਕਸ' ਪਲੈਟੋ ਦੇ ਸਾਮਵਾਦ ਦੀ ਆਲੋਚਨਾ ਨਾਲ ਸ਼ੁਰੂ ਹੁੰਦੀ ਹੈ। ਅਰਸਤੂ ਕਹਿੰਦਾ ਹੈ ਰਾਜ ਦਾ ਅਸਲੀ ਆਧਾਰ ਪਰਿਵਾਰ ਤੇ ਨਿੱਜੀ ਸੰਪਤੀ ਦੀਆਂ ਸੰਸਥਾਵਾਂ ਸਨ ਜਿਨ੍ਹਾਂ ਨੂੰ ਪਲੈਟੋ ਨੇ ਆਪਣੀ 'ਰਿਪਬਲਿਕ' (Republic) ਵਿੱਚ ਤੱਜ ਜਾਂ ਰੱਦ ਕਰ ਦਿੱਤਾ ਹੈ। ਅਰਸਤੂ ਦੇ ਵਿਚਾਰ ਅਨੁਸਾਰ ਰਾਜ ਦਾ ਵਿਕਾਸ ਇਕ ਕੁਦਰਤੀ ਸੰਸਥਾ ਦੇ ਤੌਰ ਤੇ ਪਰਿਵਾਰ ਵਿਚੋਂ ਹੋਇਆ ਹੈ ਜੋ ਪੇਂਡੂ ਸਮੁਦਾਇ ਵਿਚੋਂ ਲੰਘਦਿਆਂ ਹੋਇਆ ਆਪਣੇ ਅੰਤਿਮ ਸਿਖਰ ਤੇ ਅਰਥਾਤ, ਸ੍ਵੈ-ਸੰਪੰਨ ਤੇ ਖੁਦਮੁਖਤਿਆਰ ਨਗਰ ਤਕ ਪਹੁੰਚਿਆ ਹੈ। ਜਿਸ ਦਾ ਪੂਰਣ ਉਦਾਹਰਨ ਏਥਨਜ਼ ਹੈ। ਫਿਰ ਵੀ ਇਕ ਵੱਡੀ ਦਾਸ ਸਮੁਦਾਇ (Slave Community) ਨੂੰ ਮਾਨਤਾ ਦੇਂਦਾ ਹੈ ਜੋ ਇਸ ਦੇ ਨਾਗਰਿਕਾਂ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਆਪਣਾ ਸਾਰਾ ਧਿਆਨ ਤੇ ਸਮਾਂ ਜਨਤਕ ਮਾਮਲਿਆਂ ਵਿੱਚ ਲਾ ਸਕਣ। ਉਹ ਇਸ ਤੱਥ ਤੇ ਵੀ ਜ਼ੋਰ ਦਿੰਦਾ ਹੈ ਕਿ ਰਾਜ ਇੱਕ ਸੰਜੀਵ ਇਕਾਈ ਹੈ, ਜੋ ਕੁਦਰਤੀ ਹੈ, ਬਨਾਵਟੀ ਨਹੀਂ, ਕਿਉਂਕਿ ਜੋ ਮਨੁੱਖ ਕੁਦਰਤ ਵਜੋਂ ਹੀ ਇੱਕ ਰਾਜਨੀਤਿਕ ਜੀਵ ਹੈ। ਰਾਜ ਉਹ ਸਮੁਦਾਇ ਹੈ ਜਿਸ ਰਾਹੀਂ ਚੰਗਿਆਈ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਜਿਸ ਦੇ ਬਗੈਰ ਕੋਈ ਮਨੁੱਖ ਉਚੱਤਮ ਜੀਵਨ ਤਕ ਨਹੀਂ ਪਹੁੰਚ ਸਕਦਾ।

ਰਾਜ ਦੀ ਪਰਿਭਾਸ਼ਾ ਕਰਨ ਤੋਂ ਬਾਅਦ ਅਰਸਤੂ ਉਸ ਸਮੇਂ ਮੌਜੂਦ ਰਾਜਾਂ ਦੇ ਵਿਸਤਾਰਪੂਰਵਕ ਵਰਗੀਕਰਣ ਵੱਲ ਆਉਂਦਾ ਹੈ। ਸਭ ਤੋਂ ਪਹਿਲਾਂ ਉਹ ਰਾਜਾਂ ਨੂੰ ਸੱਚੇ ਰਾਜਾਂ, ਜਿਨ੍ਹਾਂ ਦੇ ਉਦੇਸ਼ ਸਦਗੁਣ ਹੈ ਅਤੇ ਝੂਠੇ ਰਾਜਾਂ, ਜਿਨ੍ਹਾਂ ਦੇ ਉਦੇਸ਼ ਸ਼ਕਤੀ ਜਾਂ ਅਮੀਰੀ ਪ੍ਰਾਪਤ ਕਰਨਾ ਹੈ, ਵਿੱਚ ਨੈਤਿਕ ਪੱਖ ਤੋਂ ਵੰਡਦਾ ਹੈ। ਫਿਰ ਉਹ ਰਾਜਾਂ ਦਾ ਉਦੇਸ਼ਵਾਦੀ ਦ੍ਰਿਸ਼ਟੀ ਤੋਂ ਵਰਗੀਕਰਣ ਕਰਦਾ ਹੈ। ਸਾਧਾਰਣ ਰਾਜ, ਜਿਨ੍ਹਾਂ ਦਾ ਉਦੇਸ਼ ਨਾਗਰਿਕ ਦੀ ਭਲਾਈ ਕਰਨਾ ਹੈ, ਅਤੇ ਭ੍ਰਿਸ਼ਟ ਰਾਜ, ਜਿਸ ਵਿੱਚ ਵਿਸ਼ੇਸ਼ ਸ਼੍ਰੇਣੀ ਦੇ ਹਿੱਤਾਂ ਲਈ ਰਾਜ ਵਿੱਚ ਸ਼ਕਤੀ ਦੀ ਕੁਵਰਤੋਂ ਕੀਤੀ ਜਾਂਦੀ ਹੈ। ਅੰਤ ਵਿੱਚ ਉਹ ਪ੍ਰਭੂਸੱਤਾ ਦੇ ਨਿਵਾਸ ਪੱਖੋਂ ਰਾਜਾਂ ਨੂੰ ਰਾਜਤੰਤਰ (Monarchy), ਕੁਲੀਨਤੰਤਰ (Aristocracy) ਤੇ ਲੋਕਤੰਤਰ (Polity) ਰਾਜਾਂ ਵਿੱਚ ਵੰਡਦਾ ਹੈ। ਹਰੇਕ ਦਾ ਇੱਕ ਭ੍ਰਿਸ਼ਟ ਰੂਪ ਹੈ - ਅਤਿਆਚਾਰ(Tyranny), ਅਲਪਤੰਤਰ (Obligarchy)ਤੇ ਭ੍ਰਿਸ਼ਟ ਭੀੜਤੰਤਰ (Democracy) ।

ਅਰਸਤੂ ਦੀ ਰਚਨਾ **'ਪਾਲਿਟਿਕਸ'** (Politics) ਨੂੰ ਛੇ ਵਿਭਿੰਨ ਖੰਡਾਂ ਜਾਂ ਪੱਧਤੀਆਂ ਵਿੱਚ ਵੰਡਿਆ ਗਿਆ ਹੈ। ਪਹਿਲਾ ਅਧਿਆਏ ਗ੍ਰਹਿਸਥੀ ਮਾਮਲਿਆਂ ਜਾਂ ਅਰਥ-ਵਿਵਸਥਾ ਨਾਲ ਸੰਬੰਧ ਰੱਖਦਾ ਹੈ। ਇਸ ਵਿੱਚ ਕਈ ਪ੍ਰਕਾਰ ਦੀਆਂ ਸਮੁਦਾਵਾਂ (Associations) ਉੱਤੇ ਚਰਚਾ ਕੀਤੀ ਗਈ ਹੈ ਅਤੇ ਪਰਿਵਾਰ ਦੇ ਦੂਜੇ ਲੱਛਣਾਂ, ਜਿਵੇਂ ਕਿ ਦਾਸਤਾ (Slavery), ਸੰਪਤੀ ਅਤੇ ਵਿਆਹ ਦੀ ਸੰਸਥਾ ਉੱਤੇ ਚਰਚਾ ਕੀਤੀ ਗਈ ਹੈ। ਅਧਿਆਇ ਦੂਜਾ ਆਦਰਸ਼ ਰਾਜ ਦੇ ਸਿਧਾਂਤ ਤੇ ਵਿਵਹਾਰ ਨਾਲ ਸੰਬੰਧਿਤ ਹੈ। ਇਸ ਵਿੱਚ ਪਲੈਟੋ ਦੀ 'ਰਿਪਬਲਿਕ' (Republic) ਤੇ 'ਲਾਅਜ਼' (Laws) ਵਿੱਚ ਦਿੱਤੇ ਸਿਧਾਂਤਾਂ ਦਾ ਜਿਕਰ ਕੀਤਾ ਗਿਆ ਹੈ। ਬਾਅਦ ਵਿੱਚ ਉਸ ਸਮੇਂ ਦੇ ਅਸਲੀ ਰਾਜਾਂ (ਜਿਵੇਂ ਸਪਾਰਟਾ, ਕ੍ਰੀਟ, ਕਾਰਥੇਜ) ਉਪਰ ਵਿਚਾਰ ਕੀਤਾ ਗਿਆ ਹੈ। ਤੀਜਾ ਭਾਗ (ਅਧਿਆਇ ਤੀਜਾ) ਰਾਜਨੀਤਿਕ ਸੰਵਿਧਾਨਾਂ ਤੇ ਸਿਧਾਂਤ ਦੀ ਚਰਚਾ ਕਰਦਾ ਹੈ। ਚਰਚਾ ਦੇ ਚਾਰ ਮੁੱਖ ਵਿਸ਼ੇ ਹਨ : (1) ਨਾਗਰਿਕਤਾ ਦੀ ਪ੍ਰਕ੍ਰਿਤੀ (2) ਸੰਵਿਧਾਨਾਂ ਦਾ ਵਰਗੀਕਰਣ (3) ਵੰਡਣਾਤਮਕ ਨਿਆਂ (Distributive Justice) ਦਾ ਅਸੂਲ ਅਤੇ (4) ਰਾਜਤੰਤਰ ਦਾ ਸਿਧਾਂਤ। ਚੌਥੇ ਤੇ ਪੰਜਵੇਂ ਅਧਿਆਇ ਦਾ ਸੰਬੰਧ ਰਾਜਨੀਤੀ ਦੀਆਂ ਅਸਲੀ ਸਮੱਸਿਆਵਾਂ ਨਾਲ ਹੈ ਜਿਵੇਂ ਲੋਕਤੰਤਰ, ਅਲਪਤੰਤਰ ਅਤੇ ਮਿਸ਼ਰਿਤ ਸੰਵਿਧਾਨਾਂ ਦੀਆਂ ਵਿਭਿੰਨ ਕਿਸਮਾਂ। ਜਿਵੇਂ ਲੋਕ ਰਾਜ (Polity) ਜਿਸ ਵਿੱਚ ਕੁਲੀਨਤੰਤਰ ਤੇ ਲੋਕਤੰਤਰ ਦਾ ਮਿਸ਼ਰਣ ਤੇ ਸਮਝੌਤਾ ਹੈ।

ਅੱਗੇ ਚਲ ਕੇ ਪੰਜਵੇਂ ਅਧਿਆਇ ਵਿੱਚ ਹਰ ਪ੍ਰਕਾਰ ਦੇ ਰਾਜਾਂ ਵਿੱਚ ਕ੍ਰਾਂਤੀਆਂ ਦੇ ਸਾਧਾਰਣ ਕਾਰਣ ਦਾ ਅਧਿਐਨ ਕੀਤਾ ਗਿਆ ਤੇ ਵੱਖ ਵੱਖ ਪ੍ਰਕਾਰ ਦੇ ਰਾਜਾਂ ਵਿੱਚ ਕ੍ਰਾਂਤੀਆਂ ਦੇ ਵਿਸ਼ੇਸ਼ ਕਾਰਣਾਂ ਦਾ ਵੀ। ਛੇਵੇਂ ਅਧਿਆਇ ਵਿਚ ਲੋਕਤੰਤਰ ਤੇ ਅਲਪਤੰਤਰ ਨੂੰ ਸੰਗਠਿਤ ਕਰਨ ਦੀਆਂ ਪੱਧਤੀਆਂ (Methods) ਦੀ ਚਰਚਾ ਕੀਤੀ ਗਈ ਹੈ ਕਿ ਉਹ ਰਾਜ ਕਿਵੇਂ ਸਥਿਰ ਰਹਿ ਸਕਦੇ ਹਨ। ਸੱਤਵੇਂ ਅਤੇ ਅੱਠਵੇਂ ਅਧਿਆਏ ਵਿੱਚ ਰਾਜਨੀਤਿਕ ਆਦਰਸ਼ਾਂ (Ideals) ਦੇ ਵਿਸ਼ਿਆਂ ਦਾ ਅਧਿਐਨ ਕੀਤਾ ਗਿਆ ਹੈ ਤੇ ਆਦਰਸ਼ ਰਾਜ ਦੀ ਤਸਵੀਰ ਖਿੱਚੀ ਗਈ ਹੈ। ਇਨ੍ਹਾ ਵਿੱਚ ਆਦਰਸ਼ ਰਾਜ ਦੀ ਆਬਾਦੀ, ਇਲਾਕਾ, ਸਮਾਜਿਕ ਪ੍ਰਕਾਰ (Types) ਤੇ ਉਸਾਰੀ (Construction) ਤੇ ਭੌਤਿਕ ਯੋਜਨਾਬੰਦੀ ਦੇ ਮਾਮਲਿਆਂ ਤੇ ਵਿਚਾਰ ਕੀਤਾ ਗਿਆ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਅਜਿਹੇ ਨਗਰ ਰਾਜ ਵਿੱਚ ਸਿੱਖਿਆ ਦੀ ਸਹੀ ਸਕੀਮ ਕੀ ਹੋਣੀ ਚਾਹੀਦੀ ਹੈ ਤੇ ਸੰਗੀਤ ਦੀ ਸਿੱਖਿਆ ਦੀਆਂ ਪੱਧਤੀਆਂ ਤੇ ਉਦੇਸ਼ਾਂ ਉੱਤੇ ਵਿਸ਼ੇਸ਼ ਕਰਕੇ ਜ਼ੋਰ ਦਿੱਤਾ ਗਿਆ ਹੈ। ਅਰਸਤੂ ਦੀ ਰੁਚੀ ਇਤਿਹਾਸਕ ਤੇ ਮਨੋਬਿਰਤੀ ਆਗਨਾਤਮਕ (Inductive) ਸੀ। ਉਸ ਦਾ ਵਿਗਿਆਨਿਕ ਰੁਝਾਨ ਉਸਨੂੰ ਜੀਵ ਵਿਗਿਆਨ (Biology) ਤੇ ਮੈਡੀਸੁਨ (Medicine) ਵੱਲ ਲੈ ਗਿਆ। ਉਸਦੀਆਂ ਲਿਖਤਾਂ ਵਿੱਚ ਚਿਕਿਤਸਾ ਵਲ ਵਿਸ਼ੇਸ਼ ਉਲਾਰ ਹੈ। ਉਹ ਰਾਜਨੀਤੀਵਾਨ ਦੇ ਹੁਨਰ ਦੀ ਤੁਲਨਾ ਇਕ ਚੰਗੇ ਹਕੀਮ ਦੇ ਹੁਨਰ ਨਾਲ ਕਰਦਾ ਹੈ।

ਅਰਸਤੂ ਦੀਆਂ ਲਿਖਤਾਂ ਗਿਆਨ ਦਾ ਮਹਾਨ ਕੋਸ਼ ਹਨ ਅਤੇ ਇਹਨਾਂ ਨੂੰ ਉਪ-ਸਿਰਲੇਖਾਂ ਅਧੀਨ ਵੰਡਿਆ ਜਾ ਸਕਦਾ ਹੈ।

(1) ਪਹਿਲੀ ਸ਼ਾਖਾ ਤਰਕਸ਼ਾਸਤਰ (ਜਾਂ ਵਿਸ਼ਲੇਸ਼ਣ ਸਾਸ਼ਤਰ) ਹੈ ਜੋ ਉਸਦੇ ਬਹੁਤ ਸਾਰੇ ਪ੍ਰਸਤਾਵਾਂ ਜਾਂ ਪੁਸਤਕਾਂ ਵਿੱਚ ਮਿਲਦਾ ਹੈ ਅਤੇ ਸਮੁੱਚੇ ਰੂਪ ਵਿੱਚ ਇਸ ਨੂੰ ਆਰਗੈਨਨ (Organon) ਜਾਂ ਗਿਆਨ ਦਾ ਸਾਧਨ ਕਿਹਾ ਜਾਂਦਾ ਹੈ।

(2) ਦੂਜੀ ਸ਼ਾਖਾ ਭੌਤਿਕ ਵਿਗਿਆਨ ਜਾਂ ਅਜੀਵ ਭੌਤਿਕ ਵਿਗਿਆਨ (Inorganic Physics) ਹੈ।

(3) ਤੀਜੀ ਸ਼ਾਖਾ ਪ੍ਰਾਭੌਤਿਕ ਗਿਆਨ (Metaphysics) ਹੈ।

(4) ਚੌਥੀ ਸ਼ਾਖਾ ਜੀਵ ਵਿਗਿਆਨ (Biology) ਜਾਂ ਸਜੀਵ ਪ੍ਰਕ੍ਰਿਤੀ ਦਾ ਅਧਿਐਨ ਹੈ।

(5) ਪੰਜਵੀ ਸ਼ਾਖਾ ਮਨੋਵਿਗਿਆਨ (Psychology) ਹੈ।

(6) ਛੇਵੀ ਸ਼ਾਖਾ ਨੀਤੀ ਸ਼ਾਸਤਰ (Ethics) ਜਾਂ ਨੈਤਿਕ ਦਰਸ਼ਨ ਹੈ। ਇਸ ਉੱਤੇ ਵਿਚਾਰ ਵਿਸਤਾਰਪੂਰਵਕ ਨਿਬੰਧਾਂ ਵਿੱਚ ਕੀਤਾ ਗਿਆ ਹੈ ਜਿਨ੍ਹਾਂ ਦਾ ਸਿਰਲੇਖ ਹੈ ਐਡੀਮੈਨ (Ediman), ਏਥਿਕਸ ਤੇ ਨੀਕੋ ਮੈਕਿਅਨ ਏਥਿਕਸ (Ethics and Nicemachean).

(7) ਸੱਤਵੀ ਸ਼ਾਖਾ ਜੀਵਨ ਦੇ ਢੰਗ ਵਜੋਂ ਰਾਜਨੀਤੀ (Politics) ਹੈ ਜਾਂ ਰਾਜਨੀਤਿਕ ਸਮੁਦਾਇ ਵਿੱਚ ਪ੍ਰਚਲਿਤ ਵਿਵਹਾਰ ਦੀ ਸੰਗਠਿਤ ਪ੍ਰਣਾਲੀ ਹੈ।

(8) ਛੇਵੀਂ ਜਾਂ ਅਖੀਰਲੀ ਸ਼ਾਖਾ ਭਾਸ਼ਣ-ਵਿਦਿਆ ਤੇ ਰਾਜਨੀਤੀ (Rhetoric and Politics) ਹੈ।

## 1.8.2 ਰਾਜ ਸੰਬੰਧੀ ਅਰਸਤੂ ਦੇ ਵਿਚਾਰ (View's about State)

ਅਰਸਤੂ ਦੋ ਮਹੱਤਵਪੂਰਨ ਸੰਕਲਪਾਂ ਨੂੰ ਲੈ ਕੇ ਸ਼ੁਰੂ ਕਰਦਾ ਹੈ : (ੳ) ਰਾਜ ਇਕ ਸਮੁਦਾਇ ਹੈ, ਅਤੇ (ਅ) ਇਹ ਸਭ ਸਮੁਦਾਵਾਂ ਨਾਲੋਂ ਉੱਚਾ ਹੈ, ਜੋ ਆਪਣੇ ਕਲਾਵੇ ਵਿੱਚ ਬਾਕੀ ਸਭ ਨੂੰ ਸਮਾ ਲੈਂਦਾ ਹੈ। ਇਸ ਦਾ ਨਿਸ਼ਾਨਾ ਹੋਰ ਕਿਸੇ ਦੇ ਵੀ ਮੁਕਾਬਲੇ ਤੇ ਵਡੇਰੀ ਮਾਤਰਾ ਵਿੱਚ ਚੰਗਿਆਈ ਨੂੰ ਪ੍ਰਾਪਤ ਕਰਨਾ ਤੇ ਉਹ ਵੀ ਸਰਵੋਤਮ ਅਛਾਈ। ਉਸ ਦੇ ਨਗਰ-ਰਾਜ ਦਾ ਰਕਬਾ ਛੋਟਾ ਤੇ ਆਬਾਦੀ ਸੀਮਿਤ ਸੀ। ਅਰਸਤੂ ਪਹਿਲਾ ਸੀ ਜਿਸ ਨੇ ਰਾਜ ਦੀ ਸਪੱਸ਼ਟ ਪਰਿਭਾਸ਼ਾ ਕੀਤੀ ਤੇ ਇਸ ਤਰ੍ਹਾਂ ਰਾਜ ਦੇ ਅੰਗਿਕ (Organic)

ਸੰਕਲਪ ਦੀ ਬੁਨਿਆਦ ਰੱਖੀ, ਜੋ ਦੋ ਵੱਡੀਆਂ ਕਿਸਮਾਂ, ਜਿਨ੍ਹਾਂ ਵਿੱਚ ਰਾਜ ਵੰਡੇ ਗਏ ਹਨ, ਵਿਚੋਂ ਇਕ ਕਿਸਮ ਹੈ। ਅਰਸਤੂ ਅਨੁਸਾਰ ਰਾਜ ਇੱਕ ਕੁਦਰਤੀ ਸਮੁਦਾਇ ਤੇ ਸੰਜੀਵ ਇਕਾਈ ਹੈ, ਜਿਸ ਵਿੱਚ ਇੱਕ ਸੰਜੀਵ ਹਸਤੀ ਦੇ ਸਾਰੇ ਗੁਣ ਮੌਜੂਦ ਹਨ। ਉਹ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਰਾਜ ਕੋਈ ਸਾਧਨ, ਯੰਤਰ, ਰਚਨਾ ਜਾਂ ਮਸ਼ੀਨ ਦਾ ਕੋਈ ਟੁਕੜਾ ਹੈ ਜਿਸਨੂੰ ਆਪਣੇ ਤੋਂ ਉਚੇਰੇ ਪ੍ਰਯੋਜਨਾਂ ਤੇ ਲਕਸ਼ਾਂ ਲਈ ਵਰਤਿਆ ਜਾ ਸਕਦਾ ਹੈ। ਰਾਜ ਦੇ ਇਕ ਸਾਧਨ ਹੋਣ ਦਾ ਵਿਚਾਰ ਅਰਸਤੂ ਤੋਂ ਇਕ ਸ਼ਤਾਬਦੀ ਪਹਿਲਾਂ ਸੋਫਿਸਟਾਂ ਨੇ ਦਿੱਤਾ ਸੀ। ਜਿਸ ਨੂੰ ਸੁਕਰਾਤ ਤੇ ਪਲੈਟੋ ਨੇ ਰੱਦ ਕਰ ਦਿੱਤਾ ਸੀ ਪਰ ਆਧੁਨਿਕ ਸਮੇਂ ਵਿੱਚ ਇਸ ਵਿਚਾਰ ਨੂੰ ਹਾਬਸ (Hobbes), ਲਾਕ (Locke), ਤੇ ਡੈਵੀ (Dewey) ਨੇ ਮੁੜ ਸੁਰਜੀਤ ਕਰ ਦਿੱਤਾ।

ਅਰਸਤੂ ਰਾਜ ਨੂੰ ਦੋ ਆਧਾਰਾਂ ਤੇ ਕੁਦਰਤੀ ਸਮਝਦਾ ਹੈ। ਉਹ ਸਮਾਜਿਕ ਸੰਸਥਾਵਾਂ ਦੇ ਵਿਕਾਸ ਦਾ ਜ਼ਿਕਰ ਪਰਿਵਾਰ ਤੋਂ ਕਰਦਾ ਹੈ ਜੋ ਪਿੰਡ ਤੋਂ ਹੁੰਦੀਆਂ ਹੋਈਆਂ ਨਗਰ ਰਾਜ ਤਕ ਪਹੁੰਚਦੀਆਂ ਹਨ। ਦਾਰਸ਼ਨਿਕ ਅਰਥਾਂ ਵਿੱਚ, ਅਰਸਤੂ ਰਾਜ ਨੂੰ ਇਕ ਕੁਦਰਤੀ ਸੰਸਥਾ ਸਮਝਦਾ ਹੈ। ਉਹ ਕਹਿੰਦਾ ਹੈ ਕਿ ਰਾਜ ਕੁਦਰਤ ਵਜੋਂ ਪਰਿਵਾਰ ਤੇ ਵਿਅਕਤੀ ਤੋਂ ਪਹਿਲਾਂ ਆਉਂਦਾ ਹੈ ਕਿਉਂਕਿ ਲੋੜ ਵਜੋਂ ਹੀ ਇਕ ਅੰਗ ਨਾਲੋਂ ਸਮੁੱਚਾ ਸਰੀਰ ਪਹਿਲਾਂ ਆਉਂਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਮਨੁੱਖ ਕੁਦਰਤ ਵੱਲੋਂ ਹੀ ਇਕ ਰਾਜਨੀਤਿਕ ਜੀਵ ਹੈ ਅਤੇ ਕੇਵਲ ਪਰਮਾਤਮਾ ਜਾਂ ਪਸ਼ੂ ਹੀ ਨਗਰ ਰਾਜ ਦੀ ਪਨਾਹ ਤੋਂ ਬਗੈਰ ਜੀਵਤ ਰਹਿ ਸਕਦੇ ਹਨ। ਉਸ ਦੇ ਲਈ ਰਾਜ ਸਰਵੋਤਮ ਸਮੁਦਾਇ ਹੈ ਜਿਸ ਦਾ ਨਿਸ਼ਾਨਾ ਸਰਵੋਤਮ ਅਛਾਈ ਹੈ। ਪਰਿਵਾਰ ਰਾਜ ਦਾ ਪਹਿਲਾ ਰੂਪ ਹੈ ਜੋ ਸਮਾਜਿਕ ਵਿਕਾਸ ਦੀ ਕੜੀ ਚ ਸਭ ਤੋਂ ਹੇਠਾਂ ਸਥਿਤ ਹੈ। ਕੁਦਰਤ ਵਲੋਂ ਇਸ ਦੀ ਸਥਾਪਨਾ ਮਨੁੱਖ ਦੀਆਂ ਰੋਜ਼ਾਨਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੀਤੀ ਗਈ ਹੈ। ਦੂਜੇ ਸਥਾਨ ਤੇ ਪਿੰਡ ਆਉਂਦਾ ਹੈ ਜੋ ਪਰਿਵਾਰ ਨਾਲੋਂ ਜਟਿਲ ਹੈ। ਜਿਸ ਦਾ ਨਿਸ਼ਾਨਾ ਮਨੁੱਖੀ ਲੋੜਾਂ ਨੂੰ ਪੂਰਾ ਕਰਨ ਤੋਂ ਕੁਝ ਵਧੇਰੇ ਹੈ। ਸੰਗਠਨ ਦਾ ਤੀਜਾ ਤੇ ਸਭ ਤੋਂ ਸਰੇਸ਼ਟ ਰੂਪ ਨਗਰ ਰਾਜ ਹੈ ਜਿਸ ਦਾ ਸਥਾਨ ਸਮਾਜਿਕ ਵਿਕਾਸ ਦੀ ਲੜੀ ਵਿਚ ਸਭ ਤੋਂ ਉਪਰ ਹੈ। ਕਦਰ (Value) ਤੇ ਉਦੇਸ਼ ਦੇ ਪੱਖ ਤੋਂ ਵੀ ਇਹ ਸਰਵਉੱਚਤਮ ਹੈ। ਰਾਜ ਦੀ ਹੋਂਦ ਕੇਵਲ ਜੀਵਨ ਕਰਕੇ ਹੈ ਅਤੇ ਰਾਜਨੀਤਿਕ ਸਮਾਜ ਦੀ ਹੋਂਦ ਸ਼ੁੱਧ ਕਾਰਜਾਂ ਦੇ ਵਧੇਰੇ ਭਾਈਚਾਰੇ ਲਈ ਹੈ। ਰਾਜ ਦੇ ਸੰਗਠਨ ਦਾ ਉੱਚਤਮ ਰੂਪ ਸਮਾਜਿਕ, ਸੰਸਥਾਗਤ ਜਾਂ ਬਹੁਮੁੱਖੀ ਮੁੱਲ ਦੇ ਅਰਥਾਂ ਵਿੱਚ ਨਹੀਂ ਸਗੋਂ ਮਨੁੱਖ ਦੀ ਆਪਣੀ ਪ੍ਰਕ੍ਰਿਤੀ ਦੇ ਅਰਥਾਂ ਵਿੱਚ ਹੈ। ਪਰਿਵਾਰ ਵਿੱਚ ਰਹਿ ਕੇ ਮਨੁੱਖ ਆਪਣੀ ਨਸਲ ਦਾ ਵਾਧਾ ਕਰਦਾ ਹੈ, ਪਿੰਡ ਵਿੱਚ ਰਹਿ ਕੇ ਉਹ ਮਨੁੱਖੀ ਭਾਈਚਾਰੇ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਦਾ ਹੈ। ਐਪਰ ਰਾਜ ਵਿੱਚ ਰਹਿ ਕੇ ਹੀ ਉਹ ਆਪਣੇ ਸਮੁੱਚੇ ਆਪੇ ਨੂੰ ਪ੍ਰਾਪਤ ਕਰਦਾ ਹੈ। ਉਸਦੀਆਂ ਪਦਾਰਥਕ ਭੁੱਖਾਂ ਤੇ ਸਰੀਰਕ ਕਾਮਨਾਵਾਂ ਪਰਿਵਾਰ ਵਿਚੋਂ ਝਲਕਦੀਆਂ ਹਨ, ਉਹਦੇ ਸਮਾਜਿਕ ਮਨੋਭਾਵ ਤੇ ਭਾਈਚਾਰੇ ਤੇ ਸਮੁਦਾਇ ਲਈ ਇੱਛਾਵਾਂ ਦਾ ਪ੍ਰਗਟਾ ਪਿੰਡ ਵਿੱਚ ਹੁੰਦਾ ਹੈ। ਐਪਰ ਉਸ ਦੀ ਨੈਤਿਕ ਪ੍ਰਕ੍ਰਿਤੀ, ਅਰਥਾਤ, ਉਹ ਗੁਣ ਜੋ ਉਸ ਨੂੰ ਮਨੁੱਖ ਬਣਾਉਂਦਾ ਹੈ, ਉਸ ਦੀ ਪੂਰਤੀ ਰਾਜ ਵਿੱਚ ਹੀ ਹੁੰਦੀ ਹੈ।

## 1.8.3 ਰਾਜਾਂ ਤੇ ਸਰਕਾਰਾਂ ਸੰਬੰਧੀ ਅਰਸਤੂ ਦਾ ਵਰਗੀਕਰਣ (Classification)

ਅਰਸਤੂ ਰਾਜਾਂ ਦਾ ਵਰਗੀਕਰਣ ਗੁਣਾਤਮਕ ਤੇ ਗਿਣਨਾਤਮਕ ਆਧਾਰ ਤੇ ਕਰਦਾ ਹੈ। ਉਸ ਦੇ ਵਰਗੀਕਰਣ ਵਿੱਚ ਰਾਜ ਦੇ ਤਿੰਨ ਚੰਗੇ ਰੂਪ ਤੇ ਤਿੰਨ ਭ੍ਰਿਸ਼ਟ ਰੂਪ ਸ਼ਾਮਿਲ ਹਨ। ਰਾਜਤੰਤਰ ਉਹ ਰਾਜ ਹੈ ਜਿਥੇ ਇਕ ਵਿਅਕਤੀ ਸੰਵਿਧਾਨ (ਪਰੰਪਰਾਗਤ ਕਾਨੂੰਨ) ਅਨੁਸਾਰ ਲੋਕਾਂ ਦੀ ਭਲਾਈ ਲਈ ਕਾਰਜ ਕਰਦਾ ਸੀ। ਜੇ ਉਸਦੇ ਸ਼ਾਸ਼ਨ ਵਿੱਚ ਸ਼ਕਤੀ ਜਾਂ ਜਬਰ ਦੇ ਅੰਸ਼ ਤੇ ਸੁਆਰਥ ਆ ਜਾਵੇ ਤਾ ਉਹ ਅਤਿਆਚਾਰੀ ਬਣ ਜਾਵੇਗਾ। ਏਥੇ ਅਤਿਆਚਾਰੀ ਆਪਣੇ ਹਿੱਤਾਂ ਦੀ ਖਾਤਰ ਤੇ ਆਪਣੇ ਖਾਨਦਾਨ ਲਈ ਭਲਾਈ ਲਈ ਸੰਵਿਧਾਨ ਦੇ ਵਿਰੁੱਧ ਹਕੂਮਤ ਕਰਦਾ ਹੈ। ਕੁਲੀਨਤੰਤਰ ਥੋੜ੍ਹੇ ਜਿਹੇ ਸਰਵਸ਼੍ਰੇਸ਼ਟ ਮਨੁੱਖਾਂ ਦਾ ਸ਼ਾਸਨ ਹੈ। ਅਲਪਤੰਤਰ ਅਮੀਰੀ ਦਾ ਸ਼ਾਸਨ ਹੈ। ਕੁਲੀਨਤੰਤਰ ਰਾਜ ਦਾ ਸਵੱਛ ਰੂਪ ਹੈ ਜਦ ਕਿ ਅਲਪਤੰਤਰ ਇਸ ਦਾ ਭ੍ਰਿਸ਼ਟਾਚਾਰੀ ਰੂਪ ਹੈ। ਪਾਲਿਟੀ (Polity) ਸੰਵਿਧਾਨਿਕ ਸਰਕਾਰ ਹੈ ਜੋ ਲੋਕਾਂ ਦੀ

ਭਲਾਈ ਲਈ ਕੰਮ ਕਰਦੀ ਹੈ ਜਦ ਕਿ ਲੋਕਤੰਤਰ (Democracy) ਭ੍ਰਿਸ਼ਟ ਰੂਪ ਹੈ ਜਿਥੇ ਭੜਕਾਊ ਵਕਤਾ ਇਕ ਤਰਾਂ ਨਾਲ ਭੀੜਤੰਤਰ (Mob) ਵਜੋ ਸ਼ਾਸ਼ਨ ਕਰਦੇ ਹਨ। ਇਸ ਤਰ੍ਹਾਂ ਅਰਸਤੂ ਦੇ ਵਰਗੀਕਰਣ ਵਿੱਚ ਦੋ ਕਿਸਮ ਦੇ ਰਾਜ ਹਨ : ਸਾਧਾਰਨ ਤੇ ਭ੍ਰਿਸ਼ਟ।

ਅਰਸਤੂ ਸ਼ਾਸ਼ਕ (Ruler) ਦੇ ਸਦਗੁਣ ਨੂੰ ਪਰਜਾ ਦੀ ਪ੍ਰਵਾਨਗੀ ਤੋਂ ਉੱਚੀ ਥਾਂ ਦੇਂਦਾ ਹੈ। ਜੇ ਰਾਜਾ ਸਰਵੋਤਮ ਸਦਗੁਣਾਂ ਦਾ ਮਾਲਿਕ ਹੋਵੇ ਤਾਂ ਸਾਰਿਆਂ ਨੂੰ ਅਜਿਹੇ ਰਾਜੇ ਦੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ। ਅਰਸਤੂ ਦੀ ਰਾਜੇ ਲਈ ਡੂੰਘੀ ਹਮਦਰਦੀ ਦਾ ਕਾਰਣ ਇਹ ਵੀ ਹੈ ਕਿ ਉਹ ਮਕਦੂਨੀਆਂ ਦੇ ਰਾਜੇ ਨੂੰ ਬਹੁਤ ਪਸੰਦ ਕਰਦਾ ਸੀ।

ਕੁਲੀਨਤੰਤਰ ਦਾ 'ਪਾਲਿਟਿਕਸ' ਵਿੱਚ ਕਿਤੇ ਵੀ ਸੂਤਰਬੱਧ ਵਰਣਨ ਨਹੀਂ ਕੀਤਾ ਗਿਆ। ਅਰਸਤੂ ਦੀ ਕੁਲੀਨਤੰਤਰ ਦੀ ਪਰਿਭਾਸ਼ਾ ਇਹ ਹੈ ਕਿ ਇਹ ਨਿਰੋਲ ਬਿਹਤਰੀਨ ਮਨੁੱਖਾਂ ਦੀ ਸਰਕਾਰ ਹੈ। ਇਸ ਦਾ ਆਧਾਰ ਯੋਗਤਾ ਗੁਣ ਹੈ। ਅਰਸਤੂ ਰਾਜਤੰਤਰ ਤੇ ਕੁਲੀਨਤੰਤਰ ਨੂੰ ਸਰਵਸ਼੍ਰੇਸ਼ਟ ਰਾਜ ਸਮਝਦਾ ਹੈ। ਲੋਕਤੰਤਰ ਵੀ ਚੰਗਾ ਹੈ ਕਿਉਂਕਿ ਇਸ ਦਾ ਆਧਾਰ ਵੀ ਯੋਗਤਾ ਤੇ ਗੁਣ ਹੈ। ਉਹ ਇਸਨੂੰ ਸੰਵਿਧਾਨਿਕ ਸਰਕਾਰ ਵੀ ਆਖਦਾ ਹੈ ਕਿਉਂਕਿ ਇਹ ਸੁਤੰਤਰਤਾ ਤੇ ਧਨ ਦੇ ਦੋ ਅਸੂਲਾਂ ਵਿਚਕਾਰ ਸਮਝੌਤਾ ਹੈ। ਇਹ ਗਰੀਬਾਂ ਦੀ ਸੁਤੰਤਰਤਾ ਨੂੰ ਅਮੀਰਾਂ ਦੇ ਧਨ ਨਾਲ ਜੋੜਨ ਦਾ ਯਤਨ ਹੈ।

## 1.8.4 ਸਰਵ-ਸ੍ਰੇਸ਼ਟ ਰਾਜ (The Best State)

ਸਰਵ-ਸ੍ਰੇਸ਼ਟ ਅਕਸਰ ਅਪ੍ਰਾਪਤ (Unattainable) ਯੋਗ ਹੈ। ਨਿਰਪੇਖਕ ਰੂਪ ਵਿੱਚ ਸਰਵ-ਸ੍ਰੇਸ਼ਟ ਕੁਝ ਵੀ ਨਹੀਂ, ਇਸ ਨੂੰ ਵਾਤਾਵਰਣ ਦੇ ਪ੍ਰਸੰਗ ਵਿੱਚ ਹੀ ਸਮਝਿਆ ਜਾ ਸਕਦਾ ਹੈ। ਸ੍ਰੇਸ਼ਟ ਰਾਜਨੀਤਿਕ ਸਮੁਦਾਇ ਦੀ ਸਿਰਜਣਾ ਮੱਧ-ਸ਼੍ਰੇਣੀ ਦੇ ਨਾਗਰਿਕ ਹੀ ਕਰ ਸਕਦੇ ਹਨ ਅਤੇ ਉਨ੍ਹਾਂ ਰਾਜਾਂ ਦਾ ਪ੍ਰਸ਼ਾਸ਼ਨ ਹੀ ਚੰਗਾ ਹੋ ਸਕਦਾ ਹੈ ਜਿਨ੍ਹਾਂ ਵਿੱਚ ਮੱਧ-ਸ਼੍ਰੇਣੀ ਵੱਡੀ ਮਾਤਰਾ ਵਿੱਚ ਹੋਵੇ। ਅਤਿ ਦੀ ਅਮੀਰੀ ਅਤੇ ਅਤਿ ਦੀ ਗਰੀਬੀ ਸੰਤੁਲਨ ਵਿਗਾੜ ਦੇਂਦੀਆਂ ਹਨ ਅਤੇ 'ਸੁਨਿਹਰੀ ਮੱਧ-ਵਰਗ' (Golden Mean) ਦੇ ਅਸੂਲ ਦੇ ਵਿਰੁੱਧ ਜਾਂਦੀਆਂ ਹਨ। ਰਾਜਨੀਤਿਕ ਸੰਜਮ ਤੇ ਸਥਿਰਤਾ ਸ੍ਰੇਸ਼ਟ ਰਾਜ ਦੇ ਲੱਛਣ ਹਨ। ਸੰਪਤੀ ਸਭਨਾਂ ਪਾਸ ਹੋਣੀ ਚਾਹੀਦੀ ਹੈ ਨਹੀਂ ਤਾਂ ਜਿਨ੍ਹਾਂ ਪਾਸ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਧਨ ਨਹੀਂ ਉਹ ਦੂਜਿਆਂ ਨਾਲ ਲੜਨਗੇ ਝਗੜਨਗੇ। ਅਮੀਰ, ਅਲਪਤੰਤਰ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰਨਗੇ ਅਤੇ ਗਰੀਬ, ਭੀੜਤੰਤਰ (Democracy) ਨੂੰ।

## 1.8.5 ਨਾਗਰਿਕਤਾ ਬਾਰੇ ਅਰਸਤੂ ਦਾ ਸੰਕਲਪ (Aristotle's Concept of Citizenship)

ਅਰਸਤੂ ਅਨੁਸਾਰ ਸਾਰੇ ਮਨੁੱਖ ਇਕੋ ਜਿਹੇ ਲੱਛਣ ਜਾਂ ਗੁਣ ਲੈ ਕੇ ਪੈਦਾ ਨਹੀਂ ਹੁੰਦੇ ਤੇ ਨਾ ਹੀ ਸਾਰਿਆਂ ਦੇ ਸ੍ਰੇਸ਼ਟ ਗੁਣ ਇਕੋ ਤਰ੍ਹਾਂ ਦੇ ਹੁੰਦੇ ਹਨ। ਯੂਨਾਨੀ, ਜੋ ਕਿ ਵਧੇਰੇ ਪ੍ਰਤਿਭਾਸ਼ਾਲੀ ਤੇ ਵਧੇਰੇ ਸਭਿਅਤ ਹਨ, ਉਹੀ ਨਾਗਰਿਕਤਾ ਦੇ ਹੱਕਦਾਰ ਹਨ। ਉਹ ਸਾਰੇ ਵਿਅਕਤੀ ਜੋ ਰਾਜ ਦੇ ਮਾਮਲਿਆਂ ਵਿੱਚ ਭਾਗ ਲੈਂਦੇ ਹਨ ਸੁਤੰਤਰ ਵਿਅਕਤੀ ਮੰਨੇ ਜਾਣ ਦੇ ਵਧੇਰੇ ਯੋਗ ਹਨ ਅਤੇ ਉਨ੍ਹਾਂ ਨੂੰ ਹੀ ਨਾਗਰਿਕਤਾ ਦੇ ਅਧਿਕਾਰ ਮਿਲਣੇ ਚਾਹੀਦੇ ਹਨ। ਉਹ ਨਾਗਰਿਕ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦਾ ਹੈ : 'ਉਹ ਵਿਅਕਤੀ ਜਿਸ ਪਾਸ ਰਾਜ ਦੇ ਵਿਚਾਰਧਾਰਕ ਕਾਰਜਾਂ ਤੇ ਨਿਆਂ-ਪ੍ਰਸ਼ਾਸਨ ਵਿੱਚ ਭਾਗ ਲੈਣ ਦੀ ਸ਼ਕਤੀ ਹੋਵੇ। ਅਰਸਤੂ ਨੂੰ ਪ੍ਰਤਿਨਿਧੀ ਸਰਕਾਰ ਬਾਰੇ ਕੋਈ ਗਿਆਨ ਨਹੀਂ ਸੀ ਕਿਉਂਕਿ ਯੂਨਾਨੀ ਨਗਰ ਰਾਜ ਦਾ ਪ੍ਰਸ਼ਾਸ਼ਨ ਨਾਗਰਿਕਾਂ ਵੱਲੋਂ ਸਿੱਧੇ ਰੂਪ ਵਿੱਚ ਹੁੰਦਾ ਸੀ ਜਿਸ ਵਿੱਚ ਪ੍ਰਤਿਨਿਧੀ ਅੰਸ਼ ਬਹੁਤ ਥੋੜ੍ਹਾ ਸੀ। ਨਗਰ ਰਾਜ ਵਿੱਚ ਸਾਰੇ ਦਾਸਾਂ ਅਤੇ ਲੋਕਾਂ ਦੀ ਬਹੁਗਿਣਤੀ ਨੂੰ ਨਾਗਰਿਕਤਾ ਤੋਂ ਵਾਂਝੇ ਰੱਖਿਆ ਗਿਆ ਸੀ। ਨਾਗਰਿਕ ਹੋਣ ਦਾ ਅਰਥ ਇਹ ਸੀ ਕਿ ਹਰ ਨਾਗਰਿਕ ਸਰਕਾਰ ਦੇ ਵਿਧਾਨਕਾਰੀ ਤੇ ਕਾਰਜਕਾਰੀ ਕਾਰਜਾਂ ਵਿੱਚ ਸਿੱਧੇ ਤੌਰ ਤੇ ਭਾਗ ਲੈਂਦਾ ਸੀ। ਨਾਗਰਿਕਤਾ ਸੰਬੰਧੀ ਅਰਸਤੂ ਦਾ ਵਿਚਾਰ ਅਜਿਹੇ ਆਰਥਿਕ ਤੌਰ ਤੇ ਸੁਤੰਤਰ ਪ੍ਰਤਿਸ਼ਠ ਵਿਅਕਤੀ ਤੋਂ ਹੈ ਜਿਸ ਦੇ ਪਾਸ ਕਾਫ਼ੀ ਤਜ਼ਰਬਾ, ਸਿੱਖਿਆ ਤੇ ਵਿਹਲ ਹੋਵੇ ਤਾਂ ਜੋ ਉਹ ਆਪਣੇ ਆਪ ਨੂੰ ਸਰਗਰਮ ਨਾਗਰਿਕਤਾ ਵਿੱਚ ਜੁਟਾ ਸਕੇ। ਉਸ ਦੇ ਅਨੁਸਾਰ ਨਾਗਰਿਕ ਨੂੰ ਇੱਕ ਮਕੈਨਿਕ ਜਾਂ ਸੌਦਾਗਰ ਦਾ ਜੀਵਨ ਬਤੀਤ ਨਹੀਂ ਕਰਨਾ ਚਾਹੀਦਾ ਕਿਉਂਕਿ ਸਦਗੁਣਾਂ ਦੇ ਵਿਕਾਸ ਤੇ

ਰਾਜਨੀਤਿਕ ਕਰਤੱਵਾਂ ਦੀ ਪਾਲਣਾ ਲਈ ਵਿਹਲ ਬਹੁਤ ਜ਼ਰੂਰੀ ਹੈ। ਹਾਕਿਮ ਸ਼੍ਰੇਣੀ ਸੰਪਤੀ ਦੀ ਮਾਲਕ ਹੋਣੀ ਚਾਹੀਦੀ ਹੈ ਕਿਉਂਕਿ ਉਹ ਨਾਗਰਿਕ ਹੁੰਦੇ ਹਨ ਅਤੇ ਰਾਜ ਦੇ ਨਾਗਰਿਕਾਂ ਨੂੰ ਚੰਗੇ ਹਾਲਾਤ ਵਿੱਚ ਰਹਿਣਾ ਚਾਹੀਦਾ ਹੈ। ਮਕੈਨਿਕ ਲੋਕਾਂ ਜਾਂ ਕੋਈ ਹੋਰ ਸ਼੍ਰੇਣੀ ਜੋ ਸਦਗੁਣਾਂ ਨੂੰ ਪੈਦਾ ਨਹੀਂ ਕਰਦੀ ਉਸ ਦੇ ਪਾਸ ਰਾਜ ਦੇ ਮਾਮਲਿਆ ਵਿਚ ਭਾਗ ਲੈਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਨਾਗਰਿਕ ਹੀ ਰਾਜ ਦਾ ਅਨਿਖੜਵਾਂ ਭਾਗ ਹਨ। ਦੂਜੇ ਤਾਂ ਕੇਵਲ ਲੋੜੀਂਦੀਆਂ ਪ੍ਰਸਥਿਤੀਆਂ ਹਨ। ਅਰਸਤੂ ਨੀਵੀਆਂ ਸ਼੍ਰੇਣੀਆਂ ਨੰ ਨਾਗਰਿਕਤਾ ਦੀਆਂ ਪੰਕਤੀਆਂ ਤੋਂ ਬਾਹਰ ਰੱਖਦਾ ਹੈ। ਪ੍ਰਦੇਸ਼ੀਆਂ (Resident-Foreigners) ਨੂੰ ਵੀ ਬਾਹਰ ਰੱਖਿਆ ਜਾਂਦਾ ਹੈ। ਰਾਜ ਤਾਂ ਨਾਗਰਿਕਤਾ ਤੋਂ ਬਣਿਆ ਹੋਇਆ ਮਿਸ਼੍ਰਣ ਹੈ। ਐਪਰ ਨਾਗਰਿਕਤਾ ਦੀ ਪਰਿਭਾਸ਼ਾ ਸੰਬੰਧੀ ਕੋਈ ਆਮ ਸਹਿਮਤੀ ਨਹੀਂ। ਇਕ ਮਨੁੱਖ ਜਿਹੜਾ ਲੋਕਤੰਤਰ ਵਿੱਚ ਨਾਗਰਿਕ ਹੋ ਸਕਦਾ ਹੈ ਉਹ ਹੋ ਸਕਦਾ ਹੈ ਕਿ ਅਲਪਤੰਤਰ ਵਿੱਚ ਨਾਗਰਿਕ ਨਾ ਹੋਵੇ। ਅਸੀਂ ਸਿਰਫ਼ ਇਹ ਕਹਿੰਦੇ ਹਾਂ ਕਿ ਜਿਹੜਾ ਵਿਅਕਤੀ ਨਗਰ ਰਾਜ ਦੇ ਨਿਆਂ-ਪ੍ਰਸ਼ਾਸ਼ਨ ਵਿੱਚ ਹਿੱਸਾ ਲੈਂਦਾ ਹੈ, ਕੋਈ ਅਹੁੱਦਾ ਸੰਭਾਲਦਾ ਹੈ ਉਹ ਅਰਸਤੂ ਅਨੁਸਾਰ ਰਾਜ ਦਾ ਨਾਗਰਿਕ ਹੈ।

## 1.8.6 ਸੰਪਤੀ ਸੰਬੰਧੀ ਅਰਸਤੂ ਦੇ ਵਿਚਾਰ (Aristotle's views on Property)

ਅਰਸਤੂ ਨਿੱਜੀ ਸੰਪਤੀ ਇਕ ਵਿਅਕਤੀ ਦੇ ਕੇਵਲ ਜੀਵਨ ਗੁਜ਼ਾਰਨ ਲਈ ਹੀ ਜ਼ਰੂਰੀ ਨਹੀਂ ਸਮਝਦਾ ਸਗੋਂ ਉਸਦੇ ਚੰਗੇਰੇ ਜੀਵਨ ਲਈ ਵੀ ਜ਼ਰੂਰੀ ਖਿਆਲ ਕਰਦਾ ਹੈ। ਉਸ ਦੇ ਇਹ ਵਿਚਾਰ ਪਲੈਟੋ ਦੇ ਵਿਚਾਰਾਂ ਨਾਲੋਂ ਬਿਲਕੁੱਲ ਉਲਟ ਹਨ ਜੋ ਸੰਪਤੀ ਦੇ ਭ੍ਰਿਸ਼ਟਾਚਾਰੀ ਪ੍ਰਭਾਵਾਂ ਤੋਂ ਡਰਦਾ ਹੈ। ਪਲੈਟੋ ਸੰਪਤੀ ਨੂੰ ਨੈਤਿਕ ਪੂਰਣਤਾ ਲਈ ਇੱਕ ਖਤਰਾ ਸਮਝਦਾ ਹੈ। ਅਰਸਤੂ ਇਸ ਵਿਚਾਰ ਨੂੰ ਚਾਰ ਆਧਾਰਾਂ ਤੇ ਰੱਦ ਕਰਦਾ ਹੈ। ਪਹਿਲਾ, ਇਹ ਕਿ ਸੰਪਤੀ ਦਾ ਕਾਰਜ ਉਤਸ਼ਾਹ ਦੇਣ ਵਾਲਾ ਤੇ ਉਨੱਤੀਸ਼ੀਲ ਹੈ। ਜਦੋਂ ਹਰੇਕ ਮਨੁੱਖ ਦਾ ਵੱਖਰਾ ਹਿੱਤ ਹੈ ਉਹ ਉਸ ਨੂੰ ਸਮਾਜਿਕ ਉੱਨਤੀ ਵੱਲ ਲਿਜਾਂਦਾ ਹੈ। ਦੂਜਾ, ਸੰਪਤੀ ਦੀ ਮਲਕੀਅਤ ਦਾ ਖਿਆਲ ਹੀ ਖੁਸ਼ੀ ਪ੍ਰਦਾਨ ਕਰਦਾ ਹੈ। ਤੀਜੀ ਦਲੀਲ ਖੁੱਲ੍ਹਦਿਲੀ ਦੀ ਹੈ। ਸਾਮਵਾਦ ਅਧੀਨ ਸੰਪਤੀ ਦੀ ਸਮਾਨਤਾ ਕਾਰਨ ਲੋਕਾਂ ਵਿੱਚ ਖੁੱਲ੍ਹਦਿਲੀ ਨਹੀਂ ਰਹਿੰਦੀ। ਅਰਸਤੂ ਦੀ ਚੌਥੀ ਦਲੀਲ ਇਹ ਹੈ ਕਿ ਨਿੱਜੀ ਸੰਪਤੀ ਦੀ ਧਾਰਣਾ ਵਿੱਚ ਕੋਈ ਡੂੰਘੀ ਗੱਲ ਜ਼ਰੂਰ ਹੋਵੇਗੀ। ਇਹ ਵਿਚਾਰ ਲੰਮੇ ਸਮੇਂ ਤੋਂ ਚਲਿਆ ਆ ਰਿਹਾ ਹੈ। ਸਾਨੂੰ ਯੁੱਗਾਂ ਦੇ ਤਜ਼ਰਬੇ ਦਾ ਅਨਾਦਰ ਨਹੀਂ ਕਰਨਾ ਚਾਹੀਦਾ। ਨਿੱਜੀ ਸੰਪਤੀ ਦੇ ਨੁਕਸਾਂ ਦੇ ਕਾਰਣ ਸਵੈ-ਸੰਪਤੀ ਨਹੀਂ, ਸਗੋਂ ਮਨੁੱਖੀ ਸੁਭਾਉ ਦੀ ਕਮਜ਼ੋਰੀ ਹੈ। ਨਿੱਜੀ ਸੰਪਤੀ ਨੂੰ ਖਤਮ ਕਰਨ ਦੀ ਬਜਾਏ ਮਨੁੱਖੀ ਸੁਭਾਉ ਨੂੰ ਬਦਲਣ ਤੇ ਇਸਦੇ ਵਿੱਚ ਲੋੜੀਂਦਾ ਸੁਧਾਰ ਕਰਨਾ ਚਾਹੀਦਾ ਹੈ। ਅਰਸਤੂ ਲਈ ਜਿਹੜੀ ਗੱਲ ਮਹੱਤਵਪੂਰਣ ਦਿਸਦੀ ਹੈ ਉਹ ਇਹ ਨਹੀਂ ਕਿ ਸੰਪਤੀ ਦਾ ਮਾਲਿਕ ਕੌਣ ਹੈ, ਸਗੋਂ ਇਹ ਕਿ ਸੰਪਤੀ ਦੀ ਮਾਲਿਕ ਦੁਆਰਾ ਵਰਤੋਂ ਕਿਵੇਂ ਹੁੰਦੀ ਹੈ। ਇਹ ਲਾਜ਼ਮੀ ਰੂਪ ਵਿੱਚ ਇੱਕ ਨੈਤਿਕ ਪ੍ਰਸ਼ਨ ਹੈ।

## 1.8.7 ਕ੍ਰਾਂਤੀਆਂ ਦੇ ਕਾਰਣਾਂ ਅਤੇ ਇਲਾਜਾਂ ਬਾਰੇ ਅਰਸਤੂ ਦੇ ਵਿਚਾਰ

**(Aristotle's Views on Causes and Cures of Revolutions)**

'ਪਾਲਿਟਿਕਸ' ਵਿਚ ਅਰਸਤੂ ਕ੍ਰਾਂਤੀਆਂ ਦੇ ਕਾਰਣਾਂ ਦਾ ਨਿਰੀਖਣ ਕਰਦਾ ਹੈ। ਹਿੰਸਕ ਜਾਂ ਅਹਿੰਸਕ ਸਾਧਨਾਂ ਰਾਹੀਂ ਅਚਾਨਕ ਲਿਆਂਦੀ ਗਈ ਮੂਲ ਤਬਦੀਲੀ ਨੂੰ ਕ੍ਰਾਂਤੀ ਕਹਿੰਦੇ ਹਨ। ਅਰਸਤੂ ਨੇ ਵਿਸ਼ੇ ਨੂੰ ਵਿਸਤਾਰਪੂਰਣ ਢੰਗ ਨਾਲ ਨਿਬਾਹਿਆ ਹੈ। ਉਸ ਨੇ ਕ੍ਰਾਂਤੀ ਦੇ ਸਾਧਾਰਣ ਸੋਮਿਆਂ ਤੇ ਕਾਰਣਾਂ ਨੂੰ ਤਿੰਨ ਸਿਰਲੇਖਾਂ ਹੇਠ ਵੰਡਿਆ ਹੈ :-

1. ਮਨੋਵਿਗਿਆਨਕ ਮਨੋਰਥ
2. ਸਾਹਮਣੇ ਰੱਖੇ ਉਦੇਸ਼
3. ਮੁੱਢਲੇ ਅਵਸਰ ਜੋ ਫਿਰ ਤੋਂ ਦੋ ਪ੍ਰਕਾਰ ਦੇ ਹੁੰਦੇ ਹਨ :

(1) ਹੈਂਕੜਬਾਜ਼ੀ, ਲਾਭ ਦੀ ਲਾਲਸਾ, ਪ੍ਰਤਿਸ਼ਠਾ ਦਾ ਸਵਾਲ, ਕਿਸੇ ਪ੍ਰਕਾਰ ਸ੍ਰੇਸ਼ਟਤਾ ਦੀ ਹੋਂਦ, ਡਰ, ਘਿਰਣਾ ਅਤੇ ਰਾਜ ਵਿੱਚ ਇੱਕ ਜਾਂ ਦੂਜੇ ਤੱਤ ਦਾ ਗੈਰ ਤਨਾਸਬੀ ਵਾਧਾ।

(2) ਇਕ ਹੋਰ ਪ੍ਰਕਾਰ ਦਾ ਅਵਸਰ ਵੀ ਹੁੰਦਾ ਹੈ ਜੋ ਆਪਣੇ ਵਿਚਾਲੇ ਕਾਰਣ ਤੋਂ ਪੈਦਾ ਨਹੀਂ ਹੁੰਦਾ, ਸਗੋਂ ਇਤਫਾਕ ਨਾਲ ਹੀ ਹੋਂਦ ਵਿੱਚ ਆ ਜਾਂਦਾ ਹੈ। ਇਸ ਦੀਆਂ ਚਾਰ ਕਿਸਮਾਂ ਹੁੰਦੀਆਂ ਹਨ (ੳ) ਚੋਣਾਂ ਦੀਆਂ ਹੇਰਾਫੇਰੀਆਂ (ਅ) ਕਰਤੱਵਾਂ ਪ੍ਰਤੀ ਜਾਣ ਬੁੱਝ ਕੇ ਕੋਤਾਹੀ, (ੲ) ਛੋਟੀਆਂ ਛੋਟੀਆਂ ਤਬਦੀਲੀਆਂ ਨੂੰ ਨਜ਼ਰ-ਅੰਦਾਜ਼ ਕਰਨਾ, (ਸ) ਰਾਜ ਵਿੱਚ ਸ਼ਾਮਿਲ ਤੱਤਾਂ ਵਿੱਚ ਅਸਮਾਨਤਾ।

ਕ੍ਰਾਂਤੀ ਦੀ ਮਿਆਦ ਭਾਵੇਂ ਛੋਟੀ ਹੋਵੇ ਪਰ ਪਰਿਣਾਮ ਵੱਡੇ ਹੁੰਦੇ ਹਨ। ਛੋਟੇ ਤੇ ਨਿੱਜੀ ਮਾਮਲਿਆਂ ਵਿੱਚੋਂ ਕਈ ਵਾਰ ਵੱਡੇ ਤੇ ਆਮ ਸਿੱਟੇ ਨਿਕਲ ਪੈਂਦੇ ਹਨ। ਇਨਕਲਾਬੀ ਤਬਦੀਲੀ ਇਨ੍ਹਾਂ ਕਾਰਨਾਂ ਕਰਕੇ ਵੀ ਆ ਜਾਂਦੀ ਹੈ : (ੳ) ਰਾਜ ਦੇ ਅਹੁਦੇ ਜਾਂ ਕਿਸੇ ਭਾਗ ਦੀ ਪ੍ਰਸਿੱਧੀ ਤੇ ਸ਼ਕਤੀ ਵਿੱਚ ਵਾਧਾ (ਅ) ਪਾਰਟੀਆਂ ਵਿਚਕਾਰ ਬਰਾਬਰ ਦਾ ਅਸੰਤੁਲਨ ਜਿਸ ਨਾਲ ਗਤੀਰੋਧ ਪੈਦਾ ਹੋ ਜਾਂਦਾ ਹੈ, (ੲ) ਕ੍ਰਾਂਤੀ ਦੇ ਪ੍ਰਚਲਣ ਵਿੱਚ ਸ਼ਕਤੀ ਤੇ ਧੋਖਾਦੇਹੀ ਵੀ ਕੰਮ ਕਰਦੇ ਹਨ। ਜੇ ਨਗਰ ਰਾਜ ਦੇ ਲੋਕਾਂ ਵਿੱਚ ਸਮਾਨਤਾ ਅਸਮਾਨਤਾ ਦੀ ਭਾਵਨਾ ਨਾ ਹੋਵੇ ਤਾਂ ਕ੍ਰਾਂਤੀ ਨਹੀਂ ਆਉਂਦੀ। ਹੋਰ ਇਹ ਕਿ ਕ੍ਰਾਂਤੀ ਤੇ ਕਾਰਣ ਇਕੋ ਜਿਹੇ ਨਹੀਂ ਹੁੰਦੇ। ਉਹ ਹਰ ਰਾਜ ਵਿੱਚ ਵਿਭਿੰਨ ਹੁੰਦੇ ਹਨ। ਨਿਆਂ ਤੇ ਸਮਾਨਤਾ ਦੀਆਂ ਵੱਖ-ਵੱਖ ਵਿਆਖਿਆਵਾਂ ਨਾਲ ਵੱਖ-ਵੱਖ ਦਾਅਵੇ ਉਠ ਸਕਦੇ ਹਨ। ਬਗਾਵਤ ਦਾ ਕਾਰਣ ਹਮੇਸ਼ਾ ਅਸਮਾਨਤਾ ਵਿੱਚ ਲੱਭਿਆ ਜਾ ਸਕਦਾ ਹੈ। ਭੀੜਤੰਤਰ ਵਿੱਚ ਕ੍ਰਾਂਤੀਆਂ ਉਦੋਂ ਆਉਂਦੀਆਂ ਹਨ ਜਦੋਂ ਭੜਕਾਊ ਵਕਤੇ ਅਮੀਰਾਂ ਉੱਤੇ ਵਿਅਕਤੀਗਤ ਤੇ ਸਮੂਹਿਕ ਰੂਪ ਵਿੱਚ ਆਕ੍ਰਮਣ ਕਰਨ ਲੱਗ ਜਾਂਦੇ ਹਨ। ਅਲਪਤੰਤਰ ਵਿੱਚ ਕ੍ਰਾਂਤੀਆਂ ਜਾਂ ਤਾਂ ਜਨਤਾ ਪ੍ਰਤੀ ਭੈੜੇ ਵਿਵਹਾਰ ਕਾਰਨ ਜਾਂ ਉਦੋਂ ਆਉਂਦੀਆਂ ਹਨ ਜਦੋਂ ਹਾਕਿਮ ਸ਼੍ਰੇਣੀ ਵਿੱਚ ਮਤਭੇਦ ਹੋ ਜਾਂਦੇ ਹਨ। ਕੁਲੀਨਤੰਤਰ ਵਿੱਚ ਕ੍ਰਾਂਤੀਆਂ ਉਦੋਂ ਆਉਂਦੀਆਂ ਹਨ ਜਦੋਂ ਸਰਕਾਰ ਦਾ ਘੇਰਾ ਤੰਗ ਕਰ ਦਿੱਤਾ ਜਾਂਦਾ ਹੈ।

ਪਹਿਲੀਆਂ ਤਿੰਨ ਪ੍ਰਕਾਰਾਂ ਵਿੱਚ ਸਥਿਰਤਾ ਨੂੰ ਯਕੀਨੀ ਬਣਾ ਕੇ ਕ੍ਰਾਂਤੀ ਨੂੰ ਰੋਕਿਆ ਜਾ ਸਕਦਾ ਹੈ। ਅਰਾਜਕਤਾ ਤੇ ਖਾਸ ਕਰਕੇ ਛੋਟੀਆਂ ਮੋਟੀਆਂ ਗੱਲਾਂ ਵਿੱਚ ਅਰਾਜਕਤਾ ਵਿਰੁੱਧ ਇਹਤਿਆਤਾਂ ਵਰਤਣੀਆਂ ਚਾਹੀਦੀਆ ਹਨ। ਲੋਕਾਂ ਨੂੰ ਉਲੂ ਬਣਾਉਣ ਦੀਆਂ ਜੁਗਤੀਆਂ ਉੱਤੇ ਆਧਾਰ ਨਹੀਂ ਰੱਖਣਾ ਚਾਹੀਦਾ। ਨਿਰਪੱਖਤਾ ਤੇ ਨਿਆਂਕਾਰੀ ਦੀ ਭਾਵਨਾ ਪੈਦਾ ਕਰਨੀ ਚਾਹਦੀ ਹੈ। ਅਜਿਹੀ ਭਾਵਨਾ ਨੂੰ ਕਾਇਮ ਰੱਖਣ ਲਈ ਸੰਕਟਕਾਲੀ ਸਥਿਤੀ ਸਰਕਾਰ ਨੂੰ ਕਾਇਮ ਰੱਖਣ ਵਿੱਚ ਸਹਾਈ ਹੋ ਸਕਦੀ ਹੈ। ਅਹੁਦਿਆਂ ਨੂੰ ਤਰੱਕੀ ਦੇਣ ਜਾਂ ਵਾਪਿਸ ਲੈਣ ਵਿੱਚ ਇਹਤਿਆਤ ਵਰਤਣੀ ਚਾਹੀਦੀ ਹੈ। ਨਿੱਜੀ ਫਜ਼ੂਲ ਖਰਚੀ ਉੱਤੇ ਨਜ਼ਰ ਰੱਖਣੀ ਚਾਹੀਦੀ ਹੈ ਤੇ ਖਿਆਲ ਰੱਖਣਾ ਚਾਹੀਦਾ ਹੈ ਕਿ ਸਮੁੱਚੀ ਸਮਾਜਿਕ ਸ਼੍ਰੇਣੀ ਇਕਦਮ ਬਹੁਤ ਖੁਸ਼ਹਾਲ ਨਾ ਬਣ ਜਾਵੇ। ਰਾਜ ਦੇ ਅਹੁਦਿਆਂ ਨੂੰ ਲਾਭ ਦਾ ਸਾਧਨ ਬਣਨ ਤੋਂ ਰੋਕਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ। ਭੀੜਤੰਤਰ (Democracy) ਕਾਇਮ ਰੱਖਣ ਲਈ ਅਮੀਰਾਂ ਨੂੰ ਨਹੀਂ ਛੇੜਨਾ ਚਾਹੀਦਾ ਅਤੇ ਕੁਲੀਨਤੰਤਰ ਕਾਇਮ ਰੱਖਣ ਲਈ ਗਰੀਬਾਂ ਨੂੰ ਉਤਸ੍ਹਾਹਿਤ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ।

## 1.8.8 ਰਾਜਨੀਤਿਕ ਚਿੰਤਨ ਨੂੰ ਅਰਸਤੂ ਦੀ ਦੇਣ

ਅਰਸਤੂ ਨੂੰ ਪਹਿਲਾ ਰਾਜਨੀਤਿਕ ਵਿਗਿਆਨੀ ਕਿਹਾ ਜਾਂਦਾ ਸੀ। ਉਹ ਸੁਭਾਉ ਤੇ ਸਿਖਲਾਈ ਦੋਹਾਂ ਪੱਖਾਂ ਤੋਂ ਹੀ ਵਿਗਿਆਨੀ ਸੀ। ਉਸ ਦਾ ਪਿਤਾ ਮਕਦੂਨੀਆਂ ਦੇ ਰਾਜੇ ਦਾ ਨਿੱਜੀ ਹਕੀਮ ਸੀ ਤੇ ਉਸ ਦੀ ਪਹਿਲੀ ਸਿਖਲਾਈ ਵੀ ਪ੍ਰਾਕ੍ਰਿਤਕ ਵਿਗਿਆਨ ਵਿੱਚ ਹੋਈ ਸੀ। ਉਸ ਨੇ ਬਹੁਤ ਕੁਝ ਪੜ੍ਹਿਆ ਸੀ ਤੇ ਬੜੀਆਂ ਥਾਵਾਂ ਤੇ ਘੁੰਮ ਫਿਰ ਆਇਆ ਸੀ। ਪਲੈਟੋ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਦਿਆਰਥੀ ਹੋਣ ਤੋਂ ਇਲਾਵਾ ਉਸ ਨੇ ਆਪਣੇ ਜ਼ਮਾਨੇ ਦੇ 158 ਸੰਵਿਧਾਨਾਂ ਦਾ ਅਧਿਐਨ ਕੀਤਾ ਸੀ। ਉਸ ਦੀ ਪਹੁੰਚ ਪ੍ਰਯੋਗ-ਸਿੱਧ ਸੀ ਅਤੇ ਉਹ ਕਈ ਮਾਮਲਿਆਂ ਤੇ ਆਪਣੇ ਅਧਿਆਪਕ ਤੇ ਨੁਕਤੀਚੀਨੀ ਕਰਨ ਤੋਂ ਨਹੀਂ ਸੀ ਝਿਜਕਦਾ। ਉਸ ਦੀ ਕਾਰਜ ਪ੍ਰਣਾਲੀ ਦਾ ਮੁੱਖ ਢੰਗ ਨਿਰੀਖਣ ਕਰਨਾ ਤੇ ਸਾਰੇ ਢੁੱਕਵੇਂ ਤੱਤਾਂ (Relevant Data)

ਨੂੰ ਇੱਕਠਾ ਕਰਨਾ ਸੀ। ਉਸ ਦੇ ਅਧਿਐਨ ਦਾ ਮੰਤਵ ਕਿਸੇ ਆਮ ਸਿਧਾਂਤ ਨੂੰ ਖੋਜਣਾ ਅਤੇ ਅੰਕਿਤ ਤੱਥਾਂ ਦੀ ਉਲੰਘਣਾ ਕੀਤੇ ਬਿਨ੍ਹਾਂ ਵਿਆਖਿਆ ਕਰਨਾ ਸੀ। ਉਸ ਦੀ ਆਗਮਨੀ ਆਦਤ (Inductive Habit) ਨਾ ਕੇਵਲ ਉਸ ਦੀ ਇਤਿਹਾਸਕ ਰੁਚੀ ਨਾਲ ਜੁੜੀ ਹੋਈ ਸੀ, ਸਗੋਂ ਉਸ ਦੀ ਵਿਗਿਆਨਕ ਦ੍ਰਿਸ਼ਟੀ ਨਾਲ ਵੀ ਬੱਝੀ ਹੋਈ ਸੀ। ਉਹ ਕਹਿੰਦਾ ਸੀ ਅੱਤਾਂ (Extremes) ਤੋਂ ਬੱਚਿਆ ਜਾਵੇ ਅਤੇ ਰਾਜ ਦੇ ਵਿਭਿੰਨ ਭਾਗਾਂ ਵਿਚਕਾਰ ਅਨੁਪਤ ਤੇ ਸੁਜੋੜ ਨੂੰ ਕਾਇਮ ਰੱਖਣ ਲਈ ਡਾਕਟਰੀ ਪਹੁੰਚ ਅਪਣਾਈ ਜਾਵੇ। ਇਹ 'ਸੁਨਹਿਰੀ ਮੱਧਮਾਰਗ' ਦਾ ਸਿਆਣਾ ਰਸਤਾ ਸੀ। ਉਸ ਦਾ ਵਿਸ਼ਵਾਸ ਸਹਿਜ (Moderation) ਦੇ ਦਰਸ਼ਨ ਦਾ ਸੀ। ਅਰਸਤੂ ਨੂੰ ਨਾ ਤਾਂ ਲੋਕਤਾਂਤਰਿਕ ਹੀ ਕਿਹਾ ਜਾ ਸਕਦਾ ਤੇ ਨਾ ਹੀ ਉਹ ਲੋਕਤੰਤਰ ਦਾ ਵਿਰੋਧੀ ਸੀ। ਉਹ ਸੰਪਤੀ ਦੀ ਸਾਂਝੀ ਮਾਲਕੀ ਵਿੱਚ ਯਕੀਨ ਨਹੀਂ ਰੱਖਦਾ ਪਰ ਇਸ ਦੀ ਸਾਂਝੀ ਵਰਤੋਂ ਵਿੱਚ ਉਸ ਦਾ ਵਿਸ਼ਵਾਸ ਸੀ। ਅਰਸਤੂ ਸਮਝੌਤਾਕਾਰੀ ਲੋਕਤੰਤਰ (Polity) ਦਾ ਸਮਰਥਨ ਕਰਦਾ ਸੀ, ਜਿਸ ਵਿੱਚ ਸੰਪਤੀ ਦੇ ਆਧਾਰ ਤੇ ਸੀਮਿਤ ਮੱਤ-ਅਧਿਕਾਰ ਹੋਵੇ ਅਰਥਾਤ ਇੱਕ ਮਿਸ਼੍ਰਿਤ ਸੰਵਿਧਾਨ ਜਿਸ ਵਿੱਚ ਅਲਪਤੰਤਰ ਤੇ ਲੋਕਤੰਤਰ ਦੇ ਗੁਣ ਜੁੜੇ ਹੋਣ।

ਕਾਨੂੰਨ ਦੀ ਪ੍ਰਭੂਤਾ ਬਾਰੇ ਅਰਸਤੂ ਦੇ ਥੀਸਿਸ ਅਤੇ ਕਾਨੂੰਨ ਰਾਹੀਂ ਸੀਮਿਤ ਸਰਕਾਰ ਦੇ ਸੰਕਲਪ ਦਾ ਇਤਿਹਾਸ ਬੜਾ ਲੰਮਾ ਹੈ। ਇਸ ਦਾ ਮੱਧਕਾਲ ਵਿੱਚ ਬਹੁਤ ਪ੍ਰਭਾਵ ਪਿਆ। ਕਾਨੂੰਨ ਤੋਂ ਅਰਸਤੂ ਦਾ ਮਤਲਬ ਕੋਈ ਕੋਡ ਜਾਂ ਸੰਮਤਾ ਨਹੀਂ, ਸਗੋਂ ਲਿਖਤੀ ਜਾਂ ਅਲਿਖਤੀ ਰਿਵਾਜ਼ ਹਨ ਜੋ ਰਾਜ ਦੇ ਵਿਕਾਸ ਨਾਲ ਹੀ ਵਿਕਸਿਤ ਹੋਏ ਹਨ। ਅਰਸਤੂ ਨੂੰ ਇਤਿਹਾਸਕ ਵਿਕਾਸ ਦੀ ਡੂੰਘੀ ਸੂਝ ਸੀ ਅਤੇ ਉਹ ਕਿਸੇ ਆਦਰਸ਼ ਦੀ ਪ੍ਰਾਪਤੀ ਲਈ, ਭਾਵੇਂ ਉਹ ਕਿੰਨੀ ਵੀ ਆਕ੍ਰਿਸ਼ਿਤ ਕਿਉਂ ਨਾ ਹੋਵੇ, ਅਚਾਨਕ ਤਬਦੀਲੀ ਦੇ ਹੱਕ ਵਿੱਚ ਨਹੀਂ ਸੀ।

ਰਾਜ ਦੇ ਕੁਦਰਤੀ ਵਿਕਾਸ ਬਾਰੇ ਉਸ ਦੀ ਧਾਰਣਾ ਅਜਿਹੀ ਸੀ ਜਿਸ ਨੇ ਅਜੋਕੇ ਦੌਰ ਦੇ ਰਾਜ ਦੀ ਪ੍ਰਕ੍ਰਿਤੀ ਸੰਬੰਧੀ ਅੰਗਿਕ ਧਾਰਣਾ (Organic Concept of State) ਤੇ ਬਹੁਤ ਪ੍ਰਭਾਵ ਪਾਇਆ ਹੈ। ਮੱਧ ਸ਼੍ਰੇਣੀ ਸਮਾਜ ਵਿੱਚ ਮਿਸ਼੍ਰਿਤ ਰਾਜ ਦੇ ਉਸ ਸੰਕਲਪ ਨੇ ਪੁਨਰ-ਜਾਗ੍ਰਿਤੀ (Renaissance) ਤੋ ਬਾਅਦ ਦੇ ਦੌਰ ਵਿੱਚ ਕਲਿਆਣਕਾਰੀ ਰਾਜ ਦੇ ਸਮੱਰਥਕਾਂ ਦੀ ਰਾਜਨੀਤਿਕ ਵਿਚਾਰਧਾਰਾ ਉਤੇ ਵੀ ਬਹੁਤ ਅਸਰ ਪਾਇਆ।

ਅਰਸਤੂ ਦਾ ਇਹ ਵਿਚਾਰ ਹੈ ਕਿ ਦਾਸਤਾ ਪਰਿਵਾਰ ਦਾ ਇੱਕ ਕੁਦਰਤੀ ਅੰਸ਼ ਹੈ ਜਿਸ ਦਾ ਅਧਾਰ ਅਰਸਤੂ ਦੀ ਯਥਾਰਥਵਾਦੀ ਪਹੁੰਚ ਤੇ ਹੈ। ਦਾਸ-ਕਿਰਤ ਤੋਂ ਬਗੈਰ ਉਸ ਸਮੇਂ ਦੀ ਅਰਥ-ਵਿਵਸਥਾ ਨੇ ਢਹਿ-ਢੇਰੀ ਹੋ ਜਾਣਾ ਸੀ। ਜਿਹੜੀਆਂ ਅਤਿ ਵਿਲੱਖਣ ਧਾਰਨਾਵਾਂ ਅਰਸਤੂ ਦੇ ਦਰਸ਼ਨ ਵਿਚੋਂ ਪ੍ਰਤੱਖ ਨਜ਼ਰ ਆਉਂਦੀਆਂ ਹਨ ਉਹ ਹਨ - (1) ਦੂਜੀਆਂ ਜਾਤੀਆਂ ਉੱਤੇ ਯੂਨਾਨੀਆਂ ਦੀ ਸ੍ਰੇਸ਼ਠਤਾ : (2) ਸਮਾਜਿਕ ਸੰਗਠਨ ਦੇ ਆਧਾਰ ਵਜੋਂ ਦਾਸਤਾ ਦੀ ਲੋੜ ਤੇ ਉੱਚਿਤਤਾ : (3) ਰਾਜਨੀਤਿਕ ਸੰਗਠਨ ਵਿੱਚ ਨਗਰ ਰਾਜ ਦਾ ਵਿਸ਼ੇਸ਼ ਲੱਛਣ : (4) ਰੋਜ਼ੀ ਕਮਾਉਣ ਵਾਲੇ ਕਾਰਜ ਦੀ ਚੰਗੀ ਨਾਗਰਿਕਤਾ ਦੇ ਬੌਧਿਕ ਲੱਛਣ ਨਾਲ ਮੇਲ ਨਾ ਖਾਣਾ : (5) ਰਾਜ ਨਿਰਦੇਸ਼ਿਤ ਸਿੱਖਿਆ ਤੇ ਸਿਖਲਾਈ ਦੀ ਸਰਵਉੱਚ ਮਹੱਤਤਾ ਅਤੇ (6) ਸਾਰੇ ਨਿੱਜੀ ਮਨੋਰਥਾਂ ਅਤੇ ਵਿਵਹਾਰ ਦਾ ਕਾਨੂੰਨ ਦੇ ਆਦੇਸ਼ ਅਧੀਨ ਹੋਣਾ।

## 1.8.9 ਸਾਰ (ਯਾਦ ਰੱਖਣ ਵਾਲੇ ਨੁਕਤੇ)

1. ਅਰਸਤੂ ਇੱਕ ਯੂਨਾਨੀ ਚਿੰਤਕ ਸੀ ਜਿਸਨੇ ਰਾਜ ਤੇ ਸਰਕਾਰ ਦੇ ਸਿਧਾਂਤ ਦਾ ਵਿਗਿਆਨਿਕ ਵਿਚਾਰ ਪੇਸ਼ ਕੀਤਾ।
2. ਉਹ ਮਹਾਨ ਗੁਰੂ (ਪਲੈਟੋ) ਦਾ ਮਹਾਨ ਸ਼ਿਸ਼ ਸੀ ਜਿਸ ਨੇ ਉਸ ਤੋਂ ਸਿੱਖਿਆ ਪ੍ਰਾਪਤ ਕੀਤੀ ਪਰ ਨਾਲ ਹੀ ਲੋੜ ਪੈਣ ਤੇ ਉਸ ਦੀ ਆਲੋਚਨਾ ਵੀ ਕੀਤੀ।
3. ਉਹ ਆਪਣੀ ਪਹੁੰਚ ਸੰਬੰਧੀ ਆਗਮਨੀ (Inductive) ਸੀ, ਉਸ ਦੀਆਂ ਪੱਧਤੀਆਂ ਵਿਗਿਆਨਕ, ਉਸ ਦੀ ਵਿਆਖਿਆ ਤਰਕ ਪੂਰਣ ਤੇ ਉਸ ਦਾ ਵਿਸ਼ਲੇਸ਼ਣ ਬਾਹਰਮੁੱਖੀ ਸੀ।
4. ਪਰਿਵਾਰ, ਸੰਪਤੀ ਤੇ ਰਾਜ ਸੰਬੰਧੀ ਉਸ ਦੇ ਵਿਚਾਰ ਪਲੈਟੋ ਦੇ ਵਿਚਾਰਾਂ ਤੋਂ ਬਿਲਕੁੱਲ

ਉਲਟ ਸਨ ਇਸ ਲਈ ਪਲੈਟੋ ਦੇ ਵਿਚਾਰਾਂ ਨੂੰ ਉਸ ਨੇ ਰੱਦ ਕਰ ਦਿੱਤਾ।

5. ਉਹ ਰਾਜ ਨੂੰ ਕੁਦਰਤੀ ਸੰਸਥਾ ਕਹਿੰਦਾ ਹੈ ਜਿਸ ਦਾ ਜਨਮ ਤੇ ਵਿਕਾਸ ਇਕ ਸਰੀਰ ਵਾਂਗ ਹੋਇਆ ਹੈ।

6. ਅਰਸਤੂ ਯੂਨਾਨੀ ਨਗਰ ਰਾਜ ਨੂੰ ਬੌਧਿਕ ਅਤੇ ਨੈਤਿਕ ਸਦਗੁਣਾਂ ਦੀ ਪ੍ਰਾਪਤੀ ਦਾ ਸਾਧਨ ਸਮਝਦਾ ਹੈ।

7. ਦਾਸਤਾ ਸੰਬੰਧੀ ਅਰਸਤੂ ਦੇ ਵਿਚਾਰ ਆਰਥਿਕ ਰੰਗਤ ਵਾਲੇ ਸਨ। ਉਹ ਸਮਝਦਾ ਸੀ ਕਿ ਮਨੁੱਖ ਅਸਮਾਨ ਹਨ, ਕੁਝ ਦੀ ਕਿਸਮਤ ਵਿੱਚ ਰਾਜ ਕਰਨਾ ਲਿਖਿਆ ਹੈ ਤੇ ਕੁਝ ਦੀ ਕਿਸਮਤ ਵਿੱਚ ਪਰਜਾ ਹੋਣਾ। ਇਸ ਲਈ ਉਹ ਦਾਸ ਪ੍ਰਥਾ ਨੂੰ ਉਚਿਤ ਠਹਿਰਾਉਂਦਾ ਸੀ। ਇਸ ਨੂੰ ਉਹ ਆਰਥਿਕ ਆਧਾਰ ਤੇ ਵੀ ਜਾਇਜ਼ ਕਰਾਰ ਦੇਂਦਾ ਹੈ।

8. ਨਾਗਰਿਕਤਾ ਸੰਬੰਧੀ ਅਰਸਤੂ ਦੇ ਵਿਚਾਰ ਕੁਲੀਨਤੰਤਰੀ ਹਨ। ਉਹ ਸਮਝਦਾ ਹੈ ਕਿ ਸੰਪਤੀ ਵਾਲੇ ਪੜ੍ਹੇ ਲਿਖੇ ਸੁਤੰਤਰ ਮਨੁੱਖ ਹੀ ਨਾਗਰਿਕਤਾ ਦੇ ਅਧਿਕਾਰੀ ਹਨ।

9. ਅਰਸਤੂ ਦੇ ਆਦਰਸ਼ ਰਾਜ ਦਾ ਸੰਕਲਪ ਪਲੈਟੋ ਦੇ ਦੂਜੇ ਦਰਜੇ ਦੇ ਸ੍ਰੇਸ਼ਠ ਰਾਜ ਦਾ ਆਧਾਰ ਬਣਦਾ ਸੀ।

10. ਅਰਸਤੂ ਇਸ ਲਿਹਾਜ ਨਾਲ ਰੂੜ੍ਹੀਵਾਦੀ ਸੀ ਕਿ ਉਹ ਪਰੰਪਰਾ ਤੇ ਰਿਵਾਜਾਂ ਨੂੰ ਰਾਜ ਦਾ ਆਧਾਰ ਮੰਨਦਾ ਸੀ।

11. ਅਰਸਤੂ ਦਾ ਰਾਜਾਂ ਦਾ ਵਰਗੀਕਰਣ ਗਿਣਨਾਤਮਕ ਤੇ ਗੁਣਾਤਮਕ ਦੋਹਾਂ ਤਰ੍ਹਾਂ ਦਾ ਹੈ, ਪਰ ਇਹ ਅਸਪਸ਼ਟ ਹੈ। ਉਹ ਮਿਸ਼ਰਤ ਸੰਵਿਧਾਨ ਨੂੰ ਤਰਜੀਹ ਦੇਂਦਾ ਸੀ। ਜਿਸ ਦੀ ਅਗਵਾਈ ਮੱਧ ਸ਼੍ਰੇਣੀ ਦੇ ਹੱਥਾਂ ਵਿੱਚ ਹੋਵੇ।

12. ਅਰਸਤੂ ਦਾ ਪਿੱਛੋਂ ਆਉਣ ਵਾਲੇ ਦਾਰਸ਼ਨਿਕਾਂ ਤੇ ਪ੍ਰਭਾਵ ਓਪਰਾ-ਓਪਰਾ ਤੇ ਥੋੜ੍ਹਾ ਜਿਹਾ ਸੀ। ਉਹ ਨਗਰ ਰਾਜ ਨੂੰ ਤਰਜੀਹ ਦੇਂਦਾ ਸੀ ਪਰ ਉਸਦੇ ਆਪਣੇ ਹੀ ਸ਼ਿਸ਼, ਮਹਾਨ ਸਿਕੰਦਰ ਨੇ ਇਕ ਵੱਡਾ ਸਾਮਰਾਜ ਸਥਾਪਿਤ ਕਰ ਲਿਆ ਸੀ। ਰੋਮਨਾਂ ਨੇ ਵੀ ਵੱਡੇ ਸਾਮਰਾਜ ਕਾਇਮ ਕੀਤੇ ਸਨ ਜਿਨ੍ਹਾਂ ਵਿੱਚ ਵਿਭਿੰਨ ਜਾਤੀਆਂ ਤੇ ਵੱਖ-ਵੱਖ ਪ੍ਰਕਾਰਾਂ ਦੇ ਲੋਕ ਸ਼ਾਮਿਲ ਹਨ।

13. ਪਲੈਟੋ ਨੂੰ ਨਹੀਂ, ਸਗੋਂ ਅਰਸਤੂ ਨੂੰ ਰਾਜਨੀਤਿਕ ਵਿਗਿਆਨ ਦਾ ਪਿਤਾ ਕਿਹਾ ਜਾਂਦਾ ਹੈ, ਕਿਉਂ ਜੋ ਉਸ ਦੀ ਸ਼ੈਲੀ ਸਾਦੀ, ਉਸਦੇ ਵਿਚਾਰ ਧਰਤੀ ਦੇ ਨੇੜੇ ਤੇ ਉਸ ਦੀ ਵਿਆਖਿਆ ਸਪਸ਼ਟ ਹੁੰਦੀ ਹੈ। ਉਹ ਇਤਿਹਾਸਕ ਪ੍ਰਸੰਗ ਵਿੱਚ ਗੱਲ ਕਰਦਾ ਹੈ।

14. ਕ੍ਰਾਂਤੀਆਂ ਸੰਬੰਧੀ ਉਸ ਦਾ ਸਿਧਾਂਤ ਇਤਿਹਾਸਕ ਤੇ ਕਾਲਪਨਿਕ ਦੋਹਾਂ ਰੂਪਾਂ ਦਾ ਹੈ। ਉਹ ਪੂਰੇ ਵਿਸ਼ਵਾਸ ਤੇ ਅਧਿਕਾਰ ਨਾਲ ਗੱਲ ਕਰਦਾ ਹੈ। ਉਹ ਇਨਕਲਾਬੀ ਰੁਚੀਆਂ ਦਾ ਇਲਾਜ ਦੱਸਦਾ ਹੈ। ਉਸ ਦੀ ਪਹੁੰਚ ਮਨੋਵਿਗਿਆਨਕ ਹੈ।

15. ਅਰਸਤੂ ਸ਼ਕਤੀਆਂ ਦੀ ਅਲਹਿਦਗੀ ਦੇ ਸਿਧਾਂਤ (Separation of Powers) ਦਾ ਪਹਿਲਾ ਸਮਰਥਕ ਹੈ।

16. ਅਰਸਤੂ ਵਿੱਚ ਯੂਨਾਨੀ ਤੇ ਵਿਸ਼ਵ ਵਿਆਪੀ ਸੁਭਾਉ ਰਲਿਆ-ਮਿਲਿਆ ਹੈ।

17. ਅਰਸਤੂ ਦਾ ਗਿਆਨ ਵਿਸ਼ਵ-ਕੋਸ਼ੀ ਹੈ। ਉਸ ਨੇ ਜੀਵ-ਵਿਗਿਆਨ, ਸਰੀਰ-ਵਿਗਿਆਨ, ਸਮਾਜ ਵਿਗਿਆਨ, ਆਦਿ ਸਭਨਾਂ ਵਿਸ਼ਿਆਂ ਦਾ ਅਧਿਐਨ ਕੀਤਾ ਸੀ ਜਿਨ੍ਹਾਂ ਦੀ ਉਸਦੇ ਰਾਜਨੀਤਿਕ ਦਰਸ਼ਨ ਉੱਤੇ ਅਮਿੱਟ ਛਾਪ ਲੱਗੀ ਹੋਈ ਹੈ।

## 1.8.10 Suggested Readings


| | | | |
|---|---|---|---|
| 1. | Ernest Barker | : | Greek Political Theory |
| 2. | G.H. Sabine | : | A History of Political Theory |
| 3. | Foster, E.M. | : | Masters of Political Thought |


## 1.8.11 ਅਭਿਆਸ ਲਈ ਪ੍ਰਸ਼ਨ :

ਅਰਸਤੂ ਦੇ ਰਾਜਨੀਤਿਕ ਦੀ ਆਲੋਚਨਾਤਮਕ ਵਿਆਖਿਆ ਕਰੋ।

ਪਾਠ ਨੰ: 1.9

# ਆਦਰਸ਼ ਰਾਜ ਸਬੰਧੀ ਅਰਸਤੂ ਦੇ ਵਿਚਾਰ : ਪਲੈਟੋ ਦੇ ਆਦਰਸ਼ ਰਾਜ ਨਾਲ ਇਸ ਦੀ ਤੁਲਨਾ : ਪਲੈਟੋ ਬਾਰੇ ਅਰਸਤੂ ਦੀ ਆਲੋਚਨਾ

## (Aristotle's Views on Ideal State : Its Comparison with Plato's concept of Ideal State; Aristotle's Criticism of Plato)

ਪਲੈਟੋ ਦੇ ਆਦਰਸ਼-ਰਾਜ ਦਾ ਆਧਾਰ ਦਾਰਸ਼ਨਿਕਾਂ ਦੇ ਨਿਰੰਕੁਸ਼-ਸ਼ਾਸਨ, ਪਤਨੀਆਂ ਅਤੇ ਸੰਪਤੀ ਦੇ ਸਾਮਵਾਦ, ਆਦਿ ਉੱਤੇ ਹੈ। ਪਲੈਟੋ ਵਾਂਗ ਅਰਸਤੂ ਨੂੰ ਵੀ ਯੂਨਾਨੀ ਨਗਰ ਰਾਜਾਂ ਦੇ ਪਤਨ ਦਾ ਝੋਰਾ ਹੈ। ਇਸ ਲਈ ਉਹ ਇਕ ਆਦਰਸ਼ ਰਾਜ ਦੀ ਸਿਰਜਣਾ ਵੱਲ ਧਿਆਨ ਦੇਂਦਾ ਹੈ। ਪਲੈਟੋ ਆਦਰਸ਼ਵਾਦੀ ਦਾਰਸ਼ਨਿਕ ਸੀ ਜਦ ਕਿ ਅਰਸਤੂ ਯਥਾਰਥਵਾਦੀ ਸੀ। ਪਰ ਦੋਹਾਂ ਦਾ ਨਿਸ਼ਚਾ ਇਕੋ ਸੀ। ਭਾਵ ਅਜਿਹੇ ਗਿਆਨ ਦੀ ਰਚਨਾ ਜਿਸਨੂੰ ਗ੍ਰਹਿਣ ਕਰਕੇ ਕੋਈ ਨੀਤੀਵਾਨ ਅੱਗੇ ਤੁਰਦਾ ਹੈ। ਐਪਰ ਪਲੈਟੋ ਦਾ ਇਹ ਖਿਆਲ ਸੀ ਕਿ ਗਿਆਨ ਅਸਥੂਲ ਵਿਚਾਰਾਂ (Abstract Ideas) ਦੇ ਢਾਂਚੇ ਦਾ ਪ੍ਰਤਿਬਿੰਬ ਹੈ, ਜਦੋ ਕਿ ਅਰਸਤੂ ਨੇ ਤੱਤਾਂ ਦੀ ਸਿਰੜੀ ਖੋਜ ਰਾਹੀਂ ਅਜਿਹੀ ਪਰਿਕਲਪਨਾ ਦੀ ਸਿਰਜਣਾ ਕੀਤੀ ਜਿਸਦਾ ਆਧਾਰ ਪ੍ਰਯੋਗ-ਸਿੱਧ ਨਿਰੀਖਣ ਤੇ ਸੀ। ਪਲੈਟੋ ਦੀਆਂ ਲਿਖਤਾਂ ਵਿੱਚ ਸ਼ਕਤੀਸ਼ਾਲੀ ਦਲੀਲਾਂ ਦਾ ਡੂੰਘਾ ਤਰਕ ਹੋਣ ਦੇ ਬਾਵਜੂਦ ਵੀ ਨੈਤਿਕ ਤੇ ਸੁਹਜਵਾਦੀ ਤੱਤਾਂ ਦਾ ਗਲਬਾ ਹੈ ਅਤੇ ਤੱਥਾਂ ਦੀ ਵਿਆਖਿਆ ਅਸਥੂਲ ਵਿਚਾਰਾਂ ਦੀ ਰੌਸ਼ਨੀ ਵਿੱਚ ਕੀਤੀ ਗਈ ਹੈ।

ਅਰਸਤੂ ਦੀਆਂ ਦਾਰਸ਼ਨਿਕ ਧਾਰਨਾਵਾਂ ਪਲੈਟੋ ਵਾਂਗ ਹੀ ਹਨ ਪਰ ਅਰਸਤੂ ਉਨ੍ਹਾਂ ਬਾਰੇ ਬਹਿਸ ਵਿੱਚ ਨਹੀਂ ਪੈਂਦਾ। ਜਿਥੇ ਪਲੈਟੋ ਆਪਦੇ ਮਿਥੇ ਸਿਧਾਂਤ ਦੀ ਰੌਸ਼ਨੀ ਵਿੱਚ ਰਚਨਾ ਕਰਦਾ ਹੈ ਅਤੇ ਇਸ ਸੰਬੰਧੀ ਵਿਵਹਾਰਕ ਇਤਰਾਜਾਂ ਨੂੰ ਅਕਸਰ ਇਕ ਪਾਸੇ ਸੁੱਟ ਦੇਂਦਾ ਹੈ ਉਥੇ ਅਰਸਤੂ ਦੀ ਸੋਚ ਦਾ ਆਧਾਰ ਨਿਸ਼ਚੇ ਹੀ ਤੱਥਾਂ ਉੱਤੇ ਹੈ। ਇਨ੍ਹਾਂ ਗੱਲਾਂ ਕਰਕੇ ਹੀ ਪਲੈਟੋ ਤੇ ਅਰਸਤੂ ਦੇ ਆਦਰਸ਼-ਰਾਜ ਸੰਬੰਧੀ ਵਰਨਣ ਵਿੱਚ ਅੰਤਰ ਹੈ।

ਜਿਥੋਂ ਤੱਕ ਰਾਜ ਦੇ ਮੁੱਖ ਉਦੇਸ਼ ਵਿੱਚ ਨੈਤਿਕ ਪ੍ਰਯੋਜਨ ਦੇ ਹੋਣ ਸੰਬੰਧੀ ਅਰਸਤੂ ਦਾ ਰਾਜਨੀਤਿਕ ਵਿਚਾਰ ਪਲੈਟੋ ਦੇ ਵਿਚਾਰ ਨਾਲ ਬਿਲਕੁਲ ਮਿਲਦਾ ਹੈ ਜਦੋਂ ਉਹ ਕਹਿੰਦਾ ਹੈ ਕਿ ਰਾਜ ਦੀ ਹੋਂਦ ਚੰਗੇ ਜੀਵਨ ਲਈ ਹੈ। ਅਰਸਤੂ ਦੇ ਸ਼ਬਦ ਹਨ - ਅਸੀਂ ਇਹ ਗੱਲ ਸਮਝ ਲਈਏ ਕਿ ਵਿਅਕਤੀ ਤੇ ਰਾਜ ਦੋਹਾਂ ਲਈ ਉੱਚਤਮ ਜੀਵਨ ਸਦ ਗੁਣਾਂ ਦਾ ਜੀਵਨ ਹੈ ਜਿਸ ਵਿੱਚ ਚੰਗੇ ਕਰਮਾਂ ਲਈ ਬਾਹਰਲੀ ਅੱਛਾਈ ਮੌਜੂਦ ਹੋਵੇ।

ਪਲੈਟੋ ਵਾਂਗ ਅਰਸਤੂ ਦਾ ਆਦਰਸ਼ ਰਾਜ ਵੀ ਨਗਰ-ਰਾਜ ਤਕ ਸੀਮਤ ਸੀ ਅਰਥਾਤ ਇੱਕ ਛੋਟਾ ਨੇੜਤਾ ਵਾਲਾ ਸਮੂਹ ਜਿਸ ਵਿੱਚ ਰਾਜ ਦੇ ਨਾਗਰਕਿਾਂ ਦਾ ਜੀਵਨ ਸਮਾਜਿਕ ਹੈ ਅਤੇ ਪਰਿਵਾਰ, ਧਰਮ ਤੇ ਮਿੱਤਰਾਚਾਰੀ ਤੇ ਮੇਲ-ਜੋਲ ਦੇ ਹਿੱਤ ਇਕ ਦੂਜੇ ਵਿੱਚ ਰਲੇ ਹੋਏ ਹਨ। ਇਸ ਲਈ ਸੈਬਾਈਨ ਦੇ ਅਨੁਸਾਰ ਅਰਸਤੂ ਦੇ ਰਾਜਨੀਤਿਕ ਆਦਰਸ਼ਾਂ ਦੇ ਸਿਧਾਂਤ ਨੇ ਉਹ ਸਥਾਨ ਪ੍ਰਾਪਤ ਕਰ ਲਿਆ ਜੋ ਉਸ ਨੇ ਪਲੈਟੋ ਨਾਲ ਆਪਣੀ ਸੰਗਤ ਦੁਆਰਾ ਪ੍ਰਾਪਤ ਕੀਤਾ ਸੀ।

ਅਰਸਤੂ ਦੀ ਰਚਨਾ 'ਪਾਲਿਟਿਕਸ' ਦਾ ਅਧਿਆਇ ਸੱਤਵਾਂ ਤੇ ਅਠੱਵਾਂ ਪਲੈਟੋ ਨਾਲ ਸਭ ਤੋਂ ਵੱਧ ਮੇ

ਲ ਖਾਂਦੇ ਹਨ। ਏਥੇ ਉਹ ਪਲੈਟੋ ਦੇ ਇਸ ਵਿਚਾਰ ਨੂੰ ਗ੍ਰਹਿਣ ਕਰਦਾ ਹੈ ਕਿ ਰਾਜਨੀਤਿਕ ਦਰਸ਼ਨ ਦਾ ਮੁੱਖ ਕਾਰਜ ਆਦਰਸ਼ ਰਾਜ ਦੀ ਉਸਾਰੀ ਹੈ ਅਤੇ ਇਹ ਆਦਰਸ਼ ਰਾਜ ਪਲੈਟੋ ਦੇ ਉਪ-ਆਦਰਸ਼ ਰਾਜ ਨਾਲੋਂ, ਜੋ ਉਸ ਦੀ ਰਚਨਾ 'ਲਾਅਜ਼' ਵਿੱਚ ਅੰਕਿਤ ਹੈ, ਬਹੁਤਾ ਵੱਖਰਾ ਨਹੀਂ। ਇਸ ਭਾਗ ਵਿੱਚ ਉਸਦਾ ਵਿਆਪਕ ਹਿੱਤ ਨੈਤਿਕ ਹੈ : ਰਾਜ ਦੇ ਲਕਸ਼ ਨੂੰ ਨੈਤਿਕਤਾ ਦੇ ਪੱਖ ਤੋਂ ਵਿਚਾਰਿਆ ਗਿਆ ਹੈ ਅਰਥਾਤ ਰਾਜ ਦੇ ਨਾਗਰਿਕਾਂ ਵਿੱਚ ਉੱਚਤਮ ਪ੍ਰਕਾਰ ਦੇ ਸਦ-ਗੁਣ ਨੂੰ ਪੈਦਾ ਕਰਨਾ। ਘੱਟੋ ਘੱਟ ਆਦਰਸ਼ ਰਾਜ ਵਿੱਚ ਚੰਗਾ ਮਨੁੱਖ ਤੇ ਚੰਗਾ ਨਾਗਰਿਕ ਸਮਰੂਪ ਸਮਝੇ ਜਾਂਦੇ ਹਨ।

ਜੋਵੈਟ (Jowatt) ਅਨੁਸਾਰ, 'ਪਾਲਿਟਿਕਸ' ਅਰਸਤੂ ਦੇ ਰਾਜਨੀਤਿਕ ਵਿਚਾਰ ਦੇ ਵਿਕਾਸ ਨੂੰ ਦੋ ਪੜਾਵਾਂ ਵਿੱਚ ਦਰਸਾਉਂਦੀ ਹੈ। ਪਹਿਲੇ ਭਾਗ ਦਾ ਸੰਬੰਧ ਆਦਰਸ਼ ਰਾਜ ਅਤੇ ਅਰਸਤੂ ਤੋਂ ਪਹਿਲਾਂ ਦੇ ਸਿਧਾਂਤਾਂ ਦੇ ਅਧਿਐਨ ਨਾਲ ਹੈ ਅਤੇ ਇਸ ਵਿੱਚ ਪਲੈਟੋ ਦੀ ਆਲੋਚਨਾ ਕੀਤੀ ਗਈ ਹੈ। ਇਸ ਭਾਗ ਵਿੱਚ ਅਧਿਆਇ ਨੰਬਰ 2, 3, 7 ਅਤੇ 8 ਸ਼ਾਮਿਲ ਹਨ। ਇਨ੍ਹਾਂ ਵਿੱਚੋਂ ਅਖੀਰਲੇ ਦੋਹਾਂ ਵਿੱਚ ਅਰਸਤੂ ਨੇ ਆਦਰਸ਼ ਰਾਜ ਦੀ ਉਸਾਰੀ ਦਾ ਯਤਨ ਕੀਤਾ ਹੈ।

ਵੋਇਗਲਿਨ (Voegilin) ਨੇ ਸਾਡਾ ਧਿਆਨ ਹੋਰ ਮਹੱਤਵਪੂਰਨ ਤੱਥ ਵਲ ਦਿਖਾਇਆ ਹੈ ਕਿ ਅਰਸਤੂ ਆਦਰਸ਼ ਰਾਜ ਦੀ ਗੱਲ ਨਹੀਂ ਕਰਦਾ। ਜਿਸ ਯੂਨਾਨੀ ਸ਼ਬਦ ਦੀ ਉਸ ਨੇ ਵਰਤੋਂ ਕੀਤੀ ਹੈ ਉਸ ਦਾ ਬਿਹਤਰ ਅਨੁਵਾਦ 'ਬਿਹਤਰੀਨ' (The Best) ਹੋਵੇਗਾ। 'ਆਦਰਸ਼' ਤਾਂ ਕੇਵਲ ਇਕ ਹੀ ਹੁੰਦਾ ਹੈ ਪਰ ਬਿਹਤਰੀਨ ਹਾਲਾਤ ਮੁਤਾਬਿਕ ਬਦਲਦਾ ਰਹਿੰਦਾ ਹੈ। ਕਿਸੇ ਖਾਸ ਹਾਲਤ ਵਿੱਚ ਇੱਕ ਸੰਵਿਧਾਨ ਬਿਹਤਰੀਨ ਹੋ ਸਕਦਾ ਹੈ ਤੇ ਕਿਸੇ ਹੋਰ ਹਾਲਤ ਵਿੱਚ ਕੋਈ ਹੋਰ ਸੰਵਿਧਾਨ। ਇਨ੍ਹਾਂ ਸਾਰੇ ਸੰਵਿਧਾਨਾਂ ਨੂੰ ਅਸੀਂ ਆਦਰਸ਼ ਨਹੀਂ ਕਹਿ ਸਕਦੇ।

ਸੈਬਾਈਨ ਵੀ ਕੁੱਝ ਇਸੇ ਤਰ੍ਹਾਂ ਦੀ ਗੱਲ ਕਹਿੰਦਾ ਹੈ। ਉਸਦੇ ਅਨੁਸਾਰ, ਅਰਸਤੂ ਦੇ ਆਦਰਸ਼ ਰਾਜ ਬਾਰੇ ਬਹੁਤਾ ਕੁਝ ਕਹਿਣ ਦੀ ਲੋੜ ਨਹੀਂ। ਸੱਚੀ ਗੱਲ ਤਾਂ ਇਹ ਹੈ ਕਿ ਉਸਦਾ ਆਦਰਸ਼ ਰਾਜ ਦੀ ਉਸਾਰੀ ਦਾ ਦ੍ਰਿੜ ਪ੍ਰਯੋਜਨ ਕਦੀ ਵੀ ਪੂਰਾ ਨਾ ਹੋਇਆ ਅਤੇ ਪਾਠਕ ਮਹਿਸੂਸ ਕਰਦਾ ਹੈ ਕਿ ਇਹ ਕੰਮ ਅਰਸਤੂ ਦੀ ਰੁਚੀ ਅਨੁਸਾਰ ਹੀ ਨਹੀਂ ਸੀ । ਅਸਲ ਵਿੱਚ ਜੋ ਉਹ ਲਿਖਦਾ ਹੈ, ਉਸ ਦਾ ਵਿਸ਼ਾ ਆਦਰਸ਼ ਰਾਜ ਨਹੀਂ, ਰਾਜ ਦੇ ਆਦਰਸ਼ ਹਨ। ਆਦਰਸ਼ ਰਾਜ ਦੀ ਰੂਪ ਰੇਖਾ, ਜੋ ਉਸ ਨੇ ਅਧਿਆਇ ਨੰਬਰ 7 ਤੇ 8 ਵਿੱਚ ਸ਼ੁਰੂ ਕੀਤੀ ਸੀ, ਉਹ ਕਦੀ ਵੀ ਨੇਪਰੇ ਨਾ ਚੜ੍ਹ ਸਕੀ ਅਤੇ ਇਹ ਗੱਲ ਉਦੋਂ ਵਿਸ਼ੇਸ਼ ਕਰਕੇ ਮਹੱਤਵਪੂਰਣ ਬਣ ਜਾਂਦੀ ਹੈ ਜੇ ਅਸੀਂ ਇਹ ਮੰਨ ਲਈਏ ਕਿ ਇਹ ਅਧਿਆਇ 'ਪਾਲਿਟਿਕਸ' (Politics) ਦੇ ਪਹਿਲੇ ਪੜਾਅ ਨਾਲ ਸੰਬੰਧਤ ਹੈ।

ਅਰਸਤੂ ਦੀ ਪਾਲਿਟਿਕਸ ਦੇ ਅਧਿਆਇ ਤਿੰਨ ਦੇ ਨਿਚੋੜ ਤੋਂ ਇਹ ਪਤਾ ਲਗਦਾ ਹੈ ਕਿ ਇਹ ਆਦਰਸ਼ ਰਾਜ ਦੀ ਆਦਰਸ਼ ਭੂਮਿਕਾ ਲਿਖੀ ਗਈ ਹੈ। ਐਪਰ ਸੱਤਵੇਂ ਅਤੇ ਅੱਠਵੇਂ ਅਧਿਆਏ ਤੋਂ ਪਤਾ ਲੱਗਦਾ ਹੈ ਕਿ ਇਹ ਯੋਜਨਾ ਇਤਨੀ ਅਸੰਤੋਸ਼ਜਨਕ ਜਾਪੀ ਕਿ ਉਸ ਨੇ ਇਸ ਨੂੰ ਕਦੀ ਪੂਰਣ ਨਾ ਕੀਤਾ ਅਤੇ ਇਸ ਦੇ ਪਹਿਲੇ ਖਰੜੇ ਨੂੰ ਵਿਸਤ੍ਰਿਤ ਕਰਨ ਲੱਗਿਆਂ ਕਿਸੇ ਆਦਰਸ਼ ਰਾਜ ਦੀ ਰੂਪ ਰੇਖਾ ਨੂੰ ਨਹੀਂ ਉਲੀਕਿਆ ਗਿਆ ਸਗੋਂ ਚੌਥੇ ਤੇ ਛੇਵੇਂ ਅਧਿਆਇ ਅੰਕਿਤ ਕਰ ਦਿੱਤੇ ਗਏ। ਇਥੇ ਇਹ ਸਿੱਟਾ ਕੱਢਣਾ ਠੀਕ ਹੋਵੇਗਾ ਕਿ ਜਿਉਂ-ਜਿਉਂ ਅਰਸਤੂ ਵੱਡਾ ਹੁੰਦਾ ਗਿਆ ਆਦਰਸ਼ ਰਾਜ ਦੀ ਉਸਾਰੀ ਉਸ ਦੀ ਵਿਚਾਰ ਵਿਧੀ ਦੇ ਅਣਮੇਲ ਹੁੰਦੀ ਗਈ। ਅਰਸਤੂ ਵਿੱਚ ਆਈ ਜਟਿਲਤਾ ਦਾ ਕਾਰਣ ਇਹ ਹੈ ਕਿ ਉਹ ਸਮਝਦਾ ਹੈ ਕਿ ਆਦਰਸ਼ ਰਾਜ ਦੀ ਭੂਮਿਕਾ ਬੰਨ੍ਹਣ ਲਈ ਰਾਜਾਂ ਦੀਆਂ ਪ੍ਰਚਲਿਤ ਕਿਸਮਾਂ ਦੇ ਵਿਸਤ੍ਰਿਤ ਅਧਿਐਨ ਦੀ ਲੋੜ ਹੈ। ਸਪਸ਼ਟ ਹੈ ਕਿ ਅਰਸਤੂ ਦੀ ਵਧੇਰੇ ਦਿਲਚਸਪੀ ਆਦਰਸ਼ ਰਾਜ ਦੇ ਬਿਰਤਾਂਤ, ਜਿਹੜਾ ਮਨੋਰਥ ਉਸ ਨੇ ਆਪਦੇ ਸਾਹਮਣੇ ਰੱਖਿਆ ਹੋਇਆ ਸੀ, ਦੀ ਬਜਾਏ ਇਸ ਦੇ ਪ੍ਰਯੋਗ-ਸਿੱਧ ਅਧਿਐਨ ਨਾਲ ਸੀ। ਇਸ ਲਈ ਉਹ ਰਾਜ ਦੇ ਆਦਰਸ਼ਾਂ ਦਾ ਵਰਨਣ ਕਰਨ ਲੱਗ ਜਾਦਾ ਹੈ।

ਕਿਸ ਕਿਸਮ ਦਾ ਸੰਵਿਧਾਨ ਸਭ ਤੋਂ ਚੰਗਾ ਹੈ? ਇਸ ਬਾਰੇ ਅਰਸਤੂ ਕੋਈ ਸਿੱਧਾ ਅਤੇ ਸਪੱਸ਼ਟ ਉੱਤਰ

ਨਹੀਂ ਦੇਂਦਾ। ਉਹ ਕਹਿੰਦਾ ਹੈ ਕਿ ਉਸ ਨੂੰ ਕੇਵਲ ਇਹ ਨਹੀਂ ਦੇਖਣਾ ਪਵੇਗਾ ਕਿ ਕਿਹੜਾ ਸੰਵਿਧਾਨ ਆਦਰਸ਼ ਰੂਪ ਵਿੱਚ ਸਭ ਤੋਂ ਉੱਤਮ ਹੈ ਸਗੋਂ ਇਹ ਵੀ ਦੇਖਣਾ ਪਵੇਗਾ ਕਿ ਵਿਵਹਾਰਕ ਰੂਪ ਸਭ ਤੋਂ ਚੰਗਾ ਕੀ ਕੁਝ ਪ੍ਰਾਪਤ ਹੋ ਸਕਦਾ ਹੈ ਤੇ ਵਿਦਮਾਨ ਪਰਸਥਿਤੀਆਂ ਵਿੱਚ ਸਭ ਤੋਂ ਉੱਤਮ ਕੀ ਹੈ। ਦੇਖਣ ਨਾਲ ਪਤਾ ਲੱਗੇਗਾ ਕਿ ਅਰਸਤੂ ਦਾ ਸਰਬ ਉੱਤਮ ਰਾਜ 'ਰਿਪਬਲਿਕ' ਦੇ ਆਦਰਸ਼ ਰਾਜ ਤੋਂ ਬਹੁਤ ਵੱਖਰਾ ਹੈ ਅਤੇ ਪਲੈਟੋ ਦੇ 'ਲਾਅਜ਼' ਦੇ ਉਪ-ਆਦਰਸ਼ ਰਾਜ ਨਾਲ ਕਾਫੀ ਹੱਦ ਤੱਕ ਮੇਲ ਖਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਅਰਸਤੂ ਦਾ ਸਭ ਤੋਂ ਉੱਤਮ ਰਾਜ ਪਲੈਟੋ ਦੇ ਦੂਜੇ ਦਰਜੇ ਦੇ ਉੱਤਮਗਤ ਦੇ ਬਰਾਬਰ ਹੈ। ਇਸ ਵਿੱਚ ਦਾਰਸ਼ਨਿਕ ਰਾਜਿਆਂ ਦੇ ਸ਼ਾਸਨ ਦੀ ਕੋਈ ਥਾਂ ਨਹੀਂ ਅਤੇ ਉਲਟਾ ਇਸ ਵਿੱਚ ਕਾਨੂੰਨਾਂ ਦੀ ਸਰਵਉੱਚਤਾ ਅਤੇ ਕਾਫੀ ਹੱਦ ਤੱਕ ਪਰ ਸੀਮਿਤ ਰੂਪ ਵਿੱਚ ਬਾਹਰਲੀਆਂ ਵਸਤਾਂ ਤੇ ਨਿੱਜੀ ਪਰਿਵਾਰਿਕ ਜੀਵਨ ਦੀ ਵਿਵਸਥਾ ਹੈ।

ਅਰਸਤੂ 'ਰਿਪਬਲਿਕ' ਦੇ ਆਦਰਸ਼ ਰਾਜ ਨੂੰ ਰੱਦ ਕਰ ਦੇਂਦਾ ਹੈ ਕਿਉਂਕਿ ਉਹ ਸਮਝਦਾ ਹੈ ਕਿ ਆਦਰਸ਼ ਰਾਜ ਦਾ ਆਧਾਰ ਇਸ ਗੱਲ ਤੇ ਹੋਣਾ ਚਾਹੀਦਾ ਹੈ ਕਿ ਲੋਕ ਕਿਹੋ ਜਿਹੇ ਹਨ ਤੇ ਕਾਨੂੰਨ ਕਿਸ ਤਰ੍ਹਾਂ ਦੇ ਹਨ। ਆਦਰਸ਼ ਰਾਜ ਦੀ ਪ੍ਰਾਪਤੀ ਦੀਆਂ ਲੋੜੀਂਦੀਆਂ ਸ਼ਰਤਾਂ ਸੰਭਵਤਾ ਦੀਆਂ ਹੱਦਾਂ ਤੋਂ ਪਾਰ ਨਹੀਂ ਹੋਣੀਆਂ ਚਾਹੀਦੀਆਂ। ਇਕ ਨਿਪੁੰਨ ਰਾਜ ਦੇ ਮਾਪਦੰਡ ਨੂੰ ਨਿਸ਼ਚਿਤ ਕਰਨ ਲੱਗਿਆਂ ਅਰਸਤੂ ਇਸ ਅਸੂਲ ਨੂੰ ਮੁੱਖ ਰੱਖਦਾ ਹੈ ਕਿ ਅਸੀਂ ਜੋ ਚਾਹੁੰਦੇ ਹਾਂ ਉਸ ਦਾ ਪਾਲਣ ਤਾਂ ਕਰੀਏ ਪਰ ਇਸ ਦੇ ਨਾਲ ਹੀ ਅਸੰਭਵਤਾ ਤੋਂ ਵੀ ਬਚੀਏ।

ਦੂਜੇ ਪਾਸੇ, ਪਲੈਟੋ ਇਕ ਆਦਰਸ਼ਵਾਦੀ ਵਿਅਕਤੀ ਹੈ ਤੇ ਉਸ ਦਾ ਸੰਸਾਰ ਬਾਰੇ ਤਸੱਵਰ ਨਿਰਮਾਣ ਤੋਂ ਹੋਂਦ ਦੀ ਸਿਖਰ ਵੱਲ ਜਾਂਦਾ ਹੈ ਅਰਥਾਤ ਵਿਚਾਰਾਂ ਦੀ ਹੋਂਦ ਵੱਲ। ਆਪਣੇ ਪ੍ਰਸ਼ਨੋਤਰੀਆਂ (Dialogues) ਵਿੱਚ ਪਲੈਟੋ ਅਕਸਰ ਚਿਤਾਵਨੀ ਦੇਂਦਾ ਹੈ ਕਿ ਉਸ ਦੇ ਖਿਆਲ ਵਿਚਾਰਾਂ ਦੀ ਦੁਨੀਆਂ ਦੇ ਵਸਨੀਕ ਹਨ ਤੇ ਉਨ੍ਹਾਂ ਨੂੰ ਵਿਵਹਾਰਿਕ ਰਾਜਨੀਤੀ ਦੇ ਸੰਬੰਧ ਵਿੱਚ ਨਹੀਂ ਲੈਣਾ ਚਾਹੀਦਾ। ਪਲੈਟੋ ਇਸ ਗੱਲ ਨਾਲ ਸਹਿਮਤ ਹੈ ਕਿ ਆਦਰਸ਼ ਰਾਜ ਸੰਬੰਧੀ ਉਸ ਦੀ ਤਸਵੀਰ ਸ਼ਾਇਦ ਦੇਵ-ਲੋਕ ਲਈ ਹੈ ਜੋ ਧਰਤੀ ਉੱਤੇ ਕਦੇ ਵੀ ਪ੍ਰਾਪਤ ਨਹੀਂ ਹੋ ਸਕੇਗੀ। ਪਰ ਇਸ ਦੇ ਬਾਵਜੂਦ ਵੀ ਉਹ ਵਿਵਹਾਰਿਕਤਾ ਦੀ ਪਰਵਾਹ ਨਾ ਕਰਦਿਆਂ ਹੋਇਆ ਆਪਣੇ ਆਦਰਸ਼ ਰਾਜ ਦੀ ਰਚਨਾ ਵਿੱਚ ਜੁਟਿਆ ਰਹਿੰਦਾ ਹੈ। ਪਲੈਟੋ ਬਾਰੇ ਅਜਿਹੀ ਸਾਧਾਰਣ ਦ੍ਰਿਸ਼ਟੀ ਦੇ ਬਾਵਜੂਦ ਵੀ ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ ਉਹ ਆਦਰਸ਼ ਨਿਰੋਲ ਅਵਿਵਹਾਰਿਕ ਆਦਰਸ਼ਵਾਦੀ ਨਹੀਂ। ਉਸ ਦਾ ਆਦਰਸ਼ ਰਾਜ ਅਸਲ ਰੂਪ ਵਿੱਚ ਉਨ੍ਹਾਂ ਪਰਸਥਿਤੀਆਂ ਤੇ ਆਧਾਰਿਤ ਹੈ ਜੋ ਉਸ ਵੇਲੇ ਏਥਨਜ, ਸਪਾਰਟਾ ਤੇ ਸਾਈਰਾਕਿਊਜ਼ ਵਿੱਚ ਵਿਆਪਕ ਸਨ। ਪਲੈਟੋ ਦਾ ਆਦਰਸ਼ ਰਾਜ ਇਸੇ ਤਰ੍ਹਾਂ ਦਾ ਹੀ ਆਦਰਸ਼ ਰਾਜ ਸੀ ਜੋ ਹਰ ਸਮੇਂ ਲਈ ਇਕ ਨਮੂਨੇ ਦਾ ਰਾਜ ਸੀ।

## ਅਰਸਤੂ ਦਾ ਆਦਰਸ਼ ਰਾਜ (Aristotle's Ideal State)

ਆਦਰਸ਼ ਰਾਜ ਬਾਰੇ ਅਰਸਤੂ ਦਾ ਨਿਸ਼ਚਾ ਸੀ ਕਿ ਅਜਿਹੇ ਰਾਜ ਵਿੱਚ ਆਦਰਸ਼ ਸਦ-ਗੁਣ ਦੇ ਸ਼ਾਸ਼ਨ ਦਾ ਹੋਣਾ ਲਾਜ਼ਮੀ ਹੈ। ਸ਼ਾਸਨ ਪਰਮ-ਉੱਤਮ ਵਿਅਕਤੀਆਂ ਦੇ ਹੱਕ ਵਿੱਚ ਹੀ ਹੋਣਾ ਚਾਹੀਦਾ ਹੈ। ਸਦ-ਗੁਣਾਂ ਵਿੱਚ ਕੋਈ ਇੱਕ ਵਿਅਕਤੀ ਹੀ ਪਰਮ-ਉੱਤਮ ਹੈ ਤਾ ਸੰਵਿਧਾਨ ਦਾ ਰੂਪ ਰਾਜਤੰਤਰ ਚਾਹੀਦਾ ਹੈ, ਨਹੀਂ ਤਾਂ ਫਿਰ ਸ਼ੁੱਧ ਕੁਲੀਨਤੰਤਰ ਹੋਵੇ।

ਸ੍ਰੇਸ਼ਟ ਰਾਜ ਸੰਬੰਧੀ ਅਰਸਤੂ ਦਾ ਤਸੱਵਰ ਨਾ ਕੇਵਲ ਉਸ ਦੇ ਮਨ ਦੀ ਵਿਗਿਆਨਕ-ਵਿਵਹਾਰਕ ਰੁਚੀ ਦੇ ਪ੍ਰਭਾਵ ਵਿੱਚੋਂ ਹੀ ਪੈਦਾ ਹੋਇਆ ਸੀ, ਸਗੋਂ ਇਸਦੇ ਉੱਤੇ ਸਦਗੁਣ ਸੰਬੰਧੀ ਉਸਦੇ ਸਿਧਾਂਤ ਦਾ ਪ੍ਰਭਾਵ ਵੀ ਸੀ ਜਿਸ ਨੂੰ ਪਲੈਟੋ ਉਲਟਾ ਸਮਝਦਾ ਹੈ ਪਰ ਅੱਤਾਂ (Extremes) ਅਰਸਤੂ ਇਸ ਨੂੰ 'ਸੁਨਹਿਰੀ ਮੱਧ ਮਾਰਗ' ਕਹਿੰਦਾ ਹੈ। ਸਭ ਤੋਂ ਚੰਗੀ ਨੀਤੀ ਉਹ ਹੈ ਜੋ ਰਾਜਨੀਤਿਕ ਸੱਤਾ ਤੋਂ ਪਰ੍ਹੇ ਰਹਿੰਦੀ ਹੈ ਅਤੇ ਜੋ ਲੋਕਾਂ ਦੀਆਂ ਲੋੜਾਂ ਤੇ ਆਚਰਣ ਨੂੰ ਮਾਨਤਾ ਦੇਂਦੀ ਹੈ। ਅਰਸਤੂ ਅਨੁਸਾਰ ਅੱਤ ਹੀ ਰਾਜਨੀਤਿਕ ਬੁਰਾਈ ਦਾ ਮੁੱਖ ਸੋਮਾ ਹੈ। ਉਦਾਹਰਣ ਵਜੋਂ, ਅੱਤ ਦੀ ਅਮੀਰੀ ਹੈਂਕੜ ਨੂੰ ਬੜ੍ਹਾਵਾ ਦੇਂਦੀ ਹੈ ਅਤੇ

ਆਗਿਆਪਣ ਦੀ ਸਮਰੱਥਾ ਨੂੰ ਘਟਾਉਂਦੀ ਹੈ ਅਤੇ ਅੱਤ ਦੀ ਗਰੀਬੀ ਗੁਲਾਮੀ ਦੀ ਜ਼ਹਿਨੀਅਤ ਨੂੰ ਪੈਦਾ ਕਰਦੀ ਹੈ ਤੇ ਆਦੇਸ਼ ਦੇਣ ਦੀ ਸਮਰੱਥਾ ਤੋਂ ਵਾਝਿਆਂ ਕਰਦੀ ਹੈ। ਇਸ ਲਈ ਉਹ ਰਾਜ ਸ੍ਰੇਸ਼ਟ ਹੈ ਜਿਸ ਵਿੱਚ ਮੱਧ-ਸ਼੍ਰੇਣੀ ਮਜਬੂਤ ਹੈ। ਉਸਦੇ ਸ਼ਬਦਾਂ ਵਿੱਚ 'ਇਹ ਗੱਲ ਸਪਸ਼ੱਟ ਹੈ ਕਿ ਸਭ ਤੋਂ ਉੱਤਮ ਰਾਜਨੀਤਿਕ ਸਮੁਦਾਇ ਨੂੰ ਬਣਾਉਣ ਵਾਲੇ ਮੱਧ ਸ਼੍ਰੇਣੀ ਦੇ ਹੀ ਨਾਗਰਿਕ ਹੁੰਦੇ ਹਨ ਅਤੇ ਉਨ੍ਹਾਂ ਰਾਜਾਂ ਦਾ ਪ੍ਰਸ਼ਾਸ਼ਨ ਹੀ ਚੰਗਾ ਹੋ ਸਕਦਾ ਹੈ। ਜਿਨ੍ਹਾਂ ਵਿੱਚ ਮੱਧ-ਸ਼੍ਰੇਣੀ, ਜੇ ਸੰਭਵ ਹੋਵੇ ਤਾਂ, ਬਾਕੀ ਸਭ ਸ਼੍ਰੇਣੀਆਂ ਨੂੰ ਮਿਲਾ ਕੇ ਵੀ ਇਨ੍ਹਾਂ ਦੇ ਜੋੜ ਤੋਂ ਵੱਡੀ ਹੋਵੇ ਜਾਂ ਫਿਰ ਘੱਟੋ-ਘੱਟ ਇਕੱਲੇ ਤੌਰ ਤੇ ਹਰੇਕ ਨਾਲੋਂ ਵੱਡੀ ਹੋਵੇ। ਇਸ ਤਰ੍ਹਾਂ ਅਰਸਤੂ ਦੀ ਦਲੀਲ ਇਹ ਹੈ ਕਿ ਆਦਰਸ਼ ਪਰਸਥਿਤੀਆਂ ਦੀ ਅਣਹੋਂਦ ਕਾਰਣ ਇੱਕ ਅਜਿਹੇ ਸਰਵ-ਸ੍ਰੇਸ਼ਟ ਰਾਜ ਦੀ ਪ੍ਰਾਪਤੀ, ਜੋ ਆਦਰਸ਼ ਰਾਜ ਦੀ ਹੋਵੇ, ਅਸੰਭਵ ਹੈ। ਅਰਸਤੂ ਆਪਣੇ ਵਿਸ਼ੇ ਨੂੰ ਨਿਭਾਉਣ ਲੱਗਿਆਂ ਆਦਰਸ਼ਵਾਦ ਨੂੰ ਵਿਹਾਰਿਕਤਾ ਦੀ ਦ੍ਰਿਸ਼ਟੀ ਤੋਂ ਦੇਖਦਾ ਹੈ।

ਆਦਰਸ਼ ਸਦ-ਗੁਣਾਂ ਦੇ ਜੀਵਨ ਦੀ ਲੋੜ ਹੈ ਬਾਰੇ ਚਰਚਾ ਕਰਨ ਤੋਂ ਬਾਅਦ ਅਰਸਤੂ ਸਰਵੋਤਮ ਰਾਜ ਲਈ ਅਨੁਕੂਲਤਮ ਬਾਹਰਲੀਆਂ ਪਰਸਥਿਤੀਆਂ ਅਤੇ ਲੋਕਾਂ ਦੇ ਆਚਰਣ ਨਿਰਮਾਣ ਲਈ ਸਰਵੋਤਮ ਸਾਧਨਾਂ ਨੂੰ ਨਿਰਧਾਰਿਤ ਕਰਨ ਵਲ ਆਉਂਦਾ ਹੈ। ਰਾਜ ਦੇ ਅਸਲੀ ਉਦੇਸ਼ ਸੰਬੰਧੀ ਪਾਲਿਟਿਕਸ ਦੇ ਅਧਿਆਏ ਸੱਤਵੇਂ ਵਿੱਚ ਮੁੱਢਲੀ ਚਰਚਾ ਕਰਦਾ ਹੋਇਆ ਅਰਸਤੂ ਕੁਝ ਨਿਸ਼ਚਿਤ ਸਿੱਟਿਆਂ ਤੇ ਪਹੁੰਚਦਾ ਹੈ ਜੋ ਉਸਦੇ ਸਰਵੋਤਮ ਰਾਜ ਉੱਤੇ ਲਾਗੂ ਹੁੰਦੇ ਹਨ। ਉਸ ਦਾ ਯਕੀਨ ਹੈ ਕਿ ਰਾਜ ਤੇ ਵਿਅਕਤੀ ਦੋਹਾਂ ਦੇ ਸਰਵਉੱਚ ਜੀਵਨ ਦਾ ਆਧਾਰ ਰਾਜਸੱਤਾ ਜਾਂ ਅਮੀਰੀ ਦੀ ਬਜਾਏ ਸਦ-ਗੁਣਾਂ ਵਿੱਚ ਹੈ। ਉਹ ਕਹਿੰਦਾ ਹੈ ਕਿ ਇਕ ਸ਼ਾਂਤ ਜੀਵਨ, ਜੋ ਰਾਜਨੀਤਿਕ ਸੰਗਠਨ ਦੇ ਅੰਸ਼ਾਂ ਦੀ ਇਕਸੁਰਤਾ ਭਰੀ ਕ੍ਰਿਆ ਰਾਹੀ ਸ੍ਵੈ-ਪੂਰਣਤਾ ਦੀ ਪ੍ਰਾਪਤੀ ਲਈ ਜੁਟਿਆ ਰਹਿੰਦਾ ਹੈ, ਉਹੀ ਸੱਚਾ ਆਦਰਸ਼ ਹੈ। ਇਸੇ ਵਿੱਚ ਹੀ ਰਾਜ ਅਤੇ ਲੋਕਾਂ ਦੀ ਪੂਰਣ ਖੁਸ਼ੀ ਸਮਾਈ ਹੋਈ ਹੈ। ਅਜਿਹੇ ਰਾਜ ਦੀ ਪ੍ਰਾਪਤੀ ਲਈ ਅਰਸਤੂ ਦੀ ਯੋਜਨਾ ਪਲੈਟੋ ਦੀ 'ਲਾਅਜ਼' (Laws) ਦੀ ਯੋਜਨਾ ਨਾਲ ਕਾਫੀ ਹੱਦ ਤੱਕ ਮਿਲਦੀ ਹੈ ਅਤੇ ਇਹ 'ਸੁਨਿਹਰੀ ਮਾਧਿਅਮ' ਨਾਲ ਜੁੜੀ ਹੋਈ ਹੈ। ਸਰਵੋਤਮ ਰਾਜ ਦੇ ਅਰਸਤੂ ਵੱਲੋਂ ਦਰਸਾਏ ਲੋੜੀਂਦੇ ਲੱਛਣ ਨਿਮਨ ਪ੍ਰਕਾਰ ਹਨ:

**ਆਬਾਦੀ (Population)** : ਅਰਸਤੂ ਕਹਿੰਦਾ ਹੈ ਕਿ ਜਿਵੇਂ ਇਕ ਜੁਲਾਹੇ ਜਾਂ ਕਾਰੀਗਰ ਦਾ ਜਹਾਜ਼ ਬਣਾਉਣ ਵੇਲੇ ਜਾਂ ਕਿਸੇ ਵੀ ਹੁਨਰਬੰਦ ਨੂੰ ਆਪਣੇ ਕੰਮ ਲਈ ਯੋਗ ਸਮੱਗਰੀ ਲੋੜੀਂਦੀ ਹੈ, ਉਸ ਤਰ੍ਹਾਂ ਹੀ ਕਿਸੇ ਨੀਤੀਵਾਨ ਜਾਂ ਵਿਧਾਨਕਾਰ ਨੂੰ ਯੋਗ ਸਮੱਗਰੀ ਦੀ ਲੋੜ ਹੁੰਦੀ ਹੈ।

ਨੀਤੀਵਾਨ ਲਈ ਸਭ ਤੋਂ ਪਹਿਲਾਂ ਲੋੜੀਂਦੀ ਸਮੱਗਰੀ ਆਬਾਦੀ ਹੈ। ਆਬਾਦੀ ਦੇ ਆਕਾਰ ਦੇ ਅਨੁਮਾਨ ਲਈ ਵਸਨੀਕਾਂ ਦੀ ਗਿਣਤੀ ਦੀ ਬਜਾਏ ਉਨ੍ਹਾਂ ਦੀ ਸ਼ਕਤੀ ਨੂੰ ਦੇਖਣ ਦੀ ਲੋੜ ਹੈ ਕਿਉਂਕਿ ਕਿਸੇ ਵਿਅਕਤੀ ਦਾ ਵਡੱਪਣ ਉਸ ਦੀ ਲੰਬਾਈ ਵਿੱਚ ਨਹੀਂ ਸਗੋਂ ਉਸਦੇ ਹੁਨਰ ਵਿੱਚ ਹੈ। ਆਬਾਦੀ ਨੂੰ ਜਾਚਣ ਲੱਗਿਆਂ ਅਰਸਤੂ ਨੇ ਦਾਸਾਂ ਨੂੰ ਗਿਣਤੀ ਵਿੱਚ ਨਹੀਂ ਲਿਆਂਦਾ ਕਿਉਂ ਜੋ ਉਹ ਨਗਰ ਮਹਾਨ ਨਹੀਂ ਹੋ ਸਕਦਾ ਜਿਸ ਵਿੱਚ ਕਾਰੀਗਰ ਬਹੁਤੇ ਤੇ ਸੈਨਿਕ ਥੋੜ੍ਹੇ ਹੋਣ ਕਿਉਂਕਿ ਮਹਾਨ ਨਗਰ ਉਹ ਨਹੀਂ ਜਿਸ ਦੀ ਵਸੋਂ ਬਹੁਤ ਹੋਵੇ। ਬਹੁਤੀ ਆਬਾਦੀ ਵਾਲੇ ਨਗਰ ਦਾ ਸੁਯੋਗ ਪ੍ਰਸ਼ਾਸ਼ਨ ਮੁਸ਼ਕਲ ਹੁੰਦਾ ਹੈ। ਰਾਜ ਨਾ ਤਾਂ ਬਹੁਤ ਵੱਡਾ ਹੋਵੇ ਨਾ ਹੀ ਬਹੁਤ ਛੋਟਾ। ਇਹ ਇਤਨਾ ਛੋਟਾ ਵੀ ਨਹੀਂ ਹੋਣਾ ਚਾਹੀਦਾ ਕਿ ਸ੍ਵੈ-ਸੰਪੰਨ ਨਾ ਹੋ ਸਕੇ। ਜੇ ਰਾਜ ਦੇ ਨਾਗਰਿਕਾਂ ਨੂੰ ਯੋਜਨਾ ਅਨੁਸਾਰ ਜਾਚਣਾ ਤੇ ਅਹੁਦਿਆਂ ਦੀ ਵੰਡ ਕਰਨੀ ਹੈ ਤਾਂ ਉਹਨਾਂ ਲਈ ਇੱਕ ਦੂਜੇ ਦੇ ਆਚਰਣ ਨੂੰ ਜਾਚਣਾ ਲਾਜ਼ਮੀ ਹੈ...... ਦੂਜੇ ਇਹ ਕਿ ਵੱਡੀ ਵਸੋਂ ਵਾਲੇ ਰਾਜ ਵਿੱਚ ਵਿਦੇਸ਼ੀ ਛੇਤੀ ਹੀ ਨਾਗਰਿਕਾਂ ਦੇ ਅਧਿਕਾਰਾਂ ਨੂੰ ਪਾ ਲੈਣਗੇ ਕਿਉਂਕਿ ਉਨ੍ਹਾਂ ਨੂੰ ਢੂੰਡਣਾ ਬਹੁਤ ਔਖਾ ਹੋਵੇਗਾ।

**ਇਲਾਕਾ (Territory)** : ਨਗਰ-ਰਾਜ ਦੇ ਲੋੜੀਂਦੇ ਲੱਛਣਾਂ ਨੂੰ ਪੇਸ਼ ਕਰਨ ਦੇ ਉਦੇਸ਼ ਨਾਲ ਅਤੇ ਸੰਭਵਤਾ ਦੀਆਂ ਹੱਦਾਂ ਨੂੰ ਨਾ ਟੱਪਦਿਆਂ ਹੋਇਆਂ, ਅਰਸਤੂ 'ਸੁਨਿਹਰੀ ਮਾਧਿਅਮ' ਦੇ ਸਿਧਾਂਤ ਦਾ ਪ੍ਰਯੋਗ ਕਰਦਾ ਹੈ। ਰਾਜ ਦਾ ਆਕਾਰ ਇਤਨਾ ਹੋਵੇ - ਜਿਸ ਵਿੱਚ ਆਰਾਮਦੇਹ ਜੀਵਨ, ਪਰ ਅਯਾਸ਼ ਜੀਵਨ

ਨਾ, ਪ੍ਰਾਪਤ ਹੋ ਸਕੇ। ਭਾਵ ਇਹ ਕਿ ਰਾਜ ਨਾ ਬਹੁਤ ਵੱਡਾ ਹੋਣਾ ਚਾਹੀਦਾ ਹੈ ਤੇ ਨਾ ਹੀ ਬਹੁਤ ਛੋਟਾ। ਇਹ ਪੂਰਣ ਰੂਪ ਵਿੱਚ ਸ੍ਵੈ-ਸੰਪੰਨ ਹੋਣਾ ਚਾਹੀਦਾ ਹੈ। ਅਕਾਰ ਤੇ ਹੱਦਾਂ ਵਜੋਂ ਇਹ ਇਤਨਾ ਹੋਣਾ ਚਾਹੀਦਾ ਹੈ ਕਿ ਇਸ ਵਿੱਚ ਰਾਜ ਦੇ ਵਸਨੀਕ ਆਰਾਮ ਤੇ ਸੁੱਖ ਨੂੰ ਮੁੱਖ ਰੂਪ ਵਿੱਚ ਖੁਲ੍ਹੀ ਤਰ੍ਹਾਂ ਮਾਣ ਸਕਦੇ ਹੋਣ। ਇਲਾਕੇ ਅਤੇ ਉਸਦੇ ਵਸਨੀਕਾਂ ਨੂੰ ਇਕੋਂ ਦ੍ਰਿਸ਼ਟੀ ਵਿੱਚ ਲੈਣਾ ਚਾਹੀਦਾ ਹੈ ਤਾਂ ਜੋ ਦੇਸ਼ ਦੀ ਆਸਾਨੀ ਨਾਲ ਰੱਖਿਆ ਕੀਤੀ ਜਾ ਸਕਦੀ ਹੋਵੇ। ਸਪੱਸ਼ਟ ਹੈ ਕਿ ਅਰਸਤੂ ਦੇ ਧਿਆਨ ਵਿੱਚ ਨਗਰ-ਰਾਜ ਹੀ ਸੀ ਅਤੇ ਅਜੋਕੇ ਵੱਡੇ ਰਾਜਾਂ ਦੇ ਉਸਦੇ ਲਈ ਸੁਆਲ ਨਹੀਂ ਸੀ ਪੈਦਾ ਹੁੰਦਾ।

ਰਾਜ ਦਾ ਇਲਾਕਾ ਇਹੋ ਜਿਹਾ ਹੋਵੇ ਜਿਸ ਤੱਕ ਇਸ ਦੇ ਵਸਨੀਕਾਂ ਦੀ ਪਹੁੰਚ ਤਾਂ ਆਸਾਨ ਹੋਵੇ ਪਰ ਦੁਸ਼ਮਣ ਦੀ ਪਹੁੰਚ ਔਖੀ ਹੋਵੇ। ਇਹ ਸਮੁੰਦਰ ਦੇ ਨੇੜੇ ਹੋਵੇ ਤਾਂ ਜੋ ਲੋੜੀਂਦੀਆਂ ਵਸਤਾਂ ਬਰਾਮਦ ਕੀਤੀਆਂ ਜਾ ਸਕਣ। ਅਰਸਤੂ ਅਨੁਸਾਰ ਸੁਰੱਖਿਆ ਤੇ ਲੋੜੀਂਦੀਆਂ ਵਸਤਾਂ ਦੀ ਪ੍ਰਾਪਤੀ ਦੀ ਦ੍ਰਿਸ਼ਟੀ ਤੋਂ ਇਹ ਗੱਲ ਚੰਗੀ ਹੋਵੇਗੀ ਜੇ ਨਗਰ ਤੇ ਇਲਾਕਾ ਸਮੁੰਦਰ ਨਾਲ ਜੁੜੇ ਹੋਣ। ਜੋ ਦੇਸ਼ ਦੇ ਸੁਰੱਖਿਅਕਾਂ ਨੇ ਦੁਸ਼ਮਣ ਦੇ ਵਿਰੁੱਧ ਜਮੇ ਰਹਿਣਾ ਹੈ ਤਾਂ ਉਨ੍ਹਾਂ ਲਈ ਜ਼ਮੀਨੀ ਅਤੇ ਸਮੁੰਦਰੀ ਦੋਵੇਂ ਰਾਹ ਖੁਲ੍ਹੇ ਹੋਣੇ ਚਾਹੀਦੇ ਹਨ।

**ਲੋਕਾਂ ਦਾ ਚਰਿੱਤਰ (Character of the People)** : ਕੁਦਰਤ ਵਲੋਂ ਲੋਕਾਂ ਨੂੰ ਅਜਿਹੀਆਂ ਦਾਤਾਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ ਜੋ ਯੂਨਾਨੀਆਂ ਵਿਚ ਮਿਲਦੀਆਂ ਹਨ ਜਿਨ੍ਹਾਂ ਵਿੱਚ ਉੱਤਰੀ ਨਸਲਾਂ (Northern Races) ਵਾਲਾ ਸਾਹਸ ਤੇ ਦਲੇਰੀ ਅਤੇ ਏਸ਼ੀਆਈਆਂ ਵਾਲੀ ਬੌਧਿਕ ਚੇਸ਼ਟਾ ਪਾਈ ਜਾਂਦੀ ਹੈ। ਲੋਕਾਂ ਦੇ ਆਚਾਰ ਬਾਰੇ ਅਰਸਤੂ ਦਾ ਵਰਨਣ ਬੜਾ ਰੌਚਿਕ ਹੈ। ਉਹ ਕਹਿੰਦਾ ਹੈ ਕਿ ਜਿਹੜੇ ਲੋਕ ਠੰਡੇ ਜਲ-ਵਾਯੂ ਤੇ ਯੂਰਪ ਵਿੱਚ ਰਹਿੰਦੇ ਹਨ ਉਨ੍ਹਾਂ ਵਿੱਚ ਸਾਹਸ ਤੇ ਜੋਸ਼ ਕੁੱਟ-ਕੁਟ ਕੇ ਭਰਿਆ ਹੁੰਦਾ ਹੈ। ਪਰ ਉਨ੍ਹਾਂ ਵਿੱਚ ਬੌਧਿਕਤਾ ਤੇ ਹੁਨਰ ਦੀ ਕਮੀ ਹੁੰਦੀ ਹੈ। ਇਸ ਲਈ ਉਹ ਆਪਸੀ ਸੁਤੰਤਰਤਾ ਤਾਂ ਕਾਇਮ ਰੱਖ ਸਕਦੇ ਹਨ, ਉਹ ਰਾਜਨੀਤਿਕ ਸੰਗਠਨ ਕਾਇਮ ਕਰਨ ਦੇ ਕਾਬਿਲ ਨਹੀਂ ਤੇ ਨਾ ਹੀ ਉਨ੍ਹਾਂ ਵਿੱਚ ਦੂਜਿਆਂ ਤੇ ਰਾਜ ਕਰਨ ਦੀ ਸਮਰੱਥਾ ਹੈ। ਇਸ ਦੇ ਉਲਟ ਏਸ਼ੀਆ ਦੇ ਵਸਨੀਕ ਬੌਧਿਕ ਅਤੇ ਨਵੀਆਂ ਕਾਢਾਂ ਵਾਲੇ ਹਨ, ਪਰ ਉਨ੍ਹਾਂ ਵਿਚ ਸਾਹਸ ਦੀ ਕਮੀ ਹੈ। ਇਸ ਲਈ ਉਹ ਸਦਾ ਅਧੀਨਗੀ ਤੇ ਗੁਲਾਮੀ ਦੀ ਅਵਸਥਾ ਵਿੱਚ ਰਹਿੰਦੇ ਹਨ। ਐਪਰ ਯੂਨਾਨੀ ਨਸਲ, ਜਿਹੜੀ ਇਨ੍ਹਾਂ ਦੇ ਦਰਮਿਆਨ ਸਥਿਤ ਹੈ, ਇਸ ਦਾ ਸੁਭਾਅ ਮੱਧਵਰਤੀ ਹੈ। ਇਸਦੇ ਵਿੱਚ ਸਾਹਸ ਵੀ ਹੈ ਤੇ ਬੌਧਿਕਤਾ ਵੀ। ਇਸ ਲਈ ਇਹ ਹੋਰ ਕਿਸੇ ਵੀ ਕੌਮ ਤੋਂ ਚੰਗੇਰੇ ਸ਼ਾਸਨ ਵਾਲੀ ਹੈ। ਇਸ ਲਈ ਜੇਕਰ ਇਹ ਨਸਲ ਇੱਕ ਰਾਜ ਦਾ ਰੂਪ ਧਾਰਣ ਕਰ ਲਵੇ ਤਾਂ ਇਹ ਸਾਰੀ ਦੁਨੀਆਂ ਤੇ ਰਾਜ ਕਰਨ ਦੇ ਕਾਬਿਲ ਹੋਵੇਗੀ। ਇਥੇ ਅਰਸਤੂ ਦਾ ਨਿਰੋਲ ਯੂਨਾਨੀ ਰੂਪ ਝਲਕਦਾ ਨਜ਼ਰ ਆਉਂਦਾ ਹੈ। ਇਸੇ ਲਈ ਉਸਨੂੰ ਨਸਲਵਾਦੀ ਕਿਹਾ ਜਾਂਦਾ ਹੈ।

**ਰਾਜ ਵਿਚਲੀਆਂ ਸ਼੍ਰੇਣੀਆਂ (Classes in the State)** : ਜਿਹੜੇ ਤੱਤ ਰਾਜ ਨੂੰ ਸਵੈ-ਨਿਰਭਰ ਬਣਾਉਂਦੇ ਹਨ ਕਿਸਾਨ, ਕਾਰੀਗਰ, ਯੋਧੇ, ਖਾਂਦੇ-ਪੀਂਦੇ ਅਮੀਰ ਲੋਕ, ਪ੍ਰੋਹਿਤ ਅਤੇ ਸ਼ਾਸ਼ਕ। ਇਨ੍ਹਾਂ ਵਿਚੋਂ ਪਹਿਲੀਆਂ ਦੋ ਸ਼੍ਰੇਣੀਆਂ ਨੂੰ ਛੱਡਕੇ ਬਾਕੀਆਂ ਨੂੰ ਇੱਕ ਦੂਜੇ ਦੇ ਬਲਦਵੇਂ ਕੰਮ ਸਮੇਂ-ਸਮੇਂ ਕਰਨੇ ਚਾਹੀਦੇ ਹਨ। ਜਿਵੇਂ ਕਿ ਰੱਖਿਅਕਾਂ, ਪ੍ਰਬੰਧਕਾਂ ਪ੍ਰੋਹਿਤਾਂ ਦਾ ਕੰਮ।

**ਦੂਜੀਆਂ ਅਵੱਸ਼ਕਤਾਵਾਂ (Other Requirements)** : ਉਪਰੋਕਤ ਮਹੱਤਵਪੂਰਨ ਗੱਲਾਂ ਤੋਂ ਇਲਾਵਾ ਅਰਸਤੂ ਬਹੁਤ ਸਾਰੇ ਹੋਰ ਛੋਟ-ਛੋਟੇ ਲੱਛਣਾਂ ਦਾ ਵਰਨਣ ਵੀ ਕਰਦਾ ਹੈ ਜੋ ਨਗਰ ਦੀ ਅੰਦਰੂਨੀ ਵਿਵਸਥਾ ਲਈ ਜ਼ਰੂਰੀ ਹਨ, ਜਿਵੇਂ ਕਿ ਹਮਲੇ ਵਿਰੁੱਧ ਰੱਖਿਆ ਦੇ ਪ੍ਰਬੰਧ। ਉਹ ਅਜਿਹੇ ਆਦਰਸ਼ ਨਗਰ ਨੂੰ ਨਹੀਂ ਕਲਪਦਾ ਜਿਸ ਨੂੰ ਵਿਦੇਸ਼ ਤੋਂ ਯੁੱਧ ਦਾ ਕੋਈ ਖਤਰਾ ਨਾ ਹੋਵੇ। ਸਥਾਨ ਦੀ ਸਥਲ-ਆਕ੍ਰਿਤੀ, ਪਾਣੀ ਦੀ ਸਪਲਾਈ ਤੇ ਸੜਕਾਂ ਦਾ ਪ੍ਰਬੰਧ ਕਰਨ ਸਮੇਂ ਕਿਸੇ ਆਉਣ ਵਾਲੇ ਹਮਲੇ ਤੇ ਘੇਰੇ ਦਾ ਖਿਆਲ ਰੱਖਣਾ ਚਾਹੀਦਾ ਹੈ। ਇਸ ਲਈ ਕੰਧਾਂ ਤੇ ਕਿਲ੍ਹਿਆਂ ਦਾ ਹੋਣਾ ਬਹੁਤ ਲਾਜ਼ਮੀ ਹੈ। ਅਰਸਤੂ ਆਪਣੇ ਇਸ ਅਸੂਲ ਤੇ ਦ੍ਰਿੜ ਹੈ ਕਿ ਆਦਰਸ਼ ਰਾਜ ਕਿਸੇ ਉੱਤੇ ਹਮਲਾ ਨਹੀਂ ਕਰੇਗਾ ਪਰ ਬਾਹਰਲੇ ਹਮਲੇ ਤੋਂ ਬਚਾਓ ਲਈ ਨਵੀਨਤਮ ਜੰਗੀ ਹਥਿਆਰਾਂ ਦੀ ਵਿਵਸਥਾ ਲਾਜ਼ਮੀ ਹੈ।

**ਸਿੱਖਿਆ (Education) :** ਪਲੈਟੋ ਵਾਂਗ ਅਰਸਤੂ ਵੀ ਇਸ ਗੱਲ ਬਾਰੇ ਸਪੱਸ਼ਟ ਹੈ ਕਿ ਰਾਜ ਦਾ ਆਧਾਰ ਲੋਕਾਂ ਦੇ (Character) ਚਰਿੱਤਰ ਉੱਤੇ ਹੈ ਜਿਸ ਦਾ ਦਾਰੋਮਦਾਰ ਉਨ੍ਹਾਂ ਦੀ ਸਿੱਖਿਆ ਤੇ ਮੁਨਸਰ ਹੈ। ਕਿਸੇ ਸਮੁਦਾਇ ਦੀ ਨਿਪੁੰਨਤਾ ਉਸ ਵਿੱਚ ਸ਼ਾਮਿਲ ਮੈਂਬਰਾਂ ਦੀ ਨਿਪੰਨਤਾ ਤੇ ਆਧਾਰਿਤ ਹੈ। ਜੋ ਕੇਵਲ ਬੌਧਿਕ ਸ੍ਰੇਸ਼ਟਤਾ ਦੀ ਪ੍ਰਾਪਤੀ ਨਾਲ ਹੀ ਆ ਸਕਦੀ ਹੈ। ਇਸ ਲਈ ਆਦਰਸ਼ ਰਾਜ ਦੀ ਸਭ ਤੋਂ ਪਹਿਲੀ ਲੋੜ ਇੱਕ ਲਾਜ਼ਮੀ ਰਾਜਕੀ ਸਿੱਖਿਆ ਪ੍ਰਣਾਲੀ ਦੀ ਹੈ ਅਤੇ ਅਜਿਹੀ ਪ੍ਰਣਾਲੀ ਦਾ ਪ੍ਰਬੰਧ ਸਰਕਾਰ ਦਾ ਸਭ ਤੋਂ ਮਹੱਤਵਪੂਰਣ ਕਾਰਜ ਹੈ। ਅਰਸਤੂ ਦੀ ਸਿੱਖਿਆ ਦੇ ਵਿਧਾਨ ਸੰਬੰਧੀ ਯੋਜਨਾ ਉਸੇ ਤਰ੍ਹਾ ਦੇ ਆਮ ਲੱਛਣਾਂ ਵਾਲੀ ਹੈ ਜਿਸ ਤਰ੍ਹਾਂ ਦੀ ਪਲੈਟੋ ਦੀ ਹੈ। ਪਰ ਪਲੈਟੋ ਵਾਂਗ ਅਰਸਤੂ ਵੀ ਜੀਵਨ ਉੱਤੇ ਮੁੱਢ ਤੋਂ ਹੀ ਸਰਕਾਰੀ ਨਿਗਰਾਨੀ ਨੂੰ ਬਹੁਤ ਮਹੱਤਤਾ ਦੇਂਦਾ ਹੈ। 'ਪਾਲਿਟਿਕਸ' ਵਿੱਚ ਵਿਆਹ ਤੇ ਪੈਦਾਇਸ਼ ਦੀਆਂ ਸ਼ਰਤਾਂ ਤੇ ਸਮੇਂ ਅਤੇ ਬੱਚਿਆਂ ਦੀ ਸੰਭਾਲ ਬਾਰੇ ਸਾਨੂੰ ਕਰੜੇ ਵਿਨਿਯਮ ਮਿਲਦੇ ਹਨ। ਇਸਦੇ ਨਾਲ ਬਾਅਦ ਵਿਚ ਆਉਣ ਵਾਲੀ ਸਿਖਲਾਈ ਦਾ ਆਦਰਸ਼ ਆਧਾਰ ਯਕੀਨੀ ਬਣ ਜਾਵੇਗਾ। ਜਿਸ ਵਿਚੋਂ ਅਜਿਹਾ ਮਨੁੱਖ ਪੈਦਾ ਹੋਵੇਗਾ। ਜਿਸ ਵਿੱਚ ਪ੍ਰੌੜ੍ਹਤਾ, ਮਰਦਾਉਪਣੇ ਤੇ ਸਰੀਰਕ ਸੁਹਜ ਤੇ ਸੁੰਦਰਤਾ ਤੇ ਨਾਲ-ਨਾਲ ਉੱਤਮ ਵਿਚਾਰਾਂ ਤੇ ਸ਼ੁਭ ਕਾਰਜਾਂ ਲਈ ਨੈਤਿਕ ਤੇ ਬੌਧਿਕ ਸ੍ਰੇਸ਼ਟਤਾ ਵੀ ਹੋਵੇਗੀ ਜੋ ਸੁਤੰਤਰ ਮਨੁੱਖ ਦੇ ਆਰਾਮ ਲਈ ਜ਼ਰੂਰੀ ਹਨ।

**ਸਿੱਟਾ (Conclusion) :** ਰਿਪਬਲਿਕ ਵਿੱਚ ਪਲੈਟੋ ਨੇ ਆਪਣੇ ਆਦਰਸ਼ ਜਾਂ ਸ੍ਰੇਸ਼ਟ ਰਾਜ ਨੂੰ ਉਲੀਕਿਆ ਹੈ, ਤਾਂ 'ਲਾਅਜ਼' ਵਿਚ ਉਸਨੇ ਦੂਜੇ ਦਰਜੇ ਦੇ ਸ੍ਰੇਸ਼ਟ ਰਾਜ ਦਾ ਚਿੱਤਰ ਖਿੱਚਿਆ ਹੈ, ਜਿਸ ਨੂੰ ਉਹ ਪ੍ਰਾਪਤੀ ਯੋਗ ਸਮਝਦਾ ਹੈ। ਯਥਾਰਥਵਾਦੀ ਹੋਣ ਕਾਰਨ ਅਰਸਤੂ ਦੀ 'ਰਿਪਬਲਿਕ' ਦੇ ਆਦਰਸ਼ ਰਾਜ ਵਿੱਚ ਕੋਈ ਦਿਲਚਸਪੀ ਨਹੀਂ ਸੀ ਜਿਸ ਦੇ ਕਈ ਲੱਛਣ ਅਪ੍ਰਾਪਤੀ ਯੋਗ ਅਤੇ ਇਤਰਾਜਜ਼-ਯੋਗ ਸਨ। ਪ੍ਰਾਪਤੀਯੋਗ ਸ੍ਰੇਸ਼ਟ ਰਾਜ ਆਪਸ ਵਿੱਚ ਬਹੁਤ ਮੇਲ ਖਾਂਦੇ ਹਨ। ਦੂਜੇ ਸ਼ਬਦਾਂ ਵਿੱਚ, ਅਰਸਤੂ ਜਿਸ ਨੂੰ ਸ੍ਰੇਸ਼ਟ ਰਾਜ ਕਹਿੰਦਾ ਹੈ ਉਹ ਪਲੈਟੋ ਦਾ ਦੂਜੇ ਦਰਜੇ ਦਾ ਸ਼੍ਰੇਸ਼ਟ ਰਾਜ ਹੈ। 'ਲਾਅਜ਼' ਵਿਚਲੇ ਦੂਜੇ ਦਰਜੇ ਦੇ ਸ਼੍ਰੇਸ਼ਟ ਰਾਜ ਵਿੱਚੋਂ ਪਲੈਟੋ ਨੇ ਸੰਪਤੀ ਦੇ ਸਾਮਵਾਦ, ਔਰਤਾਂ ਤੇ ਬੱਚਿਆਂ ਦੇ ਸਾਮਵਾਦ ਦੀ ਸਕੀਮ ਨੂੰ ਅਤੇ ਦਾਰਸ਼ਨਿਕ ਰਾਜਿਆਂ ਦੇ ਨਿਰਕੁੰਸ਼ ਰਾਜ ਨੂੰ ਕੱਢ ਦਿੱਤਾ ਸੀ ਅਤੇ ਇਨ੍ਹਾਂ ਦੀ ਥਾਂ ਕਾਨੂੰਨ ਦਾ ਰਾਜ ਤਜਵੀਜ਼ ਕਰ ਦਿੱਤਾ ਸੀ। ਕਾਨੂੰਨਾਂ ਪ੍ਰਤੀ ਪਲੈਟੋ ਦਾ ਆਦਰਸ਼ ਰਾਜ ਅਰਸਤੂ ਨੂੰ ਪਸੰਦ ਆਇਆ ਸੀ ਜਿਸ ਕਰਕੇ ਅਰਸਤੂ ਨੂੰ ਪਲੈਟੋ ਦਾ ਰਾਜ ਸਵੀਕਾਰ ਯੋਗ ਹੋ ਗਿਆ। 'ਲਾਅਜ਼' ਵਿੱਚ ਪਲੈਟੋ ਸ਼ਕਤੀ ਸੰਤੁਲਨ ਉੱਤੇ ਆਧਾਰਿਤ ਮਿਸ੍ਰਿਤ ਸੰਵਿਧਾਨ ਦਾ ਪੱਖ ਲੈਂਦਾ ਹੈ। ਅਰਸਤੂ ਦਾ ਸ਼੍ਰੇਸ਼ਟ ਰਾਜ ਵੀ ਸ਼ਕਤੀ ਸੰਤੁਲਨ ਦੇ ਅਸੂਲ ਤੇ ਹੀ ਨਿਰਧਾਰਿਤ ਹੈ। 'ਲਾਅਜ਼' ਵਿੱਚ ਪਲੈਟੋ ਅਜਿਹੀ ਸਿੱਖਿਆ ਪ੍ਰਣਾਲੀ ਦਾ ਪੱਖ ਲੈਂਦਾ ਹੈ ਜੋ ਰਾਜ ਵਲੋਂ ਬਣਾਈ ਤੇ ਸੰਗਠਿਤ ਕੀਤੀ ਗਈ ਹੋਵੇ। 'ਪਾਲਿਟਿਕਸ' ਵਿੱਚ ਸ਼੍ਰੇਸ਼ਟ ਰਾਜ ਦੀ ਤਸਵੀਰ ਖਿੱਚਦਿਆਂ ਅਰਸਤੂ ਵੀ ਇਹੋ ਹੀ ਕਰਦਾ ਹੈ। ਜਿਸ ਤਰ੍ਹਾਂ 'ਲਾਅਜ਼' ਦਾ ਰਾਜ ਛੋਟੇ ਆਕਾਰ ਦਾ ਹੈ ਉਸੇ ਤਰ੍ਹਾਂ ਅਰਸਤੂ ਦਾ ਰਾਜ ਵੀ ਛੋਟੇ ਆਕਾਰ ਦਾ ਹੈ।

**ਪਲੈਟੋ ਬਾਰੇ ਅਰਸਤੂ ਦੀ ਆਲੋਚਨਾ (Aristotle's Criticism of Plato)** ਅਰਸਤੂ ਦੇ ਦਰਸ਼ਨ ਨੂੰ ਸਮਝਣ ਲਈ ਅਰਸਤੂ ਦੇ ਜੀਵਨ ਦਾ ਇੱਕ ਤੱਥ ਬਹੁਤ ਮਹੱਤਵਪੂਰਨ ਹੈ। ਉਹ ਤੱਥ ਇਹ ਹੈ ਕਿ ਸੱਤਾਰਾਂ ਸਾਲਾਂ ਦੀ ਉਮਰ ਤੋਂ ਲੈ ਕੇ ਛੱਤੀ ਸਾਲ ਦੀ ਉਮਰ ਅਰਥਾਤ ਵੀਹ ਸਾਲ ਤੱਕ ਉਹ ਪਲੈਟੋ ਦੀ ਅਕਾਦਮੀ ਦਾ ਮੈਂਬਰ ਤੇ ਉਸ ਦਾ ਸ਼ਿਸ਼ ਰਿਹਾ। ਅਸੀਂ ਸਮਝ ਸਕਦੇ ਹਾਂ ਕਿ ਅਰਸਤੂ ਦੀ ਵਿਚਾਰ ਬਣਤਰ ਉੱਤੇ ਇਸ ਲੰਮੇ੍ ਤੇ ਨਿਕਟ ਸੰਬੰਧ ਦਾ ਕਿੰਨ੍ਹਾ ਪ੍ਰਭਾਵ ਪਿਆ ਹੋਵੇਗਾ। ਉਹ ਅਫਲਾਤੂਨਵਾਦ (ਪਲੈਟੋ ਦੇ ਅਸਲ ਨਾਂ ਅਫਲਾਤੂਨ ਤੋਂ ਉਸਦੇ ਵਿਚਾਰਾਂ ਨੂੰ ਅਫਲਾਤੂਨਵਾਦ ਕਿਹਾ ਜਾਂਦਾ ਹੈ) ਵਿੱਚ ਇਸ ਹੱਦ ਤਕ ਸਮਾ ਗਿਆ ਕਿ ਉਸ ਤੋਂ ਛੁੱਟ ਕੋਈ ਵੀ ਹੋਰ ਵੱਡਾ ਦਾਰਸ਼ਨਿਕ ਦੂਜੇ ਦਾਰਸ਼ਨਿਕ ਵਿੱਚ ਇਤਨਾ ਰਚਿਆ ਨਹੀਂ ਹੋਵੇਗਾ। ਐਪਰ ਇਸ ਦਾ ਭਾਵ ਇਹ ਨਹੀਂ ਕਿ ਅਰਸਤੂ ਪਲੈਟੋ ਦੇ ਹਰ ਵਿਚਾਰ ਨਾਲ ਸਹਿਮਤ ਸੀ। ਇਸ ਦੇ ਉਲਟ ਪਲੈਟੋ ਤੋਂ ਉਸ ਦੀ ਅਸਹਿਮਤੀ ਇਤਨੀ ਸਖਤ ਤੇ ਬੁਰੀ ਤਰ੍ਹਾਂ ਦੀ ਸੀ ਕਿ ਬਾਅਦ ਦੀਆਂ ਪੀੜ੍ਹੀਆਂ ਇਸ ਭੁਲੇਖੇ ਦਾ ਸ਼ਿਕਾਰ ਹੋ ਜਾਂਦੀਆਂ ਹਨ ਕਿ ਸਾਰੇ ਮਨੁੱਖ ਜਾਂ ਤਾਂ ਅਰਸਤੂਵਾਦੀ

ਜਾਂ ਪਲੈਟੋਵਾਦੀ ਪੈਦਾ ਹੁੰਦੇ ਹਨ ਜਿਵੇਂ ਇਹ ਦੋਵੇ ਦਾਰਸ਼ਨਿਕ ਬਿਲਕੁੱਲ ਉਲਟ ਵਿਚਾਰਾਂ ਦੇ ਹੋਣ। ਵਿਧੀਆਂ ਅਤੇ ਦ੍ਰਿਸ਼ਟੀਕੋਣ ਤੇ ਮਤਭੇਦਾਂ ਦੇ ਬਾਵਜੂਦ ਵੀ ਅਰਸਤੂ ਕਈ ਪੱਖਾਂ ਤੋਂ ਅਫਲਾਤੂਨਵਾਦੀ ਸੀ।

ਭਾਵੇਂ ਮਹਾਨ-ਗੁਰੂ ਤੇ ਮਹਾਨ ਚੇਲੇ ਦੇ ਸੰਬੰਧਾਂ ਦਾ ਇਹ ਵਰਨਣ ਅਤਿਕਥਨੀ ਵਾਲਾ ਹੈ ਫਿਰ ਵੀ ਏਥੇ ਡਬਲਯੂ ਡੂਰੈਂਟ (W. Durant) ਦੇ ਸ਼ਬਦਾਂ ਦਾ ਵਰਨਣ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ।

ਅਰਸਤੂ ਨੇ ਪਲੈਟੋ ਅਧੀਨ ਅਠਾਰਾਂ-ਵੀਹ ਸਾਲ ਅਧਿਐਨ ਕੀਤਾ ਪਰ ਅਰਸਤੂ ਦੇ ਚਿੰਤਨ ਵਿੱਚ ਅਫਲਾਤੂਨਵਾਦ ਦੀ ਵਿਆਪਕਤਾ-ਭਾਵੇਂ ਇਹ ਪਲੈਟੋ-ਵਿਰੋਧੀ ਕਿਉਂ ਨਾ ਹੋਵੇ-ਇਹ ਦਰਸਾਉਂਦੀ ਹੈ ਕਿ ਇਹ ਸਮਾਂ ਵਧੇਰੇ ਲੰਮਾ ਹੋਵੇਗਾ। ਖਿਆਲ ਕੀਤਾ ਜਾ ਸਕਦਾ ਹੈ ਕਿ ਸਮਾਂ ਬੜੀ ਖੁਸ਼ੀ ਦਾ ਸਮਾਂ ਹੋਵੇਗਾ। ਇਕ ਲਾਇਕ ਸ਼ਿਸ਼ ਇਕ ਬੇਮਿਸਾਲ ਗੁਰੂ ਤੋਂ ਪੜ੍ਹ ਰਿਹਾ ਹੋਵੇ ਜਿਵੇਂ ਦੋ ਯੂਨਾਨੀ ਪ੍ਰੇਮੀ ਦਰਸ਼ਨ ਦੇ ਚਮਨ ਵਿੱਚ ਸੈਰ ਕਰ ਰਹੇ ਹੋਣ। ਪਰ ਦੋਵੇਂ ਪ੍ਰਤਿਭਾ ਵਾਲੇ ਸਨ ਅਤੇ ਇਹ ਗੱਲ ਮਸ਼ਹੂਰ ਹੈ ਕਿ ਦੋ ਪ੍ਰਤਿਭਾਵਨ ਇਕ ਦੂਜੇ ਨਾਲ ਇਸੇ ਤਰ੍ਹਾਂ ਹੀ ਮੇਲ ਖਾਂਦੇ ਸਨ ਜਿਵੇਂ ਅੱਗ ਨਾਲ ਬਰੂਦ। ਉਨ੍ਹਾਂ ਦਾ ਅੰਤਰ ਲਗਭਗ ਅੱਧੀ ਸਦੀ ਦਾ ਸੀ। ਵਰ੍ਹਿਆਂ ਦੀ ਵਿੱਥ ਨੂੰ ਪੂਰਨਾ ਅਤੇ ਆਤਮਾਵਾਂ ਦੀ ਅਸੰਗਤੀ ਨੂੰ ਰੱਦ ਕਰਨਾ ਕਠਿਨ ਦਿਸਦਾ ਹੈ। ਪਲੈਟੋ ਆਪਣੇ ਇਸ ਨਵੇਂ ਅਜੀਬ ਸ਼ਿਸ਼ ਦੀ ਮਹਾਨਤਾ ਨੂੰ ਸਮਝ ਗਿਆ ਸੀ ਅਤੇ ਇੱਕ ਵਾਰੀ ਅਰਸਤੂ ਬਾਰੇ ਉਨ੍ਹਾਂ ਨੇ ਕਿਹਾ ਸੀ ਕਿ ਇਹ ਅਕਾਦਮੀ ਦਾ ਹੀਰਾ ਹੈ (Nous of Academy) ਅਰਥਾਤ ਬੌਧਿਕਤਾ ਦਾ ਮੁਜੱਸਮਾ ਹੈ। ਅਰਸਤੂ ਨੂੰ ਪੁਸਤਕਾਂ ਇਕੱਠਿਆਂ ਕਰਨ ਲਈ ਬੇਤਹਾਸ਼ਾ ਪੈਸਾ ਖਰਚਿਆ (ਉਨ੍ਹਾਂ ਦਿਨਾਂ ਵਿੱਚ ਛਾਪਾ ਨਾ ਹੋਣ ਕਾਰਣ ਪੁਸਤਕਾਂ ਹੱਥਾਂ ਨਾਲ ਲਿਖੀਆਂ ਹੁੰਦੀਆਂ ਸਨ)। ਯੁਰਿਪਿਡਸ (Euripides) ਤੋਂ ਬਾਅਦ ਉਹ ਪਹਿਲਾ ਸੀ ਜਿਸ ਨੇ ਇਤਨੀ ਵੱਡੀ ਲਾਇਬਰੇਰੀ ਇਕੱਠੀ ਕੀਤੀ ਸੀ। ਉਸ ਦੀ ਵਿਦਵਤਾ ਦੀ ਇੱਕ ਵੱਡੀ ਦੇਣ ਲਾਇਬਰੇਰੀ ਦੇ ਵਰਗੀਕਰਣ ਦੇ ਅਸੂਲਾਂ ਦੀ ਨੀਂਹ ਰੱਖਣਾ ਹੈ। ਇਸ ਲਈ, ਪਲੈਟੋ ਅਰਸਤੂ ਦੇ ਘਰ ਨੂੰ 'ਪਾਠਕ ਖਾਨਾ (House of Readers)' ਕਹਿੰਦਾ ਹੈ ਅਤੇ ਉਸ ਦੇ ਇਹ ਸ਼ਬਦ ਸੱਚੀ ਸ਼ਲਾਘਾ ਵਜੋਂ ਹਨ। ਪਰ ਕੋਈ ਪੁਰਾਣੀ ਚੁੰਝ-ਚਰਚਾ ਇਹ ਵੀ ਕਹਿ ਸਕਦੀ ਹੈ ਕਿ ਇਹ ਅਰਸਤੂ ਦਾ ਕਿਤਾਬੀ ਕਿੱਤਾ ਹੋਣ ਉੱਤੇ ਉਸਦੇ ਉਸਤਾਦ ਦੀ ਚੋਟ ਵਜੋਂ ਸੀ। ਲਗਦਾ ਹੈ ਕਿ ਪਲੈਟੋ ਦੇ ਅੰਤ ਸਮੇਂ ਇਕ ਹੋਰ ਝਗੜਾ ਉਠ ਖੜਾ ਹੋਇਆ ਸੀ। ਸਾਡੇ ਵੱਡੇ ਟੀਚਿਆਂ ਵਾਲੇ ਨੌਜਵਾਨ ਅਰਸਤੂ ਵਿੱਚ ਦਰਸ਼ਨ ਦੇ ਪਿਆਰ ਕਾਰਣ ਆਪਣੇ ਆਤਮਿਕ ਪਿਤਾ ਵਿਰੁੱਧ 'ਡੈਡੀਪਸ਼ ਰੁਚੀ' ਪੈਦਾ ਹੋ ਗਈ ਸੀ ਅਤੇ ਉਹ ਕਹਿਣ ਲੱਗ ਪਿਆ ਸੀ ਕਿ ਦਾਨਸ਼ਦਾਰੀ ਪਲੈਟੋ ਨਾਲ ਹੀ ਖਤਮ ਨਹੀਂ ਹੋ ਜਾਵੇਗੀ। ਜਦ ਕਿ ਬਜ਼ੁਰਗ ਰਿਸ਼ੀ ਪਲੈਟੋ ਕਹਿੰਦਾ ਸੀ ਕਿ ਉਸ ਦਾ ਸ਼ਾਗਿਰਦ ਅਜਿਹਾ ਮੂਰਖ ਹੈ ਜੋ ਆਪਣੀ ਮਾਂ ਤੋਂ ਸਭ ਕੁਝ ਪ੍ਰਾਪਤ ਕਰ ਲੈਣ ਤੋਂ ਬਾਅਦ ਉਸ ਨੂੰ ਲੱਤ ਮਾਰ ਕੇ ਕੱਢ ਦੇਂਦਾ ਹੈ। ਵਿਦਵਾਨ ਜ਼ੇਲੀਅਰ (Zelier) ਨੇ, ਜਿਸ ਦੀਆਂ ਲਿਖਤਾਂ ਨੇ ਅਰਸਤੂ ਨੂੰ ਲਗਭੱਗ ਨਿਰਵਾਣ ਪ੍ਰਾਪਤੀ ਤਕ ਪੁਚਾ ਦਿਤਾ, ਇਨ੍ਹਾਂ ਕਹਾਣੀਆਂ ਨੂੰ ਬਿਲਕੁੱਲ ਰੱਦ ਕਰ ਦੇਣਾ ਸੀ। ਪਰ ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਜਿਥੇ ਇਨ੍ਹਾਂ ਧੂੰਆਂ ਹੋਵੇ ਉਥੇ ਕਿਸੇ ਵੇਲੇ ਅੱਗ ਵੀ ਜ਼ਰੂਰ ਹੋਵੇਗੀ।

ਐਪਰ ਆਰਨੈਸਟ ਬਾਰਕਰ (Ernest Barker) ਦਾ ਮੁਲਾਂਕਣ ਇਸ ਤੋਂ ਬਿਲਕੁੱਲ ਵੱਖਰਾ ਹੈ। ਉਸ ਦੇ ਅਨੁਸਾਰ ਅਰਸਤੂ ਦੇ ਮਨ ਵਿੱਚ ਆਪਣੇ ਗੁਰੂ ਲਈ ਡੂੰਘਾ ਤੇ ਸਦੀਵੀ ਆਦਰ ਮੌਜੂਦ ਸੀ। ਬਾਅਦ ਵਿੱਚ ਅਰਸਤੂ ਪਲੈਟੋ ਬਾਰੇ ਆਪਣੀਆਂ ਯਾਦਗਾਰੀ ਕਵਿਤਾਵਾਂ ਲਿਖਦਾ ਹੈ ਕਿ ਉਹ ਅਜਿਹਾ ਮਨੁੱਖ ਸੀ, ਜਿਸ ਦੀ ਸ਼ਲਾਘਾ ਕਰਨ ਦਾ ਵੀ ਉਸਨੂੰ ਕੋਈ ਅਧਿਕਾਰ ਨਹੀਂ। ਉਹੀ ਇਕੋ ਇੱਕ ਮਨੁੱਖ ਜਿਸ ਨੇ ਖੁਦ ਆਪਣੇ ਜੀਵਨ ਅਤੇ ਆਪਣੀਆਂ ਗੋਸ਼ਟੀਆਂ ਦੇ ਤਰਕ ਦੁਆਰਾ ਸਿੱਧ ਕੀਤਾ ਸੀ ਕਿ ਚੰਗਾ ਬਣਨਾ ਹੀ ਖੁਸ਼ ਰਹਿਣਾ ਹੈ।

ਦੋਹਾਂ ਦਾਰਸ਼ਨਿਕਾਂ ਦੇ ਚਿੰਤਨ ਦੇ ਢੰਗ ਅਤੇ ਵਿਚਾਰਾਂ ਵਿੱਚ ਅੰਤਰ ਹੈ। ਜਿਥੇ ਪਲੈਟੋ ਆਪਣੀ ਕਲਪਨਾ ਦੀਆਂ ਉਡਾਰੀਆਂ ਵਿੱਚ ਰਹਿੰਦਾ ਹੈ ਉਥੇ ਅਰਸਤੂ ਤਥਾਤਮਕ ਤੇ ਖੁਸ਼ਕ ਹੈ, ਜਿਥੇ ਪਲੈਟੋ ਸੁਵਕਤਾ ਹੈ ਉਥੇ ਅਰਸਤੂ ਸਪਸ਼ਟ ਹੈ। ਜਿਥੇ ਪਲੈਟੋ ਸਾਧਾਰਣ ਸੰਕਲਪਾਂ ਤੋਂ ਤਰਕਪੂਰਣ ਸਿੱਟੇ ਕੱਢਦਾ ਹੈ, ਅਰਸਤੂ

ਤੱਥਾਂ ਦੇ ਬਹੁਸਮੂਹ ਤੋਂ ਸਿੱਟੇ ਕੱਢਦਾ ਹੈ ਜੋ ਕਿ ਤਰਕਸੰਗਤ ਹਨ ਪਰ ਅੰਤਿਮ ਨਹੀਂ। ਜਿਥੇ ਪਲੈਟੋ ਸਾਨੂੰ ਉਹ ਆਦਰਸ਼ ਰਾਜ ਦੇਂਦਾ ਹੈ ਜੋ ਉਸ ਦੀ ਸੋਚ ਅਨੁਸਾਰ ਸਭ ਤੋਂ ਸ਼੍ਰੇਸ਼ਟ ਹੈ, ਉੱਥੇ ਅਰਸਤੂ ਸਾਨੂੰ ਉਹ ਲੋੜੀਂਦੀ ਸਾਮਗਰੀ ਦੇਂਦਾ ਹੈ ਜਿਸ ਨੂੰ ਅਸੀਂ ਹਾਲਾਤ ਦੇ ਅਨੁਕੂਲ ਕਰਕੇ ਇੱਕ ਨਮੂਨੇ ਦਾ ਰਾਜ ਉਸਾਰ ਸਕਦੇ ਹਾਂ। ਪਲੈਟੋ ਵਾਂਗ ਅਰਸਤੂ ਵੀ ਰਾਜ ਨੂੰ ਵਿਅਕਤੀਆਂ ਦੇ ਆਵੱਸ਼ਕ ਸਮਾਜਿਕ ਸੰਬੰਧਾਂ ਦੀ ਕੁਦਰਤੀ ਉਪਜ ਸਮਝਦਾ ਹੈ ਪਰ ਜਿਥੋਂ ਤਕ ਵਿਅਕਤੀ ਉਪਰ ਰਾਜ ਦੇ ਕੰਟਰੋਲ ਦਾ ਸੰਬੰਧ ਹੈ ਉਸ ਦਾ ਪਲੈਟੋ ਨਾਲ ਪੂਰਣ ਤੇ ਦ੍ਰਿੜਤਾ-ਪੂਰਵਕ ਮਤਭੇਦ ਹੈ।

**ਰਾਜ ਦੀ ਏਕਤਾ ਸੰਬੰਧੀ ਪਲੈਟੋ ਦੇ ਵਿਚਾਰ ਬਾਰੇ ਅਰਸਤੂ ਦੀ ਆਲੋਚਨਾ (Aristotle's Criticism of Plato's Idea of Unity of the State) :** ਅਰਸਤੂ ਨੇ ਆਪਣੀ ਰਚਨਾ 'ਪਾਲਿਟਿਕਸ' ਦੇ ਅਧਿਆਇ ਦੂਜੇ ਵਿੱਚ 'ਰਿਪਬਲਿਕ' ਵਿੱਚ ਅੰਕਿਤ ਪਲੈਟੋ ਦੇ ਵਿਚਾਰਾਂ ਉੱਤੇ ਕਰੜੀ, ਅਨੁਚਿਤ ਅਤੇ ਏਥੋਂ ਤੱਕ ਕਿ ਵਿਰੋਧ ਭਰੀ ਆਲੋਚਨਾ ਵੀ ਕੀਤੀ ਹੈ। ਇਥੋਂ ਤੱਕ ਕਿ ਪਲੈਟੋ ਦੀ 'ਲਾਅਜ਼' ਵੀ ਉਸਦੀਆਂ ਨਜ਼ਰਾਂ ਤੋਂ ਬਚ ਨਾ ਸਕੀ। ਉਹ ਪਲੈਟੋ ਦੇ ਇਨ੍ਹਾਂ ਨੁਕਤਿਆਂ ਤੇ ਸਖਤ ਆਲੋਚਨਾ ਕਰਦਾ ਹੈ : (1) ਰਾਜ ਦੀ ਏਕਤਾ ਦਾ ਸੰਕਲਪ (2) ਸੰਪਤੀ ਦਾ ਸਾਮਵਾਦ ਤੇ (3) ਆਦਰਸ਼ ਰਾਜ ਜਾਂ ਉਪ-ਆਦਰਸ਼ ਰਾਜ ਵਿੱਚ ਨੀਵੀਆਂ ਸ਼੍ਰੇਣੀਆਂ ਦੀ ਨਜ਼ਰ ਅੰਦਾਜ਼ੀ। ਅਰਸਤੂ ਨੂੰ ਰਾਜ ਦੀ ਏਕਤਾ ਤੇ ਕੋਈ ਇਤਰਾਜ ਨਹੀਂ ਪਰ ਉਹ ਇਸ ਏਕਤਾ ਨੂੰ ਪ੍ਰਾਪਤ ਕਰਨ ਲਈ ਪਲੈਟੋ ਦੇ ਸਾਧਨਾਂ ਉੱਤੇ ਅਤੇ ਏਕਤਾ ਦੇ ਆਕਾਰ ਉੱਤੇ ਇਤਰਾਜ ਕਰਦਾ ਹੈ। ਅਰਸਤੂ ਪਲੈਟੋ ਦੇ ਇਸ ਕਥਨ ਨਾਲ ਸਹਿਮਤ ਨਹੀਂ ਕਿ ਰਾਜ ਵਿੱਚ ਜਿੰਨੀ ਜ਼ਿਆਦਾ ਏਕਤਾ ਹੋਵੇਗੀ, ਉਤਨਾ ਹੀ ਰਾਜ ਚੰਗਾ ਹੋਵੇਗਾ ਕਿਉਂਕਿ ਹੋ ਸਕਦਾ ਹੈ ਕਿ ਅਜਿਹੀ ਏਕਤਾ ਏਨੀ ਜ਼ਿਆਦਾ ਹੋ ਜਾਵੇ ਕਿ ਇਹ ਰਾਜ ਦੀ ਬਣਤਰ ਦੇ ਹਿੱਤਾਂ ਦੀ ਬਹੁਲਤਾ ਦੇ ਬੁਨਿਆਦੀ ਲੱਛਣ ਨੂੰ ਹੀ ਮਾਰ ਦੇਵੇ। ਸਮਰੂਪਤਾ ਨਾਲ ਰਾਜ ਨਹੀਂ ਬਣਦਾ। ਅਰਸਤੂ ਦੇ ਸ਼ਬਦਾਂ ਵਿੱਚ ਕੀ ਇਹ ਸਪਸ਼ਟ ਨਹੀਂ ਕਿ ਰਾਜ ਸਮਾਂ ਪਾ ਕੇ ਇਸ ਹੱਦ ਤਕ ਏਕਤਾ ਪ੍ਰਾਪਤ ਕਰ ਲਵੇ ਕਿ ਇਹ ਰਾਜ ਹੀ ਨਾ ਰਹੇ? ਰਾਜ ਦੀ ਪ੍ਰਕ੍ਰਿਤੀ ਦਾ ਬਹੁਲਵਾਦੀ ਹੋਣਾ ਅਤੇ ਪਰਿਵਾਰ ਤੇ ਵਿਅਕਤੀ ਨਾਲੋਂ ਵਧੇਰੇ ਦੀ ਚਾਹ ਕਰਨੀ ਉਚਿਤ ਨਹੀਂ ਕਿਉਂ ਜੋ ਕਿਹਾ ਜਾ ਸਕਦਾ ਹੈ ਕਿ ਪਰਿਵਾਰ ਵਿਚ ਰਾਜ ਨਾਲੋਂ ਵਧੇਰੇ ਏਕਤਾ ਹੁੰਦੀ ਹੈ ਅਤੇ ਵਿਅਕਤੀ ਵਿੱਚ ਪਰਿਵਾਰ ਨਾਲੋਂ। ਇਸ ਲਈ ਸਾਨੂੰ ਰਾਜ ਵਿੱਚ ਅਧਿਕਤਮ ਏਕਤਾ ਭਾਵੇਂ ਪ੍ਰਾਪਤ ਹੋ ਸਕਦੀ ਵੀ ਹੋਵੇ, ਫਿਰ ਵੀ ਚਾਹ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਦੇ ਨਾਲ ਰਾਜ ਤਬਾਹ ਹੋ ਜਾਵੇਗਾ। ਅੱਗੇ ਜਾ ਕੇ ਉਹ ਕਹਿੰਦਾ ਹੈ ਕਿ 'ਰਾਜ ਬਹੁਤ ਸਾਰੇ ਮਨੁੱਖਾਂ ਦੇ ਇਕੱਠੇ ਹੋਣ ਨਾਲ ਨਹੀਂ ਬਣਿਆ ਹੋਇਆ ਸਗੋਂ ਇਸ ਵਿੱਚ ਭਾਂਤ-ਭਾਂਤ ਦੇ ਲੋਕ ਰਹਿੰਦੇ ਸਨ। ਸਮਰੂਪੀ ਮਨੁੱਖ ਰਾਜ ਦੀ ਰਚਨਾ ਨਹੀਂ ਕਰਦੇ।'

ਅਰਸਤੂ ਸਮਝਦਾ ਹੈ ਕਿ ਪਲੈਟੋ ਨੇ ਰਾਜ ਲਈ ਜਿਸ ਅਧਿਕਤਮ ਏਕਤਾ ਉੱਤੇ ਜ਼ੋਰ ਪਾਇਆ ਹੈ, ਉਸ ਨੇ ਪਲੈਟੋ ਦੇ ਆਦਰਸ਼ ਰਾਜ ਦੇ ਸੰਕਲਪ ਨੂੰ ਭ੍ਰਿਸ਼ਟ ਕਰ ਦਿੱਤਾ ਹੈ। ਰਾਜ ਦੀ ਪ੍ਰਕ੍ਰਿਤੀ ਭਿੰਨਤਾਵਾਂ ਦੀ ਬਹੁਲਤਾ ਦੀ ਮੰਗ ਕਰਦੀ ਹੈ। ਅਸਲੀ ਏਕਤਾ ਭੇਦ ਨੂੰ ਇਕਸਾਰ ਕਰਨ ਜਾਂ ਵਸਤਾਂ ਤੇ ਮਨੁੱਖਾਂ ਨੂੰ ਇਕਰੂਪੀ ਸੰਚੇ ਵਿੱਚ ਢਾਲਣ ਨਾਲ ਪੈਦਾ ਨਹੀਂ ਹੁੰਦੀ ਸਗੋਂ ਵਿਭਿੰਨ ਕਾਬਲੀਅਤ ਤੇ ਸਿੱਖਿਆ ਵਾਲੇ ਵਿਅਕਤੀਆਂ ਦੇ ਸੁਯੋਗ ਸੰਗਠਨ ਵਿਚੋਂ ਪੈਦਾ ਹੁੰਦੀ ਹੈ। ਅਨੇਕਤਾ ਹੀ ਮਨੁੱਖੀ ਸਮਾਜ ਦਾ ਆਧਾਰ ਹੈ। ਇਹ ਏਕਤਾ ਲਈ ਲਾਜ਼ਮੀ ਹੈ। ਅਰਸਤੂ ਕਹਿੰਦਾ ਹੈ ਕਿ ਪਲੈਟੋ ਦੀ ਰਾਜ ਪ੍ਰਣਾਲੀ ਅਸਲੀ ਏਕਤਾ ਪੈਦਾ ਕਰਨ ਦੀ ਬਜਾਏ ਸਦੀਵੀ ਝਗੜੇ ਤੇ ਫੁੱਟ ਪੈਦਾ ਕਰੇਗੀ। ਇਹ ਪ੍ਰਣਾਲੀ ਏਕੀਕ੍ਰਿਤ ਤੇ ਇਕਸੁਰ ਰਾਜ ਦੀ ਸਿਰਜਣਾ ਕਰਨ ਦੀ ਬਜਾਏ ਇਸਦੇ ਵਿੱਚ ਦੋ ਵਿਭਿੰਨ ਤੇ ਵਿਰੋਧੀ ਅੰਸ਼ ਪੈਦਾ ਕਰੇਗੀ। ਇਕ ਅੰਸ਼ ਵਿਸ਼ੇਸ਼ ਤੌਰ ਤੇ ਸਿਖਲਾਈ ਪ੍ਰਾਪਤ ਤੇ ਸਿਖਿਅਕ ਰਖਿਅਕਾਂ ਦਾ ਹੋਵੇਗਾ ਤੇ ਦੂਜੇ ਪਾਸੇ ਮੂੜ੍ਹ ਜਨ-ਸਧਾਰਨ ਹੋਣਗੇ।

ਰਾਜ ਦੀ ਉਤਪਤੀ ਦੇ ਸੁਆਲ ਉੱਤੇ ਵੀ ਅਰਸਤੂ ਦਾ ਪਲੈਟੋ ਨਾਲ ਮਤਭੇਦ ਸੀ। ਉਹ ਪਲੈਟੋ ਦੇ ਇਸ ਸਿਧਾਂਤ ਨੂੰ ਰੱਦ ਕਰਦਾ ਹੈ ਕਿ ਰਾਜ ਦੀ ਉਤਪਤੀ ਕਿਰਤ ਦੀ ਵੰਡ ਦੁਆਰਾ ਹੋਈ। ਅਰਸਤੂ ਦੇ ਵਿਚਾਰ ਅਨੁਸਾਰ ਰਾਜ ਆਪਣੀ ਪ੍ਰਕ੍ਰਿਤੀ ਵਲੋਂ ਹੀ ਪਰਿਵਾਰ ਤੇ ਵਿਅਕਤੀ ਤੋਂ ਪਹਿਲੋਂ ਆਉਂਦਾ ਹੈ ਕਿਉਂਕਿ

ਇਕ ਭਾਗ ਨਾਲੋਂ ਇਕ ਸਮੁੱਚੇ ਸਰੀਰ ਦਾ ਪਹਿਲਾਂ ਹੋਂਦ ਵਿੱਚ ਆਉਣਾ ਲਾਜ਼ਮੀ ਹੈ।

ਅਰਸਤੂ ਦਰਸ਼ਨ ਦੇ ਸ਼ਾਸਨ ਸੰਬੰਧੀ ਪਲੈਟੋ ਦੇ ਸੰਕਲਪ ਨਾਲ ਵੀ ਸਹਿਮਤ ਨਹੀਂ ਹੈ। ਉਹ ਮਹਿਸੂਸ ਕਰਦਾ ਹੈ ਕਿ ਦਰਸ਼ਨ ਉਨ੍ਹਾਂ ਕੁਦਰਤੀ ਤੇ ਵਿਆਪਕ ਚੀਜ਼ਾਂ ਨਾਲ ਸੰਬੰਧਿਤ ਹੈ ਜੋ ਸਿਧਾਂਤਕ ਗਿਆਨ ਲਈ ਯੋਗ ਹਨ। ਇਹ ਮਨੁੱਖੀ ਮਾਮਲਿਆਂ ਦਾ ਪ੍ਰਬੰਧ ਨਹੀਂ ਕਰ ਸਕਦਾ ਜਿਨ੍ਹਾਂ ਲਈ ਤਜ਼ਰਬੇ ਅਤੇ ਵਿਵਹਾਰਕ ਸੂਝ ਦੀ ਲੋੜ ਹੈ।

ਐਪਰ ਅਰਸਤੂ ਦੀ ਪਲੈਟੋ ਦੇ ਰਾਜ ਦੀ ਏਕਤਾ ਦਾ ਸੰਕਲਪ ਬਾਰੇ ਆਲੋਚਨਾ ਕਿਸੇ ਹੱਦ ਸਖਤ ਤੇ ਆਯੋਗ ਹੈ। ਪਲੈਟੋ ਰਾਜ ਵਿੱਚ ਕਾਰਜਾਂ ਦੀ ਵਿਭਿੰਨਤਾ ਦੇ ਕਾਰਜੀ ਵਿਸ਼ੇਸ਼ੀਕਰਨ ਦੀਆਂ ਵਿਭਿੰਨਤਾਵਾਂ ਦੀ ਲੋੜ ਨੂੰ ਮੰਨਦਾ ਹੈ। ਇਸ ਲਈ ਉਸ ਨੇ ਵੱਖ-ਵੱਖ ਸ਼੍ਰੇਣੀਆਂ ਦਾ ਜ਼ਿਕਰ ਕੀਤਾ ਹੈ। ਉਸ ਦਾ ਸਾਮਵਾਦ ਕੇਵਲ ਉਪਰਲੀਆਂ ਦੋ ਸ਼੍ਰੇਣੀਆਂ ਤੇ ਲਾਗੂ ਹੁੰਦਾ ਹੈ ਅਤੇ ਇਨ੍ਹਾਂ ਦੋ ਸ਼੍ਰੇਣੀਆਂ ਦੇ ਸੰਬੰਧ ਵਿੱਚ ਹੀ ਅਰਸਤੂ ਦਾ ਇਹ ਕਹਿਣਾ ਜਾਇਜ਼ ਹੋ ਸਕਦਾ ਹੈ ਕਿ ਪਲੈਟੋ ਨੇ ਏਕਤਾ ਉੱਤੇ ਵਧੇਰੇ ਹੀ ਜ਼ੋਰ ਦਿੱਤਾ ਹੈ ਜਿਸ ਨਾਲ ਰਾਜ ਇੱਕ ਵੱਡੇ ਪਰਿਵਾਰ ਦਾ ਰੂਪ ਅਖਤਿਆਰ ਕਰ ਲਵੇਗਾ। ਜਿਸ ਵਿੱਚ ਵਿਅਕਤੀਆਂ ਨੂੰ ਇਕੱਠਿਆਂ ਰੱਖਣ ਲਈ ਰਾਜਨੀਤਿਕ ਜਾਂ ਸਮਾਜਿਕ ਬੰਧਨਾਂ ਦੀ ਬਜਾਏ ਅਵਾਸਤਵਿਕ ਰਿਸ਼ਤੇ ਹੋਣਗੇ। ਕੁਦਰਤੀ ਤੌਰ ਤੇ ਰਾਜ ਦੀ ਆਬਾਦੀ ਵਿਚਲੀ ਬਹੁਗਿਣਤੀ ਤੀਜੀ ਸ਼੍ਰੇਣੀ ਦੀ ਹੋਵੇਗੀ। ਜਿਸ ਨੂੰ ਪਲੈਟੋ ਨੇ ਵਿਭਿੰਨ ਕਾਰਜਾਂ ਤੇ ਹਿੱਤਾਂ ਦੇ ਆਧਾਰ ਤੇ ਕਈ ਖੇਤਰਾਂ ਵਿੱਚ ਵੰਡਿਆ ਹੈ।

**ਪਲੈਟੋ ਦੇ ਪਤਨੀਆਂ ਦੇ ਸਾਮਵਾਦ ਬਾਰੇ ਅਰਸਤੂ ਦੀ ਆਲੋਚਨਾ (Aristotle's Criticism of Plato's Communism of Wives) :** ਪਲੈਟੋ ਦੇ ਵਿਪ੍ਰੀਤ ਅਰਸਤੂ ਸਮੁੱਚੇ ਸਮਾਜ ਨੂੰ ਆਪਣੇ ਆਪ ਵਿੱਚ ਇੱਕ ਉਦੇਸ਼ ਨਹੀਂ ਮੰਨਦਾ ਜਿਸ ਦੀ ਖਾਤਰ ਵਿਅਕਤੀ ਤੇ ਉਸ ਦੇ ਨਿੱਜੀ ਹਿੱਤਾਂ ਨੂੰ ਕੁਰਬਾਨ ਕਰ ਦਿੱਤਾ ਜਾਵੇ। ਇਸ ਲਈ ਉਸਨੇ ਪਲੈਟੋ ਦੇ ਪਤਨੀਆਂ ਸੰਪਤੀ ਦੇ ਸਾਮਵਾਦ ਦੇ ਸਮੁੱਚੇ ਸੰਕਲਪ ਨੂੰ ਹੀ ਰੱਦ ਕਰ ਦਿੱਤਾ। ਅਰਸਤੂ ਪਲੈਟੋ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਰਾਜ ਦੀ ਸਰੀਰਕ ਏਕਤਾ ਤੇ ਇਕਸਾਰਤਾ ਲਈ ਪਤਨੀਆਂ ਤੇ ਸੰਪਤੀ ਦਾ ਸਾਮਵਾਦ ਰਚਨਾਤਮਕ ਹੈ, ਆਤਮਿਕ ਬੀਮਾਰੀਆਂ ਲਈ ਆਤਮਿਕ ਦਵਾਈਆਂ ਦੀ ਲੋੜ ਪੈਂਦੀ ਹੈ। ਰਾਜ ਦੀ ਏਕਤਾ ਪ੍ਰਾਪਤੀ ਲਈ ਅਰਸਤੂ ਵੀ ਪਲੈਟੋ ਜਿਨਾਂ ਹੀ ਤੀਬਰ ਹੈ ਪਰ ਅਜਿਹੀ ਏਕਤਾ ਦੇ ਸੰਕਲਪ ਤੇ ਇਸ ਦੀ ਪ੍ਰਾਪਤੀ ਦੀਆਂ ਵਿਧੀਆਂ ਸੰਬੰਧੀ ਉਸਦੇ ਪਲੈਟੋ ਨਾਲ ਮਤਭੇਦ ਹਨ। ਅਸਲੀ ਏਕਤਾ ਨਿੱਜੀ ਸੰਪਤੀ ਤੇ ਪਰਿਵਾਰ ਜਿਹੀਆਂ ਚਿਰਾਂ ਤੋਂ ਸਤਿਕਾਰੀਆਂ ਜਾ ਰਹੀਆਂ ਸੰਸਥਾਵਾਂ ਨੂੰ ਖਤਮ ਕਰਨ ਨਾਲ ਨਹੀਂ ਆ ਸਕਦੀ। ਇਸ ਦੇ ਲਈ ਰਾਜ ਦੇ ਸੰਵਿਧਾਨ ਦੀ ਆਤਮਾ ਨੂੰ ਮੁੱਖ ਰੱਖਦਿਆਂ ਹੋਇਆਂ ਵਿਭਿੱਨ ਪ੍ਰਕਾਰ ਦੇ ਸਮਰੱਥਾ ਵਾਸਤੇ ਵਿਅਕਤੀਆਂ ਨੂੰ ਸੰਗਠਿਤ ਕਰਨ ਤੇ ਸਿਖਲਾਈ ਦੇਣ ਦੀ ਲੋੜ ਹੈ। ਰਾਜ ਦੀ ਸਰੀਰਕ ਏਕਤਾ ਨੂੰ ਸਾਮਵਾਦ ਰਾਹੀਂ ਨਾਗਰਿਕਾਂ ਦੀ ਇੱਕ ਵਿਸ਼ੇਸ਼ ਪ੍ਰਕਾਰ ਦੀ ਰਚਨਾ ਕਰਕੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਸਗੋਂ ਰਾਜ ਦੀ ਉੱਚਤਮ ਭਲਾਈ ਲਈ ਵਿਅਕਤੀ ਦੇ ਭੇਦਾਂ ਨੂੰ ਠੀਕ ਤਰ੍ਹਾਂ ਵਰਤੋਂ ਵਿੱਚ ਲਿਆ ਕੇ ਇਸ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਅਰਸਤੂ ਰੂੜ੍ਹੀਵਾਦੀ ਸੀ। ਇਸ ਲਈ ਪਲੈਟੋ ਦੇ ਪਤਨੀਆਂ ਦੇ ਸੰਪਤੀ ਦੇ ਸਾਮਵਾਦ ਦੀ ਮੂਲ ਪਰਿਵਰਤਨਵਾਦੀ ਪਹੁੰਚ ਨਾਲ ਸਹਿਮਤ ਨਹੀਂ। ਇਸ ਤਰ੍ਹਾਂ ਪਲੈਟੋ ਦੇ ਦਰਸ਼ਨ ਦੇ ਸਭ ਤੋਂ ਵੱਧ ਮੌਲਿਕ ਨਿਯਮ ਨੂੰ ਰੱਦ ਕਰ ਦੇਂਦਾ ਹੈ।

ਅਰਸਤੂ ਪਲੈਟੋ ਦੇ ਪਤਨੀਆਂ ਦੇ ਸਾਮਵਾਦ ਦੇ ਸਿਧਾਂਤ ਨੂੰ ਗੈਰ-ਕੁਦਰਤੀ ਅਤੇ ਨਾਸਮਝੀ ਵਾਲਾ ਸਮਝਦਾ ਹੈ। ਪਲੈਟੋ ਕਹਿੰਦਾ ਹੈ ਕਿ ਰਾਜ ਦੀ ਏਕਤਾ ਤੇ ਇਕਸੁਰਤਾ ਤਾਂ ਆਵੇਗੀ ਜੇ ਸਾਰੇ ਮਨੁੱਖ ਇੱਕੋ ਜਿਹੀਆਂ ਚੀਜ਼ਾਂ ਨੂੰ ਕਹਿਣ ਕਿ 'ਇਹ ਮੇਰੀਆਂ ਹਨ ਕੋਈ ਇਹ ਨਾ ਕਹੇ, ਇਹ ਮੇਰੀ ਨਹੀਂ" ਪਲੈਟੋ ਦਾ ਵਿਚਾਰ ਹੈ ਕਿ ਪਤਨੀਆਂ ਦੇ ਸਾਮਵਾਦ ਵਿੱਚ ਕੋਈ ਮਨੁੱਖ ਇਹ ਨਹੀਂ ਜਾਣ ਸਕੇਗਾ ਕਿ ਉਸ ਦੇ ਆਪਣੇ ਬੱਚੇ ਕਿਹੜੇ ਹਨ ਅਤੇ ਉਸ ਨੂੰ ਰਾਜ ਦੇ ਸਾਰੇ ਬੱਚਿਆਂ ਨਾਲ ਬਰਾਬਰ ਦਾ ਪਿਆਰ ਹੋਵੇਗਾ। ਅਰਸਤੂ ਸਮਝਦਾ ਹੈ ਕਿ ਸ਼ਬਦ ਸਾਰੇ ਵਿੱਚ ਅਸਪਸ਼ਟਤਾ ਹੈ। ਅਰਸਤੂ ਕਹਿੰਦਾ ਹੈ ਕਿ ਸਾਰੇ ਮਨੁੱਖ ਕਿਸੇ ਇੱਕ ਵਸਤੂ ਨੂੰ ਇਨ੍ਹਾਂ ਅਰਥਾ ਵਿੱਚ 'ਮੇਰੀ' ਕਹਿੰਦੇ ਹਨ ਕਿ ਹੋ ਸਕਦਾ ਹੈ ਕਿ ਇਹ ਮੇਰੀ ਹੋਵੇ ਪਰ ਇਹ ਗੱਲ

ਅਵਿਵਹਾਰਿਕ ਹੈ ਅਤੇ ਇਨ੍ਹਾ ਸ਼ਬਦਾਂ ਨੂੰ ਦੂਜੇ ਭਾਵ ਵਿੱਚ ਲਿਆ ਜਾਵੇ ਤਾਂ ਇਹ ਏਕਤਾ ਕਿਸੇ ਤਰ੍ਹਾਂ ਦੀ ਇਕਸੁਰਤਾ ਦੇ ਅਨੁਕੂਲ ਨਹੀਂ ਹੋਵੇਗੀ। ਜਿਹੜੀ ਵਸਤੂ ਬਹੁਤਿਆਂ ਲਈ ਸਾਂਝੀ ਹੋਵੇਗੀ ਉਸ ਦੀ ਪਰਵਾਹ ਕੋਈ ਵੀ ਨਹੀਂ ਕਰੇਗਾ। ਹਰ ਕੋਈ ਮੁੱਖ ਰੂਪ ਵਿੱਚ ਆਪਣਾ ਹਿਤ ਹੀ ਦੇਖਦਾ ਹੈ, ਸਾਂਝਾ ਹਿਤ ਨਹੀਂ ਅਤੇ ਇਹ ਵੀ ਉਦੋਂ ਜਦੋਂ ਉਸ ਨੂੰ ਪਤਾ ਹੋਵੇ ਕਿ ਉਸਦਾ ਇਸ ਦੇ ਨਾਲ ਵਿਅਕਤੀ ਦੇ ਤੌਰ ਤੇ ਸੰਬੰਧ ਹੈ। ਹਰ ਕੋਈ ਆਪਣੇ ਕਰਤੱਵ ਤੋਂ ਅਣਗਹਿਲੀ ਕਰ ਦੇਂਦਾ ਹੈ ਜਦੋਂ ਉਹ ਦੇਖਦਾ ਹੈ ਕਿ ਇਸ ਨੂੰ ਕਰਨ ਵਾਲਾ ਕੋਈ ਹੋਰ ਵੀ ਹੈ। ਜਿਵੇਂ ਕਿ ਘਰਾਂ ਵਿੱਚ ਬਹੁਤ ਸਾਰੇ ਸੇਵਕ ਕੁਝ ਇਕ ਨਾਲੋਂ ਘੱਟ ਉਪਯੋਗੀ ਹੁੰਦੇ ਹਨ। ਹਰੇਕ ਨਾਗਰਿਕ ਦੇ ਹਜ਼ਾਰਾਂ ਲੜਕੇ ਹੋਣਗੇ ਕਿ ਉਸ ਦੇ ਆਪਦੇ ਲੜਕੇ ਨਹੀਂ ਹੋਣਗੇ ਪਰ ਹਰ ਬੱਚਾ ਕਿਸੇ ਦੂਜੇ ਦਾ ਬੱਚਾ ਹੋਵੇਗਾ ਅਤੇ ਇਸ ਤਰ੍ਹਾਂ ਸਾਰੇ ਉਹਦੇ ਤੋਂ ਅਣਗਹਿਲੀ ਕਰਨਗੇ। ਅਰਸਤੂ ਕਹਿੰਦਾ ਹੈ ਕਿ ਪਲੈਟੋ ਦੇ ਫੈਸ਼ਨ ਦੇ ਪੁੱਤਰ ਹੋਣ ਨਾਲੋਂ ਕਿਸੇ ਖਾਸ ਇਕ ਦਾ ਹੋ ਸਕੇ ਚਾਚੇ ਜਾਂ ਮਾਮੇ ਦਾ ਪੁੱਤਰ ਹੋਣਾ ਵਧੇਰੇ ਚੰਗਾ ਹੋਵੇਗਾ। ਇਸ ਤੋਂ ਇਲਾਵਾ ਨਾਗਰਿਕਾਂ ਨੂੰ ਇਹ ਵੀ ਪਤਾ ਨਹੀਂ ਹੋਵੇਗਾ ਕਿ ਸਕੇ ਭੈਣ ਭਰਾ, ਮਾਂ ਅਤੇ ਪਿਉ, ਕੌਣ ਕੌਣ ਹਨ। ਇਸ ਲਈ ਪਤਾ ਨਾ ਹੋਣ ਕਾਰਣ ਭੈਣ, ਪਿਉ ਧੀ ਵਿੱਚ ਆਯੋਗ ਸੰਬੰਧ ਪੈਦਾ ਹੋਣ ਦਾ ਖਤਰਾ ਹੋ ਸਕਦਾ ਹੈ।

ਅਰਸਤੂ ਪਲੈਟੋ ਦੀ ਇਸ ਗੱਲ ਦੀ ਵੀ ਆਲੋਚਨਾ ਕਰਦਾ ਹੈ ਕਿ ਇਸ ਤਰ੍ਹਾਂ ਆਯੋਗ ਕਾਰਜਾਂ ਦਾ ਖਤਰਾ ਹੋ ਸਕਦਾ ਹੈ। ਉਹ ਕਹਿੰਦਾ ਹੈ ਕਿ ਕਿੰਨੀ ਅਜੀਬ ਗੱਲ ਹੈ ਕਿ ਪਲੈਟੋ ਬੱਚਿਆਂ ਨੂੰ ਸਾਂਝਿਆਂ ਬਣਾਉਣ ਤੋਂ ਬਾਅਦ ਪ੍ਰੇਮੀਆਂ ਨੂੰ ਕੇਵਲ ਕਾਮਕ ਲਿੰਗ-ਭੋਗ ਤੋਂ ਵਰਜਦਾ ਹੈ ਪਰ ਪਿਤਾ ਤੇ ਪੁੱਤਰ ਅਤੇ ਭਰਾ ਵਿੱਚ ਲਿੰਗ ਸੰਬੰਧ ਦੀ ਆਗਿਆ ਦੇਂਦਾ ਹੈ..... ਸਿਰਫ ਸੁਆਦ ਨੂੰ ਛੱਡ ਕੇ ਵੀ ਹੋਰ ਗੱਲ ਤੋਂ ਲਿੰਗ-ਭੋਗ ਨੂੰ ਨਾ ਵਰਜਨਾ ਕਿੰਨੀ ਅਜੀਬ ਗੱਲ ਹੈ ਜਿਵੇਂ ਕਿ ਪਿਤਾ ਤੇ ਪੁੱਤਰ ਦੇ ਰਿਸ਼ਤੇ ਦੀ ਜਾਂ ਭਰਾ ਦੇ ਰਿਸ਼ਤੇ ਦੀ ਕੋਈ ਗੱਲ ਨਾ ਹੋਵੇ।

ਹੋਰ ਇਹ ਕਿ ਇਸਤਰੀਆਂ ਤੇ ਬੱਚਿਆ ਦੇ ਸਾਂਝੇ ਹੋਣ ਕਾਰਨ ਪਿਆਰ ਕੇਵਲ ਪਾਣੀ ਵਰਗਾ ਹੀ ਹੋਵੇ ਗਾ ਅਤੇ ਪਿਤਾ ਕਿਸੇ ਨੂੰ ਵੀ 'ਮੇਰਾ ਪੁੱਤਰ' ਨਾ ਕਹੇਗਾ ਤੇ ਨਾ ਹੀ ਬੱਚੇ ਕਿਸੇ 'ਮੇਰਾ ਪਿਤਾ'। ਨਾ ਤਾ ਪੁੱਤਰ ਪਿਤਾਵਾਂ ਦੀ ਪ੍ਰਵਾਹ ਕਰਨਗੇ ਤੇ ਨਾ ਪਿਤਾ ਪੁੱਤਾਂ ਦਾ ਧਿਆਨ ਰੱਖਣਗੇ। ਅਜਿਹੇ ਸਮਾਜ ਵਿੱਚ ਆਦਰ ਤੇ ਪਿਆਰ ਦੇ ਗੁਣ ਨਹੀਂ ਹੋਣਗੇ। ਅਰਸਤੂ ਅਨੁਸਾਰ ਨਿੱਜੀ ਪਰਿਵਾਰ ਇੱਕ ਕੁਦਰਤੀ ਤੇ ਸੁਚੱਜੀ ਸੰਸਥਾ ਹੈ ਜੋ ਕੁਰਬਾਨ ਨਹੀਂ ਕੀਤੀ ਜਾਣੀ ਚਾਹੀਦੀ।

**ਪਲੈਟੋ ਦੀ ਸੰਪਤੀ ਦੇ ਸਾਮਵਾਦ ਦੀ ਅਰਸਤੂ ਦੁਆਰਾ ਆਲੋਚਨਾ (Criticism of Plato's Communism of Property by Aristotle) :** ਅਰਸਤੂ ਪਲੈਟੋ ਦੇ ਸੰਪਤੀ ਦੇ ਸਾਮਵਾਦ ਦੇ ਉਤਨਾ ਹੀ ਵਿਰੁੱਧ ਹੈ ਜਿੰਨਾ ਉਸਦੇ ਪਤਨੀਆਂ ਦੇ ਸਾਮਵਾਦ ਦੇ। ਉਹ ਕਹਿੰਦਾ ਹੈ ਕਿ ਸੰਪਤੀ ਦੇ ਸਾਮਵਾਦ ਦੀ ਪ੍ਰਣਾਲੀ ਵਿੱਚ ਜਿਹੜੇ ਵਿਅਕਤੀ ਬਹੁਤਾ ਕੰਮ ਕਰਕੇ ਥੋੜ੍ਹਾ ਪ੍ਰਾਪਤ ਕਰਦੇ ਹਨ ਉਨ੍ਹਾਂ ਨੂੰ ਥੋੜ੍ਹਾ ਕੰਮ ਕਰਕੇ ਬਹੁਤਾ ਪ੍ਰਾਪਤ ਕਰਨ ਵਾਲਿਆਂ ਵਿਰੁੱਧ ਸ਼ਿਕਾਇਤ ਰਹੇਗੀ। ਸੰਪਤੀ ਦੀ ਸਾਂਝੀ ਮਾਲਕੀ ਹਮਸਫਰਾਂ ਵਿੱਚ ਸਦਾ ਝਗੜੇ ਦਾ ਕਾਰਣ ਹੁੰਦੀ ਹੈ। ਜਦੋਂ ਲੋਕਾਂ ਨੂੰ ਆਪਣੀ ਸੰਪਤੀ ਰੱਖਣ ਦੀ ਖੁੱਲ੍ਹ ਹੋਵੇ ਉਦੋਂ ਉਹ ਜ਼ਿਆਦਾ ਕੰਮ ਕਰਦੇ ਹਨ। ਸੰਪਤੀ ਦੀ ਭਾਵਨਾ ਖੁਸ਼ੀ ਦੇਂਦੀ ਹੈ। ਇਹ ਆਤਮ-ਪਿਆਰ ਦਾ ਰੂਪ ਹੁੰਦੀ ਹੈ ਹੋਰ ਇਹ ਕਿ 'ਮਿੱਤਰਾਂ, ਮਹਿਮਾਨਾਂ ਜਾਂ ਸਾਥੀਆਂ ਨਾਲ ਮਿਹਰਬਾਨੀ ਨਾਲ ਪੇਸ਼ ਆਉਣ ਅਤੇ ਉਨ੍ਹਾਂ ਦੀ ਖਿਤਮਤ ਕਰਨ ਵਿੱਚ ਅਤਿਅੰਤ ਪ੍ਰਸੰਨਤਾ ਹੁੰਦੀ ਹੈ ਅਤੇ ਇਹ ਤਾਂ ਹੀ ਹੋ ਸਕਦਾ ਹੈ ਜੇ ਮਨੁੱਖ ਪਾਸ ਨਿੱਜੀ ਸੰਪਤੀ ਹੋਵੇ। ਇਹ ਲਾਭ ਰਾਜ ਦੇ ਅਧਿਕਾਰ ਏਕੀਕਰਨ ਨਾਲ ਖਤਮ ਹੋ ਜਾਂਦੇ ਹਨ। ਅਰਸਤੂ ਅਨੁਸਾਰ, ਪਲੈਟੋ ਦੀ ਗਲਤੀ ਦਾ ਕਾਰਣ ਏਕਤਾ ਸੰਬੰਧੀ ਉਹ ਗਲਤ ਵਿਚਾਰ ਹੈ ਜਿਥੋਂ ਉਹ ਸਾਰੀ ਗੱਲ ਸ਼ੁਰੂ ਕਰਦਾ ਹੈ। ਜੇ ਪਲੈਟੋ ਰਾਜ ਨੂੰ ਗੁਣਕਾਰੀ ਬਣਾਉਣਾ ਚਾਹੁੰਦਾ ਹੈ ਤਾਂ ਇਸ ਦਾ ਢੰਗ ਪਤਨੀਆਂ ਤੇ ਸੰਪਤੀ ਦਾ ਸਮਾਵਾਦ ਨਹੀਂ। ਅਰਸਤੂ ਕਹਿੰਦਾ ਹੈ ਕਿ ਪਲੈਟੋ ਨੂੰ ਇਹ ਉਦੇਸ਼ ਸਿੱਖਿਆ, ਦਰਸ਼ਨ, ਕਾਨੂੰਨਾਂ ਤੇ ਰਿਵਾਜ਼ਾਂ ਦੁਆਰਾ ਪ੍ਰਾਪਤ ਕਰਨਾ ਚਾਹੀਦਾ ਹੈ। ਉਹ ਭੂਤ ਦੇ ਅਨੁਭਵ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਅਪੀਲ ਕਰਦਾ ਹੈ : 'ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਯੁੱਗਾਂ ਦੇ ਅਨੁਭਵਾਂ ਨੂੰ ਤਿਆਗ ਨਾ

ਦੇਈਏ। ਜੇ ਇਹ ਗੱਲਾਂ ਚੰਗੀਆਂ ਹੁੰਦੀਆਂ ਤਾਂ ਪਿਛਲੇ ਏਨੇ ਵਰ੍ਹਿਆਂ ਦੇ ਅਰਸੇ ਵਿੱਚ ਇਨ੍ਹਾਂ ਦਾ ਪਤਾ ਲੱਗ ਜਾਣਾ ਚਾਹੀਦਾ ਸੀ"।

ਪਲੈਟੋ ਦਾ ਸਾਮਵਾਦ ਕੇਵਲ ਰਾਖਿਆਂ (Guardians) ਉੱਤੇ ਲਾਗੂ ਹੁੰਦਾ ਹੈ। ਪਰ ਆਬਾਦੀ ਦੀ ਬਹੁਗਿਣਤੀ ਤਾਂ ਕਿਸਾਨਾਂ ਤੇ ਹੋਰ ਨੀਵੀਆਂ ਸ਼੍ਰੇਣੀਆਂ ਦੇ ਲੋਕਾਂ ਦੀ ਹੈ। ਉਨ੍ਹਾਂ ਬਾਰੇ ਕੀ ਹੋਣਾ ਚਾਹੀਦਾ ਹੈ? ਇਸ ਆਧਾਰ ਤੇ ਰਾਖਿਆਂ ਨੂੰ ਖੁਸ਼ੀ ਤੋਂ ਵਾਝਿਆਂ ਰੱਖਣ ਦਾ ਕੋਈ ਫਾਇਦਾ ਨਹੀਂ ਕਿ ਅਜਿਹਾ ਕਰਨ ਨਾਲ ਉਨ੍ਹਾਂ ਨੂੰ ਖੁਸ਼ੀ ਹੋਵੇਗੀ। ਉਹ ਸੰਪਤੀ ਦਾ ਵੀ ਠੱਠਾ ਉਡਾਉਂਦਾ ਹੈ। ਜਿਸ ਦਾ ਮਨੋਰਥ ਜਾਇਦਾਦ ਦੀ ਬਰਾਬਰੀ ਨੂੰ ਸਥਾਪਿਤ ਕਰਨਾ ਹੈ ਕਿਉਂਕਿ ਕੁਦਰਤ ਵਲੋਂ ਵਿਅਕਤੀਆਂ ਦੀਆਂ ਸਮਰਥਾਵਾਂ ਤੇ ਕਾਰਜਕੁਸ਼ਲਤਾ ਦੇ ਅਸਮਾਣ ਹੋਣ ਕਾਰਣ ਅਜਿਹਾ ਹੋਣਾ ਸੰਭਵ ਨਹੀਂ।

ਸੰਪਤੀ ਦੇ ਸਾਮਵਾਦ ਵਿਰੁੱਧ ਅਰਸਤੂ ਦੀ ਦਲੀਲ ਇਹ ਹੈ ਕਿ ਸੰਪਤੀ ਵਿਅਕਤੀਤਵ ਦੇ ਵਿਕਾਸ ਲਈ ਇੱਕ ਕੁਦਰਤੀ ਆਮ ਸਾਧਨ ਹੈ ਜੋ ਕਿ ਵਿਅਕਤੀਤਵ ਦਾ ਵਿਸਤਾਰ ਹੈ। ਇਹ ਖੁਸ਼ੀ ਦਾ ਸੋਮਾ ਹੈ ਅਤੇ ਚੰਗੇ ਨੈਤਿਕ ਕੰਮਾਂ ਲਈ ਅਵਸਰ ਪ੍ਰਦਾਨ ਕਰਦੀ ਹੈ। ਸਵਾਰਥ ਨੂੰ ਆਸਾਨੀ ਨਾਲ ਖਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਮਨੁੱਖੀ ਸੁਭਾਅ ਵਿੱਚ ਦੂਰ ਦੂਰ ਤਕ ਜੜਾਂ ਫੜ ਚੁੱਕਾ ਹੈ। ਸਵਾਰਥ ਦਾ ਸਭ ਤੋਂ ਚੰਗਾ ਇਲਾਜ ਸੰਵਿਧਾਨ ਦੀ ਭਾਵਨਾ ਦਿੱਤੀ ਗਈ ਸਿਖਿਆ ਨਾਲ ਹੋ ਸਕਦਾ ਹੈ। ਸ੍ਵੈ-ਪ੍ਰਾਪਤੀ ਤੇ ਸ੍ਵੈ-ਪ੍ਰਗਟਾਵੇ ਲਈ ਕੁਝ ਸੰਪਤੀ ਦੀ ਲੋੜ ਹੈ। ਵਿਅਕਤੀਤਵ ਦੇ ਵਿਕਾਸ ਲਈ ਸੰਪਤੀ ਜ਼ਰੂਰੀ ਹੈ।

ਅਰਸਤੂ ਇਕ ਹੋਰ ਗੱਲ ਕਹਿੰਦਾ ਹੈ ਕਿ ਪਲੈਟੋ ਨਿੱਜੀ ਸੰਪਤੀ ਰਖੇ ਪਰ ਇਸਤਰੀਆਂ ਨੂੰ ਸਾਂਝਾਂ ਬਣਾ ਦੇਵੇ ਤਾਂ ਆਦਮੀ ਖੇਤਾਂ ਵਿੱਚ ਕੰਮ ਕਰਨਗੇ ਪਰ ਘਰ ਨੂੰ ਕੌਣ ਸੰਭਾਲੇਗਾ? ਜੇ ਕਿਸਾਨ ਸ਼੍ਰੇਣੀ ਪਾਸ ਸੰਪਤੀ ਹੋਵੇ ਪਰ ਪਤਨੀਆਂ ਸਾਂਝੀਆਂ ਹੋਣ ਤਾਂ ਘਰ ਸੰਭਾਲਣ ਦਾ ਕੰਮ ਕੋਈ ਨਹੀਂ ਕਰੇਗਾ। ਏਥੇ ਅਰਸਤੂ ਪਲੈਟੋ ਬਾਰੇ ਗਲਤ ਬਿਆਨੀ ਕਰਦਾ ਹੈ ਕਿਉਂਕਿ ਪਲੈਟੋ ਦੇ ਆਦਰਸ਼ ਰਾਜ ਦਾ ਸਾਮਵਾਦ ਕੇਵਲ ਰਾਖਿਆਂ ਲਈ ਹੈ ਜੋ ਕੇਵਲ ਸ਼ਾਸਕ ਹਨ, ਵਾਹੀਕਾਰ ਨਹੀਂ।

## ਪਲੈਟੋ ਦੀ ਨੀਵੀਂਆਂ ਸ਼੍ਰੇਣੀਆਂ ਦੀ ਨਜ਼ਰ-ਅੰਦਾਜ਼ੀ ਬਾਰੇ ਅਰਸਤੂ ਦੀ ਆਲੋਚਨਾ

**(Aristotle's Criticism of Plato for Neglecting the Lower Classes) :** ਨੀਵੀਆਂ ਤੇ ਗੈਰ-ਰੱਖਿਅਕ ਸ਼੍ਰੇਣੀਆਂ ਬਾਰੇ ਪਲੈਟੋ ਦੇ ਅਸਪਸ਼ਟ ਵਿਚਾਰਾਂ ਨਾਲ ਅਰਸਤੂ ਖੁਸ਼ ਨਹੀਂ। ਇਹ ਸ਼੍ਰੇਣੀਆਂ ਵੱਡੀ ਗਿਣਤੀ ਵਿੱਚ ਹਨ। ਅਰਸਤੂ ਪੁੱਛਦਾ ਹੈ ਕਿ ਕੀ ਸਾਮਵਾਦ ਬਹੁਗਿਣਤੀ ਸ਼੍ਰੇਣੀਆਂ ਲਈ ਵੀ ਹੈ। ਜੇ ਰੱਖਿਅਕਾਂ ਵਾਂਗ ਉਨ੍ਹਾਂ ਦੀਆਂ ਵੀ ਸਭ ਚੀਜ਼ਾਂ ਸਾਂਝੀਆਂ ਹਨ ਤਾਂ ਉਹ ਰਖਿਅਕਾਂ ਨਾਲੋ ਕਿਵੇਂ ਵੱਖਰੇ ਹਨ ਅਤੇ ਉਨ੍ਹਾਂ ਨੂੰ ਕੇਵਲ ਰੱਖਿਅਕ ਸੈਨਾ ਮਾਤਰ ਬਣਾ ਦੇਂਦਾ ਹੈ ਅਤੇ ਕਿਸਾਨ। ਕਾਰੀਗਰ ਤੇ ਹੋਰਨਾਂ ਨੂੰ ਅਸਲੀ ਨਾਗਰਿਕ। ਅਰਸਤੂ ਪਲੈਟੋ ਦੇ ਇਸ ਕਥਨ ਤੇ ਨੁਕਤਚੀਨੀ ਕਰਦਾ ਹੈ ਕਿ ਚੰਗੀ ਸਿੱਖਿਆ ਦੀ ਪ੍ਰਾਪਤੀ ਕਰਕੇ ਕਾਨੂੰਨਾਂ ਦੀ ਲੋੜ ਨਹੀਂ ਹੋਵੇਗੀ।

ਅਰਸਤੂ ਪੁੱਛਦਾ ਹੈ ਕਿ ਉੱਚੀਆਂ ਸ਼੍ਰੇਣੀਆਂ ਵਾਂਗ ਨਵੀਆਂ ਸ਼੍ਰੇਣੀਆਂ ਲਈ ਵੀ ਪਤਨੀਆਂ ਤੇ ਸੰਪਤੀ ਦਾ ਸਾਮਵਾਦ ਜ਼ਰੂਰੀ ਹੋਵੇਗਾ ਜਾਂ ਨਹੀਂ ਅਤੇ ਨੀਵੀਆਂ ਸ਼੍ਰੇਣੀਆਂ ਲਈ ਸਿੱਖਿਆ, ਸਰਕਾਰ ਦੀ ਕਿਸਮ, ਕਾਨੂੰਨ ਕਿਹੋ ਜਿਹੇ ਹੋਣਗੇ? ਇਸ ਤਰ੍ਹਾਂ, ਅਰਸਤੂ ਪਲੈਟੋ ਵੱਲੋਂ ਨੀਵੀਆਂ ਸ਼੍ਰੇਣੀਆਂ ਲਈ ਸਿੱਖਿਆ ਤੇ ਸਰਕਾਰ ਦੀ ਕਿਸਮ ਆਦਿ ਸੰਬੰਧੀ ਅਣਗਹਿਲੀ ਵਰਤਣ ਕਾਰਣ ਉਸ ਦੀ ਆਲੋਚਨਾ ਕਰਦਾ ਹੈ। ਪਲੈਟੋ ਨੇ ਸਮਾਜ ਵਿੱਚ ਨੀਵੀਆਂ ਸ਼੍ਰੇਣੀਆਂ ਦੀ ਸਥਿਤੀ ਨੂੰ ਠੀਕ ਤਰ੍ਹਾਂ ਨਿਸ਼ਚਿਤ ਨਹੀਂ ਕੀਤਾ। ਨੀਵੀਆਂ ਸ਼੍ਰੇਣੀਆਂ ਦਾ ਰੱਖਿਅਕਾਂ ਨਾਲ ਕੀ ਸੰਬੰਧ ਹੈ? ਪਰ ਇਹ ਗੱਲ ਕਿੰਨੀ ਦਿਲਚਸਪ ਹੈ ਕਿ ਇਕ ਪਾਸੇ ਤਾਂ ਅਰਸਤੂ ਨੀਵੀਆਂ ਸ਼੍ਰੇਣੀਆਂ ਨੂੰ ਨਜ਼ਰ-ਅੰਦਾਜ਼ ਕਰਨ ਦੇ ਦੋਸ਼ ਵਿੱਚ ਉਸ ਦੀ ਆਲੋਚਨਾ ਕਰਦਾ ਹੈ ਤੇ ਦੂਜੇ ਪਾਸੇ ਉਹ ਆਪ ਹੀ ਨੀਵੀਆਂ ਸ਼੍ਰੇਣੀਆਂ ਨੂੰ ਨਾਗਰਿਕਤਾ ਦੇ ਅਧਿਕਾਰ ਨਹੀਂ ਦੇਂਦਾ।

**ਪਲੈਟੋ ਦੀ ਲਾਅਜ਼ (Laws) ਬਾਰੇ ਅਰਸਤੂ ਦੁਆਰਾ ਆਲੋਚਨਾ (Aristotle's Criticism of the LAWS of Plato) :** ਅਰਸਤੂ 'ਲਾਅਜ਼' ਵਿੱਚ ਪ੍ਰਗਟਾਏ ਪਲੈਟੋ ਦੇ ਵਿਚਾਰਾਂ ਵਿਚੋਂ ਕੁਝ ਇਕ

ਦੀ ਆਲੋਚਨਾ ਕਰਦਾ ਹੈ। ਅਰਸਤੂ 'ਲਾਅਜ਼' ਦੇ ਉਪ ਆਦਰਸ਼ ਰਾਜ ਤੇ ਇਤਰਾਜ਼ ਕਰਦਾ ਹੈ ਕਿਉਂਕਿ ਇਹ ਬਹੁਤ ਭਾਰੀ ਭਰਮ ਹੈ ਅਰਸਤੂ ਕਹਿੰਦਾ ਹੈ ਕਿ 'ਲਾਅਜ਼' ਵਿੱਚ ਕਾਨੂੰਨਾਂ ਨੂੰ ਛੱਡ ਕੇ ਹੋਰ ਕੁਝ ਨਹੀਂ। ਸੰਵਿਧਾਨ ਬਾਰੇ ਕੁਝ ਖਾਸ ਨਹੀਂ ਲਿਖਿਆ ਗਿਆ। ਪਲੈਟੋ ਦੇ ਆਦਰਸ਼ ਰਾਜ ਦੀ ਇਕੋ ਪਾਸੇ ਆਲੋਚਨਾ ਕਰਦੇ ਹੋਏ ਅਰਸਤੂ ਕਹਿੰਦਾ ਹੈ ਕਿ ਆਦਰਸ਼ ਰਾਜ ਦੇ ਨਿਰਮਾਣ ਲਈ ਅਸੀਂ ਜੋ ਚਾਹੇ ਮਿਥ ਲਈਏ ਪਰ ਅਸੰਭਵਤਾਵਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਰਸਤੂ ਸਮਝਦਾ ਹੈ ਕਿ ਪਲੈਟੋ ਨੇ 'ਲਾਅਜ਼' ਵਿੱਚ ਵਿਦੇਸ਼ੀ ਸਬੰਧਾਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਹੈ। ਉਸਦਾ ਰਾਜ ਬਾਕੀ ਰਾਜਾਂ ਨਾਲੋਂ ਅਲੱਗ-ਅਲੱਗ ਨਹੀਂ ਹੋ ਸਕਦਾ।

ਅਰਸਤੂ ਪਲੈਟੋ ਦੀ ਇਸ ਗੱਲੋਂ ਵੀ ਆਲੋਚਨਾ ਕਰਦਾ ਹੈ ਕਿ ਉਹ ਨਿਸਚਿਤ ਤੌਰ ਤੇ ਇਹ ਨਹੀਂ ਦੱਸਦਾ ਹੈ ਕਿ ਚੰਗੇ ਜੀਵਨ ਲਈ ਕਿੰਨੀ ਸੰਪਤੀ ਲੋੜੀਂਦੀ ਹੈ। ਉਹ ਚਾਹੁੰਦਾ ਹੈ ਕਿ ਨਿਸ਼ਚਿਤ ਮਾਤਰਾ ਦੱਸੀ ਜਾਵੇ ਅਤੇ ਇਹ ਕਹਿਣਾ ਕਾਫੀ ਨਹੀਂ ਕਿ ਇਹ ਮਨੁੱਖ ਪਾਸ ਇਤਨੀ ਸੰਪਤੀ ਹੋਣੀ ਚਾਹੀਦੀ ਹੈ ਜਿਸ ਨਾਲ ਉਹ ਸੰਜਮ ਪੂਰਵਕ ਜੀਵਨ ਬਤੀਤ ਕਰ ਸਕੇ। ਅਸਚਰਜ ਦੀ ਗੱਲ ਹੈ ਕਿ ਰਾਜ ਦੀ ਆਬਾਦੀ ਤੇ ਇਲਾਕੇ ਬਾਰੇ ਵਿਚਾਰ ਕਰਦਿਆਂ ਅਰਸਤੂ ਅਸਪਸ਼ਟ ਜਿਹੇ ਵਰਣਨ ਦੇਂਦਾ ਹੈ।

ਅਰਸਤੂ ਦੀ ਆਲੋਚਨਾ ਦੇ ਹੋਰ ਨੁਕਤੇ ਨਿਮਨ ਅਨੁਸਾਰ ਹਨ :

1. ਪਲੈਟੋ ਇਹ ਨਹੀਂ ਦਸਦਾ ਕਿ ਸ਼ਾਸਕ ਪਰਜਾ ਨਾਲੋਂ ਕਿਵੇਂ ਅਲੱਗ ਹਨ?
2. ਇਸ ਗੱਲ ਦੀ ਆਗਿਆ ਤਾਂ ਦੇਂਦਾ ਹੈ ਕਿ ਕਿਸੇ ਸੰਪਤੀ ਪੰਜ ਗੁਣਾਂ ਵੱਧ ਜਾਵੇ ਪਰ ਉਸਦੀ ਭੂਮੀ ਕਿਉਂ ਨਹੀਂ ਵੱਧ ਸਕਦੀ?
3. ਕੀ ਪਲੈਟੋ ਨੇ ਘਰਾਂ ਬਾਰੇ ਜੋ ਇੰਤਜ਼ਾਮ ਦੱਸਿਆ ਹੈ, ਉਸ ਨਾਲ ਘਰੋਗੀ ਪ੍ਰਬੰਧ ਚੰਗੇਰਾ ਹੋ ਜਾਵੇਗਾ। ਉਹ ਹਰੇਕ ਵਿਅਕਤੀ ਨੂੰ ਦੋ ਮਕਾਨ ਦੇਂਦਾ ਹੈ ਪਰ ਦੋ ਮਕਾਨਾਂ ਵਿੱਚ ਰਹਿਣਾ ਮੁਸ਼ਕਿਲ ਹੈ।
4. 'ਲਾਅਜ਼' ਵਿੱਚ ਇਸ ਸੰਵਿਧਾਨ ਦੀ ਤਜਵੀਜ਼ ਰੱਖੀ ਹੈ ਉਸ ਵਿੱਚ ਰਾਜਤੰਤਰ ਦਾ ਕੋਈ ਵੀ ਅੰਸ਼ ਮੌਜੂਦ ਨਹੀਂ। ਇਹ ਅਲਪਤੰਤਰ (Oligarchy) ਤੋਂ ਲੋਕਤੰਤਰ ਤੋਂ ਛੁੱਟ ਹੋਰ ਕੁੱਝ ਨਹੀਂ ਤੇ ਇਸ ਦਾ ਵਧੇਰੇ ਝੁਕਾ ਅਲਪਤੰਤਰ ਵੱਲ ਹੈ।
5. ਪਲੈਟੋ ਦੀ ਦੂਹਰੀ ਚੋਣ ਪ੍ਰਣਾਲੀ ਨਾਲ ਚੋਣ ਦੀ ਸਾਰੀ ਸ਼ਕਤੀ ਇੱਕ ਗ੍ਰੋਹ ਦੇ ਹੱਥਾਂ ਵਿੱਚ ਚਲੀ ਜਾਵੇਗੀ।
6. ਪਲੈਟੋ ਦੀ ਬਣੀ ਪ੍ਰੀਸ਼ਦ ਉੱਤੇ ਅਮੀਰ ਅਤੇ ਉੱਚੀਆਂ ਸ਼੍ਰੇਣੀਆਂ ਦਾ ਗਲਬਾ ਹੋਵੇਗਾ।
7. ਅਰਸਤੂ ਪਲੈਟੋ ਦੇ ਰਾਜ ਉੱਤੇ ਇਸ ਪੱਖ ਤੋਂ ਇਤਰਾਜ ਕਰਦਾ ਹੈ ਕਿ ਇਸਦੇ ਰਾਜਤੰਤਰ ਦਾ ਅੰਸ਼ ਨਹੀਂ। ਉਹ ਕਹਿੰਦਾ ਹੈ ਕਿ ਇਕ ਜਾਂ ਦੋ ਨਾਲੋਂ ਕਈ ਸੰਵਿਧਾਨਾਂ ਦਾ ਮਿਸ਼ਰਨ ਵਧੇਰੇ ਚੰਗਾ ਹੁੰਦਾ ਹੈ। ਉਹ ਕਹਿੰਦਾ ਹੈ ਕਿ ਜੇ ਪਲੈਟੋ 'ਲਾਅਜ਼' ਵਿੱਚ ਦਿੱਤੇ ਆਪਣੇ ਉਪ-ਆਦਰਸ਼ ਰਾਜ ਬਾਰੇ ਗੰਭੀਰ ਹੁੰਦਾ ਤਾਂ ਉਹ ਇਸਦੇ ਅਖੀਰਲੇ ਅਧਿਆਏ ਵਿੱਚ 'ਰਿਪਬਲਿਕ' ਵਿੱਚ ਆਦਰਸ਼ ਰਾਜ ਵਲ ਮੁੜ ਨਾ ਆਉਂਦਾ।

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਪਲੈਟੋ ਸੰਬੰਧੀ ਅਰਸਤੂ ਦੀ ਆਲੋਚਨਾ ਤਰਕਪੂਰਣ ਤੇ ਉਹ ਤੁੱਛ ਆਧਾਰ ਤੇ ਛੋਟੀਆਂ-ਛੋਟੀਆਂ ਗੱਲਾਂ ਤੇ ਗੈਰ-ਬਾਜਵ ਤੇ ਏਥੋਂ ਤੱਕ ਵਿਰੋਧੀ ਭਾਵਨਾ ਵਾਲੀ ਆਲੋਚਨਾ ਕਰਦਾ ਹੈ।

## ਪਲੈਟੋ ਤੇ ਅਰਸਤੂ ਵਿਚਕਾਰ ਸਮਾਨਤਾਵਾਂ ਅਤੇ ਭਿੰਨਤਾਵਾਂ

ਪਲੈਟੋ ਤੇ ਅਰਸਤੂ ਦੋਵੇਂ ਹੀ ਰਾਜਨੀਤੀ ਸ਼ਾਸਤਰ ਦੇ ਮੁੱਢਲੇ ਵਿਚਾਰਵਾਨ ਹਨ। ਰਾਜਨੀਤੀ ਸ਼ਾਸ਼ਤਰ ਦੇ ਹਰੇਕ ਖੇਤਰ ਵਿੱਚ ਇਹਨਾਂ ਦੋਵਾਂ ਦੇ ਵਿਚਾਰਾਂ ਦੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ। ਕੋਲੇ ਰਿਜ਼, ਅਨੁਸਾਰ ਹਰੇਕ ਵਿਅਕਤੀ ਜਾਂ ਤਾਂ ਪਲਟੋਨਿਕ ਜਾਂ ਅਰਸਤੂਇਅਨ ਪੈਦਾ ਹੁੰਦਾ ਹੈ। ਇਸ ਦਾ ਅਰਥ ਹੈ ਕਦੇ ਤਾਂ ਉਹ ਕਲਪਨਾ-ਲੋਕ ਦੀ ਪਲੈਟੋ ਦੀ ਉੱਚਾਈ ਤੋਂ ਅਸਲੀ ਸੰਸਾਰ ਵਿੱਚ ਉਤਰਦਾ ਹੈ ਤਾਂ ਕਦੇ ਉਹ ਅਰਸਤੂ ਦੀ ਵਾਸਤਵਿਕ ਦੁਨੀਆਂ ਤੋਂ ਪਲੈਟੋ ਦੇ ਕਾਲਪਨਿਕ ਜਗਤ ਵਿੱਚ ਤੁਰਦਾ ਹੈ, ਮੈਕਸੀ ਦਾ ਵੀ ਇਹੀ ਕਥਨ ਹੈ ਕਿ ਅਸੀਂ ਜਾਂ ਤਾਂ ਪਲੈਟੋ ਦੇ ਅਨੁਯਾਈ ਹੋ ਸਕਦੇ ਹਾਂ ਜਾਂ ਅਰਸਤੂ ਦੇ। ਅਸਲ ਵਿੱਚ ਦੋਨੋਂ ਹੀ ਦੋ ਅਗਲ ਅਲਗ ਵਿਚਾਰਧਰਾਵਾਂ ਦੇ ਜਨਮਦਾਤਾ ਸਨ। ਪਲੈਟੋ ਆਦਰਸ਼ਵਾਦ, ਕ੍ਰਾਂਤੀਵਾਦ ਅਤੇ ਕਾਲਪਨਿਕਵਾਦ ਦਾ ਪਿਤਾ ਹੈ ਜਦੋਂ ਕਿ ਅਰਸਤੂ ਵਿਗਿਆਨਿਕਵਾਦ, ਪਰਦਾਰਥਵਾਦਠ ਵਿਹਾਰਵਾਦ ਅਤੇ ਉਪਯੋਗਤਾਵਾਦ ਦਾ ਜਨਮਦਾਤਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਰਸਤੂ ਨੇ ਆਪਣੇ ਗੁਰੂ ਦੀ ਆਲੋਚਨਾ ਕਰਨ ਵਿੱਚ ਕੋਈ ਵੀ ਸੰਕੋਚ ਨਹੀਂ ਕੀਤਾ। ਨਾਲ ਹੀ ਉਹਨੇ ਆਪਣੇ ਗੁਰੂ ਪਲੈਟੋ ਤੋਂ ਕਾਫੀ ਵਿਚਾਰ ਲਏ ਹਨ। ਪਰ ਉਸ ਦੀ ਪ੍ਰਣਾਲੀ ਅਤੇ ਰਾਜਨੀਤਿਕ ਵਿਚਾਰਾਂ ਦਾ ਦ੍ਰਿਸ਼ਟੀਕੋਣ ਪਲੈਟੋ ਤੋਂ ਅਲੱਗ ਹੈ। ਪਲੈਟੋ ਕਲਪਨਾਮਈ, ਆਦਰਸ਼ਵਾਦੀ ਹੈ ਜਦੋਂ ਕਿ ਅਰਸਤੂ ਵਿਹਾਰਕ, ਤਰਕਵਾਦੀ ਅਤੇ ਕ੍ਰਮਬੱਧ ਹੈ। E.M. Foster ਦੇ ਅਰਸਤੂ ਸਾਰੇ ਪਲੈਟੋਵਾਦਿਯੋਗ ਤੋਂ ਮਹਾਨ ਹੈ' (Aristotleis the greatest of all Platonists) ਅਰਸਤੂ ਵੀਹ ਸਾਲਾਂ ਤਕ ਪਲੈਟੋ ਦਾ ਚੇਲਾ ਰਿਹਾ। ਪਲੈਟੋ ਉਸ ਨੂੰ ਆਪਣੀ ਅਕਾਦਮੀ ਦਾ ਦਿਮਾਗ ਕਹਿੰਦਾ ਸੀ ਤੇ ਉਸਨੂੰ ਆਪਣਾ ਉਤਰਾਅਧਿਕਾਰੀ ਬਣਾਉਣਾ ਚਾਹੁੰਦਾ ਸੀ। ਇਹ ਸੱਚਾਈ ਹੈ ਕਿ ਅਰਸਤੂ ਉਤੇ ਆਪਣੇ ਗੁਰੂ ਪਲੈਟੋ ਦੇ ਵਿਚਾਰਾਂ ਦਾ ਕਾਫੀ ਅਸਰ ਪਿਆ ਹੈ। ਦੋਨਾਂ ਦੇ ਵਿਚਾਰਾਂ ਵਿੱਚ ਕਾਫੀ ਸਮਾਨਤਾ ਵੇਖਣ ਨੂੰ ਮਿਲਦੀ ਹੈ। ਇਸ ਦੇ ਬਾਵਜੂਦ ਵੀ ਅਰਸਤੂ ਨੂੰ ਹੀ ਰਾਜਨੀਤੀ ਵਿਗਿਆਨ ਦਾ ਪਿਤਾ ਕਿਹਾ ਜਾਂਦਾ ਹੈ ਤੇ ਪਹਿਲਾ ਰਾਜਨੀਤਿਕ ਵਿਗਿਆਨਕ ਕਿਹਾ ਜਾਂਦਾ ਹੈ। ਇਹ ਸਿਹਰਾ ਪਲੈਟੋ ਨੂੰ ਕਿਉਂ ਨਹੀਂ ਦਿੱਤਾ ਜਾਂਦਾ? ਇਸ ਦਾ ਸਰਲ ਉੱਤਰ ਵਿਗਿਆਨ ਦੀ ਪਰਿਭਾਸ਼ਾ ਵਿੱਚ ਮੌਜੂਦ ਹੈ। ਵਿਗਿਆਨ ਗਿਆਨ ਦੀ ਉਹ ਸੰਗਠਿਤ ਰਾਸ਼ੀ ਹੈ ਜੋ ਨਿਰੀਖਣ ਉੱਤੇ ਆਧਾਰਿਤ ਹੈ। ਵਿਗਿਆਨ ਪਹਿਲਾਂ ਤਾਂ ਜੀਵਨ ਦੇ ਤੱਥਾਂ ਦਾ ਨਿਰੀਖਣ ਕਰਦਾ ਹੈ ਫਿਰ ਉਹ ਤੱਥਾਂ ਨੂੰ ਇਕੱਠਾ ਕਰਦਾ ਹੈ। ਉਹ ਫਿਰ ਇਹਨਾਂ ਤੱਥਾਂ ਦਾ ਵਿਸ਼ਲੇਸ਼ਣ ਅਤੇ ਵਰਗੀਕਰਣ ਕਰਦੇ ਆਪਦੇ ਸਿੱਟੇ ਕੱਢਦਾ ਹੈ। ਉਹਨਾਂ ਦਾ ਤਰੀਕਾ ਅਗਨਾਤਮਕ (Inductive) ਹੁੰਦਾ ਹੈ। ਉਹ ਇਹ ਕਹਿ ਕੇ ਆਪਣੀ ਖੋਜ ਨਹੀਂ ਸ਼ੁਰੂ ਕਰਦਾ ਕਿ ਵਸਤੂਆਂ ਕਿਹੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ ਸਗੋਂ ਉਹ ਇਸ ਗੱਲ ਤੋਂ ਸ਼ੁਰੂ ਹੁੰਦਾ ਹੈ ਕਿ ਵਸਤੂਆਂ ਕਿਹੋ ਜਿਹੀਆਂ ਹਨ।

ਅਰਸਤੂ ਨੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਅਪਨਾਇਆ ਹੈ। ਅਰਸਤੂ ਤੇ ਪਲੈਟੋ ਦੇ ਵਿਚਾਰਾਂ ਵਿੱਚ ਜਿਥੇ ਸਮਾਨਤਾ ਦਿਖਾਈ ਦਿੰਦੀ ਹੈ ਨਾਲ ਹੀ ਦੋਵਾਂ ਦੇ ਵਿਚਾਰਾਂ ਵਿੱਚ ਕਾਫੀ ਮਤਭੇਦ ਵੀ ਹੈ। ਅਰਸਤੂ ਨੇ ਪਲੈਟੋ ਦੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ, ਸਗੋਂ ਉਨ੍ਹਾਂ ਵਿਚਾਰਾਂ ਨੂੰ ਰੱਦ ਕੀਤਾ ਜੋ ਗੈਰ ਵਾਸਤਵਿਕ ਸਨ। ਪਲੈਟੋ ਤੇ ਅਰਸਤੂ ਵਿੱਚ ਅਨੇਕ ਸਮਾਨਤਾਵਾਂ ਵੀ ਵੇਖਣ ਨੂੰ ਮਿਲਦੀਆਂ ਹਨ :

1. ਦੋਨੋਂ ਹੀ ਰਾਜ ਨੂੰ ਇੱਕ ਪ੍ਰਾਕ੍ਰਿਤਕ ਸੰਸਥਾ ਮੰਨਦੇ ਹਨ। ਜਿਸ ਦੀ ਉਤਪੱਤੀ ਮਨੁੱਖ ਦੀਆਂ ਪ੍ਰਾਕ੍ਰਿਤਕ ਜ਼ਰੂਰਤਾਂ ਨੂੰ ਪੂਰੀ ਕਰਨ ਲਈ ਹੋਈ ਹੈ।
2. ਦੋਨੋਂ ਹੀ ਰਾਜ ਦੀ ਹੋਂਦ ਨੂੰ ਇੱਕ ਚੰਗੇ ਜੀਵਨ ਨੂੰ ਬਿਤਾਉਣ ਲਈ ਜ਼ਰੂਰੀ ਸਮਝਦੇ ਹਨ।
3. ਦੋਵੇਂ ਮਨੁੱਖ ਨੂੰ ਸਮਾਜਿਕ ਪ੍ਰਣਾਲੀ ਮੰਨਦੇ ਹਨ। ਮਨੁੱਖ ਕੇਵਲ ਸਮਾਜ ਵਿੱਚ ਰਹਿ ਕੇ ਹੀ ਆਪਣੇ ਵਿਅਕਤੀਤਵ ਦਾ ਵਿਕਾਸ ਕਰ ਸਕਦਾ ਹੈ।

4. ਦੋਨੋਂ ਨਗਰ ਰਾਜ ਦੀ ਧਾਰਨਾ ਦ ਆਧਾਰ ਤੇ ਲਿਖਦੇ ਹਨ ਅਤੇ ਰਾਸ਼ਟਰੀ ਰਾਜ ਦੀ ਹਮਾਇਤ ਨਹੀਂ ਕਰਦੇ।
5. ਦੋਵੇਂ ਹੀ ਇਸ ਵਿੱਚ ਵਿਸ਼ਵਾਸ ਕਰਦੇ ਹਨ ਕਿ ਉਹਨਾਂ ਦੇ ਵਿਚਾਰਾਂ ਅਨੁਸਾਰ ਲੋਕਤੰਤਰ ਨੂੰ ਉੱਤਮ ਸ਼ਾਸ਼ਨ ਵਿਵਸਥਾ ਨਹੀਂ ਕਿਹਾ ਜਾ ਸਕਦਾ।
6. ਦੋਵੇਂ ਹੀ ਲੋਕਤੰਤਰ ਦੀ ਆਲੋਚਨਾ ਕਰਦੇ ਹਨ ਕਿ ਚੰਗਾ ਜੀਵਨ ਕੇਵਲ ਚੰਗੀ ਉੱਚ ਸਿੱਖਿਆ ਪ੍ਰਣਾਲੀ ਦੁਆਰਾ ਹੀ ਸੰਭਵ ਹੋ ਸਕਦਾ ਹੈ।
7. ਦੋਨੋਂ ਹੀ ਨਾਗਰਿਕਤਾ ਨੂੰ ਸੀਮਿਤ ਕਰਨ ਦੇ ਪੱਖ ਵਿੱਚ ਹਨ।
8. ਦੋਵੇਂ ਹੀ ਰਾਜ ਨੂੰ ਇੱਕ ਨੈਤਿਕ ਸੰਸਥਾ ਪਲੈਟੋ ਮੰਨਦੇ ਹਨ ਅਤੇ ਚਾਹੁੰਦੇ ਹਨ ਕਿ ਨੈਤਿਕਤਾ ਤੇ ਰਾਜਨੀਤਿਕ ਵਿਚਕਾਰ ਡੂੰਘਾ ਸੰਬੰਧ ਹੋਣਾ ਚਾਹੀਦਾ ਹੈ।
9. ਦੋਵੇਂ ਹੀ ਇੱਕ ਆਦਰਸ਼ ਰਾਜ ਦੀ ਖੋਜ ਵਿੱਚ ਹਨ।
10. ਦੋਵੇਂ ਚਾਹੁੰਦੇ ਹਨ ਕਿ ਮਨੁੱਖ ਰਾਜ ਅਤੇ ਸਮਾਜ ਦੀ ਸੇਵਾ ਵਿੱਚ ਆਪਣੇ ਆਪ ਨੂੰ ਅਰਪਿਤ ਕਰੇ।
11. ਦੋਵੇਂ ਰਾਜ ਦੇ ਸਰਬ-ਅੰਕਿ ਸਿਧਾਂਤ ਵਿੱਚ ਯਕੀਨ ਰੱਖਦੇ ਹਨ।
12. ਦੋਵੇਂ ਇਸ ਗੱਲ ਨੂੰ ਮੰਨਦੇ ਹਨ ਕਿ ਰਾਜ ਸ਼ਾਸ਼ਨ ਕਲਾ ਹੈ। ਇਸ ਕਲਾ ਵਿੱਚ ਕੁਝ ਵਿਸ਼ੇਸ਼ ਵਿਅਕਤੀ ਹੀ ਨਿਪੁੰਨ ਹੋ ਸਕਦੇ ਹਨ।
13. ਦੋਵੇਂ ਰਾਜ ਦੀ ਉਤਪੱਤੀ ਨੂੰ ਕੁਦਰਤੀ ਮੰਨਦੇ ਹਨ ਅਤੇ ਉਨ੍ਹਾਂ ਦਾ ਯਕੀਨ ਹੈ ਕਿ ਰਾਜ ਕੇਵਲ ਜੀਵਨ ਲਈ ਹੀ ਹੋਂਦ ਵਿੱਚ ਨਹੀਂ ਰਹਿੰਦਾ ਸਗੋਂ ਇੱਕ ਚੰਗੇ ਜੀਵਨ ਲਈ ਹੋਂਦ ਵਿੱਚ ਰਹਿੰਦਾ ਹੈ।
14. ਦੋਵੇਂ ਹੀ ਵਿਅਕਤੀਗਤ ਧਰਮ ਨੂੰ ਮਹੱਤਤਾ ਨਹੀ ਦਿੰਦੇ।
15. ਦੋਵੇਂ ਹੀ ਕਾਨੂੰਨ ਦੀ ਮਹੱਤਤਾ ਨੂੰ ਸਮਝਦੇ ਹਨ। ਪਲੈਟੋ ਦੀ ਲਾਅਜ਼ (The Laws) ਵਿੱਚ ਕਾਨੂੰਨ ਨੂੰ ਉੱਚ ਸਥਾਨ ਦਿੰਦਾ ਹੈ ਤੇ ਅਰਸਤੂ ਵੀ 'ਪਾਲਿਟਿਕਸ' ਦੀ ਪ੍ਰਭੂਤਾ ਨੂੰ ਸਵੀਕਾਰ ਕਰਦਾ ਹੈ।

ਇਹੋ ਜਿਹੇ ਕਈ ਵਿਚਾਰ ਹਨ ਜੋ ਅਰਸਤੂਵਾਦੀ ਪ੍ਰਤੀਤ ਹੁੰਦੇ ਹਨ ਪਰ ਵਾਸਤਵਿਕ ਤੌਰ ਤੇ ਪਲੈਟੋ ਦੇ ਹੀ ਵਿਚਾਰ ਹਨ। ਅਰਸਤੂ ਸਭ ਤੋਂ ਵੱਡਾ ਪਲੈਟੋ ਵਾਦੀ ਸੀ। ਉਸ ਉੱਤੇ ਪਲੈਟੋ ਦੀ ਅਮਿਟ ਛਾਪ ਦਿਖਾਈ ਦਿੰਦੀ ਹੈ। ਲੇਕਿਨ ਇਹ ਵੀ ਸੱਚਾਈ ਹੈ ਕਿ ਉਹ ਪਲੈਟੋ ਦਾ ਅੰਨ੍ਹਾਂ ਭਗਤ ਨਹੀਂ ਸੀ। ਉਹਨੇ ਕਦੇ ਵੀ ਕਿਸੀ ਗੱਲ ਨੂੰ ਇਹ ਕਹਿ ਸਵੀਕਾਰ ਨਹੀਂ ਕੀਤਾ ਕਿ ਉਹਦੇ ਗੁਰੂ ਨੇ ਕਹੀ ਹੈ। ਉਹਨੇ ਪਲੈਟੋ ਦੇ ਕਈ ਵਿਚਾਰਾਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ ਹੈ ਲੇਕਿਨ ਉਹਨੂੰ ਅੰਤਿਮ ਰੂਪ ਆਪਣੀ ਵਿਗਿਆਨਿਕ ਪ੍ਰਵਿਰਤੀ ਦੇ ਆਧਾਰ ਤੇ ਦਿੱਤਾ ਹੈ। ਸੱਚਾਈ ਹੈ ਕਿ ਅਰਸਤੂ ਦੀ ਵਿਚਾਰਧਾਰਾ ਅਨੇਕ ਪੱਖੋਂ ਪਲੈਟੋ ਤੋਂ ਭਿੰਨ ਹੈ। ਇਸੀ ਕਾਰਣ ਅਰਸਤੂ ਦੇ ਦੁਆਰਾ ਪਲੈਟੋ ਦੀ ਸਖਤ ਆਲੋਚਨਾ ਕੀਤੀ ਗਈ ਹੈ। ਪਲੈਟੋ ਇਕ ਕਾਲਪਨਿਕ ਅਵਸਥਾ ਵਿੱਚ ਰਹਿਣ ਵਾਲਾ ਵਿਅਕਤੀ ਸੀ ਪਰ ਅਰਸਤੂ ਵਾਸਤਵਿਕਤਾ ਦਾ ਪੱਲਾ ਨਹੀਂ ਸੀ ਛੱਡਦਾ। ਇਹਨਾਂ ਭਿੰਨਤਾਵਾਂ ਦੇ ਕਾਰਣ ਅਰਸਤੂ ਦੀ ਕਰੜੀ ਆਲੋਚਨਾ ਕਰਦਾ ਹੈ।

## ਅਰਸਤੂ ਤੇ ਪਲੈਟੋ ਵਿਚਕਾਰ ਭਿੰਨਤਾਵਾਂ :

### 1. ਪਲੈਟੋ ਦੀ ਵਿਧੀ ਨਿਗਨਾਤਮਕ (Deductive) ਤੇ ਅਰਸਤੂ ਦੀ ਅਗਨਾਤਮਕ (Inductive):

ਦੋਨਾਂ ਦੀ ਹੀ ਅਧਿਐਨ ਵਿਧੀ ਵਿੱਚ ਮੂਲ ਅੰਤਰ ਪਾਇਆ ਜਾਂਦਾ ਹੈ। ਪਲੈਟੋ ਕੋਈ ਵੀ ਵਿਸ਼ੇ ਤੇ ਪਹਿਲੇ

ਤੋਂ ਹੀ ਨਿਰਧਾਰਿਤ ਧਾਰਣਾ ਨੂੰ ਸਿੱਧ ਕਰਨ ਲਈ ਵਿਚਾਰ ਪ੍ਰਗਟ ਕਰਦਾ ਹੈ। ਉਹ ਪਹਿਲਾਂ ਤੋਂ ਹੀ ਗੁਣ ਤੇ ਚੰਗਿਆਈ ਦੇ ਬਾਰੇ ਧਾਰਣਾ ਬਣਾ ਲੈਂਦਾ ਹੈ ਤੇ ਉਹਨੂੰ ਉੱਚਿਤ ਠਹਿਰਾਉਣ ਲਈ ਉਹ ਕਲਪਨਾ-ਲੋਕ ਵਿੱਚ ਉਡਾਣ ਭਰਦਾ ਹੈ ਜਦੋਂ ਕਿ ਅਰਸਤੂ ਅਗਨਾਤਮਕ ਵਿਧੀ ਨੂੰ ਅਪਨਾਉਂਦਾ ਹੈ। ਇਸ ਪ੍ਰਣਾਲੀ ਅਨੁਸਾਰ ਇੱਕ ਵਿਚਾਰਵਾਨ ਨੂੰ ਜੋ ਕੁਝ ਵਿਸ਼ੇ ਵਸਤੂ ਉਪਲੱਬਧ ਹੁੰਦੀ ਹੈ ਉਸ ਦਾ ਉਹ ਅਧਿਐਨ ਕਰਦਾ ਹੈ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੇ ਸਿੱਟਿਆਂ ਨੂੰ ਨਿਯਮਾਂ ਦੇ ਰੂਪ ਵਿੱਚ ਪ੍ਰਤਿਪਾਦਿਤ ਕਰਦਾ ਹੈ। ਇਕ ਸੱਚੇ ਵਿਗਿਆਨਿਕ ਦੀ ਤਰ੍ਹਾਂ ਅਰਸਤੂ ਨੇ ਰਾਜਨੀਤਿਕ ਸਿਧਾਂਤਾਂ ਦਾ ਅਧਿਐਨ ਅਤੇ ਨਿਰੀਖਣ ਇਤਿਹਾਸਕ ਤੱਥਾਂ ਤੇ ਆਧਾਰਿਤ ਕੀਤਾ। ਅਰਸਤੂ ਦੀ ਪ੍ਰਣਾਲੀ ਵਿਗਿਆਨਿਕ ਇਸ ਅਰਥ ਵਿੱਚ ਹੈ ਕਿ ਉਹ ਵਿਸ਼ੇਸ਼ ਤੋਂ ਸਾਧਾਰਣ ਵੱਲ ਜਾਂਦੀ ਹੈ ਨਾ ਕਿ ਸਾਧਾਰਣ ਤੋਂ ਵਿਸ਼ੇਸ਼ ਵੱਲ। ਅਰਸਤੂ ਨੇ 'ਅਰਸਤੂ (Politics) ਦੀ ਰਚਨਾ ਕਰਨ ਤੋਂ ਪਹਿਲਾਂ ਪ੍ਰਚਲਿਤ 158 ਦੇਸ਼ਾਂ ਦੀ ਸ਼ਾਸਨ ਪ੍ਰਣਾਲੀ ਦਾ ਅਧਿਐਨ ਕੀਤਾ। ਇਤਿਹਾਸਿਕ ਕਰਨ ਅਨੁਭਵਾਂ ਦੀ ਵਿਸ਼ਲੇਸ਼ਣ ਕਰਨ ਤੋਂ ਬਾਅਦ ਹੀ ਉਸ ਨੇ ਇਸ ਦੀ ਰਚਨਾ ਕੀਤੀ।

## 2. ਪਲੈਟੋ ਰਾਜਨੀਤੀ ਤੇ ਨੀਤੀ ਸ਼ਾਸਤਰ ਨੂੰ ਮਿਲਉਂਦਾ ਹੈ ਅਰਸਤੂ ਦੋਹਾਂ ਨੂੰ ਅਲੱਗ ਕਰਦਾ ਹੈ:

ਅਰਸਤੂ ਤੇ ਪਲੈਟੋ ਵਿੱਚ ਇਹ ਅੰਤਰ ਹੈ ਕਿ ਪਲੈਟੋ ਨੇ ਰਾਜਨੀਤੀ ਤੇ ਨੀਤੀ ਸ਼ਾਸਤਰ ਦੋਨਾਂ ਨੂੰ ਮਿਲਾ ਦਿੱਤਾ ਹੈ। ਅਰਸਤੂ ਨੇ ਪਹਿਲੀ ਵਾਰ ਰਾਜਨੀਤੀ ਨੂੰ ਨੀਤੀ ਸ਼ਾਸਤਰ ਤੋਂ ਵੱਖ ਕਰਨ ਦੀ ਕੋਸ਼ਿਸ਼ ਕੀਤੀ। ਉਹਨੇ ਰਾਜਨੀਤੀ ਨੂੰ ਇਕ ਸੁਤੰਤਰ ਵਿਗਿਆਨਕ ਦਾ ਰੂਪ ਦਿੱਤਾ। ਉਸ ਨੇ ਇਸ ਸ਼ਾਸਤਰ ਦੇ ਖੇਤਰ ਦੇ ਅੰਦਰ ਰਾਜ ਦੇ ਨਾਲ-ਨਾਲ ਸਰਕਾਰ ਦੇ ਵਿਭਿੰਨ ਰੂਪਾਂ ਨੂੰ ਵੀ ਸ਼ਾਮਿਲ ਕੀਤਾ।

## 3. ਰਾਜਨੀਤਿਕ ਸੰਸਥਾਂਵਾਂ ਸੰਬੰਧੀ ਮਤਭੇਦ

ਪਲੈਟੋ ਨੇ ਸਾਰੀਆਂ ਬੁਰਾਈਆਂ ਦਾ ਆਧਾਰ ਦੱਸਦੇ ਹੋਏ ਸਰਪ੍ਰਸਤਾਂ (Guardinans) ਨੂੰ ਸੰਪਤੀ ਰੱਖਣ ਤੋਂ ਵੰਚਿਤ ਕੀਤਾ ਹੈ। ਉਸ ਦੇ ਅਨੁਸਾਰ ਇਹ ਤਾਂ ਸ਼ਾਸ਼ਕਾਂ ਤੇ ਸੈਨਿਕਾਂ ਨੂੰ ਭ੍ਰਿਸ਼ਟ ਕਰਦੀ ਹੈ। ਇਸ ਦੇ ਉਲਟ ਅਰਸਤੂ ਦਾ ਕਹਿਣਾ ਹੈ ਕਿ ਸੰਪਤੀ ਤਾਂ ਜੀਵਨ ਦੀ ਇੱਕ ਜ਼ਰੂਰੀ ਲੋੜ ਹੈ। ਸੰਪਤੀ ਤਾਂ ਮਨੁੱਖੀ ਵਿਕਾਸ ਦੀ ਇੱਕ ਸੀੜ੍ਹੀ ਹੈ। ਇਸ ਤੋਂ ਬਿਨ੍ਹਾਂ ਮਨੁੱਖ ਆਪਣੇ ਵਿਅਕਤੀਤਵ ਨੂੰ ਵਿਕਸਿਤ ਨਹੀਂ ਕਰ ਸਕਦਾ। ਸੰਪਤੀ ਹੀਣ ਮਨੁੱਖ ਤਾਂ ਖੰਭਾਂ ਬਿਨਾਂ ਪੰਛੀ ਦੇ ਸਮਾਨ ਹੈ ਅਤੇ ਵਿਅਕਤੀ ਦੀ ਮਾਨਸਿਕ ਪ੍ਰਤਿੱਭਾ ਦੇ ਵਿਕਾਸ ਲਈ ਸੰਪਤੀ ਦਾ ਹੋਣਾ ਜ਼ਰੂਰੀ ਹੈ।

## 4. ਪਲੈਟੋ ਪਤਨੀ ਨੂੰ ਸੈਨਿਕਾਂ ਲਈ ਜ਼ਰੂਰੀ ਨਹੀਂ ਮੰਨਦਾ ਤੇ ਅਰਸਤੂ ਇਸ ਨੂੰ ਰਾਜ ਦੇ ਇਕ ਜ਼ਰੂਰੀ ਅੰਗ ਦੇ ਤੌਰ ਤੇ ਲੈਂਦਾ ਹੈ :

ਪਲੈਟੋ ਤੇ ਪਤਨੀਆਂ ਦੇ ਸਾਮਵਾਦ ਦੀ ਅਰਸਤੂ ਆਲੋਚਨਾ ਕਰਦੇ ਹੋਏ ਕਹਿੰਦਾ ਹੈ ਕਿ ਇਸ ਤਰੀਕੇ ਦੇ ਸਾਮਵਾਦ ਦੇ ਨਾਲ ਪਰਿਵਾਰਿਕ ਸੰਸਥਾ ਹੀ ਖਤਮ ਹੋ ਜਾਵੇਗੀ ਜੋ ਕਿ ਵਿਅਕਤੀ ਤੇ ਪਰਿਵਾਰ ਦੇ ਵਿਕਾਸ ਦਾ ਮੂਲ ਆਧਾਰ ਹੈ। ਉਸ ਦਾ ਸਫਲ ਪਰਿਵਾਰਿਕ ਜੀਵਨ ਇਸ ਤਰ੍ਹਾਂ ਵਿਚਾਰਧਾਰਾ ਪ੍ਰਦਾਨ ਕਰਦਾ ਹੈ।

## 5. ਪਲੈਟੋ ਰਾਜ ਵਿੱਚ ਪਰਿਵਰਤਨ ਪੱਖੋਂ ਕ੍ਰਾਂਤੀਕਾਰੀ (Radical) ਹੈ ਜਦੋਂ ਕਿ ਅਰਸਤੂ ਰੂੜ੍ਹੀਵਾਦੀ (Conservative) ਹੈ :

ਪਲੈਟੋ ਆਪਣੇ ਆਦਰਸ਼ ਰਾਜ ਦੀ ਸਥਾਪਨਾ ਇੱਕ ਸਮਾਜਿਕ ਰੀਤੀ ਰਿਵਾਜ਼ਾਂ ਵਿੱਚ ਪਰਿਵਰਤਨ ਕਰਦਾ ਹੈ ਜਦੋਂ ਕਿ ਅਰਸਤੂ ਦਾ ਵਿਚਾਰ ਹੈ ਕਿ ਸਾਨੂੰ ਸਦੀਆਂ ਤੋਂ ਚਲੇ ਆ ਰਹੇ ਅਨੁਭਵਾਂ ਦੀ ਅਵਹੇਲਨਾ ਨਹੀਂ ਕਰਨੀ ਚਾਹੀਦੀ। ਸੱਚਾਈ ਇਹ ਹੈ ਕਿ ਪਲੈਟੋ ਜਿਥੇ ਅਤਿਵਾਦੀ ਹੈ ਉਥੇ ਅਰਸਤੂ ਮੱਧਮਾਰਗੀ (Golden Mean) ਵਿਧੀ ਅਪਨਾਉਂਦਾ ਹੈ।

## 6. ਵਿੱਦਿਆ ਪ੍ਰਣਾਲੀ ਸੰਬੰਧੀ ਮਤਭੇਦ

ਪਲੈਟੋ ਦੀ ਵਿੱਦਿਆ ਪ੍ਰਣਾਲੀ ਕੇਵਲ ਉੱਪਰਲੀਆਂ ਸ਼੍ਰੇਣੀਆਂ ਲਈ ਹੈ। ਪਰ ਅਰਸਤੂ ਦੀ ਵਿੱਦਿਆ ਪ੍ਰਣਾਲੀ ਰਾਜ ਦੀਆਂ ਸਾਰੀਆਂ ਸ਼੍ਰੇਣੀਆਂ ਲਈ ਹੈ।

7. ਪਲੈਟੋ ਰਾਜ ਵਿੱਚ ਕੇਵਲ ਤਿੰਨ ਸ਼੍ਰੇਣੀਆਂ ਰੱਖੇ ਜਾਣ ਉੱਤੇ ਜ਼ੋਰ ਦਿੰਦਾ ਹੈ ਪਰ ਇਸਦੇ ਉਲਟ ਅਰਸਤੂ ਰਾਜ ਵਿੱਚ ਬਹੁ-ਸ਼੍ਰੇਣੀ ਦੇ ਹੱਕ ਵਿੱਚ ਹੈ ਕਿਉਕਿ ਉਹਦੇ ਅਨੁਸਾਰ ਬਹੁ-ਸ਼੍ਰੇਣੀ ਪ੍ਰਣਾਲੀ ਦੁਆਰਾ ਰਾਜ ਅਤੇ ਵਿਅਕਤੀ ਦੋਹਾਂ ਦਾ ਵਿਕਾਸ ਵਿੱਚ ਵਾਧਾ ਹੋਵੇਗਾ।

8. ਪਲੈਟੋ ਨੇ ਤਤਕਾਲੀ ਗਿਆਨ ਪ੍ਰਣਾਲੀ ਦਾ ਖੰਡਨ ਕੀਤਾ। ਯੁੱਗ ਦੇ ਅਨੁਭਵ ਨੂੰ ਕੋਈ ਮਹੱਤਵ ਨਹੀਂ ਦਿੱਤਾ। ਉਸ ਨੇ ਤਤਕਾਲੀ ਰਾਜਾਂ ਦੀ ਸ਼ਾਸ਼ਨ-ਵਿਵਸਥਾ ਦੀ ਪ੍ਰਵਾਹ ਕੀਤੇ ਬਿਨਾਂ ਆਦਰਸ਼, ਰਾਜ ਦੀ ਰੂਪ ਰੇਖਾ ਪੇਸ਼ ਕੀਤੀ। ਜਦੋਂ ਕਿ ਅਰਸਤੂ ਨੇ ਵਿਗਿਅਨਿਕ ਦ੍ਰਿਸ਼ਟੀਕੋਣ ਰੱਖਦੇ ਹੋਇਆਂ ਲੱਗਭਗ 158 ਸੰਵਿਧਾਨਾਂ ਦਾ ਅਧਿਐਨ ਕੀਤਾ। ਉਸ ਨੇ ਅਧਿਐਨ ਦੇ ਆਧਾਰ ਤੇ ਤੱਥਾਂ ਨੂੰ ਇਕੱਠਾ ਕੀਤਾ ਸੀ। ਉਸ ਦੇ ਤੱਥਾਂ ਦਾ ਸੰਗ੍ਰਹਿ ਇੰਨਾ ਵਿਆਪਕ ਸੀ ਕਿ ਯੂਨਾਨੀ ਸੰਸਾਰ ਦੀਆਂ ਰਾਜਨੀਤਿਕ ਸੰਸਥਾਵਾਂ ਵਿੱਚ ਉਸ ਦਾ ਗਿਆਨ ਵਿਸ਼ਵਕੋਸ਼ੀ ਮੰਨਿਆ ਜਾਂਦਾ ਸੀ। ਉਸ ਨੇ ਵਿਗਿਆਨੀ ਦੀ ਤਰ੍ਹਾਂ ਨਵੇਂ ਵਿਚਾਰ ਦੇਣ ਦੀ ਥਾਂ ਮੌਜੂਦਾ ਗਿਆਨ ਨੂੰ ਕ੍ਰਮਬੱਧ ਕਰਨਾ ਉਚਿਤ ਸਮਝਿਆ। ਉਹ ਯੁੱਗਾਂ ਦੇ ਅਨੁਭਵ ਵਿੱਚ ਬਹੁਤ ਵਿਸ਼ਵਾਸ ਰੱਖਦਾ ਸੀ। ਜਦੋਂ ਉਹ ਇਹ ਕਹਿੰਦਾ ਹੈ ਕਿ ਅਨੁਭਵ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ ਤਾਂ ਉਹ ਇਸ ਨੂੰ ਮਹਾਨ ਸੱਚ ਕਹਿੰਦਾ ਹੈ।

## 9. ਕਾਨੂੰਨ ਦੀ ਪ੍ਰਭੂਸੱਤਾ ਸੰਬੰਧੀ ਮਤਭੇਦ

ਅਰਸਤੂ ਜਿਥੇ ਕਾਨੂੰਨ ਦੀ ਸਰਵਉੱਚਤਾ ਵਿੱਚ ਵਿਸ਼ਵਾਸ ਰੱਖਦਾ ਹੈ, ਪਲੈਟੋ ਦੀ ਥਾਂ ਦਾਰਸ਼ਨਿਕ ਰਾਜੇ ਦੀ ਸਾਧਨ ਨੂੰ ਸਰਵਉੱਚ ਮੰਨਿਆ ਅਤੇ ਲਾਅਜ਼ ਵਿੱਚ ਹੀ ਉਹ ਕਾਨੂੰਨ ਦੀ ਸਰਵਉੱਚਤਾ ਨੂੰ ਮੰਨਦੇ ਹੋਏ ਹਿਚਕਚਾਉਂਦਾ ਹੈ ਪਰ ਅਰਸਤੂ ਪਹਿਲਾਂ ਦਾਰਸ਼ਨਿਕ ਹੈ ਜਿਸ ਨੇ ਕਾਨੂੰਨ ਦੀ ਸਰਵਉੱਚਤਾ ਨੂੰ ਚੰਗੇ ਰਾਜ ਦਾ ਚਿੰਨ੍ਹ ਮੰਨਿਆ ਹੈ। ਪਲੈਟੋ ਵਿਅਕਤੀਆਂ ਦੇ ਸਾਸ਼ਨ ਤੇ ਵਿਸ਼ਵਾਸ ਕਰਦਾ ਹੈ ਜਦੋਂ ਕਿ ਅਰਸਤੂ ਕਾਨੂੰਨ ਦੇ ਸ਼ਾਸਨ ਤੇ ਨਿਰਭਰ ਕਰਦਾ ਹੈ। ਕਾਨੂੰਨ ਦੀ ਪ੍ਰਭੂਸੱਤਾ ਦਾ ਸਿਧਾਂਤ ਅਗੇ ਚਲ ਕੇ ਕਈ ਰਾਜਨੀਤਿਕ ਵਿਚਾਰਵਾਨਾਂ ਦੇ ਚਿੰਤਨ ਦਾ ਵਿਸ਼ਾ ਰਿਹਾ ਹੈ। ਬੋਦਿਨ, ਗ੍ਰੋਸ਼ੀਅਸ਼, ਹਾਬਜ਼, ਆਸਟਿਨ ਅਤੇ ਲਾਸਕੀ ਆਦਿ ਨੇ ਉਸ ਉੱਤੇ ਚਲ ਕੇ ਵਿਚਾਰ ਪ੍ਰਗਟ ਕੀਤੇ ਹਨ।

## 10. ਪਲੈਟੋ ਦਾ ਆਦਰਸ਼ ਰਾਜ ਵਿੱਚ ਨਿਮਨ ਵਰਗ ਦੀ ਅਵਹੇਲਨਾ ਦੀ ਅਰਸਤੂ ਦੁਆਰਾ ਆਲੋਚਨਾ

ਅਰਸਤੂ ਦੇ ਅਨੁਸਾਰ Non-Guardian Class ਜਿਹੜੀ ਜਨਸੰਖਿਆ ਦਾ ਬਹੁਮਤ ਹਿੱਸਾ ਹੈ ਉਸ ਨੂੰ ਪੂਰੀ ਤਰ੍ਹਾਂ ਸਮਾਜ ਵਿੱਚ ਪੱਛੜਿਆ ਰੱਖਿਆ ਹੋਇਆ ਹੈ। ਪਲੈਟੋ ਦੇ ਰਾਜ ਵਿੱਚ ਰਾਜ ਤਾਂ ਦੋ ਸ਼੍ਰੇਣੀਆਂ ਵਿੱਚ ਵੰਡ ਕੇ ਰਹਿ ਗਿਆ ਹੈ : Guardian ਤੇ Non-Guardian ਦੋਨਾਂ ਦੇ ਆਪਸੀ ਸੰਬੰਧਾਂ ਦੀ ਚਰਚਾ ਉਹ ਕਿਤੇ ਵੀ ਨਹੀਂ ਕਰਦਾ ਜਿਹੜੀ ਕਿ ਗਲਤ ਹੈ। ਅਰਸਤੂ ਦੇ ਅਨੁਸਾਰ ਪਲੈਟੋ ਇਸ ਆਧਾਰ ਤੇ ਸਮਾਜ ਵਿੱਚ ਏਕਤਾ ਦੇ ਸਥਾਨ ਤੇ ਸਮਾਜ ਨੂੰ ਦੋ ਵਿਰੋਧੀ ਗੁੱਟਾਂ ਵਿੱਚ ਵੰਡ ਦਿੰਦਾ ਹੈ।

## 11. ਪਲੈਟੋ ਦੇ ਰਾਜ ਦੀ ਏਕਤਾ ਸੰਬੰਧੀ ਸਿਧਾਂਤ ਦੀ ਅਰਸਤੂ ਦੁਆਰਾ ਆਲੋਚਨਾ

ਪਲੈਟੋ ਰਾਜ ਦੀ ਏਕਤਾ ਲਈ ਮਨੁੱਖ ਨੂੰ ਉਸ ਵਿੱਚ ਪੂਰੀ ਤਰ੍ਹਾਂ ਅਲੋਪ ਕਰ ਦਿੰਦਾ ਹੈ। ਇਸ ਦੀ ਸਥਾਪਨਾ ਲਈ ਉਹ ਨਿੱਜੀ ਤੇ ਨਿੱਜੀ ਪਰਿਵਾਰ ਨੂੰ ਸਮਾਪਤ ਕਰ ਦਿੰਦਾ ਹੈ। ਅਰਸਤੂ ਦੇ ਅਨੁਸਾਰ ਪਲੈਟੋ ਨੇ ਰਾਜ ਦੀ ਏਕਤਾ ਉੱਤੇ ਜ਼ੋਰ ਦਿੱਤਾ ਹੈ। ਜਦੋਂ ਰਾਜ ਦੀ ਪ੍ਰਕ੍ਰਿਤੀ ਹੀ ਉਸ ਦੀ ਬਹੁਤਲਤਾ ਹੈ, ਰਾਜ ਅਲੱਗ-ਅੱਲਗ ਕਿਸਮ ਦੇ ਮਨੁੱਖਾਂ ਨਾਲ ਕਾਇਮ ਹੋਇਆ ਹੈ।

**Suggested Questions**

1. ਅਰਸਤੂ ਦਾ ਆਦਰਸ਼ ਰਾਜ ਉਹ ਹੈ ਜੋ 'ਲਾਅਜ਼' ਵਿੱਚ ਦਿੱਤੇ ਪਲੈਟੋ ਦੇ ਦੂਜੇ ਦਰਜੇ ਦਾ ਉਪ-ਆਦਰਸ਼ ਰਾਜ- ਵਿਚਾਰ ਕਰੋ।
2. ਅਰਸਤੂ ਆਪਣੀ ਪੁਸਤਕ ਵਿੱਚ ਆਦਰਸ਼ ਰਾਜ ਬਾਰੇ ਨਹੀਂ ਸਗੋਂ ਰਾਜ ਦੇ ਆਦਰਸ਼ਾਂ ਬਾਰੇ ਲਿਖਦਾ ਹੈ। (ਸੈਬਾਈਨ) ਟਿੱਪਣੀ ਕਰੋ।
3. ਸ੍ਰੇਸ਼ਟ ਰਾਜ ਦਾ ਵਰਨਣ ਕਰਨ ਦੇ ਮੁਕਾਬਲੇ ਤੇ ਅਰਸਤੂ ਆਪਣੀ ਪੁਸਤਕ ਦੇ ਕਿਸੇ ਹੋਰ ਭਾਗ ਵਿੱਚ ਵਧੇਰੇ ਅਫਲਾਤੂਨਵਾਦੀ ਹੈ। ਇਸ ਕਥਨ ਨੂੰ ਮੁੱਖ ਰੱਖਦੇ ਹੋਏ ਪਲੈਟੋ ਤੇ ਅਰਸਤੂ ਦੇ ਆਦਰਸ਼ ਰਾਜਾਂ ਵਿਚਾਲੇ ਸਮਰੂਪਾਂ ਅਤੇ ਭੇਦਾਂ ਨੂੰ ਬਿਆਨ ਕਰੋ।
4. ਅਰਸਤੂ ਦੇ ਆਦਰਸ਼ ਰਾਜ ਜਾਂ ਸ੍ਰੇਸ਼ਟ ਰਾਜ ਬਾਰੇ ਚਰਚਾ ਕਰੋ। ਇਹ ਪਲੈਟੋ ਦੇ ਆਦਰਸ਼ ਰਾਜ ਤੋਂ ਕਿਸ ਪ੍ਰਕਾਰ ਭਿੰਨ ਹਨ।
5. ਪਲੈਟੋ ਸੰਬੰਧੀ ਅਰਸਤੂ ਦੀ ਆਲੋਚਨਾ ਅਕਸਰ ਗੈਰ-ਵਾਜਬ, ਤਿੱਖੀ ਤੇ ਵਿਰੋਧੀ ਹੈ। ਟਿੱਪਣੀ ਕਰੋ।
6. ਅਰਸਤੂ ਪਲੈਟੋ ਦੀ ਕਿਸ ਆਧਾਰ ਅਤੇ ਕਿਉਂ ਆਲੋਚਨਾ ਕਰਦਾ ਹੈ?

**Suggested Readings**


| | | | |
|---|---|---|---|
| 1. | G.H. Sabine | : | A History of Political Theory |
| 2. | Foster, E.M. | : | Masters of Political Thought |
| 3. | Sushila Ramaswamy & Subrata Mukherjee | : | Western Political Thought |


**ਅਭਿਆਸ ਲਈ ਪ੍ਰਸਨ :**

1. ਆਦਰਸ ਰਾਜ ਸਬੰਧੀ ਅਰਸਤੂ ਦੇ ਵਿਚਾਰਾਂ ਦੀ ਵਿਆਖਿਆ ਕਰੋ।

ਪਾਠ ਨੰ: 1.10

# ਕ੍ਰਾਂਤੀਆਂ, ਦਾਸਤਾ ਤੇ ਸੰਪਤੀ ਸੰਬੰਧੀ ਅਰਸਤੂ ਦੇ ਵਿਚਾਰ
# (Aristotle's Views on Revolution, Slavery and Property)

## 1.10.1 ਅਰਸਤੂ ਦੇ ਕ੍ਰਾਂਤੀ ਸੰਬੰਧੀ ਵਿਚਾਰ
## (Aristotle's Views on Revolution)

ਅਰਸਤੂ ਇੱਕ ਵਿਗਿਆਨਿਕ ਚਿੰਤਕ, ਵਿਸ਼ਾਲ ਅਤੇ ਵਿਅਕਤੀਗਤ ਵਿਸ਼ਲੇਸ਼ਣ ਦਾ ਮੁਜੱਸਮਾ ਹੋਣ ਕਾਰਣ ਤੱਥਾਂ ਨੂੰ ਪੂਰਣ ਬਾਹਰਮੁਖਤਾ ਦੀ ਦ੍ਰਿਸ਼ਟੀ ਤੋਂ ਦੇਖਦਾ ਹੈ। ਮੱਧ ਕਾਲ ਵਾਲੇ ਉਸ ਨੂੰ ਇਕੋ ਇਕ ਦਾਰਸ਼ਨਿਕ ਕਹਿੰਦੇ ਹਨ। ਉਸ ਦੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਉਹ ਚਰਿੱਤਰ ਤੇ ਸਥਿਤੀ ਦਾ ਚੁਸਤ ਪਾਰਖੂ ਸੀ। ਉਸਦੇ ਵਿਗਿਆਨਿਕ ਸੁਭਾਓ, ਤਿੱਖੀ ਬਾਹਰਮੁੱਖਤਾ ਅਤੇ ਢੇਰ ਸਾਰੇ ਇਤਿਹਾਸਿਕ ਤੱਥਾਂ ਉੱਤੇ ਉਸਦੀ ਕਮਾਲ ਦੀ ਪਕੜ ਦਾ ਸਪਸ਼ਟ ਪਤਾ ਸਾਨੂੰ ਉਦੋਂ ਲੱਗਦਾ ਹੈ ਜਦੋਂ ਅਸੀ ਕ੍ਰਾਂਤੀਆਂ ਦੇ ਕਾਰਣਾਂ ਤੇ ਉਹਨਾਂ ਨੂੰ ਰੋਕਣ ਦੀਆ ਵਿਧੀਆਂ ਬਾਰੇ ਉਸਦੇ ਅਧਿਐਨ ਨੂੰ ਪੜ੍ਹਦੇ ਹਾਂ। ਜਿਸ ਤਰ੍ਹਾਂ ਇਕ ਡਾਕਟਰ ਆਪਣੇ ਮਰੀਜ਼ਾਂ ਦਾ ਮੁਆਇਨਾ ਕਰਦਾ ਹੈ ਤੇ ਉਨ੍ਹਾਂ ਦੀਆਂ ਬਿਮਾਰੀਆਂ ਦੇ ਯੋਗ ਇਲਾਜਾਂ ਨੂੰ ਤਜਵੀਜ਼ ਕਰਦਾ ਹੈ ਉਸੇ ਤਰ੍ਹਾਂ ਅਰਸਤੂ ਇਕ ਡਾਕਟਰ ਦਾ ਪੁੱਤਰ ਹੋਣ ਦੇ ਨਾਤੇ ਰਾਜ ਦੀਆਂ ਬੀਮਾਰੀਆਂ ਨੂੰ ਪਰਖਦਾ ਅਤੇ ਉਨ੍ਹਾਂ ਦੇ ਰੋਕਥਾਮ ਲਈ ਇਲਾਜ ਤਜਵੀਜ਼ ਕਰਦਾ ਹੈ।

ਯੂਨਾਨੀ ਰਾਜਨੀਤਿਕ ਤਜਰਬੇ ਵਿੱਚ ਕ੍ਰਾਂਤੀਆਂ ਬਹੁਤ ਪ੍ਰਸਿੱਧ ਹਨ। ਯੂਨਾਨ ਦੇ ਨਗਰ ਰਾਜਾਂ ਦੀਆਂ ਸਰਕਾਰਾਂ ਰਾਜਨੀਤਿਕ ਜੀਵਨ ਵਿੱਚ ਭ੍ਰਿਸ਼ਟਤਾ ਤੇ ਗਿਰਾਵਟ ਆ ਜਾਣ ਕਾਰਣ ਅਕਸਰ ਬਦਲਦੀਆਂ ਰਹਿੰਦੀਆਂ ਸਨ। ਇਨ੍ਹਾਂ ਗੱਲਾਂ ਨੇ ਯੂਨਾਨੀ ਦਾਰਸ਼ਨਿਕਾਂ ਨੂੰ ਗੰਭੀਰ ਤੌਰ ਤੇ ਸੋਚਣ ਲਈ ਪ੍ਰੇਰਿਤ ਕੀਤਾ। ਅਰਸਤੂ ਕ੍ਰਾਂਤੀਆਂ ਦੇ ਕਾਰਣਾਂ ਦਾ ਵਿਸ਼ਲੇਸ਼ਣ ਅਤੇ ਇਨ੍ਹਾਂ ਦੇ ਇਲਾਜ ਦੀ ਲੋੜ ਨੂੰ ਇਤਨਾ ਜ਼ਿਆਦਾ ਮਹਿਸੂਸ ਕਰਦਾ ਹੈ ਕਿ ਉਹ ਆਪਣੀ ਰਚਨਾ 'ਪਾਲਿਟਿਕਸ' (Politics) ਵਿੱਚ ਇਸ ਵਿਸ਼ੇ ਦੀ ਚਰਚਾ ਉੱਤੇ ਇੱਕ ਪੂਰਾ ਅਧਿਆਇ (Book V.) ਲਿਖਦਾ ਹੈ। ਇਸ ਵਿਸ਼ੇ ਬਾਰੇ ਉਸਨੂੰ ਅਥਾਹ ਗਿਆਨ ਪ੍ਰਾਪਤ ਸੀ। ਕ੍ਰਾਂਤੀਆਂ ਦੇ ਕਾਰਣਾਂ ਬਾਰੇ ਉਸਦਾ ਵਿਸ਼ਲੇਸ਼ਣ ਬੜਾ ਵਿਸਤਾਰ ਰੂਪ ਵਿੱਚ ਹੁੰਦਾ ਹੈ ਅਤੇ ਇਸ ਨੂੰ ਵਿਆਪਕ ਰੂਪ ਵਿੱਚ ਲਾਗੂ ਕੀਤਾ ਜਾ ਸਕਦਾ ਹੈ। ਜੋ ਕੁੱਝ ਉਹ ਕ੍ਰਾਂਤੀਆਂ ਬਾਰੇ ਕਹਿੰਦਾ ਹੈ ਉਹ ਅਜੋਕੇ ਸਮੇਂ ਵਿੱਚ ਲਾਗੂ ਹੋ ਸਕਦਾ ਹੈ। ਮੈਕਸੀ (Maxey) ਦਾ ਇਹ ਕਥਨ ਹੈ ਕਿ ਇਤਿਹਾਸ ਦੱਸਦਾ ਹੈ ਕਿ ਲਗਭੱਗ ਹਰੇਕ ਰਾਜਨੀਤਿਕ ਕ੍ਰਾਂਤੀ ਨੂੰ ਲਿਆਉਣ ਵਿੱਚ ਕੁਝ ਨਾ ਕੁਝ ਉਨ੍ਹਾਂ ਕਾਰਣਾਂ ਦਾ ਜ਼ਰੂਰ ਹੱਥ ਹੈ, ਜਿਨ੍ਹਾਂ ਦਾ ਜ਼ਿਕਰ ਉਸ ਨੇ (ਅਰਸਤੂ) ਕੀਤਾ ਹੈ। ਭਾਵੇਂ ਵੀਹਵੀਂ ਸਦੀ ਵਿੱਚ ਕਈ ਲੋਕ ਇਹ ਸਮਝਦੇ ਸਨ ਕਿ ਕ੍ਰਾਂਤੀ ਦਾ ਕਾਰਣ ਕੁਝ ਭੈੜੇ ਲੋਕਾਂ ਦੀ ਸਾਜਿਸ਼ ਹੁੰਦਾ ਹੈ ਅਤੇ ਇਸ ਦਾ ਇਲਾਜ ਉਹ ਤਫਤੀਸ਼ ਕਾਰਣ ਗਰੀਬੀ ਹੈ ਅਤੇ ਜਿੱਥੇ ਮੱਧ ਸ਼੍ਰੇਣੀ ਨਹੀਂ ਹੋਵੇਗੀ ਤੇ ਗਰੀਬਾਂ ਦੀ ਗਿਣਤੀ ਬਹੁਤ ਜ਼ਿਆਦਾ ਵੱਧ ਜਾਵੇਗੀ ਉੱਥੇ ਗੜਬੜਾਂ ਹੋਣਗੀਆਂ ਤੇ ਰਾਜ ਛੇਤੀ ਹੀ ਸਮਾਪਤ ਹੋ ਜਾਵੇਗਾ। ਉਹ ਸਮਝਦਾ ਸੀ ਕਿ ਰਾਜਾਂ ਦੀ ਸਥਿਰਤਾ ਦਾ ਰਾਜ (Secret) ਮੱਧ ਸ਼੍ਰੇਣੀ ਦੇ ਸ਼ਾਸਨ ਵਿੱਚ ਹੈ।

ਉਸ ਦੀ ਬਾਹਰਮੁਖੀ ਤੇ ਵਾਸਤਵਿਕ ਸੂਝ ਕਾਰਣ ਉਸਦੀ 'ਪਾਲਿਟਿਕਸ' (Politics) ਕ੍ਰਾਂਤੀਆਂ ਦੇ ਕਾਰਣਾਂ ਦੇ ਸੰਬੰਧ ਵਿਚ ਇਕ ਪਥ-ਪ੍ਰਦਰਸ਼ਕ ਬਣ ਗਈ ਹੈ। ਇਕ ਤਰ੍ਹਾਂ ਨਾਲ ਇਹ 'ਮੈਕਿਆਵਲੀ ਦੀ **'ਪ੍ਰਿੰਸ'**

**(The Prince)** ਦੀ ਪੂਰਵ ਧਾਰਨਾ ਹੈ ਅਤੇ 'ਪਾਲਿਟਿਕਸ ਰਾਜ ਤੇ ਸਰਕਾਰ ਸੰਬੰਧੀ, ਦਾਰਸ਼ਨਿਕ ਅਧਿਐਨ ਦੀ ਬਜਾਏ ਸਰਕਾਰ ਦੀ ਕਲਾ ਬਾਰੇ ਇਕ ਖੋਜ-ਗ੍ਰੰਥ ਬਣ ਗਈ ਹੈ।'

## ਕ੍ਰਾਂਤੀ ਦਾ ਅਰਥ (Meaning of Revolution)

ਕ੍ਰਾਂਤੀ ਸੰਬੰਧੀ ਅਰਸਤੂ ਦਾ ਸੰਕਲਪ ਕ੍ਰਾਂਤੀ ਦੇ ਅਜੋਕੇ ਅਰਥਾਂ ਤੋਂ ਵੱਖਰਾ ਹੈ। ਜਿਸ ਦਾ ਅੱਜ ਕੱਲ੍ਹ ਇਹ ਅਰਥ ਲਾਇਆ ਜਾਂਦਾ ਹੈ ਕਿ ਸਰਕਾਰ ਨੂੰ ਉਲਟਾ ਕੇ ਇਹ ਹਿੰਸਕ ਪਰਿਵਰਤਨ ਲਿਆਉਣਾ। ਸ਼ਬਦ 'ਕ੍ਰਾਂਤੀ' ਨੂੰ ਜੋ ਅਰਥ ਉਸ ਨੇ ਦਿੱਤਾ ਹੈ ਉਸ ਦੀ ਰਚਨਾ ਦੇ ਕਈ ਅਨੁਵਾਦਕਾਂ ਨੇ ਇਸ ਨੂੰ 'ਵਿਦਰੋਹ' ਕਿਹਾ ਹੈ) ਉਸ ਤੋਂ ਜਾਪਦਾ ਹੈ ਕਿ ਕ੍ਰਾਂਤੀ ਸੰਬੰਧੀ ਉਸ ਦਾ ਸੰਕਲਪ ਆਧੁਨਿਕ ਸੰਕਲਪਾਂ ਨਾਲੋਂ ਵਧੇਰੇ ਵਿਸ਼ਾਲ ਹੈ। ਅਰਸਤੂ ਲਈ ਸੰਵਿਧਾਨ ਤੇ ਸਰਕਾਰ ਵਿੱਚ ਕੋਈ ਵੀ ਤਬਦੀਲੀ ਕ੍ਰਾਂਤੀ ਸੀ।

ਅਰਸਤੂ ਅਨੁਸਾਰ ਜਦੋਂ ਵੀ ਸਰਕਾਰ ਵਿੱਚ ਤਿੰਨ ਪ੍ਰਕਾਰ ਦੀਆਂ ਤਬਦੀਲੀਆਂ ਆ ਜਾਣ ਉਹ ਕ੍ਰਾਂਤੀ ਹੁੰਦੀ ਹੈ :

(1) ਸਰਕਾਰ ਵਿੱਚ ਕੋਈ ਵੀ ਐਸੀ ਤਬਦੀਲੀ ਜੋ ਸੰਵਿਧਾਨ ਤੇ ਅਸਰ ਪਾਉਂਦੀ ਹੈ, ਉਹ ਕ੍ਰਾਂਤੀ ਹੈ। ਉਦਾਹਰਣ ਵਜੋਂ, ਜੇ ਲੋਕਤੰਤਰ ਦੀ ਥਾਂ ਅਲਪਤੰਤਰ ਆ ਜਾਵੇ ਜਾਂ ਅਲਪਤੰਤਰ ਦੀ ਥਾਂ ਲੋਕਤੰਤਰ ਆ ਜਾਵੇ ਤਾਂ ਇਹ ਕ੍ਰਾਂਤੀ ਹੋਵੇਗੀ। ਅਰਸਤੂ ਅਨੁਸਾਰ ਸੰਵਿਧਾਨ ਵਿੱਚ ਕੋਈ ਵੀ ਛੋਟੀ ਜਾਂ ਵੱਡੀ ਤਬਦੀਲੀ ਕ੍ਰਾਂਤੀ ਹੋਵੇਗੀ।

(2) ਜਦੋਂ ਬਗੈਰ ਕਿਸੇ ਸੰਵਿਧਾਨਿਕ ਤਬਦੀਲੀ ਤੋਂ ਅਹੁਦਿਆਂ ਤੇ ਲੱਗੇ ਹੋਏ ਲੋਕ ਬਦਲਾਅ ਚਾਹੁਣ ਜਾਂ ਸ਼ਾਸ਼ਨ-ਸੱਤਾ ਇੱਕ ਮਨੁੱਖ ਦੇ ਹੱਥ ਵਿਚੋਂ ਨਿਕਲ ਕੇ ਕਿਸੇ ਹੋਰ ਪਾਸੇ ਚਲੀ ਜਾਵੇ ਤਾਂ ਇਸ ਤਬਦੀਲੀ ਦਾ ਮਤਲਬ ਵੀ ਕ੍ਰਾਂਤੀ ਹੋਵੇਗਾ।

(3) ਅਰਸਤੂ ਲਈ ਸੰਵਿਧਾਨ ਵਿੱਚ ਕਿਸੇ ਛੋਟੀ ਜਿਹੀ ਤਬਦੀਲੀ ਦਾ ਮਤਲਬ ਕ੍ਰਾਂਤੀ ਸੀ। ਮਿਸਾਲ ਵਜੋਂ ਜੇ ਅਲਪਤੰਤਰ ਵੱਧ ਜਾਂ ਘੱਟ ਅਪਤਾਂਤ੍ਰਿਕ ਅਤੇ ਵੱਧ ਜਾਂ ਘੱਟ ਲੋਕਤਾਂਤ੍ਰਿਕ ਬਣ ਜਾਵੇ ਤਾਂ ਅਰਸਤੂ ਲਈ ਇਹ ਪਰਿਵਰਤਨ ਕ੍ਰਾਂਤੀ ਹੋਵੇਗਾ।

(4) ਕ੍ਰਾਂਤੀ ਸੰਵਿਧਾਨ ਦੇ ਕਿਸੇ ਖਾਸ ਭਾਗ ਵਿਰੁੱਧ ਵੀ ਹੋ ਸਕਦੀ ਹੈ, ਜਿਵੇਂ ਕਿ ਖਾਸ ਅਹੁਦੇ ਨੂੰ ਸਥਾਪਿਤ ਕਰਨਾ ਜਾਂ ਸਮਾਪਤ ਕਰਨਾ।

### 1.10.1.1 ਕ੍ਰਾਂਤੀਆਂ ਤੇ ਕਾਰਣ (Causes of Revolutions)

ਅਰਸਤੂ ਨੇ ਵਿਸ਼ੇਸ਼ ਸੰਵਿਧਾਨਾਂ ਵਿੱਚ ਕ੍ਰਾਂਤੀ ਦੇ ਕਾਰਣਾਂ ਉੱਤੇ ਬੜੀ ਬਰੀਕੀ ਨਾਲ ਵਿਸਤਾਰ ਵਿੱਚ ਚਰਚਾ ਕੀਤੀ ਹੈ। ਉਹ ਕਹਿੰਦਾ ਹੈ ਕਿ ਕ੍ਰਾਂਤੀ ਦਾ ਮੂਲ ਕਾਰਣ ਲੱਭਣ ਲਈ ਸਾਨੂੰ ਇਹ ਵੇਖਣਾ ਚਾਹੀਦਾ ਹੈ ਕਿ

(i) ਕ੍ਰਾਂਤੀ ਲਿਆਉਣ ਵਾਲਿਆਂ ਦਾ ਸੁਭਾਅ ਕੀ ਹੈ?

(ii) ਕਿਸ ਮੰਤਵ ਨੂੰ ਮੁੱਖ ਕਰਕੇ ਕ੍ਰਾਂਤੀ ਕੀਤੀ ਗਈ ਹੈ?

(iii) ਕ੍ਰਾਂਤੀਆਂ ਦੇ ਕਾਰਣ ਤੇ ਮੌਕੇ ਕੀ ਹਨ?

## ਕ੍ਰਾਂਤੀਆਂ ਦੇ ਸਾਧਾਰਣ ਕਾਰਣ (General Causes of Revolutions)

ਕ੍ਰਾਂਤੀ ਦਾ ਸਭ ਤੋਂ ਵੱਡਾ ਕਾਰਣ ਇਹ ਹੈ ਕਿ ਲੋਕ ਬਰਾਬਰੀ ਲਈ ਤਾਂਘਦੇ ਹਨ। ਲੋਕਤੰਤਰ ਇਸ ਭਾਵਨਾ ਵਿੱਚ ਪੈਦਾ ਹੁੰਦਾ ਹੈ ਕਿ ਜਿਹੜੇ ਇਕ ਪੱਖ ਤੋਂ ਬਰਾਬਰ ਹਨ ਉਹ ਸਭ ਪੱਖਾਂ ਤੋਂ ਬਰਾਬਰ ਹਨ। ਕਿਉਂਕਿ ਜੇ ਮਨੁੱਖ ਸਮਾਨ ਰੂਪ ਵਿੱਚ ਸੁਤੰਤਰ ਹਨ ਉਹ ਪੂਰਣ ਸਮਾਨਤਾ ਦੀ ਮੰਗ ਕਰਦੇ ਹਨ। ਅਲਪਤੰਤਰ ਦਾ ਆਧਾਰ ਇਸ ਧਾਰਨਾ ਤੇ ਹੈ ਕਿ ਜਿਹੜੇ ਇੱਕ ਪੱਖ ਤੋਂ ਅਸਮਾਨ ਹਨ ਉਹ ਸਭ ਪੱਖਾਂ ਤੋਂ ਅਸਮਾਨ

ਹਨ । ਸਭ ਕਿਸਮਾਂ ਦੀਆਂ ਸਰਕਾਰਾਂ ਵਿੱਚ ਇਕ ਤਰਾਂ ਦਾ ਨਿਆਂ ਹੁੰਦਾ ਹੈ ਅਤੇ ਜਦੋਂ ਲੋਕ ਇਹ ਸਮਝਣ ਲੱਗ ਜਾਂਦੇ ਹਨ ਕਿ ਉਨ੍ਹਾਂ ਨੂੰ ਸਰਕਾਰ ਵਿੱਚ ਉਨ੍ਹਾਂ ਦਾ ਹਿੱਸਾ ਉਨ੍ਹਾਂ ਦੇ ਪੂਰਵ ਧਾਰਨ ਕੀਤਾ ਵਿਚਾਰਾਂ ਤੇ ਭਾਵਨਾਵਾਂ ਦੇ ਅਨੁਕੂਲ ਨਹੀਂ ਬੈਠਦਾ ਤਾ ਕ੍ਰਾਂਤੀ ਆ ਜਾਂਦੀ ਹੈ। ਇਹ ਹੀਣਤਾ ਦੀ ਭਾਵਨਾ ਹੈ ਜੋ ਕ੍ਰਾਂਤੀਆਂ ਪੈਦਾ ਕਰਦੀ ਹੈ। ਇਸ ਭਾਵਨਾ ਤੋਂ ਛੁੱਟ ਹੋਰ ਵੀ ਕਈ ਮੰਤਵ ਹੁੰਦੇ ਹਨ ਜੋ ਕ੍ਰਾਂਤੀਆਂ ਨੂੰ ਜਨਮ ਦੇਂਦੇ ਹਨ। ਇਹ ਹਨ ਲਾਭ ਤੇ ਸਨਮਾਨ ਪ੍ਰਾਪਤੀ ਦੀ ਇੱਛਾ, ਅਪਮਾਨ ਤੇ ਹਾਨੀ ਦਾ ਡਰ, ਕ੍ਰਾਂਤੀ ਦੇ ਨਿਰਮਾਤਾ ਆਪਣੇ ਆਪ ਨੂੰ ਜਾਂ ਆਪਣੇ ਮਿੱਤਰਾਂ ਨੂੰ ਬਚਾਉਣ ਲਈ ਸ਼ਜਾ ਦਾ ਰੁੱਖ ਹੋਰ ਪਾਸੇ ਮੋੜਨਾ ਚਾਹੁੰਦੇ ਹਨ।

## ਕ੍ਰਾਂਤੀਆਂ ਦੇ ਵਿਸ਼ੇਸ਼ ਕਾਰਣ (Particular Causes of Revolutions)

ਅੱਗੇ ਚਲ ਕੇ ਅਰਸਤੂ ਕ੍ਰਾਂਤੀਆਂ ਦੇ ਵਿਸ਼ੇਸ਼ ਕਾਰਣਾਂ ਦਾ ਜ਼ਿਕਰ ਕਰਦਾ ਹੈ ਅਤੇ ਡੱਨਿੰਗ (Dunning) ਅਨੁਸਾਰ ਉਹ ਰਾਜਨੀਤਿਕ ਪਰਿਵਰਤਨ ਅਜਿਹੀ ਪ੍ਰਬੀਨਤਾ ਨਾਲ ਬਿਆਨ ਕਰਦਾ ਹੈ ਕਿ ਇਸਦੇ ਸਾਹਮਣੇ ਸਮਾਜਿਕ ਤੇ ਆਰਥਿਕ ਕਾਰਣ ਧੁੰਦਲੇ ਪੈ ਜਾਂਦੇ ਹਨ। ਅਰਸਤੂ ਅਨੁਸਾਰ ਮਨੋਰਥ ਤੇ ਪ੍ਰਵਿਰਤੀਆਂ ਮਨੁੱਖਾਂ ਨੂੰ ਭੜਕਾਉਂਦੀਆਂ ਹਨ ਉਹ ਨਿਮਨਲਿਖਿਤ ਹਨ :

(1) ਕ੍ਰਾਂਤੀਆਂ ਦਾ ਇਕ ਵਿਸ਼ੇਸ਼ ਕਾਰਣ ਹੈਂਕੜ ਤੇ ਲਾਲਚ ਹੈ। ਅਰਸਤੂ ਦੇ ਸ਼ਬਦਾਂ ਵਿੱਚ ਜਦੋਂ ਸ਼ਾਸਕ ਹੈਂਕੜਬਾਜ ਤੇ ਲੋਭੀ ਬਣ ਜਾਣ ਉੱਦੋ ਉਹ ਇੱਕ ਦੂਜੇ ਵਿਰੁੱਧ ਅਤੇ ਜਿਸ ਸੰਵਿਧਾਨ ਨੇ ਉਨ੍ਹਾਂ ਨੂੰ ਸੱਤਾ ਦਿੱਤੀ ਹੁੰਦੀ ਹੈ, ਉਸ ਦੇ ਵਿਰੁੱਧ ਸਾਜਸ਼ਾਂ ਕਰਨ ਲੱਗ ਜਾਂਦੇ ਹਨ। ਇਸ ਤਰ੍ਹਾਂ ਉਹ ਕਿਸੇ ਵਿਅਕਤੀ ਜਾਂ ਜਨ ਸਾਧਾਰਣ ਦੇ ਖਰਚੇ ਤੇ ਲਾਭ ਉਠਾਉਂਦੇ ਹਨ। ਜਿਹੜੇ ਲੋਕ ਅਪਮਾਨਤ ਹੁੰਦੇ ਹਨ ਤੇ ਦੂਜਿਆਂ ਨੂੰ ਪ੍ਰਤਿਸ਼ਠ ਬਣਿਆ ਦੇਖਦੇ ਹਨ, ਉਹ ਲੋਕ ਬਗਾਵਤ ਲਈ ਉਠ ਖਲੋਂਦੇ ਹਨ। ਜਦੋਂ ਅਸਮਾਨਤਾ ਤੇ ਸਮਾਨਤਾ ਅਯੋਗ ਢੰਗ ਨਾਲ ਵੰਡੀਆਂ ਜਾਂਦੀਆਂ ਹਨ ਤਾਂ ਇਹ ਅਨਿਆ ਹੁੰਦਾ ਹੈ ਅਤੇ ਜਦੋਂ ਇਨ੍ਹਾਂ ਦੀ ਵੰਡ ਯੋਗਤਾ ਸਹਿਤ ਹੁੰਦੀ ਹੈ ਤਾਂ ਇਹ ਨਿਆਂ ਹੁੰਦਾ ਹੈ।

(2) ਸ਼੍ਰੇਸਟਤਾ ਵੀ ਕ੍ਰਾਂਤੀ ਦਾ ਕਾਰਣ ਹੁੰਦੀ ਹੈ ਜਦੋਂ ਕਿਸੇ ਇਕ ਜਾਂ ਬਹੁਤੇ ਮਨੁੱਖਾਂ ਪਾਸ ਰਾਜ ਤੇ ਸਰਕਾਰ ਦੀ ਲੋੜੋਂ ਵੱਧ ਸੱਤਾ ਆ ਜਾਂਦੀ ਹੈ।

(3) ਕ੍ਰਾਂਤੀ ਦਾ ਇਕ ਹੋਰ ਕਾਰਣ ਡਰ ਹੈ ਜਾਂ ਤਾਂ ਮਨੁੱਖਾਂ ਨੇ ਗਲਤੀਆਂ ਕੀਤੀਆਂ ਹੋਈਆਂ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਸ਼ਜਾ ਦਾ ਡਰ ਹੁੰਦਾ ਹੈ ਜਾਂ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਕੋਈ ਬੇਇਨਸਾਫੀ ਕਰੇਗਾ ਅਤੇ ਉਹ ਆਪਣੇ ਦੁਸ਼ਮਣ ਨੂੰ ਪਹਿਲਾਂ ਹੀ ਜਾਣ ਜਾਣਾ ਚਾਹੁੰਦੇ ਹਨ। ਮਨੁੱਖ ਆਪਣੇ ਕੁਕਰਮਾਂ ਨੂੰ ਛੁਪਾਉਣ ਲਈ ਬਗਾਵਤ ਕਰਦੇ ਹਨ।

(4) ਘਿਰਨਾ ਵੀ ਬਗਾਵਤ ਅਤੇ ਕ੍ਰਾਂਤੀ ਦਾ ਕਾਰਣ ਹੁੰਦਾ ਹੈ। ਅਲਪਤੰਤਰੀ ਰਾਜਾਂ ਵਿੱਚ ਬਹੁ-ਗਿਣਤੀ ਨੂੰ ਰਾਜ ਸੱਤਾ ਵਿੱਚ ਕੋਈ ਹਿੱਸਾ ਪ੍ਰਾਪਤ ਨਹੀਂ ਹੁੰਦਾ, ਇਸ ਲਈ ਉਹ ਬਗਾਵਤ ਕਰਦੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਉਹ ਵਧੇਰੇ ਸ਼ਕਤੀਸ਼ਾਲੀ ਹਨ। ਲੋਕਤੰਤਰ ਵਿੱਚ ਅਮੀਰ ਲੋਕ ਰਾਜ ਨੂੰ ਬਦਅਮਨੀ ਤੇ ਅਰਾਜਕਤਾ ਤੋਂ ਬਚਾਉਣ ਲਈ ਬਗਾਵਤ ਕਰਦੇ ਹਨ। ਉਹ ਕ੍ਰਾਂਤੀ ਦੀਆਂ ਕਈ ਪ੍ਰਕਾਰ ਦੀਆਂ ਉਦਾਹਰਣਾਂ ਦੇਂਦਾ ਹੈ।

(5) ਜਦੋਂ ਰਾਜ ਦੇ ਕਿਸੇ ਭਾਗ ਵਿੱਚ ਅਸੰਗਤ ਰੂਪੀ ਵਾਧਾ ਹੋਵੇ ਤਾਂ ਵੀ ਰਾਜਨੀਤਿਕ ਕ੍ਰਾਂਤੀ ਆ ਜਾਂਦੀ ਹੈ, ਕਿਉਂ ਜੋ ਸਰੀਰ ਕਈ ਭਾਗਾਂ ਦਾ ਬਣਿਆ ਹੁੰਦਾ ਹੈ ਅਤੇ ਸਮਰੂਪਤਾ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਸਰੀਰ ਦੇ ਹਰ ਅੰਗ ਦਾ ਵਿਕਾਸ ਠੀਕ ਅਨੁਪਾਤ ਅਨੁਸਾਰ ਹੋਵੇ। ਰਾਜ ਵੀ ਇਕ ਸਰੀਰ ਵਾਂਗ ਹੈ। ਜਿਸ ਦੇ ਬਹੁਤ ਸਾਰੇ ਅੰਗ ਹਨ ਅਤੇ ਇਸ ਦੇ ਰੂਪ ਨੂੰ ਸਹੀ ਤੌਰ ਤੇ ਬਰਕਰਾਰ ਰੱਖਣ ਲਈ ਇਸਦੇ ਅੰਗਾਂ ਦਾ ਵੀ ਸਹੀ ਅਨੁਪਾਤ ਅਨੁਸਾਰ ਵਧਣਾਂ ਜ਼ਰੂਰੀ ਹੈ। ਉਦਾਹਰਣ ਵਜੋਂ ਜੇ ਲੋਕਤਾਂਤਰਿਕ ਰਾਜ ਵਿਚ ਜਾਂ ਸੰਵਿਧਾਨਿਕ ਸਰਕਾਰ ਵਿੱਚ ਗਰੀਬਾਂ ਦੀ ਗਿਣਤੀ ਬਹੁਤ ਵੱਧ ਜਾਂਦੀ ਹੈ ਜਾਂ ਅਲਪਤੰਤਰ

ਵਿਚ ਅਮੀਰਾਂ ਦੀ ਗਿਣਤੀ ਬਹੁਤ ਵਧ ਜਾਂਦੀ ਹੈ ਤਾਂ ਅਮੀਰਾਂ ਤੇ ਗਰੀਬ ਸ਼੍ਰੇਣੀਆਂ ਇਕ ਦੂਜੇ ਦਾ ਗਲਬਾ ਤੋਨੜਣਗੀਆਂ ਜਿਸ ਨਾਲ ਰਾਜ ਵਿੱਚ ਮਤਭੇਦ ਵਧਣਗੇ ਤਾਂ ਕ੍ਰਾਂਤੀ ਆਵੇਗੀ।

(6) ਚੋਣਾਂ ਵਿੱਚ ਸਾਜਿਸ਼ਾਂ ਤੇ ਗੜਬੜ ਕਰਨ ਨਾਲ ਵੀ ਸਰਕਾਰ ਦਾ ਰੂਪ ਬਦਲ ਜਾਂਦਾ ਹੈ।

(7) ਲਾਪਰਵਾਹੀ ਕਾਰਣ ਵੀ ਕ੍ਰਾਂਤੀਆਂ ਆ ਜਾਂਦੀਆਂ ਹਨ ਜਦੋਂ ਰਾਜ ਧਰੋਹੀ ਲੋਕ ਕਿਸੇ ਢੰਗ ਨਾਲ ਉੱਚੇ ਅਹੁਦਿਆਂ ਤਕ ਪਹੁੰਚ ਜਾਂਦੇ ਹਨ।

(8) ਛੋਟੀ ਜਿਹੀ ਤਬਦੀਲੀ ਨਾਲ ਕਈ ਵਾਰੀ ਕ੍ਰਾਂਤੀ ਦਾ ਆਉਣਾ ਸਹਿਜ ਹੋ ਜਾਂਦਾ ਹੈ। ਕਿਸੇ ਛੋਟੀ ਜਿਹੀ ਅਣਗਹਿਲੀ ਨਾਲ ਸੰਵਿਧਾਨ ਵਿੱਚ ਵੱਡੀ ਸਾਰੀ ਤਬਦੀਲੀ ਆ ਜਾਂਦੀ ਹੈ।

(9) ਨਗਰ ਵਿੱਚ ਜਾਤੀਆਂ ਦੇ ਭੇਦ ਵੀ ਕ੍ਰਾਂਤੀ ਦਾ ਕਾਰਣ ਬਣ ਸਕਦੇ ਹਨ ਕਿਉਂਕਿ ਸਾਰੀਆਂ ਜਾਤੀਆਂ ਵਿੱਚ ਇਕੋ ਸਮੇਂ ਸਾਂਝੀ ਭਾਵਨਾ ਪੈਦਾ ਨਹੀਂ ਹੋ ਸਕਦੀ। ਨਵ-ਬਸਤੀਆਂ ਵਿੱਚ ਓਪਰੇ ਬੰਦਿਆਂ ਦੇ ਆਉਣ ਨਾਲ ਕਈ ਵਾਰੀ ਕ੍ਰਾਂਤੀ ਆਈ ਹੈ।

(10) ਜਦੋਂ ਨਗਰ ਦੀ ਸਥਿਤੀ ਕਾਰਣ ਰਾਜ ਦੀ ਏਕਤਾ ਨੂੰ ਕਾਇਮ ਰੱਖਣ ਲਈ ਕੋਈ ਦੇਸ਼ ਕੁਦਰਤੀ ਤੌਰ ਤੇ ਅਨੁਕੂਲ ਨਹੀਂ ਹੁੰਦਾ ਤਾਂ ਇਹ ਕ੍ਰਾਂਤੀ ਦਾ ਕਾਰਣ ਬਣ ਜਾਂਦਾ ਹੈ। ਜਿਵੇਂ ਲੜਾਈ ਵਿੱਚ ਇੱਕ ਛੋਟੀ ਜਿਹੀ ਖਾਈ ਦੀ ਰੁਕਾਵਟ ਇਕ ਫੌਜੀ ਦਸਤੇ ਨੂੰ ਭੰਨ ਦੇਂਦੀ ਹੈ ਇਸ ਤਰ੍ਹਾਂ ਛੋਟੇ ਤੋਂ ਛੋਟੇ ਮਤਭੇਦ ਨਾਲ ਵੀ ਨਗਰ ਵਿੱਚ ਤਰੇੜ ਆ ਸਕਦੀ ਹੈ।

(11) ਕ੍ਰਾਂਤੀ ਵਿੱਚ ਮੌਕਾ ਭਾਵੇਂ ਤੁੱਛ, ਛੋਟਾ ਜਿਹਾ ਅਤੇ ਅਮਹੱਤਵਪੂਰਣ ਹੋਵੇ, ਪਰ ਰਾਜ ਦੇ ਹਿੱਤ ਖਤਰੇ ਵਿੱਚ ਪੈ ਜਾਂਦੇ ਹਨ। ਸ਼ਾਸ਼ਕਾਂ ਨਾਲ ਸੰਬੰਧ ਰੱਖਣ ਵਾਲੀਆਂ ਛੋਟੀਆਂ ਗੱਲਾਂ ਮਹੱਤਵਪੂਰਨ ਹੁੰਦੀਆਂ ਹਨ। ਸਾਇਰਾਕਿਉਜ਼ (Syracuse) ਵਿੱਚ ਦੋ ਨੌਜੁਆਨਾਂ ਵਿਚਕਾਰ ਪਿਆਰ ਦੀ ਬਿਨਾ ਤੇ ਝਗੜਾ ਖੜ੍ਹਾ ਹੋਣ ਨਾਲ ਸਰਕਾਰ ਵਿੱਚ ਫੁੱਟ ਪੈ ਗਈ ਜਿਸ ਕਾਰਣ ਸੰਵਿਧਾਨ ਵਿੱਚ ਪਰਿਵਰਤਨ ਆ ਗਿਆ। ਇਹੋ ਜਿਹੀਆਂ ਬੁਰਾਈਆਂ ਨੂੰ ਸ਼ੁਰੂ ਤੋਂ ਹੀ ਦਬਾ ਦੇਣਾ ਚਾਹੀਦਾ ਹੈ ਤਾਂ ਜੋ ਬਾਅਦ ਵਿੱਚ ਉਲਝਣਾਂ ਪੈਦਾ ਨਾ ਹੋਣ। ਇਕ ਹੋਰ ਸਥਾਨ ਤੇ ਦੋ ਭਰਾਵਾਂ ਵਿੱਚ ਜਾਇਦਾਦ ਦੇ ਝਗੜੇ ਨੇ ਖਰਾਬੀ ਪੈਦਾ ਕਰ ਦਿੱਤੀ। ਅਰਸਤੂ ਨੇ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ।

(12) ਰਾਜ ਵਿੱਚ ਸੱਤਾ ਨੂੰ ਪ੍ਰਾਪਤ ਕਰਨ ਕਾਰਣ ਵੀ ਕ੍ਰਾਂਤੀ ਆ ਜਾਂਦੀ ਹੈ ਭਾਵੇਂ ਉਹ ਪ੍ਰਾਈਵੇਟ ਨਾਗਰਿਕ ਹੋਣ ਜਾਂ ਕਬੀਲਿਆਂ ਦੇ ਸ਼ਾਸ਼ਕ। ਕਈ ਵਾਰ ਉਨ੍ਹਾਂ ਦੀ ਸ਼੍ਰੇਸ਼ਟਤਾ ਦੂਜਿਆਂ ਵਿੱਚ ਈਰਖਾ ਪੈਦਾ ਕਰ ਦਿੰਦੀ ਹੈ ਤੇ ਉਹ ਬਗਾਵਤ ਕਰ ਦੇਂਦੇ ਹਨ ਜਾਂ ਫਿਰ ਸ਼ਾਸ਼ਕ ਆਪਣੀ ਸ਼੍ਰੇਸ਼ਟਤਾ ਤੇ ਹੰਕਾਰ ਵਿੱਚ ਦੂਜਿਆਂ ਨਾਲ ਇੱਕ ਪੱਧਰ ਤੇ ਰਹਿਣ ਤੋਂ ਇਨਕਾਰੀ ਹੋ ਜਾਂਦੇ ਹਨ।

ਉਦੋਂ ਵੀ ਕ੍ਰਾਂਤੀਆਂ ਆਉਂਦੀਆਂ ਹਨ ਜਦੋਂ ਦੋ ਵਿਰੋਧੀ ਸ਼੍ਰੇਣੀਆਂ ਜਿਵੇਂ ਕਿ ਅਮੀਰ ਤੇ ਗਰੀਬ, ਬਰਾਬਰ ਹੁੰਦੀਆਂ ਹਨ ਤੇ ਕੋਈ ਮੱਧ ਸ਼੍ਰੇਣੀ ਨਹੀਂ ਹੁੰਦੀ।

## ਕ੍ਰਾਤੀਆਂ ਲਿਆਉਣ ਦੇ ਦੋ ਢੰਗ ਹਨ :- ਸ਼ਕਤੀ ਜਾਂ ਧੋਖਾਬਾਜ਼ੀ

## ਵਿਸ਼ੇਸ਼ ਸੰਵਿਧਾਨਾਂ ਵਿੱਚ ਕ੍ਰਾਂਤੀਆਂ ਦੇ ਕਾਰਣ (Causes of Revolutions in Particular Constitutions)

ਇਸ ਤੋਂ ਅੱਗੇ ਅਰਸਤੂ ਵਿਸ਼ੇਸ਼ ਸੰਵਿਧਾਨਾਂ, ਜਿਵੇਂ ਕਿ, ਲੋਕਤੰਤਰ, ਅਲਪਤੰਤਰ, ਕੁਲੀਨਤੰਤਰ ਆਦਿ ਵਿੱਚ ਵਿਸ਼ੇਸ਼ ਕਾਰਣਾ ਦਾ ਨਿਰੀਖਣ ਕਰਦਾ ਹੈ।

ਲੋਕਤੰਤਰ ਵਿੱਚ ਭੜਕਾਊ ਆਗੂਆਂ ਦੀਆਂ ਵਧੀਕੀਆਂ ਕਾਰਣ ਕ੍ਰਾਂਤੀਆਂ ਆਉਂਦੀਆਂ ਹਨ ਕਿਉਂਕਿ ਉਹ ਅਮੀਰ ਗਰੀਬ ਵਿਚਕਾਰ ਖਾਈ ਨੂੰ ਹੋਰ ਚੌੜਾ ਕਰਦੇ ਹਨ ਜਿਸ ਕਾਰਣ ਅਮੀਰ ਵਿਅਕਤੀ ਲੋਕਤੰਤਰੀ ਸਰਕਾਰ ਵਿਰੁੱਧ ਇਕੱਠੇ ਹੋ ਜਾਂਦੇ ਹਨ। ਜੇਕਰ ਲੋਕਤੰਤਰੀ ਆਗੂ ਅਤਿਆਚਾਰੀ ਬਣ ਜਾਵੇਤਾਂ ਵੀ ਅਮੀਰ

ਉਸਦੇ ਵਿਰੁੱਧ ਸਾਜਿਸ਼ ਕਰਨ ਲੱਗ ਪਏ ਹਨ।

ਅਲਪਤੰਤਰ ਵਿੱਚ ਜੇ ਅਲਪਤੰਤਰ ਸ਼ਾਸਨ ਦਾ ਸ਼ਾਸਕ ਅਤਿਆਚਾਰੀ ਹੋ ਜਾਵੇ ਤਾਂ ਉਸ ਸ਼ਾਸਕ ਦਾ ਤਖਤਾ ਉਲਟ ਜਾਂਦਾ ਹੈ। ਦੂਜਾ, ਇਹ ਕਿ ਅਲਪਤੰਤਰੀ ਸ਼ਾਸ਼ਕਾਂ ਵਿੱਚ ਆਪਸੀ ਨਿੱਜੀ ਦੁਸ਼ਮਣੀ ਕਾਰਣ ਵੀ ਇਨ੍ਹਾਂ ਦਾ ਸ਼ਾਸਨ ਉਲਟ ਜਾਂਦਾ ਹੈ। ਅਲਪਤੰਤਰ ਰਾਜ ਉਦੋਂ ਵੀ ਉਲਟ ਜਾਂਦੇ ਹਨ ਜਦੋਂ ਮੌਲਿਕ ਅਲਪਤੰਤਰ ਵਿੱਚ ਇੱਕ ਹੋਰ ਅਲਪਤੰਤਰ ਪੈਦਾ ਹੋ ਜਾਵੇ, ਅਰਥਾਤ ਜਦੋਂ ਸਾਰੀ ਸ਼ਾਸ਼ਕੀ ਇਕਾਈ ਛੋਟੀ ਜਿਹੀ ਹੋਵੇ ਅਤੇ ਸਾਰੇ ਸ਼ਾਸ਼ਕ ਲੋਕਾਂ ਵਿੱਚ ਵਿਸ਼ਵਾਸ ਦੀ ਅਣਹੋਂਦ ਕਾਰਣ ਭਾੜੇ ਦੇ ਸੈਨਿਕ (Mercenaries) ਨੂੰ ਭਰਤੀ ਕਰ ਲੈਂਦੇ ਹਨ ਜਾਂ ਅਮਨ ਸਮੇਂ ਆਪਸੀ ਅਵਿਸ਼ਵਾਸ ਕਾਰਣ, ਸੁਰੱਖਿਆ ਦਾ ਕਾਰਜ ਸੈਨਾ ਨੂੰ ਸੌਂਪ ਦੇਂਦੇ ਹਨ ਜੋ ਸ਼ਾਸ਼ਕਾਂ ਨੂੰ ਹੀ ਉਲਟਾ ਦੇਂਦੀ ਹੈ।

ਰਾਜਤੰਤਰੀ ਸਰਕਾਰਾਂ ਵਿੱਚ ਕ੍ਰਾਂਤੀ ਜਾਂ ਤਾਂ ਰਾਜੇ ਦੇ ਆਪਣੇ ਲੋਕਾਂ ਪ੍ਰਤੀ ਅਤਿਆਚਾਰੀ ਰਵੱਈਏ ਕਾਰਣ ਆਉਂਦੀ ਹੈ ਅਤੇ ਜਾਂ ਫਿਰ ਰਾਜਾ ਕੁਝ ਵਿਅਕਤੀਆਂ ਦਾ ਨਿੱਜੀ ਅਪਮਾਨ ਕਰਦਾ ਹੈ ਅਤੇ ਉਹ ਰਾਜੇ ਵਿਰੁੱਧ ਸਾਜਿਸ਼ ਤੇ ਬਗਾਵਤ ਲਈ ਭੜਕ ਉੱਠਦੇ ਹਨ।

### 1.10.1.2 ਕ੍ਰਾਂਤੀ ਦੀ ਰੋਕ ਤੇ ਇਲਾਜ (Prevention and Remedies of Revolution)

ਕ੍ਰਾਂਤੀਆਂ ਦੀ ਰੋਕ ਦੇ ਸਾਧਨਾਂ ਬਾਰੇ ਅਰਸਤੂ ਦੀ ਚਰਚਾ ਓਨੀ ਹੀ ਸੋਝ ਭਰੀ ਤੇ ਸਪਸ਼ਟ ਹੈ ਜਿਨ੍ਹਾਂ ਕਿ ਕ੍ਰਾਂਤੀਆਂ ਦੇ ਕਾਰਣਾਂ ਬਾਰੇ ਉਸਦੇ ਵਿਸ਼ਲੇਸ਼ਣ।

ਕ੍ਰਾਂਤੀ ਦਾ ਇੱਕ ਮਹੱਤਵਪੂਰਣ ਕਾਰਣ ਅਨਿਆਂ ਦੀ ਭਾਵਨਾ ਹੈ। ਇਸ ਲਈ ਕ੍ਰਾਂਤੀ ਰੋਕਣ ਦਾ ਸਭ ਤੋਂ ਵੱਡਾ ਇਲਾਜ ਇਹ ਹੈ ਕਿ ਅਨਿਆਂ ਦੀ ਭਾਵਨਾ ਨੂੰ ਪੈਦਾ ਹੋਣ ਤੋਂ ਰੋਕਿਆ ਜਾਵੇ ਤੇ ਜੇ ਕਿਤੇ ਇਹ ਮੌਜੂਦ ਹੋਵੇ ਤਾਂ ਇਸ ਨੂੰ ਖਤਮ ਕੀਤਾ ਜਾਵੇ। ਜੋ ਅਸੀਂ ਸੰਵਿਧਾਨ ਨੂੰ ਤਬਾਹ ਕਰਨ ਦੇ ਕਾਰਣ ਜਾਣਦੇ ਹਾਂ ਤਾਂ ਅਸੀਂ ਇਨ੍ਹਾਂ ਨੂੰ ਕਾਇਮ ਰੱਖਣ ਦੇ ਕਾਰਨ ਵੀ ਜਾਣਦੇ ਹਾਂ।

ਸਭ ਤੋਂ ਪਹਿਲੀ ਗੱਲ ਇਹ ਹੈ ਕਿ ਪਰਿਵਰਤਨ ਦੇ ਆਰੰਭ ਤੋਂ ਹੀ ਖ਼ਬਰਦਾਰ ਹੋ ਜਾਣਾ ਚਾਹੀਦਾ ਹੈ। ਅਲਪਤੰਤਰ ਤੇ ਕੁਲੀਨਤੰਤਰ ਨੂੰ ਸਥਿਰ ਰੱਖਿਆ ਜਾ ਸਕਦਾ ਹੈ ਜੇ ਸ਼ਾਸ਼ਕ ਮੱਤਦਾਤਾਵਾਂ ਤੇ ਸ਼ਾਸ਼ਕ ਸ਼੍ਰੇਣੀਆਂ ਨਾਲ ਚੰਗੇ ਸੰਬੰਧ ਕਾਇਮ ਰੱਖਣਾ। ਉਹ ਸਰਕਾਰ ਤੋਂ ਬਾਹਰ ਰਹਿ ਰਹੀਆਂ ਸ਼੍ਰੇਣੀਆਂ ਨਾਲ ਭੈੜਾ ਸਲੂਕ ਨਾ ਕਰਨ ਸਗੋਂ ਉਨ੍ਹਾਂ ਵਿੱਚੋਂ ਪ੍ਰਤਿਸ਼ਠ ਵਿਅਕਤੀਆਂ ਨੂੰ ਸਰਕਾਰ ਵਿੱਚ ਲਿਆਉਣ। ਉਹ ਅਹੁਦਿਆਂ ਬਾਰੇ ਉਨ੍ਹਾਂ ਦੀਆਂ ਅਕਾਖਿਆਵਾਂ ਜਾਂ ਪੈਸੇ ਸੰਬੰਧੀ ਮਾਮਲਿਆਂ ਤੇ ਜਨ-ਸਾਧਾਰਣ ਨਾਲ ਧੱਕਾ ਨਾ ਕਰਨ। ਉਹ ਹਰੇਕ ਨਾਲ ਅਤੇ ਆਪਣੇ ਸਾਥੀ ਨਾਗਰਿਕਾਂ ਨਾਲ ਬਰਾਬਰੀ ਦਾ ਸਲੂਕ ਕਰਨ।

ਸ਼ਾਸ਼ਕ ਨੂੰ ਚਾਹੀਦਾ ਹੈ ਕਿ ਉਹ ਡਰ ਪੈਦਾ ਕਰੇ ਅਤੇ ਦੂਰ ਦੇ ਖਤਰਿਆਂ ਨੂੰ ਨੇੜੇ ਲਿਆਉਣ ਦਾ ਜਤਨ ਕਰੇ ਤਾਂ ਜੋ ਨਾਗਰਿਕ ਹਰ ਵਕਤ ਚੌਕੀਦਾਰਾਂ ਵਾਂਗ ਖਬਰਦਾਰ ਰਹਿਣ ਤੇ ਕਦੀ ਢਿੱਲੇ ਨਾ ਪੈਣ। ਉਸਨੂੰ ਉੱਘੇ ਵਿਅਕਤੀਆਂ ਦੇ ਝਗੜਿਆਂ ਨੂੰ ਕਾਨੂੰਨ ਦੁਆਰਾ ਕਾਬੂ ਰੱਖਣਾ ਚਾਹੀਦਾ ਹੈ।

ਲੋਕਤੰਤਰ, ਅਲਪਤੰਤਰ ਜਾਂ ਕਿਸੇ ਹੋਰ ਪ੍ਰਕਾਰ ਦੀ ਸਰਕਾਰ ਨੰ ਕਾਇਮ ਰੱਖਣ ਲਈ ਨਗਰ ਦੀ ਕਿਸੇ ਵੀ ਸ਼੍ਰੇਣੀ ਨੂੰ ਅਸੰਗਤ ਰੂਪ ਵਿੱਚ ਵੱਧਣ ਨਹੀਂ ਦੇਣਾ ਚਾਹੀਦਾ। ਉਨ੍ਹਾਂ ਨੂੰ ਥੋੜ੍ਹੇ ਸਮੇਂ ਲਈ ਵੱਡੇ ਅਹੁਦੇ ਦੇਣ ਦੀ ਬਜਾਏ, ਲੰਮੇ ਸਮੇਂ ਲਈ ਸਭ ਪੱਧਰ ਦੇ ਅਹੁਦੇ ਚਾਹੀਦੇ ਹਨ ਕਿਉਂਕਿ ਮਨੁੱਖ ਬੜੀ ਆਸਾਨੀ ਨਾਲ ਵਿਗੜ ਜਾਂਦੇ ਹਨ। ਖੁਸ਼ਹਾਲੀ ਵੀ ਹਰ ਇੱਕ ਨੂੰ ਨਹੀਂ ਪਚਦੀ।

ਪਰ ਜੇ ਇਸ ਨਿਯਮ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਅਹੁਦਿਆਂ ਨੂੰ ਇਕ ਦਮ ਖੋਹਣ ਦੀ ਬਜਾਏ ਹੌਲੀ-ਹੌਲੀ ਖੋਹਣਾ ਚਾਹੀਦਾ ਹੈ। ਇਹੋ ਜਿਹੇ ਕਾਰਨ ਹੋਣੇ ਚਾਹੀਦੇ ਹਨ ਜਿਨ੍ਹਾਂ ਨਾਲ ਕੋਈ ਮਨੁੱਖ ਬਹੁਤ ਜ਼ਿਆਦਾ ਸੱਤਾ ਨਾ ਹਥਿਆ ਸਕੇ। ਰਾਜ ਵਿੱਚ ਇੱਕ ਇਹੋ ਜਿਹਾ ਮਹਿਕਮਾ ਵੀ ਹੋਣਾ ਚਾਹੀਦਾ ਹੈ ਜੋ ਉਨ੍ਹਾਂ ਤੇ ਨਜ਼ਰ ਰੱਖਣ, ਜਿਨ੍ਹਾਂ ਦਾ ਜੀਵਨ ਸਰਕਾਰ ਨਾਲ ਇਕਸੁਰ ਨਹੀਂ। ਰਾਜ ਦੇ ਕਿਸੇ ਇਕ ਭਾਗ ਵਿੱਚ ਵੱਧ ਰਹੀ ਖੁਸ਼ਹਾਲੀ ਉੱਤੇ ਧਿਆਨਪੂਰਵਕ ਨਜ਼ਰ ਰੱਖਣੀ ਚਾਹੀਦੀ ਹੈ। ਇਕ ਹੋਰ ਢੰਗ ਨਾਲ

ਇਹ ਹੈ ਕਿ ਗਰੀਬਾਂ ਅਤੇ ਅਮੀਰਾਂ ਨੂੰ ਇੱਕੋ ਇਕਾਈ ਵਿੱਚ ਇਕੱਠਿਆਂ ਕਰ ਦੇਣਾ ਚਾਹੀਦਾ ਹੈ। ਜਾਂ ਫਿਰ ਮੱਧ ਸ਼੍ਰੇਣੀ ਨੂੰ ਵਧਾਉਣਾ ਚਾਹੀਦਾ ਹੈ। ਇਸ ਨਾਲ ਅਸਮਾਨਤਾ ਤੋਂ ਪੈਦਾ ਹੋਣ ਵਾਲੀ ਕ੍ਰਾਂਤੀ ਨੂੰ ਰੋਕਿਆ ਜਾ ਸਕੇਗਾ।

ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਰਾਜ ਦਾ ਪ੍ਰਬੰਧ ਵਿਨਿਯਮ ਕਾਨੂੰਨ ਦੁਆਰਾ ਇਸ ਤਰਾਂ ਕੀਤਾ ਜਾਵੇ ਕਿ ਇਸ ਦੇ ਪ੍ਰਬੰਧਕ (Magistrates) ਆਸਾਨੀ ਨਾਲ ਰੁਪਿਆ ਨਾ ਕਮਾ ਸਕਣ, ਲੋਕ ਇਸ ਗੱਲ ਤੇ ਇਤਰਾਜ਼ ਨਹੀਂ ਕਰਦੇ ਕਿ ਉਨ੍ਹਾਂ ਨੂੰ ਸਰਕਾਰ ਤੋਂ ਬਾਹਰ ਰੱਖਿਆਂ ਜਾਦਾ ਹੈ। ਜਿਹੜੀ ਗੱਲ ਉਨ੍ਹਾਂ ਨੂੰ ਚੁੱਭਦੀ ਹੈ ਕਿ ਉਨ੍ਹਾਂ ਦੇ ਸ਼ਾਸ਼ਕ ਜਨਤਕ ਖਜ਼ਾਨੇ ਲੁੱਟ ਰਹੇ ਹਨ। ਇਸ ਤਰ੍ਹਾਂ ਲੋਕਾਂ ਦੀ ਨਰਾਜ਼ਗੀ ਦੁੱਗਣੀ ਹੋ ਜਾਂਦੀ ਹੈ, ਇੱਕ ਤਾਂ ਉਨ੍ਹਾਂ ਨੂੰ ਅਹੁਦੇ ਨਹੀਂ ਮਿਲਦੇ ਦੂਜੇ ਉਹ ਲਾਭਾਂ ਤੋਂ ਵਾਂਝੇ ਰਹਿੰਦੇ ਹਨ।

ਅੱਗੇ ਚੱਲ ਕੇ ਅਰਸਤੂ ਕਹਿੰਦਾ ਹੈ ਕਿ ਜਿਹੜੀਆਂ ਵੀ ਗੱਲਾਂ ਸੰਵਿਧਾਨਾਂ ਨੂੰ ਸਥਾਈ ਬਣਾਉਣ ਲਈ ਮੈਂ ਦੱਸੀਆਂ ਹਨ ਉਨ੍ਹਾਂ ਵਿਚੋਂ ਸਭ ਤੋਂ ਵੱਡੀ ਗੱਲ ਇਹ ਹੈ ਕਿ ਸਰਕਾਰ ਦੇ ਰੂਪ ਅਨੁਸਾਰ ਲੋਕਾਂ ਨੂੰ ਸਿੱਖਿਆਂ ਦਿੱਤੀ ਜਾਵੇ। ਰਾਜ ਦੇ ਨਾਗਰਿਕਾਂ ਵੱਲੋਂ ਪ੍ਰਵਾਨਿਤ ਉਨ੍ਹਾਂ ਕਾਨੂੰਨਾਂ ਦਾ ਕੋਈ ਫਾਇਦਾ ਨਹੀਂ ਹੋਵੇਗਾ ਜੇ ਯੁਵਕਾਂ ਨੂੰ ਸੰਵਿਧਾਨ ਦੀ ਭਾਵਨਾ ਅਨੁਸਾਰ ਸਿੱਖਿਆ ਤੇ ਸਿਖਲਾਈ ਨਹੀਂ ਦਿੱਤੀ ਜਾਵੇਗੀ।

ਇਸ ਤੋਂ ਬਾਅਦ ਅਰਸਤੂ ਇਸ ਵਿਸ਼ੇ ਤੇ ਬੜੇ ਵਿਸਤਾਰ ਨਾਲ ਚਰਚਾ ਕਰਦਾ ਹੈ ਕਿ ਸਰਕਾਰ ਦੇ ਵਿਸ਼ੇਸ਼ ਰੂਪਾਂ ਨੂੰ ਕਿਵੇਂ ਕਾਇਮ ਰੱਖਿਆ ਜਾ ਸਕਦਾ ਹੈ। ਇਹ ਮੈਕਿਆਵਲੀ ਦੇ 'ਪ੍ਰਿੰਸ' (Machiavelli's Prince) ਵਾਂਗ ਨਿਰਕੁੰਸ਼ ਸ਼ਾਸਕ ਨੂੰ ਅਜਿਹੇ ਨੁਕਤੇ ਦਸਦਾ ਹੈ ਜਿਸ ਨਾਲ ਉਹ ਆਪਣੇ ਸ਼ਾਸ਼ਨ ਨੂੰ ਸੁਰੱਖਿਅਤ ਰੱਖ ਸਕੇ।

ਜਿਸ ਢੰਗ ਨਾਲ ਅਰਸਤੂ ਨੇ ਕ੍ਰਾਂਤੀਆਂ ਦੇ ਕਾਰਣਾ ਦੀ ਤਫਤੀਸ਼ ਕੀਤੀ ਹੈ ਤੇ ਉਨ੍ਹਾਂ ਨੂੰ ਰੋਕਣ ਲਈ ਇਲਾਜ ਦੱਸੇ ਹਨ ਉਸ ਤੋਂ ਉਸਦੀ ਬਾਹਰਮੁਖਤਾ ਤੇ ਵਿਵਹਾਰਿਕ ਪਹੁੰਚ ਦਾ ਪਤਾ ਲੱਗਦਾ ਹੈ।

## 1.10.2 ਦਾਸਤਾ (Slavery) ਸੰਬੰਧੀ ਅਰਸਤੂ ਦੇ ਵਿਚਾਰ

### (Aristotle's view on Slavery)

ਰਾਜਨੀਤਿਕ ਰੂੜ੍ਹੀਵਾਦੀ ਤੇ ਯਥਾਰਥਵਾਦੀ ਹੋਣ ਦੇ ਨਾਤੇ ਅਰਸਤੂ ਆਪਣੇ ਸਮੇਂ ਤੋਂ ਅੱਗੇ ਨਹੀਂ ਦੇਖਦਾ ਅਤੇ ਆਪਣੇ ਸਮੇਂ ਵਿੱਚ ਸਥਾਪਿਤ, ਗੁਲਾਮੀ ਦੀ ਸੰਸਥਾ ਦਾ ਸਮਰਥਨ ਕਰਦਾ ਹੈ ਤੇ ਉਸ ਨੂੰ ਜਾਇਜ਼ ਠਹਿਰਾਉਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨਾ ਹੀ ਪਲੈਟੋ, ਤੇ ਨਾ ਹੀ ਅਰਸਤੂ ਦਾਸਤਾ ਦੇ ਕਿਸੇ ਵੀ ਰੂਪ ਦਾ ਵਿਰੋਧ ਕਰਦੇ ਹਨ। ਪਲੈਟੋ ਆਪਣੀ 'ਰਿਪਬਲਿਕ' ਵਿੱਚ ਯੂਨਾਨੀਆਂ ਨੂੰ ਗੁਲਾਮ ਬਣਾਉਣ ਤੇ ਇਤਰਾਜ਼ ਕਰਦਾ ਹੈ ਤਾਂ 'ਲਾਅਜ਼' ਵਿੱਚ ਉਹ ਦਾਸਤਾਂ ਤੇ ਦਾਸਾਂ ਲਈ ਕਾਨੂੰਨ ਬਣਾਉਣ ਨੂੰ ਮਾਨਤਾ ਦੇਂਦਾ ਹੈ। ਉਹ ਦਾਸਾਂ ਨੂੰ ਬੱਚਿਆਂ ਵਾਂਗ ਸਮਝਦਾ ਹੈ। ਜਿਨ੍ਹਾਂ ਦੇ ਦਿਮਾਗ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਏ। ਅਰਸਤੂ ਇਹ ਜਾਣਦਿਆਂ ਹੋਇਆਂ ਕਿ ਇਸ ਸੰਬੰਧੀ ਕਾਫੀ ਵਾਦ-ਵਿਵਾਦ ਦੇ ਦਿਮਾਗ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਏ। ਅਰਸਤੂ ਇਹ ਜਾਣਦਿਆਂ ਹੋਇਆਂ ਕਿ ਇਸ ਸੰਬੰਧੀ ਕਾਫੀ ਵਾਦ-ਵਿਵਾਦ ਹੈ, ਮੈਲਡੋਲ ਦੇ ਫਿਲਿਪ ਵਲੋਜ ਹਾਰੇ ਹੋਏ ਯੂਨਾਨੀਆਂ ਨੂੰ ਦਾਸ ਬਣਾਉਣ ਬਾਰੇ ਕੋਈ ਸਪਸ਼ਟ ਰਾਏ ਨਹੀਂ ਦੇਂਦਾ। ਪਰ ਉਹ ਅਸੱਭਿਆ ਲੋਕਾਂ ਲਈ, ਜੋ ਕੁਦਰਤ ਵੱਲੋਂ ਹੀ ਦਾਸ ਹਨ, ਦਾਸਤਾਂ ਨੂੰ ਯੋਗ ਸਮਝਦਾ ਹੈ। ਅਰਸਤੂ ਦਾ ਵਿਚਾਰ ਹੈ ਕਿ ਕੁਦਰਤੀ ਦਾਸ ਉਹ ਜੋ ਮੁੱਖ ਰੂਪ ਵਿੱਚ ਆਪਣੇ ਸਰੀਰ ਤੋਂ ਕੰਮ ਲੈਂਦਾ ਹੈ ਪਰ ਮਾਨਸਿਕ ਤੌਰ ਤੇ ਉਹ ਇਤਨਾ ਵਿਕਸਿਤ ਹੈ ਕਿ ਉਹ ਭਾਵੇਂ ਆਪਣੇ ਆਪ ਤੇ ਕੰਟਰੋਲ ਨਹੀਂ ਕਰ ਸਕਦਾ ਉਹ ਆਪਣੇ ਤੋਂ ਸ਼੍ਰੇਸ਼ਟ ਮਾਨਸਿਕ ਸ਼ਕਤੀ ਵਾਲੇ ਨੂੰ ਸਮਝ ਸਕਦਾ ਹੈ ਤੇ ਉਸਦੇ ਨਿਯੰਤਰਨ ਅਧੀਨ ਰਹਿ ਕੇ ਇਸ ਤੋਂ ਲਾਭ ਉਠਾ ਸਕਦਾ ਹੈ। ਉਹ ਪਰਿਵਾਰ ਵਿੱਚ ਰਹਿਣ ਵਾਲਾ ਦਾਸ ਹੈ ਜੋ ਪਰਿਵਾਰ ਦੇ ਜੀਵਨ ਨਾਲ ਉੱਨਤੀ ਕਰਦਾ ਹੈ। ਜੋ ਉਹ ਪਰਿਵਾਰ ਦੇ ਉਦੇਸ਼ਾਂ ਦੀ ਪਾਲਣਾ ਕਰਦਾ ਹੈ, ਜਿਹੜੇ

ਕਿ ਨਿਸ਼ਚੇ ਹੀ ਨੈਤਿਕ ਉਦੇਸ਼ ਹਨ ਤਾਂ ਉਹ ਇਨ੍ਹਾਂ ਦੇ ਲਾਭਾਂ ਤੋਂ ਫਾਇਦਾ ਉਠਾਂਦਾ ਹੈ। ਦਾਸਤਾਂ ਸੰਬੰਧੀ ਅਰਸਤੂ ਦੇ ਵਿਚਾਰ ਵਿੱਚ ਕਿਤੇ ਵੀ ਕੋਈ ਸਖਤੀ ਵਾਲੀ ਗੱਲ ਨਹੀਂ।

## 1.10.2.1 ਦਾਸਤਾਂ ਦੇ ਅਰਥ ਤੇ ਇਸਦੀ ਪ੍ਰਾਕ੍ਰਿਤੀ

**(Meaning and Nature of Slavery)**

ਆਪਣੀ ਰਚਨਾ 'ਪਾਲਿਟਿਕਸ' ਦੇ ਪਹਿਲੇ ਅਧਿਆਏ ਵਿੱਚ ਰਾਜ ਦਾ ਵਿਕਾਸ ਪਰਿਵਾਰ ਵਿਚੋਂ ਦਸਦਿਆਂ ਹੋਇਆਂ ਅਰਸਤੂ ਪਰਿਵਾਰ ਦੀ ਅਰਥ-ਵਿਵਸਥਾ ਦੇ ਭਾਗਾਂ ਤੇ ਵਿਚਾਰ ਕਰਦਾ ਹੈ ਜਿਵੇਂ ਕਿ ਇਕ ਸੰਗੀਤਕਾਰ ਨੂੰ ਆਪਣੀ ਕਲਾ ਲਈ ਸਾਜ਼ਾਂ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਹੀ ਪਰਿਵਾਰ ਦੇ ਪ੍ਰਬੰਧ ਦੀ ਕਲਾ ਲਈ ਕੁਝ ਸਾਜ਼ਾਂ ਦੀ ਲੋੜ ਹੈ। ਇਹ ਸਾਜ਼ ਤਿੰਨ ਪ੍ਰਕਾਰ ਦੇ ਹੁੰਦੇ ਹਨ। ਇਨ੍ਹਾਂ ਵਿਚੋਂ ਕੁਝ ਸਾਜ਼ ਜੀਵਤ ਹੁੰਦੇ ਹਨ ਤੇ ਕੁਝ ਨਿਰਜੀਵ। ਇਨ੍ਹਾਂ ਵਿੱਚ ਦਾਸ ਜੀਵਨ ਸਾਜ਼ ਹਨ ਤੇ ਦੂਜੀ ਕਿਸਮ ਦੀ ਸੰਪਤੀ ਨਿਰਜੀਵ। ਅਰਸਤੂ ਅਨੁਸਾਰ ਦਾਸ ਕਰਮ (Action) ਦਾ ਸਾਜ਼ ਹਨ ਅਤੇ ਇਹ ਪਰਿਵਾਰਿਕ ਅਰਥ-ਵਿਵਸਥਾ ਦਾ ਲਾਜ਼ਮੀ ਭਾਗ ਹਨ।

ਦਾਸ ਇੱਕ ਸੰਪਤੀ ਹਨ ਤੇ ਸੰਪਤੀ ਦੀ ਉਸੇ ਤਰ੍ਹਾਂ ਦੀ ਗੱਲ ਹੁੰਦੀ ਹੈ ਜਿਵੇਂ ਕਿ ਇਕ ਭਾਗ ਦੀ। ਭਾਗ ਕੇਵਲ ਕਿਸੇ ਵਸਤੂ ਦਾ ਹਿੱਸਾ ਹੀ ਨਹੀਂ ਹੁੰਦਾ ਸਗੋਂ ਪੂਰਣ ਰੂਪ ਵਿੱਚ ਉਸ ਦਾ ਅੰਗ ਵੀ ਹੁੰਦਾ ਹੈ। ਸੁਆਮੀ ਦਾਸ ਦਾ ਕੇਵਲ ਸੁਆਮੀ ਹੀ ਹੈ ਉਸ ਦਾ ਅੰਗ ਨਹੀਂ ਪਰ ਦਾਸ ਸੁਆਮੀ ਦਾ ਦਾਸ ਹੀ ਨਹੀਂ ਸਗੋਂ ਉਸਦੀ ਸੰਪਤੀ ਵੀ ਹੈ। ਅਰਸਤੂ ਦਾਸਤਾ ਨੂੰ ਕੁਦਰਤੀ ਸਮਝਦਿਆਂ ਹੋਇਆਂ ਹੀ ਇਸ ਨੂੰ ਜਾਇਜ਼ ਠਹਿਰਾਉਂਦਾ ਹੈ ਅਤੇ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਜੋ ਕੁਦਰਤ ਵੱਲੋ ਹੀ ਆਪਣਾ ਨਹੀਂ ਸਗੋਂ ਕਿਸੇ ਹੋਰ ਦਾ ਬੰਦਾ ਹੈ ਉਹ ਕੁਦਰਤ ਵਜੋਂ ਹੀ ਦਾਸ ਹੈ। ਕਿਸੇ ਹੋਰ ਦਾ ਬੰਦਾ ਹੋਣ ਦੇ ਨਾਤੇ ਉਸ ਨੂੰ ਇਕ ਸੰਪਤੀ ਹੀ ਸਮਝਣਾ ਚਾਹੀਦਾ ਹੈ।

ਅਰਸਤੂ ਸੋਫਿਸਟਾਂ (Sophists) ਨਾਲ ਸਹਿਮਤ ਨਹੀਂ ਜੋ ਇਹ ਕਹਿੰਦੇ ਹਨ ਕਿ ਪਰਮਾਤਮਾ ਨੇ ਸਭ ਮਨੁੱਖ ਬਰਾਬਰ ਬਣਾਏ ਹਨ ਅਤੇ ਦਾਸਤਾ ਦੀ ਸੰਸਥਾ ਅਯੋਗ ਹੈ ਕਿਉਂਕਿ ਇਸ ਦੀ ਹੋਂਦ ਪਰੰਪਰਾ ਕਾਰਣ ਹੈ, ਕੁਦਰਤ ਵਲੋਂ ਨਹੀਂ। ਸੋਫਿਸ਼ਟ ਮਨੁੱਖ ਨੂੰ ਕੁਦਰਤ ਵਲੋਂ ਸਮਾਨ ਸਮਝਦੇ ਹਨ। ਪਰ ਅਰਸਤੂ ਕਹਿੰਦਾ ਹੈ ਕਿ ਮਨੁੱਖ ਆਪਣੀ ਪ੍ਰਕ੍ਰਿਤੀ ਤੇ ਸਮਰਥਾਵਾਂ ਵਜੋਂ ਵਿਭਿੰਨ ਹਨ। ਇਸ ਲਈ ਕੁਝ ਨੂੰ ਹਾਕਿਮ ਹੋਣਾ ਚਾਹੀਦਾ ਹੈ ਤੇ ਦੂਜਿਆਂ ਨੂੰ ਮਹਿਰੂਮ। ਇਹ ਗੱਲ ਕੇਵਲ ਜ਼ਰੂਰੀ ਨਹੀਂ ਸਗੋਂ ਮੁਨਾਸਿਬ ਵੀ ਹੈ। ਕੁਝ ਲੋਕ ਜਨਮ ਤੋਂ ਹੀ ਮਾਤਹਿਤੀ ਕਰਨ ਲਈ ਹੁੰਦੇ ਹਨ ਅਤੇ ਕੁਝ ਹਕੂਮਤ ਕਰਨ ਲਈ। ਅਰਸਤੂ ਅਨੁਸਾਰ ਦਾਸਤਾ ਕੁਦਰਤ ਦੇ ਇਸ ਆਮ ਅਸੂਲ ਨੂੰ ਪ੍ਰਗਟਾਉਂਦੀ ਹੈ ਕਿ ਹੀਨਤਾ ਸ਼੍ਰੇਸ਼ਟਤਾ ਦੇ ਅਧੀਨ ਹੈ ਜਿਵੇ ਂ ਕਿ ਸਰੀਰ ਆਤਮਾ ਦੇ ਅਧੀਨ, ਲਾਲਸਾ ਵਿਵੇਕ ਦੇ ਅਧੀਨ, ਪਸ਼ੂ ਮਨੁੱਖ ਦੇ ਅਧੀਨ, ਇਸਤਰੀਆਂ ਮਰਦਾਂ ਅਧੀਨ, ਬੱਚੇ ਮਾਪਿਆਂ ਦੇ ਅਧੀਨ, ਆਦਿ। ਇਹ ਸਥਿਤੀ ਪੂਰਨ ਰੂਪਵਾਨ ਹੈ ਅਤੇ ਭ੍ਰਿਸ਼ਟ ਰੂਪ ਵਿੱਚ ਇਹ ਸਥਿਤੀ ਉਲਟ ਜਾਵੇਗੀ। ਹੀਣ ਮਨੁੱਖ ਕੁਦਰਤ ਵਲੋਂ ਹੀ ਦਾਸ ਹੁੰਦੇ ਹਨ ਅਤੇ ਸਾਰੇ ਹੀਣਾਂ ਵਾਗੂੰ ਇਹ ਵੀ ਬਿਹਤਰ ਹੈ ਕਿ ਉਹ ਕਿਸੇ ਸੁਆਮੀ ਦੇ ਸ਼ਾਸ਼ਨ ਅਧੀਨ ਰਹਿਣ। ਇਹ ਅਧੀਨਗੀ ਕੁਦਰਤੀ ਹੋਣ ਕਾਰਣ ਨਿਆਂ-ਪੂਰਵਕ ਹੈ ਅਤੇ ਇਸਦੇ ਵਿੱਚ ਦੋਹਾਂ ਦਾ ਹੀ ਲਾਭ ਹੈ।

ਅਰਸਤੂ ਦਾ ਵਿਚਾਰ ਹੈ ਕਿ ਸਮਰੱਥਾ ਦੇ ਪੱਖ ਤੋਂ ਵੀ ਲੋਕ ਇਕ ਦੂਜੇ ਤੋਂ ਵਿਭਿੰਨ ਹਨ। ਕੁਝ ਲੋਕ ਉਹ ਹਨ ਜਿਨ੍ਹਾਂ ਨੂੰ ਕੁਦਰਤ ਵਲੋਂ ਹੀ ਵਿਵੇਕ ਦੀ ਉੱਚ ਦਾਤ ਮਿਲੀ ਹੁੰਦੀ ਹੈ ਜੋ ਉਨ੍ਹਾਂ ਨੂੰ ਸ਼ਾਸ਼ਨ ਕਰਨ ਦੇ ਯੋਗ ਬਣਾਉਂਦੀ ਹੈ ਅਤੇ ਕੁਝ ਉਹ ਹਨ ਜਿਨ੍ਹਾਂ ਵਿੱਚ ਵਿਵੇਕ ਨੂੰ ਸਮਝਣ ਦੀ ਸਮਰੱਥਾ ਹੁੰਦੀ ਹੈ। ਦਾਸ ਆਪਣੇ ਸੁਆਮੀ ਤੋਂ ਇਸ ਗੱਲੋਂ ਵੱਖਰਾ ਹੈ ਕਿ ਉਸ ਪਾਸ ਵਿਵੇਕ ਦੀ ਦੌਲਤ ਨਹੀਂ, ਪਸੂਆਂ ਦੇ ਵਿਪ੍ਰਤੀ ਉਹ ਵਿਵੇਕ ਨੂੰ ਸਮਝਣ ਦੀ ਯੋਗਤਾ ਰੱਖਦਾ ਹੈ। ਅਰਸਤੂ ਦੇ ਦਾਸਤਾ ਦੇ ਸਿਧਾਂਤ ਦਾ ਆਧਾਰ ਦੋ ਮਨੌਤਾਂ ਤੇ ਹੈ : (1) ਮਨੁੱਖ ਕੁਦਰਤ ਵਜੋਂ ਹੀ ਅਸਮਾਨ ਹੁੰਦੇ ਹਨ ਅਤੇ ਸਦਗੁਣ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਵਜੋਂ ਦੋ ਸ਼੍ਰੇਣੀਆਂ ਵਿੱਚ ਵੰਡੇ ਹੋਏ ਹਨ ਅਤੇ (2) ਇਹ ਨਿਰਧਾਰਿਤ ਕਰਨਾ ਵੀ ਸੰਭਵ

ਹੈ ਕਿਹੜੇ ਮਨੁੱਖ ਵਿੱਚ ਸਦਗੁਣ ਹੈ ਤੇ ਕਿਹੜੇ ਵਿੱਚ ਨਹੀਂ। ਅਰਸਤੂ ਨੂੰ ਪਹਿਲੀ ਮਨੌਤ ਬਾਰ ਕੁਝ ਸ਼ੰਕੇ ਹਨ ਪਰ ਦੂਜੀ ਬਾਰੇ। ਉਹ ਕੁਝ ਕਠਿਨਾਈ ਮਹਿਸੂਸ ਕਰਦਾ ਹੈ। ਅਰਸਤੂ ਅਨੁਸਾਰ ਕੁਦਰਤ ਦੇ ਦਾਸਾਂ ਤੋਂ ਸੁਤੰਤਰ ਪੁਰਸ਼ਾਂ ਦੇ ਸਰੀਰਾਂ ਨੂੰ ਵੱਖ-ਵੱਖ ਬਣਾਇਆ ਹੈ। ਦਾਸਾਂ ਤੇ ਸਰੀਰਾਂ ਨੂੰ ਜਿਸਮਾਨੀ ਸੇਵਾ ਲਈ ਮਜ਼ਬੂਤ ਬਣਾਇਆ ਹੈ ਤੇ ਦੂਜੇ ਨੂੰ ਜੰਗ ਅਤੇ ਅਮਨ ਦੇ ਸਮੇਂ ਵਿੱਚ ਰਾਜਨੀਤਿਕ ਜੀਵਨ ਲਈ ਸੁੱਚਾ ਤੇ ਲਾਭਕਾਰੀ। ਕੀ ਦਾਸ ਪਾਸ ਘੁੰਮਣ-ਫਿਰਨ ਦੀ ਉਹ ਆਜ਼ਾਦੀ ਤੇ ਮਾਣ ਆ ਸਕਦੀ ਹੈ ਜੋ ਜ਼ਿਮਨੇ ਜ਼ੀਅਮ ਵਿੱਚ ਸਿਖਲਾਈ ਪ੍ਰਾਪਤ ਕਿਸੇ ਆਜ਼ਾਦ ਯੂਨਾਨੀ ਕੋਲ ਹੈ?

## 1.10.2.2 ਦਾਸਤਾ ਦੀ ਉਚਿੱਤਤਾ (Justification of Slavery)

ਅਰਸਤੂ ਦਾਸਤਾ ਨੂੰ ਇਸ ਬਿਨਾਂ ਤੇ ਉੱਚਿਤ ਸਮਝਦਾ ਹੈ ਇਸ ਦੇ ਨਾਲ ਦਾਸ ਲਈ ਬਿਹਤਰੀਨ ਹਾਲਾਤ ਪੈਦਾ ਕੀਤੇ ਜਾ ਸਕਦੇ ਹਨ। ਦਾਸ ਲਈ ਆਪਣੇ ਸੁਆਮੀ ਦੀ ਸੰਗਤ ਬਹੁਤ ਲਾਭਦਾਇਕ ਹੈ ਕਿਉਂਕਿ ਇਸ ਤਰੀਕੇ ਨਾਲ ਉਹ ਸੁਆਮੀ ਦੇ ਜੀਵਨ, ਅਰਥਾਤ ਉਸਦੇ ਸਦਗੁਣਾ ਤੇ ਉੱਤਮਤਾ ਦਾ ਹਿੱਸੇਦਾਰ ਹੋ ਜਾਂਦਾ ਹੈ। ਸੁਆਮੀ ਨੂੰ ਵੀ ਦਾਸ ਦੀ ਲੋੜ ਪੈਂਦੀ ਹੈ ਕਿਉਂਕਿ ਇਸ ਦੇ ਨਾਲ ਉਸਨੂੰ ਰਾਜਨੀਤਿਕ ਜੀਵਨ ਲਈ ਲੋੜੀਂਦੀ ਵਿਹਲ ਮਿਲਦੀ ਹੈ। ਇਹ ਜੀਵਨ ਸਦਗੁਣ ਵਾਲਾ ਜੀਵਨ ਹੁੰਦਾ ਹੈ। ਜਿਵੇਂ ਕੋਈ ਸੰਗੀਤਕਾਰ ਯੋਗ ਸਾਜ਼ਾਂ ਤੋ ਬਗੈਰ ਚੰਗਾ ਸੰਗੀਤ ਪੈਦਾ ਨਹੀਂ ਕਰ ਸਕਦਾ ਇਸੇ ਤਰ੍ਹਾਂ ਦਾਸਾਂ ਤੋਂ ਬਿਨ੍ਹਾਂ ਨਾਗਰਿਕ ਸੋਹਣਾ ਜੀਵਨ ਬਤੀਤ ਨਹੀਂ ਕਰ ਸਕਦੇ। ਇਸ ਤਰ੍ਹਾਂ ਦਾਸਤਾ ਦੇ ਪੱਖ ਵਿੱਚ ਉਸ ਦੀ ਸਫਾਈ ਤਰਕਪੂਰਣ ਨਹੀਂ। ਦਾਸਤਾ ਦੀ ਸਫਾਈ ਲਈ ਉਸਦਾ ਆਧਾਰ ਨਾਗਰਿਕਾਂ ਸੰਬੰਧੀ ਉਸਦੇ ਸੰਕਲਪ ਉੱਤੇ ਹੈ। ਉਸਦੇ ਲਈ ਨਾਗਰਿਕ ਉਹ ਵਿਹਲੀ ਸ਼੍ਰੇਣੀ ਹਨ ਜੋ ਰਾਜਨੀਤਿਕ ਜੀਵਨ ਵਿੱਚ ਸਰਗਰਮ ਹਿੱਸਾ ਲੈਂਦੇ ਹਨ।

ਅਰਸਤੂ ਦੀ ਦਾਸਤਾ ਦੀ ਉਚਿਤਤਾ ਕੁਝ ਸ਼ਰਤਾਂ ਤੇ ਆਧਾਰਿਤ ਹੈ। ਇਹ ਕਰਮ (Action) ਦਾ ਸਾਧਨ ਹੈ, ਉਤਦਾਪਨ ਦਾ ਨਹੀਂ। ਦਾਸਤਾਂ ਨੂੰ ਧਨ ਕਮਾਉਣ ਲਈ ਜਾਂ ਸੁਆਮੀ ਦੀ ਸ਼ਕਤੀ ਵਧਾਉਣ ਲਈ ਨਹੀਂ ਵਰਤਿਆ ਜਾ ਸਕਦਾ। ਇਹ ਸੁਆਮੀ ਨੂੰ ਕੇਵਲ ਵਿਹਲ ਮੁਹੱਈਆ ਕਰਦੀ ਹੈ। ਯੂਨਾਨ ਵਿੱਚ ਦਾਸਾਂ ਦੀ ਸਥਿਤੀ ਮੱਧਕਾਲ ਜਾਂ ਬਾਅਦ ਦੇ ਸਮੇਂ ਦੇ ਦਾਸਾਂ ਦੀ ਸਥਿਤੀ ਨਾਲੋਂ ਵੱਖਰੀ ਹੈ। ਇਹ ਸਮਝ ਲੈਣਾ ਚਾਹੀਦਾ ਹੈ ਕਿ ਦਾਸਤਾਂ ਦੀ ਸੰਸਥਾ ਦੀ ਹਮਾਇਤ ਕਰਨ ਲੱਗਿਆਂ ਉਸ ਦੇ ਮਨ ਵਿੱਚ ਕੇਵਲ ਏਥਨਜ਼ ਦਾ ਦਾਸ ਸੀ। ਉਸ ਦਾ ਜੀਵਨ ਸੁਖਿਆਰਾ ਸੀ। ਉਹ ਆਪਣੇ ਸੁਆਮੀ ਦੇ ਪਰਿਵਾਰ ਦੇ ਮੈਂਬਰਾਂ ਵਾਂਗ ਹੀ ਕਪੜੇ ਪਾਉਂਦਾ ਸੀ ਅਤੇ ਉਸ ਦੇ ਪਰਿਵਾਰ ਦਾ ਮੈਂਬਰ ਹੀ ਸਮਝਿਆਂ ਜਾਂਦਾ ਸੀ। ਏਥੇ ਤਕ ਕਿ ਨਾਗਰਿਕ ਸੇਵਾ ਦੇ ਕੁਝ ਹੇਠਲੇ ਅਹੁਦੇ ਕਈ ਵਾਰੀ ਦਾਸਾਂ ਨਾਲ ਭਰੇ ਜਾਂਦੇ ਹਨ।

ਅਰਸਤੂ ਕਾਨੂੰਨ ਦੁਆਰਾ ਦਾਸਤਾਂ ਦਾ ਹਾਮੀ ਨਹੀਂ ਸੀ। ਜਿਸ ਦਾ ਮਤਲਬ ਸੀ ਜੰਗੀ ਕੈਦੀਆਂ ਨੂੰ ਦਾਸ ਬਨਾਉਣਾ। ਜੰਗੀ ਪੱਖ ਤੋਂ ਸ਼ਕਤੀਸ਼ਾਲੀ ਹੋਣ ਦਾ ਮਤਲਬ ਇਹ ਨਹੀਂ ਕਿ ਕੀ ਉਹ ਹਰ ਪੱਖ ਤੋਂ ਸ਼੍ਰੇਸ਼ਟ ਹੋ ਸਕਦਾ ਸੀ ਕਿ ਜੰਗ ਦਾ ਕਾਰਨ ਉਚਿਤ ਨਾ ਹੋਵੇ। ਇਕ ਯੂਨਾਨੀ ਨੂੰ ਕਿਸੇ ਦੂਸਰੇ ਯੂਨਾਨੀ ਨੂੰ ਦਾਸ ਨਹੀਂ ਬਣਾਉਣਾ ਚਾਹੀਦਾ। ਕਿਉਂ ਜੋ ਸੁਆਮੀ ਤੇ ਦਾਸ ਦੇ ਹਿੱਤ ਇੱਕ ਸਮਾਨ ਹਨ ਇਸ ਲਈ ਸੁਆਮੀ ਨੂੰ ਦਾਸ ਨਾਲ ਚੰਗਾ ਸਲੂਕ ਕਰਨਾ ਚਾਹੀਦਾ ਹੈ ਅਤੇ ਉਸ ਨੂੰ ਕੇਵਲ ਹੁਕਮ ਹੀ ਨਹੀਂ ਦੇਣਾ ਚਾਹੀਦਾ ਸਗੋਂ ਦਲੀਲ ਨਾਲ ਸਮਝਾਉਣਾ ਵੀ ਚਾਹੀਦਾ ਹੈ। ਜਿਹੜੇ ਸੁਆਮੀ ਦਾਸ ਉੱਤੇ ਜ਼ੁਲਮ ਕਰਨ ਉਨ੍ਹਾਂ ਨੂੰ ਸ਼ਜ਼ਾ ਮਿਲਣੀ ਚਾਹੀਦੀ ਹੈ। ਕੇਵਲ ਉਨ੍ਹਾਂ ਜੰਗੀ ਕੈਦੀਆਂ ਨੂੰ ਦਾਸ ਬਣਾਉਣਾ ਚਾਹੀਦਾ ਹੈ ਜਿਹੜੇ ਜੇਤੂਆਂ ਨਾਲੋਂ ਬੌਧਿਕ ਤੌਰ ਤੇ ਘਟੀਆ ਹੋਣ।

ਦਾਸਤਾਂ ਉੱਤੇ ਅਰਸਤੂ ਦੇ ਵਿਚਾਰ ਉਸਦੇ ਯਥਾਰਥਵਾਦ ਅਤੇ ਸੁਨਹਿਰੀ ਮੱਧ-ਮਾਰਗ ਤੇ ਅਸੂਲ ਤੇ ਆਧਾਰਿਤ ਹਨ। ਉਸ ਦੇ ਜ਼ਮਾਨੇ ਵਿੱਚ ਇੱਕ ਪਾਸੇ ਯੂਨਾਨੀ ਸਨ ਜੋ ਰਾਸ਼ਟਰੀ ਅਰਥ-ਵਿਵਸਥਾ ਲਈ ਦਾਸਾਂ ਨੂੰ ਢੂੰਡਦੇ ਫਿਰਦੇ ਸਨ ਤੇ ਦੂਜੇ ਪਾਸੇ ਸੋਫਿਸਟ ਸਨ ਜੋ ਦਾਸਤਾਂ ਨੂੰ ਕੁਦਰਤੀ ਨਿਯਮ ਦੇ ਵਿਰੁੱਧ ਸਮਝਦੇ ਸਨ ਤੇ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਆਜ਼ਾਦੀ ਹਰ ਵਿਅਕਤੀ ਦਾ ਜਨਮ ਸਿੱਧ ਅਧਿਕਾਰ

ਹੈ। ਅਰਸਤੂ ਨੂੰ ਦਾਸਤਾਂ ਦੇ ਹਕ ਵਿੱਚ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਉਹ ਰੂੜ੍ਹੀਵਾਦੀ ਤੇ ਯਥਾਰਥਵਾਦੀ ਸੀ ਕਿਉਂਕਿ ਉਸ ਸਮੇਂ ਯੂਨਾਨ ਵਿੱਚ ਦਾਸਤਾ ਆਮ ਪ੍ਰਚਲਿਤ ਸੀ ਅਤੇ ਇਸ ਨੂੰ ਆਰਥਿਕ ਤੇ ਸਮਾਜਿਕ ਜੀਵਨ ਦਾ ਇੱਕ ਮਹੱਤਵਪੂਰਣ ਅੰਗ ਸਮਝਿਆ ਜਾਂਦਾ ਸੀ। ਦਾਸਾਂ ਦੀ ਪੂਰਣ ਬੰਦ-ਖਲਾਸੀ ਨਾਲ ਯੂਨਾਨੀ ਸਮਾਜ ਦਾ ਆਰਥਿਕ ਤੇ ਸਮਾਜਿਕ ਤਾਣਾਪੇਟਾਂ ਉਥਲ ਪੁਥਲ ਹੋ ਜਾਣਾ ਸੀ। ਇਹੋ ਕਾਰਨ ਹੈ ਕਿ ਜਿੱਥੇ ਅਰਸਤੂ ਦਾਸ ਸੰਸਥਾ ਨੂੰ ਕਾਇਮ ਰੱਖਣ ਦੇ ਹੱਕ ਵਿੱਚ ਹੈ, ਉਥੇ ਉਹ ਦਾਸਾਂ ਲਈ ਆਪਣੀ ਸੁਤੰਤਰਤਾ ਨੂੰ ਖਰੀਦਣ ਦਾ ਉਪਬੰਧ ਵੀ ਕਰਦਾ ਹੈ।

## 1.10.2.3 ਅਰਸਤੂ ਵੱਲੋਂ ਦਾਸਤਾਂ ਦੀ ਪੱਖ ਪੂਰਤੀ ਦੀ ਆਲੋਚਨਾ

**(Criticism of Aristotle's defence of Slavery)**

ਅਰਸਤੂ ਵੱਲੋਂ ਦਾਸਤਾਂ ਦੀ ਪੱਖ ਪੂਰਤੀ ਤੇ ਨੈਤਿਕਤਾ ਦੇ ਹਰ ਅਸੂਲ ਦੇ ਉਲਟ ਹੈ। ਅਰਸਤੂ ਵਰਗੇ ਕਾਬਿਲ ਦਾਰਸ਼ਨਿਕ ਕੋਲੋਂ ਇਹ ਆਸ ਰੱਖੀ ਜਾ ਸਕਦੀ ਸੀ ਕਿ ਉਹ ਨਿਆਂ ਵਾਲੀ ਸੰਸਥਾ ਦੀ ਨਿਖੇਧੀ ਕਰੇ। ਪਰ ਇਸ ਤੋਂ ਉਲਟ ਉਹ ਇਸ ਨੂੰ ਉਚਿਤ ਠਹਿਰਾਉਂਣ ਦਾ ਜਤਨ ਕਰਦਾ ਹੈ। ਜਿਵੇਂ ਕਿ ਅਬੈਂਸਟਇਨ (Ebenstein) ਨੇ ਕਿਹਾ ਹੈ, ਉਸਦੇ ਵਲੋਂ ਦਾਸਤਾਂ ਦੀ ਪ੍ਰਵਾਨਗੀ ਇਹ ਦੱਸਦੀ ਹੈ ਕਿ ਕਿਵੇਂ ਅਰਸਤੂ ਵਰਗਾ ਸਿਆਣਾ ਤੇ ਮਹਾਂ ਦਾਰਸ਼ਨਿਕ ਵੀ ਆਪਣੇ ਸਮੇਂ ਦੀ ਸੰਸਥਾ ਦਾ ਗੁਲਾਮ ਬਣ ਸਕਦਾ ਸੀ ਅਤੇ ਉਹਨਾਂ ਪੱਖਪਾਤਾਂ ਦਾ ਸ਼ਿਕਾਰ ਹੋ ਸਕਦਾ ਸੀ ਜੋ ਉਨ੍ਹਾਂ ਨੂੰ ਉਚਿਤ ਠਹਿਰਾਉਂਦੇ ਹਨ।

ਅਰਸਤੂ ਵਲੋਂ ਦਾਸਤਾ ਦੀ ਸਫਾਈ ਬਾਰੇ ਭਾਵੇਂ ਕੋਈ ਵੀ ਕਾਰਣ ਦੱਸੇ ਜਾਣ, ਉਸ ਦੀ ਸਥਿਤੀ ਨੂੰ ਉਚਿਤ ਤੇ ਠੋਸ ਨਹੀਂ ਮੰਨਿਆ ਜਾ ਸਕਦਾ। ਇਸ ਦਾ ਆਧਾਰ ਪੂਰਣ ਤੌਰ ਤੇ ਨਾ ਮੰਨਣ ਯੋਗ ਇਸ ਮਨੌਤ ਤੇ ਹੈ ਕਿ ਮਾਨਵ-ਜਾਤੀ ਦੋ ਸ਼੍ਰੇਣੀਆਂ ਵਿੱਚ ਵੰਡੀ ਹੋਈ ਹੈ - ਇੱਕ ਉਹ ਹਨ ਜਿਨ੍ਹਾਂ ਨੂੰ ਸਦਗੁਣਾਂ ਦੀ ਦਾਤ ਪ੍ਰਾਪਤ ਹੈ ਤੇ ਦੂਜੇ ਉਹ ਜੋ ਇਸ ਦਾਤ ਤੋਂ ਵਾਂਝੇ ਹਨ। ਦੇਖਿਆ ਜਾਵੇ ਤਦ ਕੋਈ ਵੀ ਮਨੁੱਖ ਪੂਰਣ ਤੌਰ ਤੇ ਸਦਗੁਣਾਂ ਤੋਂ ਖਾਲੀ ਨਹੀਂ। ਅਸੀਂ ਕੇਵਲ ਇਹ ਕਹਿ ਸਕਦੇ ਹਾਂ ਕਿ ਕੁਝ ਮਨੁੱਖਾਂ ਵਿੱਚ ਬਹੁਤ ਸਦਗੁਣ ਹਨ ਤੇ ਕੁਝ ਵਿੱਚ ਘੱਟ। ਜੇ ਦਾਸਾਂ ਵਿੱਚ ਵਿਵੇਕ ਦੀ ਅਣਹੋਂਦ ਹੈ ਤਾਂ ਉਹ ਸੁਆਮੀ ਦੇ ਸਦਗੁਣਾਂ ਦੇ ਭਾਗੀਦਾਰ ਕਿਵੇਂ ਬਣ ਸਕਦੇ ਹਨ? ਵਿਵੇਕ ਤੋਂ ਖਾਲੀ ਕੋਈ ਮਨੁੱਖ ਨਹੀਂ ਹੋ ਸਕਦਾ।

ਜੇ ਇਹ ਮੰਨ ਲਿਆ ਜਾਵੇ ਕਿ ਕਿਸੇ ਮਨੁੱਖ ਵਿੱਚ ਦਾਸਾਂ ਦੇ ਲੱਛਣ ਹੁੰਦੇ ਹਨ ਤਾਂ ਸੁਆਲ ਪੈਦਾ ਹੁੰਦਾ ਹੈ ਕਿ ਉਹ ਕਿਹੜਾ ਮਿਆਰ ਹੈ ਜਿਸ ਨਾਲ ਉਸ ਨੂੰ ਲੱਭਿਆ ਜਾ ਸਕਦਾ ਹੈ। ਅਰਸਤੂ ਦਾ ਕਹਿਣਾ ਹੈ ਕਿ ਦਾਸਤਾਂ ਦੇ ਲੱਛਣ ਯੂਨਾਨੀਆਂ ਵਿੱਚ ਨਹੀਂ, ਕੇਵਲ ਗੈਰ-ਯੂਨਾਨੀਆਂ ਵਿੱਚ ਹੁੰਦੇ ਹਨ ਜੋ, ਉਸਦੇ ਨਸਲਵਾਦੀ ਹੋਣ ਦਾ ਪ੍ਰਤੀਕ ਹਨ।

ਹੋਰ ਇਹ ਕਿ ਅਰਸਤੂ ਦੀ ਦਾਸਤਾ ਦੀ ਪਰਿਭਾਸ਼ਾ ਅੱਜਕੱਲ੍ਹ ਦੇ ਸਨਅਤੀ ਕਾਮਿਆਂ ਨੂੰ ਦਾਸਤਾਂ ਦੀ ਸਥਿਤੀ ਤੇ ਲੈ ਜਾਵੇਗੀ ਕਿਉਂਕਿ ਜਿਹੜਾ ਕੰਮ ਉਨ੍ਹਾਂ ਨੂੰ ਸੌਂਪਿਆ ਜਾਦਾ ਹੈ ਉਸ ਵਿੱਚ ਉਨ੍ਹਾਂ ਦੀ ਪਹਿਲਕਦਮੀ ਦਾ ਕੋਈ ਅਧਿਕਾਰ ਨਹੀਂ ਹੁੰਦਾ। ਉਹ ਤਾਂ ਮਸ਼ੀਨ ਦੇ ਪੁਰਜ਼ੇ ਮਾਤਰ ਹੁੰਦੇ ਹਨ, ਭਾਵੇਂ ਅਰਸਤੂ ਦਾਸਤਾਂ ਨੂੰ ਉੱਚਿਤ ਠਹਿਰਾਉਂਦਾ ਹੈ ਪਰ ਉਹ ਦਾਸਾਂ ਨਾਲ ਮਨੁੱਖੀ ਸਲੂਕ ਕਰਨ ਦੀ ਸਿਫਾਰਸ਼ ਕਰਦਾ ਹੈ। ਆਪਣੀ ਵਸੀਅਤ ਵਿੱਚ ਹਦਾਇਤ ਕਰ ਜਾਂਦਾ ਹੈ ਕਿ ਉਸ ਦੇ ਦਾਸਾਂ, ਇਕ ਇਸਤਰੀ ਤੇ ਦੋ ਮਰਦਾਂ ਨੂੰ ਮੁਕਤ ਕਰ ਦਿੱਤਾ ਜਾਵੇ। ਇਸ ਤਰ੍ਹਾਂ ਭਾਵੇਂ ਉਹ ਦਾਸਤਾਂ ਨੂੰ ਇੱਕ ਸਮਾਜੀ ਜ਼ਰੂਰਤ ਦੱਸਦਾ ਸੀ, ਉਹ ਇਸ ਸੰਸਥਾ ਵਿਚ ਸੁਧਾਰ ਲਿਆਉਣਾ ਚਾਹੁੰਦਾ ਸੀ। ਉਹ ਪ੍ਰੰਪਰਾਗਤ ਕਿਸਮ ਦੀ ਦਾਸਤਾ ਤੇ ਵਿਰੁੱਧ ਸੀ ਜੋ ਲੋਕਾਂ ਦੇ ਪੂਰੇ ਕਬੀਲਿਆਂ ਨੂੰ ਗੁਲਾਮ ਬਣਾਉਣ ਦੀ ਆਗਿਆ ਦੇਂਦੀ ਸੀ।

## 1.10.3 ਅਰਸਤੂ ਦੇ ਸੰਪਤੀ ਸੰਬੰਧੀ ਵਿਚਾਰ (Aristotle's View on Property)

ਪਰਿਵਾਰਿਕ ਪ੍ਰਬੰਧ ਬਾਰੇ ਉੱਦੋਂ ਤੱਕ ਦਲੀਲ ਪੂਰੀ ਨਹੀਂ ਹੋਵੇਗੀ ਜਿੰਨੀ ਦੇਰ ਤੱਕ ਇਕ ਹੋਰ ਪੱਖ ਤੋਂ ਵਿਚਾਰ ਨਹੀਂ ਕਰ ਲਈ ਜਾਵੇ ਅਰਥਾਤ ਸੰਪਤੀ ਤੇ। ਸੰਪਤੀ ਦੀ ਪਰਿਭਾਸ਼ਾ ਉਹ ਇਸ ਤਰ੍ਹਾਂ ਕਰਦਾ

ਹੈ ਕਿ ਉਹ ਨਿਰਜੀਵ ਸਾਧਨ ਹਨ ਜੋ ਇਕ ਪਰਿਵਾਰ ਜਾਂ ਰਾਜ ਲਈ ਜ਼ਰੂਰੀ ਹੈ। ਇਸ ਪਰਿਭਾਸ਼ਾ ਵਿੱਚ ਦੋ ਭਾਵ ਅਰਥ ਹਨ :

(1) ਸੰਪਤੀ ਦਾ ਇਕ ਸਾਧਨ ਜਾਂ ਅਧਿਐਨ ਵਜੋਂ ਮੁੱਲ ਹੈ ਜਿਸ ਦਾ ਭਾਵ ਇਹ ਹੈ ਕਿ ਇਹ ਪਰਿਵਾਰ ਦੇ ਯੋਗ ਕਾਰਜਕ੍ਰਮ ਲਈ ਅਤੇ ਜਿੰਦਾ ਰਹਿਣ ਲਈ ਜ਼ਰੂਰੀ ਹੈ। ਕਈ ਮਨੁੱਖ ਲੋੜਾਂ ਤੋਂ ਬਗੈਰ ਠੀਕ ਤਰ੍ਹਾਂ ਜਿੰਦਾ ਨਹੀਂ ਰਹਿ ਸਕਦੇ। ਇਸ ਲਈ ਲੋੜ ਨੂੰ ਪੂਰਾ ਕਰਨ ਲਈ ਸੰਪਤੀ ਦਾ ਹੋਣਾ ਲਾਜ਼ਮੀ ਹੈ ਜਿਵੇ ਂ ਕਿ ਰਹਿਣ ਲਈ ਮਕਾਨ ਤੇ ਪਾਉਣ ਲਈ ਕਪੜੇ, ਆਦਿ (2) ਦੂਜਾ ਇਹ ਕਿ ਇਸ ਦੇ ਵਿੱਚ ਇਸ ਗੱਲ ਦਾ ਸੰਕੇਤ ਹੈ ਕਿ ਧਨ ਦੀ ਕੀ ਸੀਮਾ ਹੈ, ਅਰਥਾਤ ਲੋੜੀਂਦੀ ਸੰਪਤੀ ਇਤਨੀ ਹੋਣੀ ਚਾਹੀਦੀ ਹੈ ਕਿ ਜਿਸ ਨਾਲ ਘਰ ਦੀਆਂ ਲੋੜਾਂ ਪੂਰੀਆਂ ਹੋ ਜਾਣ ਇਸ ਤੋਂ ਵੱਧ ਨਹੀਂ। ਕਿਉਂ ਜੋ ਸੰਪਤੀ ਵੀ ਇੱਕ ਔਜਾਰ ਜਾਂ ਸਾਜ਼ ਹੈ ਇਸ ਲਈ ਇਕ ਸਾਜ਼ ਵਾਂਗ ਇਸ ਦਾ ਆਕਾਰ ਵੀ ਲੋੜਾਂ ਦੁਆਰਾ ਸੀਮਿਤ ਹੈ। ਅਰਸਤੂ ਦਾ ਵਿਚਾਰ ਹੈ ਕਿ ਅਸਲੀ ਸੰਪਤੀ ਦੀ ਸੀਮਾ ਹੋਣੀ ਲਾਜ਼ਮੀ ਹੈ। ਜਿਥੇ ਉਹ ਇਹ ਸਮਝਦਾ ਹੈ ਕਿ ਸੰਪਤੀ ਦਾ ਖਾਤਮਾ ਅਨੁਚਿਤ ਹੈ ਤੇ ਗਲਤ ਹੈ, ਉਥੇ ਉਹ ਅਸੀਮਿਤ ਸੰਪਤੀ ਨੂੰ ਵੀ ਉਤਨਾ ਹੀ ਗਲਤ ਸਮਝਦਾ ਹੈ। ਅਸੀਮਿਤ ਸੰਪਤੀ ਲਈ ਲਾਲਸਾ ਨਾ ਕੇਵਲ ਜ਼ੁਰਮਾਂ ਨੂੰ ਹੀ ਜਨਮ ਦਿੰਦੀ ਹੈ। ਜਿਵੇਂ ਕਿ ਦੂਜੇ ਮਾਮਲਿਆਂ ਵਿੱਚ ਉਸ ਨੇ ਆਪਣੀ ਆਮ ਪਹੁੰਚ ਨੂੰ ਅਪਣਾਇਆ ਹੈ, ਸੰਪਤੀ ਦੇ ਸੰਬੰਧ ਵਿੱਚ ਹੀ ਉਹੀ ਸੁਨਹਿਰੀ ਮੱਧ ਮਾਰਗ ਨੂੰ ਅਪਣਾਉਂਦਾ ਹੈ। ਨਾ ਹੀ ਉਹ ਨਿੱਜੀ ਸੰਪਤੀ ਖਤਮ ਕਰਨ ਦੇ ਹੱਕ ਵਿੱਚ ਹੈ ਤੇ ਨਾ ਹੀ ਵਧੇਰੇ ਧਨ ਇਕੱਠਾ ਕਰਨ ਦੀ ਆਗਿਆ ਦੇਂਦਾ ਹੈ। ਉਹ ਸੀਮਿਤ ਸੰਪਤੀ ਦੇ ਹੱਕ ਵਿੱਚ ਹੈ। ਵੱਡੇ ਵੱਡੇ ਜੁਰਮ ਅਧਿਕਤਾ ਕਾਰਣ ਹੁੰਦੇ ਹਨ ਲੋੜ ਕਾਰਣ ਨਹੀਂ। ਉਹ ਇਸ ਸਿੱਟੇ ਤੇ ਪਹੁੰਚਦਾ ਹੈ ਕਿ ਸੰਪਤੀ ਸਮੱਸਿਆ ਦਾ ਹੱਲ ਇਹ ਹੈ ਕਿ ਸਰਵਉੱਤਮ ਸੁਭਾਅ ਨੂੰ ਇਹ ਸਿੱਖਿਆ ਦਿੱਤੀ ਜਾਵੇ ਉਸ ਦੇ ਵਿੱਚ ਵਧੇਰੇ ਧਨ ਦੀ ਲਾਲਸਾ ਨਾ ਰਹੇ ਅਤੇ ਨੀਵਿਆਂ ਨੂੰ ਜ਼ਿਆਦਾ ਪ੍ਰਾਪਤ ਕਰਨ ਤੋਂ ਰੋਕਿਆ ਜਾਵੇ। ਇਸ ਤਰ੍ਹਾਂ ਅਰਸਤੂ ਮਨੁੱਖ ਦੀ ਇੱਛਾ ਨੂੰ ਮੁੱਖ ਰੱਖ ਕੇ ਸੰਪਤੀ ਤੇ ਸਮਾਜਿਕ ਤੇ ਨੈਤਿਕ ਨਿਯੰਤਰਣ ਨੂੰ ਤਰਜੀਹ ਦੇਂਦਾ ਹੈ।

## ਅਰਸਤੂ ਵਲੋਂ ਨਿੱਜੀ ਸੰਪਤੀ ਨੂੰ ਉਚਿਤ ਠਹਿਰਾਉਣ ਤੇ ਪਲੈਟੋ ਦੀ ਆਲੋਚਨਾ

**(Aristotle's Justification of Private Property and Criticism of Plato)**

ਅਰਸਤੂ ਨੇ ਨਿੱਜੀ ਸੰਪਤੀ ਬਾਰੇ ਵਿਚਾਰ ਪਲੈਟੋ ਦੇ ਸੰਪਤੀ ਦੇ ਸਾਮਵਾਦ ਦੇ ਸੰਕਲਪ ਦੇ ਪ੍ਰਸੰਗ ਵਿੱਚ ਪੈਦਾ ਹੋਏ ਹਨ। ਅਰਸਤੂ ਸੰਪਤੀ ਦੇ ਸੰਭਾਵੀ ਪ੍ਰਬੰਧ ਨੂੰ ਲੈਂਦਾ ਹੈ ਕਿ ਕੀ ਸ਼੍ਰੇਸ਼ਟ ਰਾਜ ਦੇ ਨਾਗਰਿਕ ਦੀ ਸੰਪਤੀ ਸਾਂਝੀ ਹੋਣੀ ਚਾਹੀਦੀ ਹੈ ਜਾਂ ਨਹੀਂ? ਉਸ ਦਾ ਉੱਤਰ ਇਹ ਹੈ ਕਿ ਇਸ ਸੰਬੰਧ ਵਿੱਚ ਤਿੰਨ ਕੇਸ ਸੰਭਵ ਹੋ ਸਕਦੇ ਹਨ (1) ਭੂਮੀ ਭਾਵੇਂ ਲੈ ਲਈ ਜਾਵੇ ਪਰ ਉਪਜ, ਖੱਪਤ ਲਈ ਸਾਂਝੇ ਸਟਾਕ ਵਿੱਚ ਪਾ ਦਿੱਤੀ ਜਾਵੇ। ਇਹ ਵਿਵਹਾਰ ਕਈ ਕੌਮਾਂ ਵਿੱਚ ਪ੍ਰਚੱਲਤ ਹੈ। (2) ਭੂਮੀ ਸਾਂਝੀ ਹੋਵੇ ਅਤੇ ਸਾਂਝਿਆਂ ਇਸ ਦੀ ਕਾਸ਼ਤ ਕੀਤੀ ਜਾਵੇ ਪਰ ਉਪਜ ਨੂੰ ਨਿੱਜੀ ਵਰਤੋਂ ਲਈ ਵਿਅਕਤੀਆਂ ਵਿੱਚ ਵੰਡ ਦਿੱਤਾ ਜਾਵੇ। ਇਵੇਂ ਸੰਪਤੀ ਦਾ ਇੱਕ ਰੂਪ ਹੈ ਤੇ ਕਈ ਅਸਭਿਆ ਕੌਮਾਂ ਵਿੱਚ ਪ੍ਰਚਲਿਤ ਹੈ। (3) ਭੂਮੀ ਤੇ ਉਪਜ ਦੋਵੇਂ ਸਾਂਝੀਆਂ ਹੋਣ।

ਅਰਸਤੂ ਪਲੈਟੋ ਦੇ ਸੰਪਤੀ ਦੇ ਸਾਮਵਾਦ ਦੀ ਇਹ ਕਹਿ ਕੇ ਆਲੋਚਨਾ ਕਰਦਾ ਹੈ ਕਿ ਜੇ ਉਸਦੀ ਮਿਹਨਤ ਤੇ ਖੁਸ਼ੀ ਵਿੱਚ ਬਰਾਬਰ ਦਾ ਹਿੱਸੇਦਾਰ ਨਹੀਂ ਤਾਂ ਹੋ ਸਕਦਾ ਕਿ ਜਿਹੜੇ ਕੰਮ ਘੱਟ ਕਰਦੇ ਹਨ ਉਹ ਖੱਪਤ ਜ਼ਿਆਦਾ ਕਰਨ। ਜਿਥੇ ਵੀ ਲੋਕ ਇਕੱਠੇ ਰਹਿੰਦੇ ਹਨ ਤੇ ਆਪਸ ਵਿੱਚ ਸਾਂਝੇ ਮਨੁੱਖੀ ਸੰਬੰਧ ਰੱਖਦੇ ਹਨ ਉੱਥੇ ਹਮੇਸ਼ਾਂ ਮੁਸ਼ਕਿਲ ਪੈਂਦਾ ਹੁੰਦੀ ਹੈ, ਵਿਸ਼ੇਸ਼ ਕਰਕੇ ਜਿੱਥੇ ਸੰਪਤੀ ਸਾਂਝੀ ਹੋਵੇ। ਅਰਸਤੂ ਦੀ ਨਿਜੀ ਸੰਪਤੀ ਦੀ ਉਚਿਤਤਾ ਦਾ ਇਹੀ ਪਿਛੋਕੜ ਹੈ।

ਅਰਸਤੂ ਅਨੁਸਾਰ ਸੰਪਤੀ ਇੱਕ ਕੁਦਰਤੀ ਤੇ ਸਾਧਾਰਣ ਸਾਧਨ (Nature and normal) ਹੈ ਅਤੇ ਮਨੁੱਖ ਦੇ ਵਿਅਕਤੀਤਵ ਦਾ ਪਸਾਰ ਹੈ । ਇਹ ਸਵੱਛ ਤੇ ਨੈਤਿਕ ਕ੍ਰਿਆ ਦਾ ਅਵਸਰ ਤੇ ਖੁਸ਼ੀ ਦਾ ਸੋਮਾ ਹੈ।

ਸੁਆਰਥ ਨੂੰ ਅਸਾਨੀ ਨਾਲ ਖਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਮਨੁੱਖ ਦੇ ਸੁਭਾਅ ਵਿੱਚ ਬੈਠ ਚੁੱਕਾ ਹੈ। ਅਰਸਤੂ ਇਸ ਹੱਕ ਵਿੱਚ ਹੈ ਕਿ ਨਿੱਜੀ ਸੰਪਤੀ ਹੋਵੇ ਪਰ ਇਸ ਦੀ ਵਰਤੋਂ ਸਾਂਝੀ ਹੋਵੇ। ਅਰਸਤੂ ਕਹਿੰਦਾ ਹੈ ਕਿ ਜੇ ਸੰਪਤੀ ਮੌਜੂਦਾ ਪ੍ਰਬੰਧ ਨੂੰ ਚੰਗੇ ਰਿਵਾਜ਼ਾਂ ਤੇ ਕਾਨੂੰਨਾਂ ਦੁਆਰਾ ਸੁਆਰ ਦਿੱਤਾ ਜਾਵੇ ਤਾਂ ਇਹ ਵਧੇਰੇ ਚੰਗੇ ਹੋਵੇਗਾ ਤੇ ਇਸਦੇ ਵਿੱਚ ਦੋਹਾਂ ਪ੍ਰਣਾਲੀਆਂ ਦੇ ਲਾਭ ਹੋਣਗੇ। ਸੰਪਤੀ ਇਕ ਲਿਹਾਜ਼ ਨਾਲ ਸਾਂਝੀ ਹੋਣੀ ਚਾਹੀਦੀ ਹੈ ਪਰ ਆਮ ਕਰਕੇ ਨਿੱਜੀ ਹੁੰਦੀ ਕਿਉਂਕਿ ਜਦੋ ਹਰੇਕ ਦਾ ਆਪਣਾ ਵੱਖਰਾ ਹਿੱਤ ਹੋਵੇਗਾ ਤਾਂ ਲੋਕ ਇਕ ਦੂਜੇ ਦੇ ਖਿਲਾਫ਼ ਸ਼ਿਕਾਇਤ ਨਹੀਂ ਕਰਨਗੇ। ਉਹ ਵਧੇਰੇ ਉੱਨਤੀ ਕਰਨਗੇ ਜੇ ਹਰ ਕੋਈ ਆਪਣੇ ਕੰਮ ਵਿੱਚ ਲੱਗਾ ਹੋਵੇਗਾ। ਸਪਸ਼ਟ ਤੌਰ ਤੇ ਇਹ ਚੰਗੀ ਗੱਲ ਹੈ ਕਿ ਸੰਪਤੀ ਨਿੱਜੀ ਹੋਵੇ ਪਰ ਇਸ ਦੀ ਵਰਤੋਂ ਇਸ ਪ੍ਰਕਾਰ ਹੈ :-

1. ਉਤਸ਼ਾਹ ਤੇ ਉੱਨਤੀ ਲਈ ਸੰਪਤੀ ਦੀ ਆਗਿਆ ਹੋਣੀ ਚਾਹੀਦੀ ਹੈ।

2. ਅਰਸਤੂ ਸੰਪਤੀ ਨੂੰ ਉਚਿਤ ਦਸਦਾ ਹੈ ਕਿਉਂਕਿ ਇਹ ਖੁਸ਼ੀ ਪ੍ਰਦਾਨ ਕਰਦੀ ਹੈ। ਮਨੁੱਖ ਆਪਣੇ ਆਪ ਨੂੰ ਕਿਸੇ ਚੀਜ਼ ਦਾ ਮਾਲਕ ਸਮਝ ਕੇ ਖੁਸ਼ੀ ਹਾਸਲ ਕਰਦਾ ਹੈ।

3. ਨਿੱਜੀ ਸੰਪਤੀ ਨੂੰ ਉੱਚਿਤ ਠਹਿਰਾਉਣ ਦਾ ਤੀਜਾ ਆਧਾਰ ਭਲਾ ਕਰਨ ਦਾ ਸਦਗੁਣ ਹੈ ਜਿਸ ਉੱਤੇ ਸਾਮਵਾਦ ਅਧੀਨ ਅਮਲ ਨਹੀਂ ਕੀਤਾ ਜਾ ਸਕਦਾ। ਉਹ ਕਹਿੰਦਾ ਹੈ ਕਿ ਆਪਣੇ ਮਿੱਤਰਾਂ ਮਹਿਮਾਨਾਂ ਜਾਂ ਸਾਥੀਆਂ ਦੀ ਸੇਵਾ ਵਿੱਚੋਂ ਅਧਿਕਤਮ ਖੁਸ਼ੀ ਪ੍ਰਾਪਤ ਹੁੰਦੀ ਹੈ ਤੇ ਇਹ ਸੇਵਾ ਮਨੁੱਖ ਉਦੋਂ ਹੀ ਕਰ ਸਕਦਾ ਹੈ ਜਦੋਂ ਉਸ ਪਾਸ ਨਿੱਜੀ ਸੰਪਤੀ ਹੋਵੇ।

4. ਨਿੱਜੀ ਸੰਪਤੀ ਨੂੰ ਉਚਿਤ ਠਹਿਰਾਉਣ ਲਈ ਅਰਸਤੂ ਦਾ ਚੌਥਾ ਆਧਾਰ ਇਤਿਹਾਸਕ ਨਿਰੰਤਰਤਾ ਦਾ ਅਨੁਭਵ ਹੈ। ਉਹ ਕਹਿੰਦਾ ਹੈ ਕਿ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਯੁੱਗਾਂ ਦੇ ਅਨੁਭਵ ਤੋਂ ਮੂੰਹ ਨਾ ਮੋੜੀਏ। ਜੇ ਇਹ ਚੀਜ਼ਾਂ ਹੁੰਦੀਆਂ ਤਾਂ ਪਿਛਲੇ ਅਣਗਿਣਤ ਸਾਲਾਂ ਵਿਚ ਇੰਨਾ ਅਵੱਸ਼ ਜਾਣੂ ਹੋ ਜਾਣਾ ਸੀ ਕਿਉਂਕਿ ਲਗਭਗ ਹਰੇਕ ਸ਼ੈ ਦਾ ਪਤਾ ਲਗ ਜਾਂਦਾ ਹੈ। ਭਾਵੇਂ ਕੁਝ ਸਮੇਂ ਲਈ ਇਨ੍ਹਾਂ ਨੂੰ ਇੱਕ ਥਾਂ ਇਕੱਤਰ ਨਾ ਕੀਤਾ ਜਾ ਸਕਦਾ। ਪਿਛੋਂ ਜਾ ਕੇ ਇਸ ਆਧਾਰ ਤੇ ਬਰਕ (Burke) ਨੇ ਨਿੱਜੀ ਸੰਪਤੀ ਨੂੰ ਉਚਿਤ ਠਹਿਰਾਇਆ ਹੈ।

ਨਿੱਜੀ ਸੰਪਤੀ ਨੂੰ ਉੱਚਿਤ ਕਰਾਰ ਦੇਣ ਦੇ ਬਾਵਜੂਦ ਅਰਸਤੂ ਸੰਪਤੀ ਨੂੰ ਇਤਨਾ ਪਵਿੱਤਰ ਨਹੀਂ ਸਮਝਦਾ ਕਿ ਇਸ ਨੂੰ ਹੱਥ ਨਾ ਲਾਇਆ ਜਾ ਸਕੇ। ਉਹ ਉਹਨਾਂ ਬੁਰਾਈਆਂ ਤੋਂ ਵਾਕਿਫ਼ ਸੀ ਜੋ ਨਿੱਜੀ ਸੰਪਤੀ ਨਾਲ ਆ ਜਾਂਦੀਆਂ ਹਨ। ਐਪਰ ਉਸਦਾ ਵਿਚਾਰ ਸੀ ਕਿ ਬੁਰਾਈਆਂ ਮਨੁੱਖ ਦੇ ਦੁਰਾਚਾਰੀ ਸੁਭਾਉ ਕਾਰਣ ਆਉਂਦੀਆਂ ਹਨ, ਇਸ ਲਈ ਨਹੀਂ ਕਿ ਸੰਪਤੀ ਦੀ ਸੰਸਥਾ ਵਿੱਚ ਕੋਈ ਨਿਹਿਤ ਦੋਸ਼ ਹੈ। ਇਸ ਲਈ ਹਾਲਾਤ ਨੂੰ ਸੁਧਾਰਨ ਲਈ ਸੰਪਤੀ ਦੀ ਸਮਾਨਤਾ ਦੀ ਪ੍ਰਣਾਲੀ ਦੀ ਲੋੜ ਨਹੀਂ ਸਗੋ ਨੈਤਿਕ ਪੂਰਨਤਾ ਦੀ ਲੋੜ ਹੈ ਜੋ ਸਿੱਖਿਆ ਦੁਆਰਾ ਲਿਆਂਦੀ ਜਾ ਸਕਦੀ ਹੈ। ਅਬੈਂਸਟਇਨ (Ebenstein) ਅਨੁਸਾਰ ਅਰਸਤੂ ਲਈ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਸੰਪਤੀ ਦੀ ਵਰਤੋਂ ਕਿਵੇਂ ਹੁੰਦੀ ਹੈ, ਇਹ ਨਹੀਂ ਕਿ ਇਸ ਦਾ ਮਾਲਕ ਕੌਣ ਹੈ। ਸਾਰੰਸ਼ਕ ਰੂਪ ਵਿੱਚ ਇਹ ਇਕ ਨੈਤਿਕ ਪ੍ਰਸ਼ਨ ਹੈ, ਰਾਜਨੀਤਿਕ ਅਰਥ ਵਿਵਸਥਾ ਦਾ ਨਹੀਂ।

'ਪਾਲਿਟਿਕਸ' (Politics) ਵਿੱਚ ਦਿੱਤੀ ਅਰਸਤੂ ਦੀ ਸੰਪਤੀ ਸੰਬੰਧੀ ਸਕੀਮ ਪਲੈਟੋ ਦੀ 'ਲਾਅਜ਼' (Laws) ਵਿੱਚ ਦਿੱਤੀ ਸਕੀਮ ਨਾਲ ਮੇਲ ਖਾਂਦੀ ਹੈ। ਪਲੈਟੋ ਵਾਂਗ ਉਹ ਕਹਿੰਦਾ ਹੈ ਕਿ ਭੂਮੀ ਨੂੰ ਬਰਾਬਰ ਟੁਕੜਿਆਂ ਵਿੱਚ ਵੰਡ ਦਿੱਤਾ ਜਾਵੇ ਅਤੇ ਹਰੇਕ ਨਾਗਰਿਕ ਨੂੰ ਰਾਜ ਵੱਲੋਂ ਇਕ ਟੁਕੜਾ ਦਿੱਤਾ ਜਾਵੇ। ਟੁਕੜਿਆਂ ਦੀ ਸਮਾਨਤਾ ਨੂੰ ਕਾਇਮ ਰੱਖਣ ਲਈ ਅਰਸਤੂ ਆਬਾਦੀ ਉੱਤੇ ਕੰਟਰੋਲ ਰੱਖਣ ਦੀ ਸਿਫਾਰਿਸ਼ ਕਰਦਾ ਹੈ। ਭੂਮੀ ਦੀ ਹੱਕ ਬਦਲੀ ਉਤੇ ਰੋਕ ਪ੍ਰਣਾਲੀ ਨਾਲ ਭੂਮੀ ਨੂੰ ਥੋੜ੍ਹੇ ਹੱਥਾਂ ਵਿੱਚ ਇਕੱਤਰ ਹੋਣ ਤੋ ਰੋਕਿਆ ਜਾ ਸਕੇਗਾ। ਅਰਸਤੂ ਸੰਪਤੀ ਨੂੰ ਸੀਮਾ ਬੱਧ ਕਰਨ ਉੱਤੇ ਜ਼ੋਰ ਦੇਂਦਾ ਹੈ। ਸੰਪਤੀ ਦਾ ਉਦੇਸ਼ ਸੋਹਣਾ ਜੀਵਨ ਹੈ, ਨਾ ਕਿ ਸੰਪਤੀ ਦੀ ਖਾਤਿਰ ਸੰਪਤੀ ਨੂੰ ਜੋੜਨਾ। ਸਿੱਕੇ ਦੀ ਕਾਢ ਇਸ ਲਈ ਕੀਤੀ ਗਈ ਸੀ ਕਿ ਲੈਣ-ਦੇਣ ਵਿੱਚ ਆਸਾਨੀ ਹੋ ਸਕੇ। ਇਸ ਲਈ ਨਹੀਂ ਕਿ ਸਾਨੂੰ ਆਪਣੀ ਹੀ ਖਾਤਰ

ਜਮ੍ਹਾ ਕੀਤਾ ਜਾਵੇ ਅਰਸਤੂ ਦੇ ਸੀਮਿਤ ਧਨ ਦੇ ਸੰਕਲਪ ਨੂੰ ਮੱਧ-ਕਾਲ ਵਿੱਚ ਗ੍ਰਹਿਣ ਕੀਤਾ ਗਿਆ ਸੀ। ਇਹ ਧਨ ਉਸ ਕਾਰਜ ਨੂੰ ਮੁੱਖ ਰੱਖ ਕੇ ਨਿਸ਼ਚਿਤ ਕੀਤਾ ਜਾਂਦਾ ਸੀ ਜਿਸ ਦਾ ਇਹ ਸਾਧਨ ਹੁੰਦਾ ਸੀ।

## 1.10.4 Suggested Readings


1. Ernest Barker : Greek Political Theory, Ch. I to V.
2. G.H. Sabine : A History of Political Theory, Ch. II
3. Foster, E.M. : Masters of Political Thought, Ch.I


## 1.10.5 ਅਭਿਆਸ ਲਈ ਪ੍ਰਸ਼ਨ :

1. ਕ੍ਰਾਂਤੀਆਂ ਸਬੰਧੀ ਅਰਸਤੂ ਦੇ ਵਿਚਾਰਾਂ ਦਾ ਮੁਲਾਂਕਣ ਕਰੋ।